ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

**The Motto of Our University**
**(SEWA)**
**SKILL ENHANCEMENT**
**EMPLOYABILITY**
**WISDOM**
**ACCESSIBILITY**

SELF-INSTRUCTIONAL STUDY MATERIAL FOR JGND PSOU

## JAGAT GURU NANAK DEV
## PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

# B.A(Liberal Arts)

## (PC2B32303T)

# GENERAL PUNJABI

ALL COPYRIGHTS WITH JGND PSOU, PATIALA

**Head Quarter: C/28, The Lower Mall, Patiala-147001**

**WEBSITE: www.psou.ac.in**

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**COURSE COORDINATOR AND EDITOR:**

**DR. AMARJIT SINGH**
**ASSISTANT PROFESSOR IN PUNJABI**

**LIST OF CONSULTANTS/ CONTRIBUTORS**

| |
|---|
| 1. DR. JASWINDER KAUR |
| 2. DR. DAVINDER SINGH |
| 3. DR. MANJEET SINGH |
| 4. DR. SARABJEET SINGH |
| 5. DR. PAWAN KUMAR |

**JAGAT GURU NANAK DEV PUNJAB STATE OPEN UNIVERSITY**
**PATIALA**
**( Established by Act No. 19 of 2019 of the Legislature of State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Dean Academic Affairs

# B.A(Liberal Arts)
## ਭਾਗ ਦੂਜਾ (ਸਮੈਸਟਰ-ਤੀਜਾ)
## (PC2B32303T) ਪੰਜਾਬੀ(ਲਾਜ਼ਮੀ)-2

ਕੁੱਲ ਅੰਕ : 100
ਬਾਹਰੀ ਮੁਲਾਂਕਣ:70
ਅੰਦਰੂਨੀ ਮੁਲਾਂਕਣ:30
ਪਾਸ: 35%
ਕ੍ਰੈਡਿਟ:6

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਹਾਲਾਤਾਂ/ਭਾਵਨਾਵਾਂ ਨਾਲ ਸੰਬਧਿਤ ਕਵਿਤਾਵਾਂ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਵਿਆਕਰਣ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

INSTRUCTIONS FOR THE PAPER SETTER/EXAMINER:

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

INSTRUCTIONS FOR THE CANDIDATES:

Candidates are required to attempt any two questions each from the sections A, and B of the question paper, and any ten short answer questions from Section C. They have to attempt questions only at one place and only once. Second or subsequent attempts, unless the earlier ones have been crossed out, shall not be evaluated.

ਭਾਗ-ੳ

ੳ.1 ਪੰਜਾਬੀ ਕਵਿਤਾ:

ਕਵਿਤਾਵਾਂ:- ਅਟਕ-ਭਾਈ ਵੀਰ ਸਿੰਘ, ਪੁਰਾਣੇ ਪੰਜਾਬ ਨੂੰ ਅਵਾਜ਼ਾਂ-ਪ੍ਰੋ.ਪੂਰਨ ਸਿੰਘ, ਅੰਬੀ ਦੇ ਬੂਟੇ ਥੱਲੇ-ਪ੍ਰੋ ਮੋਹਨ ਸਿੰਘ, ਅੱਜ ਆਖਾਂ ਵਾਰਸ ਸ਼ਾਹ ਨੂੰ-ਅੰਮ੍ਰਿਤਾ ਪ੍ਰੀਤਮ, ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ-ਡਾ. ਹਰਿਭਜਨ ਸਿੰਘ, ਹਰ ਮੋੜ 'ਤੇ ਸਲੀਬਾਂ-ਜਗਤਾਰ, ਜ਼ਖ਼ਮ-ਸ਼ਿਵ ਕੁਮਾਰ ਬਟਾਲਵੀ, ਕੰਮੀਆਂ ਦਾ ਵਿਹੜਾ-ਸੰਤ ਰਾਮ ਉਦਾਸੀ, ਮੈ ਰਾਹਾਂ 'ਤੇ ਨਹੀਂ ਤੁਰਦਾ-ਸੁਰਜੀਤ ਪਾਤਰ, ਨਾਨਕ-ਹਰਮਨਜੀਤ

ੳ.2 ਪੰਜਾਬੀ ਇਕਾਂਗੀ

ਇਕਾਂਗੀਆਂ :-ਪੱਤਣ ਦੀ ਬੇੜੀ-ਬਲਵੰਤ ਗਾਰਗੀ, ਬੰਦ ਕਮਰੇ-ਗੁਰਸ਼ਰਨ ਸਿੰਘ, ਬਗਾਨੇ ਬੋਹੜ ਦੀ ਛਾਂ-ਅਜਮੇਰ ਸਿੰਘ ਔਲਖ, ਚਿੜੀਆਂ-ਆਤਮਜੀਤ, ਦੂਜਾ ਪਾਸਾ-ਅਜਮੇਰ ਰੋਡੇ, ਪਰਤ ਆਉਣ ਤੱਕ-ਸ਼ਤੀਸ਼ ਕੁਮਾਰ ਵਰਮਾ।

ਭਾਗ ਅ
ੳ.1 ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ
ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ
ਅ.2 ਰਿਪੋਰਟ ਲਿਖਣਾ (ਕਿਸੇ ਸੱਭਿਆਚਾਰਕ/ਧਾਰਮਿਕ ਪ੍ਰੋਗਰਾਮ, ਘਟਨਾ/ਦੁਰਘਟਨਾ, ਜਾਂ ਚਲੰਤ ਮਾਮਲੇ ਸਬੰਧੀ।

ਭਾਗ-ੲ
ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ

1. ਭਾਗ ੳ.1 ਵਿੱਚੋਂ ਕਿਸੇ ਕਵਿਤਾ ਦਾ ਵਿਸ਼ਾ ਵਸਤੂ/ਸਾਰ ਅਤੇ ਪੰਜਾਬੀ ਸਾਹਿਤ ਵਿੱਚ ਲੇਖਕ ਦੇ ਯੋਗਦਾਨ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਕਿਸੇ ਇਕ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ।
3. ਭਾਗ ੳ.2 ਵਿੱਚੋਂ ਕਿਸੇ ਇਕਾਂਗੀ ਦਾ ਵਿਸ਼ਾ ਵਸਤੂ/ ਸਾਰ ਅਤੇ ਪੰਜਾਬੀ ਸਾਹਿਤ ਵਿੱਚ ਲੇਖਕ ਦੇ ਯੋਗਦਾਨ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਵਿੱਚੋਂ ਇਕਾਂਗੀ ਦੇ ਕਿਸੇ ਇਕ ਪਾਤਰ ਦਾ ਪਾਤਰ ਚਿਤਰਨ।
5. ਵਿਆਕਰਨ ਵਾਲੇ ਭਾਗ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਕਿਸੇ ਇਕ ਵਿਸ਼ੇ 'ਤੇ ਰਿਪੋਰਟ ਲਿਖਣਾ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

ਅੰਦਰੂਨੀ ਮੁਲਾਂਕਣ 30 ਅੰਕ
ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਇਕ ਕਵਿਤਾ ਨਾਲ, ਇਕ ਇਕਾਂਗੀ ਨਾਲ , ਇਕ ਵਿਆਕਰਣ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ 'ਤੇ ਅਧਾਰਿਤ ਹੋਣਗੇ।
ਸਹਾਇਕ ਪਾਠ-ਸਮੱਗਰੀ

1. ਹਰਕੀਰਤ ਸਿੰਘ, ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ,ਬਾਹਰੀ ਪਬਲੀਕੇਸ਼ਨ , ਦਿੱਲੀ.1971
2. ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਭਾਸ਼ਾ ਦਾ ਸ੍ਰੋਤ ਤੇ ਬਣਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

3. ਡਾ. ਹਰਜਿੰਦਰ ਸਿੰਘ ਵਾਲੀਆ ਅਤੇ ਪਾਰੁਲ ਰਾਏਜ਼ਾਦਾ, ਪੱਤਰਕਾਰ ਪੱਤਰਕਾਰੀ ਅਤੇ ਜਨ ਸੰਚਾਰ, ਮਦਾਨ ਪਬਲੀਸ਼ਿੰਗ ਹਾਊਸ, ਪਟਿਆਲਾ, 2014.

# B.A(Liberal Arts)

## CORE COURSE (CC): ਪੰਜਾਬੀ (ਲਾਜ਼ਮੀ)

### (PC2B32303T) :ਪੰਜਾਬੀ(ਲਾਜ਼ਮੀ)-2

### SEMESTER - III

### SECTION A

## Table of Contents


| Sr. No. | UNIT NAME | Page No. |
|---|---|---|
| Unit 1 | ਪੰਜਾਬੀ ਕਵਿਤਾ: ਅਟਕ-ਭਾਈ ਵੀਰ ਸਿੰਘ, ਪੁਰਾਣੇ ਪੰਜਾਬ ਨੂੰ ਅਵਾਜ਼ਾਂ-ਪ੍ਰੋ.ਪੂਰਨ ਸਿੰਘ, ਅੰਬੀ ਦੇ ਬੂਟੇ ਥੱਲੇ-ਪ੍ਰੋ ਮੋਹਨ ਸਿੰਘ | 9-36 |
| Unit 2 | ਪੰਜਾਬੀ ਕਵਿਤਾ: ਅੱਜ ਆਖਾਂ ਵਾਰਸ ਸ਼ਾਹ ਨੂੰ-ਅੰਮ੍ਰਿਤਾ ਪ੍ਰੀਤਮ, ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ-ਡਾ. ਹਰਿਭਜਨ ਸਿੰਘ, ਹਰ ਮੋੜ ’ਤੇ ਸਲੀਬਾਂ-ਜਗਤਾਰ | 37-57 |
| Unit 3 | ਪੰਜਾਬੀ ਕਵਿਤਾ: ਜ਼ਖ਼ਮ-ਸ਼ਿਵ ਕੁਮਾਰ ਬਟਾਲਵੀ, ਕੰਮੀਆਂ ਦਾ ਵਿਹੜਾ-ਸੰਤ ਰਾਮ ਉਦਾਸੀ | 58-75 |
| Unit 4 | ਪੰਜਾਬੀ ਕਵਿਤਾ: ਮੈ ਰਾਹਾਂ ’ਤੇ ਨਹੀਂ ਤੁਰਦਾ-ਸੁਰਜੀਤ ਪਾਤਰ, ਨਾਨਕ-ਹਰਮਨਜੀਤ | 76-94 |
| Unit 5 | ਪੰਜਾਬੀ ਇਕਾਂਗੀ: ਪੱਤਣ ਦੀ ਬੇੜੀ-ਬਲਵੰਤ ਗਾਰਗੀ, ਬੰਦ ਕਮਰੇ-ਗੁਰਸ਼ਰਨ ਸਿੰਘ, ਬਗਾਨੇ ਬੋਹੜ ਦੀ ਛਾਂ-ਅਜਮੇਰ ਸਿੰਘ ਔਲਖ | 95-110 |


SECTION B


| | | |
|---|---|---|
| Unit 6 | ਪੰਜਾਬੀ ਇਕਾਂਗੀ: ਚਿੜੀਆਂ-ਆਤਮਜੀਤ, ਦੂਜਾ ਪਾਸਾ-ਅਜਮੇਰ ਰੋਡੇ, ਪਰਤ ਆਉਣ ਤੱਕ-ਸ਼ਤੀਸ਼ ਕੁਮਾਰ ਵਰਮਾ | 111-126 |
| Unit 7 | ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ (ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ) | 127-144 |
| Unit 8 | ਰਿਪੋਰਟ ਲਿਖਣਾ :ਕਿਸੇ ਸੱਭਿਆਚਾਰਕ | 145-154 |
| Unit 9 | ਰਿਪੋਰਟ ਲਿਖਣਾ : ਧਾਰਮਿਕ ਪ੍ਰੋਗਰਾਮ, ਘਟਨਾ/ਦੁਰਘਟਨਾ | 155-164 |
| Unit 10 | ਰਿਪੋਰਟ ਲਿਖਣਾ : ਚਲੰਤ ਮਾਮਲੇ ਸਬੰਧੀ | 165-174 |

# B.A(Liberal Arts)

## SEMESTAR-III

ਕੋਰਸ–ਜਰਨਲ ਪੰਜਾਬੀ

| ਯੂਨਿਟ– 1 ਪੰਜਾਬੀ ਕਵਿਤਾ : ‘ ਅਟਕ‘ ,’ਪੁਰਾਣੇ ਪੰਜਾਬ ਨੂੰ ਅਵਾਜ਼ਾਂ ’ਅਤੇ‘ ਅੰਬੀ ਦੇ ਬੂਟੇ ਥੱਲੇ’ਕਵਿਤਾਵਾਂ ਦਾ ਵਿਸ਼ਾ ,ਸਾਰ ਅਤੇ ਪ੍ਰਸੰਗ ਸਹਿਤ ਵਿਆਖਿਆ ਅਤੇ ਕਲਾਤਮਕ ਅਧਿਐਨ |
|---|

1.1 ਪਾਠ ਪਹਿਲਾ :ਪੰਜਾਬੀ ਕਵਿਤਾ

1.1.1ਭੂਮਿਕਾ

1.1.2ਪਾਠ ਦਾ ਮੰਤਵ

1.1.3ਕਵਿਤਾ ਕੀ ਹੈ?

1.1.4ਆਧੁਨਿਕ ਪੰਜਾਬੀ ਕਵਿਤਾ ਦਾ ਨਿਕਾਸ ਤੇ ਵਿਕਾਸ

1.2 ਪਾਠ ਦੀ ਰੂਪ-ਰੇਖਾ ਕਵਿਤਾ:ਅਟਕ ਭਾਈ ਵੀਰ ਸਿੰਘ

1.2.1 ਅਟਕ ’ਕਵਿਤਾ ਦਾ ਮੂਲ ਪਾਠ

1.2.2ਲੇਖਕ ਨਾਲ ਜਾਣ-ਪਛਾਣ

1.2.3 ਅਟਕ ’ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

1.2.4 ਅਟਕ ’ਕਵਿਤਾ ਦਾ ਵਿਸ਼ਾ-ਵਸਤੂ

1.2.5 ਅਟਕ ’ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ

1.2.6 ਅਟਕ ’ਕਵਿਤਾ ਦਾ ਕਲਾਤਮਕ ਅਧਿਐਨ

1.3 ਪਾਠ ਦੀ ਰੂਪ-ਰੇਖਾ ਕਵਿਤਾ‘ :ਪੁਰਾਣੇ ਪੰਜਾਬ ਨੂੰ ਅਵਾਜ਼ਾਂ: ਪ੍ਰੋ.ਪੂਰਨ ਸਿੰਘ

1.3.1 ਪੁਰਾਣੇ ਪੰਜਾਬ ਨੂੰ ਅਵਾਜ਼ਾਂ ਕਵਿਤਾ ਦਾ ਮੂਲ ਪਾਠ

1.3.2 ਲੇਖਕ ਨਾਲ ਜਾਣ-ਪਛਾਣ

1.3.3 ਪੁਰਾਣੇ ਪੰਜਾਬ ਨੂੰ ਅਵਾਜ਼ਾਂ ’ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

1.3.4 ਪੁਰਾਣੇ ਪੰਜਾਬ ਨੂੰ ਅਵਾਜ਼ਾਂ ’ਕਵਿਤਾ ਦਾ ਵਿਸ਼ਾ-ਵਸਤੂ

1.3.5 ਪੁਰਾਣੇ ਪੰਜਾਬ ਨੂੰ ਅਵਾਜ਼ਾਂ ’ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ

1.3.6 ਪੁਰਾਣੇ ਪੰਜਾਬ ਨੂੰ ਅਵਾਜ਼ਾਂ ’ਕਵਿਤਾ ਦਾ ਕਲਾਲਤਮਕ ਅਧਿਐਨ

1.4 ਪਾਠ ਦੀ ਰੂਪ-ਰੇਖਾ) ਕਵਿਤਾ‘ :ਅੰਬੀ ਦੇ ਬੂਟੇ ਥੱਲੇ :’ ਪ੍ਰੋ.ਮੋਹਨ ਸਿੰਘ

1.4.1 ਅੰਬੀ ਦੇ ਬੂਟੇ ਥੱਲੇ ’ਕਵਿਤਾ ਦਾ ਮੂਲ ਪਾਠ

1.4.2 ਲੇਖਕ ਨਾਲ ਜਾਣ-ਪਛਾਣ

1.4.3 ਅੰਬੀ ਦੇ ਬੂਟੇ ਥੱਲੇ ’ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

1.4.4 ਅੰਬੀ ਦੇ ਬੂਟੇ ਥੱਲੇ ’ਕਵਿਤਾ ਦਾ ਵਿਸ਼ਾ-ਵਸਤੂ

1.4.5 ਅੰਬੀ ਦੇ ਬੂਟੇ ਥੱਲੇ ’ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ

1.4.6 ਅੰਬੀ ਦੇ ਬੂਟੇ ਥੱਲੇ ’ਕਵਿਤਾ ਦਾ ਕਲਾਤਮਕ ਅਧਿਐਨ

1.5 ਅਭਿਆਸ ਲਈ ਪ੍ਰਸ਼ਨ

1.6 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

**1.1 ਪਾਠ ਪਹਿਲਾ :ਪੰਜਾਬੀ ਕਵਿਤਾ**

**1.1.2 ਪਾਠ ਦਾ ਮੰਤਵ :ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਕਵਿਤਾ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ। ਕਵਿਤਾ ਸਭ ਤੋਂ ਪੁਰਾਤਨ ਸਾਹਿਤ ਰੂਪ ਹੈ। ਕਵਿਤਾ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਸੂਖ਼ਮ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ,ਉੱਥੇ ਨਾਲੋ-ਨਾਲ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਕਵਿਤਾ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ। ਕਵਿਤਾ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ' ਅਟਕ ,' 'ਪੁਰਾਣੇ ਪੰਜਾਬ ਨੂੰ ਅਵਾਜ਼ਾਂ 'ਅਤੇ' ਅੰਬੀ ਦੇ ਬੂਟੇ ਥੱਲੇ 'ਆਦਿ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ, ਲੇਖਕ ਬਾਰੇ ਜਾਣਕਾਰੀ ,ਵਿਸ਼ਾ-ਵਸਤੂ ,ਸਾਰ ਅਤੇ ਕਲਾ ਪੱਖ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਪੰਜਾਬੀ ਕਵਿਤਾ ਨੂੰ ਸਮਝਣ ਦੇ ਕਾਬਿਲ ਹੋ ਸਕਣ।**

**1.1.3 ਕਵਿਤਾ ਕੀ ਹੈ** :ਕਵਿਤਾ ਸਾਹਿਤ ਦਾ ਪੁਰਾਤਨ ਕਾਵਿ ਰੂਪ ਹੈ। ਕਵਿਤਾ ਮਨੁੱਖ ਦੀਆਂ ਸੂਖ਼ਮ ਭਾਵਨਾਵਾਂ ਨੂੰ ਇੱਕ ਖਾਸ ਤਰ੍ਹਾਂ ਦੀ ਲੈਅ ਵਿਚ ਪੇਸ਼ ਕਰਦੀ ਹੈ। ਕਵਿਤਾ ਵਿਚ ਜਜ਼ਬੇ ,ਕਲਪਨਾ ,ਲੈਅ ,ਖਿਆਲ ਆਦਿ ਦਾ ਸੁਮੇਲ ਹੁੰਦਾ ਹੈ। ਕਵਿਤਾ ਮਨੁੱਖ ਦੇ ਸੂਖ਼ਮ ਭਾਵਾਂ ਦਾ ਕਲਾਤਮਕ ਢੰਗ ਨਾਲ ਕੀਤਾ ਗਿਆ ਪ੍ਰਗਟਾਵਾ ਹੈ। ਇਹ ਮਨੁੱਖੀ ਵਲਵਲਿਆਂ ਦਾ ਬੇਰੋਕ ਉਛਾਲਾ ਹੈ, ਜੋ ਆਪ-ਮੁਹਾਰੇ ਬਾਹਰ ਨਿਕਲਦਾ ਹੈ।

**1.1.4 ਆਧੁਨਿਕ ਪੰਜਾਬੀ ਕਵਿਤਾ ਦਾ ਨਿਕਾਸ ਤੇ ਵਿਕਾਸ** :ਪੰਜਾਬੀ ਕਵਿਤਾ ਦਾ ਇਤਿਹਾਸ ਬਹੁਤ ਪੁਰਾਤਨ ਹੈ। ਭਾਸ਼ਾ ਵਿਗਿਆਨੀ ਏਥੋਂ ਤੱਕ ਵੀ ਦਾਅਵਾ ਕਰਦੇ ਹਨ ਕਿ ਵੇਦਾਂ ਵਿਚਲੀ ਸੰਸਕ੍ਰਿਤ ਪੁਰਾਤਨ ਪੰਜਾਬੀ ਦਾ ਹੀ ਰੂਪ ਹੈ। ਇਸ ਤਰ੍ਹਾਂ ਪੰਜਾਬੀ ਕਵਿਤਾ ਦਾ ਇਤਿਹਾਸ ਵੇਦਾਂ ਦੀ ਕਵਿਤਾ ਤੱਕ ਜਾ ਪਹੁੰਚਦਾ ਹੈ। ਪੰਜਾਬੀ ਕਵਿਤਾ ਦੀ ਇਸ ਕਾਲ ਲੰਮੀ ਪਰੰਪਰਾ ਦਾ ਉੱਭਰਵਾਂ ਰੂਪ ਅੱਠਵੀਂ-ਨੌਵੀਂ ਸਦੀ ਵਿਚ ਜਾ ਕੇ ਨਾਥ-ਜੋਗੀਆਂ ਦੀ ਕਵਿਤਾ ਵਿਚ ਦਿਖਦਾ ਹੈ। ਇਸ ਤੋਂ ਬਾਅਦ ਪੰਜਾਬੀ ਕਵਿਤਾ ਪਹਿਲੀ ਵਾਰ ਆਪਣੇ ਨਿੱਖਰਵੇਂ ਰੂਪ ਵਿਚ ਬਾਰ੍ਹਵੀਂ-ਤੇਰ੍ਹਵੀਂ ਸਦੀ ਵਿਚ ਬਾਬਾ ਫ਼ਰੀਦ ਦੀ ਬਾਣੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਬਾਬਾ ਫ਼ਰੀਦ ਦੀ ਰਚਨਾ ਵਿਚ ਪਹਿਲੀ ਵਾਰ ਦੁਨਿਆਵੀ ਬਿੰਬ ਪ੍ਰਤੀਕ, ਆਮ ਲੋਕਾਂ ਦਾ ਕਾਰ-ਵਿਹਾਰ ਸ਼ਾਮਿਲ ਹੁੰਦਾ ਹੈ। ਅਗਲਾ ਦੌਰ ਗੁਰਮਤਿ ਕਾਲ ਦਾ ਹੈ। ਜਿਸ ਵਿਚ ਪੰਜਾਬ ਅਤੇ ਪੰਜਾਬੀ ਭਾਸ਼ਾ ਜਿੱਥੇ ਗੁਰਮੁਖੀ ਵਰਗੀ ਲਿਪੀ ਦੀ ਯੋਗ ਵਰਤੋਂ ਕਰਨ ਵਰਗੇ ਵਡੇਰੇ ਕਾਰਜ ਵਿਚੋਂ ਲੰਘਦੀ ਹੈ, ਉੱਥੇ ਹੀ ਅਧਿਆਤਮਿਕਤਾ ਦੇ ਵਿਸ਼ਾਲ ਮੰਡਲਾਂ ਦੀ ਯਾਤਰਾ ਵੀ ਕਰਦੀ ਹੈ। ਗੁਰਮਤਿ ਕਾਲ ਦੀ ਰਚਨਾ ਵਿਚਲਾ ਅਧਿਆਤਮ ਮਨੁੱਖ ਦੇ ਅੰਦਰ ਵੱਲ ਦਾ ਯਾਤਰਾ ਕਰਨ ਵੱਲ ਅਗਰਸਰ ਹੈ। ਇਸ ਮੱਧਕਾਲ ਦੇ ਸਮੇਂ ਦੌਰਾਨ ਸੂਫ਼ੀ ਸਾਹਿਤ, ਕਿੱਸਾ ਸਾਹਿਤ, ਬੀਰ ਸਾਹਿਤ ਆਦਿ ਦਾ ਦੌਰ ਵੀ ਚਲਦਾ ਰਿਹਾ। ਇਹ ਸਾਰੀ ਰਚਨਾ )ਲੋਕਿਕ (ਦੁਨੀਆ ਹੁੰਦਿਆਂ ਹੋਇਆਂ ਵੀ ਪਰਾਲੋਕਿਕਤਾ ਦਾ ਪ੍ਰਭਾਵ ਕਬੂਲਦੀ ਰਹੀ ਹੈ। ਇਸ ਤਰ੍ਹਾਂ ਦੇ ਅਸਾਰ ਸਾਨੂੰ ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕੇ ਤੱਕ ਦੀ ਕਵਿਤਾ ਵਿੱਚ ਨਜ਼ਰ ਆਉਂਦੇ ਹਨ। ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਉਨ੍ਹੀਵੀਂ ਸਦੀ ਵਿਚ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ ਆਦਿ ਦੀ

ਕਵਿਤਾ ਵਿਚੋਂ ਇਹ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦੇ ਹਨ। ਵੀਹਵੀਂ ਸਦੀ ਦੇ ਦੂਸਰੇ ਅਤੇ ਤੀਸਰੇ ਦਹਾਕੇ ਵਿਚ ਪ੍ਰੋ. ਪੂਰਨ ਸਿੰਘ ਪੰਜਾਬੀ ਕਵਿਤਾ ਨੂੰ ਇਕ ਨਵੀਂ ਲੀਹੇ ਪਾਉਂਦਾ ਹੈ। ਉਸਦੀ ਕਵਿਤਾ ਵਿਚ ਰਾਸ਼ਟਰ ਪ੍ਰੇਮ ਸੱਭਿਅਤਾ ਦੇ ਪ੍ਰੇਮ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਜਿਸ ਨੂੰ ਉਹ ਉਸ ਸਮੇਂ ਦੀ ਰਾਜਨੀਤਿਕ ਸਥਿਤੀ ਦੇ ਟਕਰਾਅ ਵਿਚੋਂ ਉਭਾਰਦਾ ਹੈ। ਵੀਹਵੀਂ ਸਦੀ ਵਿਚਲਾ ਇਹ ਪ੍ਰਗਟਾ ਰੂਪ ਮੱਧਕਾਲ ਵਿਚਲੀ ਉਸੇ ਰਾਜਨੀਤਿਕ ਚੇਤਨਾ ਦਾ ਵਰ ਮੇਚਵਾਂ ਰੂਪ ਹੈ। ਜਿਹੜਾ ਫੇਰ ਉਸ ਸਮੇਂ ਤੋਂ ਅਗਲੀ ਕਵਿਤਾ ਦਾ ਖਾਸਾ ਬਣ ਜਾਂਦਾ ਹੈ। ਇਸ ਪਾਠ ਵਿਚ ਆਧੁਨਿਕ ਕਵੀਆਂ ਦੀ ਕਵਿਤਾ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਉਹਨਾਂ ਦੀ ਕਵਿਤਾ ਦੇ ਪ੍ਰਮੁੱਖ ਸਰੋਕਾਰਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

---

## 1.2 ਅਟਕ-ਭਾਈ ਵੀਰ ਸਿੰਘ

### 1.2.1ਅਟਕ ਕਵਿਤਾ ਦਾ ਮੂਲ ਪਾਠ:

ਅਟਕ

ਅਟਕ ਦਰਿਆ ਉਤੇ ਪ੍ਰਸ਼ਨ ਤੇ ਅਗੋਂ ਉਸਦਾ ਉੱਤਰ

ਪ੍ਰਸ਼ਨ:-

ਜੁਗਾਂ ਤੋਂ ਤੂੰ ਆਵੇਂ ਜਾਵੇਂ
ਤਿੱਖਾ ਤਿੱਖਾ ਟੁਰਿਆ ਜਾਵੇਂ
ਪਲ ਛਿਨ ਠਹਿਰੇਂ ਨਾਹੀਂ
ਲਗਾਤਾਰ ਚਾਲ ਪਾਈ।
ਅਟਕ ਹੈ ਨਾਮ ਤੇਰਾ,
ਅਟਕਾਯਾ ਕਦੇ ਡਿਠਾ ਨਾ,
ਅਟਕਾਯਾ ਕਿਸੇ ਕੋਲੋਂ ਤੂੰ
ਅਟਕਯਾ ਕਦੇ ਹੈ ਨਹੀਂ।
ਪੱਛੋ ਵੱਲੋਂ ਤੁਰੇ ਆਏ
ਜ੍ਰਵਾਣਿਆਂ ਦੇ ਦਲੋ ਦਲ
ਮੂੰਹ ਚੱਕ ਪਾਰ ਆਏ
ਪੇਸ਼ ਤੇਰੀ ਨਹੀਂ ਗਈ।
ਅਟਕ ਕੋਈ ਪਾਈ ਨਾਂ
ਜ਼ਾਲਮ ਅਟਕਾਏ ਨਾਂ
ਫੇਰ ਅਟਕ ਨਾਉਂ ਤੇਰਾ
ਗੱਲ ਦੱਸ ਕੀਹ ਹਈ? ।।੧।।

ਉੱਤਰ: (ਅਟਕ ਵੱਲੋਂ)-
ਅਟਕਣਾ ਨਾ ਕੰਮ ਮੇਰਾ
ਅਟਕਿਆ ਸੋ ਮਾਰਿਆ ਹੈ,
ਅਟਕ ਨਾਮ ਮੌਤ ਦਾ ਹੈ
ਕੋਈ ਅਟਕਦਾ ਨਹੀਂ।
ਤੇਰੇ ਵਿਚ ਤੁਰਯਾ ਜਾਵੇ
ਸਾਰਾ ਜੱਗ ਦਿੱਸਦਾ ਜੋ
ਤੁਰੇ ਰਹਿਣਾ, ਤੁਰੇ ਰਹਿਣਾ,
ਕਾਰ ਧੁਰੋਂ ਏ ਪਈ।
ਰੂਪ ਏਸ ਦਿੱਸਦੇ ਦਾ,
ਚੇਸ਼ਟਾ ਤੇ ਬਦਲਨਾ ਹੈ,
ਜਾਰੀ ਰਹਿਣਾ ਚੇਸ਼ਟਾ ਦਾ
ਜਿੰਦ ਇਹਦੀ ਹੈ ਸਹੀ।
ਅਟਕ ਇਹ ਜਦੋਂ ਜਾਸੀ
ਰੂਪ ਨਾਮ ਬਿਨਸ ਜਾਸੀ
ਦ੍ਰਿਸ਼ਟਮਾਨ ਰਹੇ ਨਾਹੀਂ-
ਕਲਾ ਇਹਦੀ ਹੈ ਇਹੀ ।।੨।।
ਦੇਖ ਖਾਂ ਤੂੰ ਅੱਖ ਉਘਾੜ
ਸੂਰਜ, ਚੰਦ, ਤਾਰੇ, ਗ੍ਰਿਹ
ਲਗਾਤਾਰ ਤੁਰੇ ਜਾਣ-
ਕਦੇ ਕੋਈ ਅਟਕਿਆ ਹੈ?
ਧਰਤੀ ਨਖੱਤ੍ਰ ਚਲੇ
ਰੈਣ ਦਿਨ ਬਨਸਪਤੀ
ਜੀਵ, ਜੰਤੂ ਸਭ ਟੁਰੇ,-
ਅਟਕਿਆ ਸੋ ਫਟਕਿਆ ਹੈ।
ਉਮਰਾ ਹੈ ਤਾਂ ਤੁਰੀ ਜਾਏ,
ਕਾਲ ਹੈ ਤਾਂ ਲਗਾ ਜਾਏ,
ਜਿੰਦ ਹੈ ਤਾਂ ਚਲੀ ਚਲੇ,
ਕਦੇ ਕੌਣ ਹਟਕਿਆ ਹੈ?
ਦਿੱਸਦਾ ਸੰਸਾਰ ਸਾਰਾ
ਸਦਾ ਸਦਾ ਟੁਰਨਹਾਰਾ
ਅਟਕੇ ਜੇ ਇਹ ਨਜ਼ਾਰਾ,-

ਤਦੋਂ ਜਾਣ ਪਟਕਿਆ ਹੈ ।।੩।।
ਨਾਮ ਹੈ 'ਅਟਿਕ' ਮੇਰਾ,
'ਅਟਕ' ਹੈ ਭੁੱਲ ਤੁਹਾਡੀ,
ਅਟਕੇ ਬਿਨ ਟੁਰੀ ਜਾਣਾ,-
ਵਹਿਣ ਦਾ ਹੈ ਕੰਮ ਇਹੀ।
ਅਕਲਹੀਣ ਕਿਵੇਂ ਸੱਕੇ
ਅਕਲ ਵਾਲੇ ਅਟਕ ਪਾ,
ਅਟਕ ਪੌਣੀ ਆਦਮੀ ਨੂੰ
ਸਾਡੀ ਸਮਰਥ ਨਹੀਂ।
ਤੁਹਾਡੇ ਵਿਚ ਅਕਲ ਵਸੇ
ਅਟਕ ਪਾਣੀ ਕੰਮ ਤੁਹਾਡਾ
ਮੇਲ, ਬਲ, ਸਾਹਸ ਦਾ
ਅਟਕ ਪਾਣਾ ਫਲ ਹਈ।
ਅਟਕ ਵਧਾਵਣੇ ਤੋਂ
ਤੁਸੀਂ ਸਾਰੇ ਅਟਕ ਖਲੇ
ਅਟਕਿਆ ਸੁ ਹਟਯਾ ਪਿੱਛੇ
ਤਾਣ ਨਿੱਘਰਦੀ ਗਈ।।੪।।
ਅੱਗੇ ਨੂੰ ਜੋ ਤੁਰੇ ਨਾਹੀਂ
ਪਿੱਛੇ ਉਸ ਤੋਰ ਪੈਣੀ,
ਅਟਕ ਕਿਸੇ ਥਾਵੇਂ ਨਹੀਂ
ਤੇ ਅਟਕ 'ਟਿਕਾ' ਨਹੀਂ।
ਅਟਕਣ ਨੂੰ ਅਰਾਮ ਜਾਣੋ
ਮਾਰਿਆ ਸੋ ਜਾਣ ਲੈਣਾ,
ਅਗੇ ਅਗੇ ਟੁਰਯਾ ਜਾਵੇ,
ਮਾਲੀ ਉਸ ਮਾਰ ਲਈ।
ਵਧਦੇ ਜੇ ਤੁਸੀਂ ਜਾਂਦੇ,
ਵਿਦਯਾ ਬਲ ਜ਼ੋਰ ਪਾਂਦੇ
ਕਟਕਾਂ ਦੇ ਕਟਕ ਆਂਦੇ,
ਅਟਕ ਖਾ ਜਾਂਦੇ ਸਹੀ।
ਅਟਕੇ ਤੁਸੀਂ ਪਯਾਰੇ!
ਅਟਕਾਂ ਫੇਰ ਪਾਂਦਾ ਕੌਣ?
ਜਿੰਦਹੀਨ ਨਦੀਆਂ ਪਾਸੋਂ

ਅਟਕ ਕਟਕ ਹਨ ਨਹੀਂ ।।੫।।
ਹੋ ਬੇਖਟਕ ਸੌਂਦੇ ਨਾ
ਅਟਕ ਨਾ ਅਰਾਮ ਲੈਂਦੇ
ਲਟਕ ਐਸ਼ ਲਾਂਦੇ ਨਾ,
ਅਟਕ ਕੌਣ ਤੋੜਦਾ?
ਕਟਕਾਂ ਦੇ ਕਟਕ ਆਂਦੇ
ਤੁਸੀਂ ਉਠ ਅਟਕ ਪਾਂਦੇ,
ਇੱਕ ਮੁੱਠ ਹਟਕ ਪਾਂਦੇ,
ਮੈਂ ਭੀ ਕੁਝ ਹੋੜਦਾ;
ਲਟਕਾਂ ਨੇਹੁ ਤੁਸੀਂ ਲਾਏ,
ਪਟਕ ਵੈਰੀ ਟੁਰੇ ਆਏ,
ਗਾਹਣ ਮੇਰੇ ਵਿੱਚ ਪਾਏ,
ਵਾਹ ਲਗੀ ਮੈਂ ਬੋੜਦਾ।
ਰੋੜ੍ਹੇ ਨੀ ਮੈਂ ਪੂਰਾਂ ਪੂਰ,
ਡੋਬੇ ਕੀਤੇ ਕਈ ਚੂਰ,
ਅਗੋਂ ਭੰਨਦੇ ਤੁਸੀਂ ਮੂੰਹ,
ਵੈਰੀ ਮੂੰਹ ਚਾ ਮੋੜਦਾ।।੬।।
ਦੋਸ਼ ਸਾਰਾ ਤੁਸਾਂ ਦਾ ਹੈ
ਅਟਕ ਜੋ ਗਏ ਸਾਜੇ,
'ਅਟਕ' ਨਾਮ ਤੁਹਾਡਾ ਹੈ,
ਅਟਕ ਮੇਰਾ ਨਾਮ ਨਾਂ।
ਅੱਗੇ ਜਿਹੜਾ ਵਧਦਾ ਨਾ
ਜਾਣੋਂ ਪਿਛੇ ਮੁੜ ਰਿਹਾ ਹੈ
ਬੇੜੀ ਅਪਣੀ ਬੋੜਦਾ, ਤੇ
ਰੋੜ੍ਹਦਾ ਹੈ ਨਾਮਣਾ।
ਸਦਾ ਸਦਾ ਵਧੀ ਜਾਏ,
ਕਿਤੇ ਨਾ ਅਟਕ ਪਾਏ
ਤੁਰੀ ਜਾਏ, ਵਧੀ ਜਾਏ,
ਉਸਦੀ ਪੁੱਜੇ ਕਾਮਨਾ।
ਲਗਾਤਾਰ, ਸਹਿਜ ਸਹਿਜ,
ਹੋਸ਼, ਬੁਧਿ, ਧਰਮ ਨਾਲ,
ਮੇਲ, ਵਿਉਂਤ, ਜੁਗਤਿ ਚਲੇ-

ਕੌਣ ਕਰੇ ਸੋ ਸਾਮਨਾ?॥੭॥

1.2.2 ਲੇਖਕ ਨਾਲ ਜਾਣ-ਪਛਾਣ :ਭਾਈ ਵੀਰ ਸਿੰਘ  ਇੱਕ ਪੰਜਾਬੀ ਕਵੀ ਅਤੇ ਵਿਦਵਾਨ ਸੀ, ਜਿਸ ਨੂੰ ਅਜੋਕੇ ਪੰਜਾਬੀ ਸਾਹਿਤ ਦਾ ਮੋਢੀ ਵੀ ਕਿਹਾ ਜਾਂਦਾ ਹੈ। ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ :ਨੂੰ ਅੰਮ੍ਰਿਤਸਰ ਵਿਖੇ ਡਾ :ਚਰਨ ਸਿੰਘ ਦੇ ਘਰ ਹੋਇਆ। ਇਸ ਘਰਾਣੇ ਦਾ ਸੰਬੰਧ ਸਿੱਖ ਇਤਿਹਾਸ ਦੇ ਦੀਵਾਨ ਕੌੜਾ ਮੱਲ ਨਾਲ ਸੀ। 1891ਵਿੱਚ ਅੰਮ੍ਰਿਤਸਰ ਦੇ ਚਰਚ ਮਿਸ਼ਨ ਸਕੂਲ ਤੋਂ ਦਸਵੀਂ ਦਾ ਇਮਤਿਹਾਨ ਜਿਲ੍ਹੇ ਭਰ ਵਿੱਚੋਂ ਅੱਵਲ ਰਹਿ ਕੇ ਪਾਸ ਕੀਤਾ। ਉਸ ਨੇ ਸਰਕਾਰੀ ਨੌਕਰੀ ਪਿੱਛੇ ਨਾ ਦੌੜ ਕੇ ਆਪਣੀ ਰੁਚੀ ਅਨੁਸਾਰ ਇੱਕ ਲੇਖਕ ਦੇ ਤੌਰ ’ਤੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਸ਼ੁਰੂ ਵਿੱਚ ਸਕੂਲਾਂ ਲਈ ਪਾਠ-ਪੁਸਤਕਾਂ ਲਿਖੀਆਂ। ਉਸ ਨੇ ਆਪਣੀ ਕਵਿਤਾ ਨੂੰ ਸਿੱਖ ਧਰਮ ਅਤੇ ਗੁਰਮਤਿ ਫ਼ਿਲਾਸਫੀ ਨਾਲ਼ ਜੋੜਿਆ, ਜਿਸ ਕਰ ਕੇ ਉਸ ਨੂੰ ਭਾਈ ਜੀ ਆਖਿਆ ਜਾਣ ਲੱਗਾ। ਉਸ ਨੇ ਛੋਟੀ ਕਵਿਤਾ, ਮਹਾਂਕਾਵਿ ਤੋਂ ਇਲਾਵਾ ਵਾਰਤਕ ਵਿੱਚ ਨਾਵਲ, ਨਾਟਕ ਇਤਿਹਾਸ, ਜੀਵਨੀਆਂ, ਲੇਖਾਂ ਅਤੇ ਸਾਖੀਆਂ ਆਦਿ ਦੀ ਰਚਨਾ ਕਰਨ ਦੀ ਪਹਿਲ ਕੀਤੀ। ਭਾਈ ਵੀਰ ਸਿੰਘ ਨੇ ਕਈ ਨਾਵਲ, ਇਤਿਹਾਸਕ ਕਿਤਾਬਾਂ, ਟ੍ਰੈਕਟ ਅਤੇ ਕਾਵਿ ਪੁਸਤਕਾਂ ਦੀ ਰਚਨਾ ਕੀਤੀ। ਉਨ੍ਹਾਂ ਦੀਆਂ ਕਾਵਿ ਰਚਨਾਵਾਂ ਰਾਣਾ ਸੂਰਤ ਸਿੰਘ(1919) , ਦਿਲ ਤਰੰਗ(1920) , ਤ੍ਰੇਲ ਤੁਪਕੇ(1921) , ਲਹਿਰਾਂ ਦੇ ਹਾਰ(1921) , ਮਟਕ ਹੁਲਾਰੇ(1922) , ਬਿਜਲੀਆਂ ਦੇ ਹਾਰ (1927) ਅਤੇ ਮੇਰੇ ਸਾਈਆਂ ਜੀਓ (1953) ਆਦਿ ਹਨ।

1.2.3 ਪ੍ਰਸੰਗ ਦੱਸ ਕੇ ਵਿਆਖਿਆ ਕਰੋ:

ਅਟਕਣਾ ਨ ਕੰਮ ਮੇਰਾ
ਅਟਕਿਆ ਜੋ ਮਾਰਿਆ ਹੈ,
ਅਟਕ ਨਾਮ ਮੌਤ ਦਾ ਹੈ
ਕੋਈ ਅਟਕਦਾ ਨਹੀਂ।

ਪ੍ਰਸੰਗ : ਅਟਕ ਭਾਈ ਵੀਰ ਸਿੰਘ ਦੀ ਬਹੁਤ ਮਹੱਤਵਪੂਰਨ ਕਵਿਤਾ ਹੈ, ਜੋ ਕਿ ਪ੍ਰਸ਼ਨ-ਉੱਤਰ ਸ਼ੈਲੀ ਵਿਚ ਲਿਖੀ ਗਈ ਹੈ। ਇਸ ਕਵਿਤਾ ਵਿਚ ਭਾਈ ਵੀਰ ਸਿੰਘ ਨੇ ਜ਼ਿੰਦਗੀ ਦੀ ਰਵਾਨਗੀ ਅਤੇ ਨਿਰੰਤਰਤਾ ਦੀ ਗੱਲ ਕੀਤੀ ਹੈ। ਪ੍ਰਸ਼ਨ ਕਰਤਾ ਅਟਕ ਦਰਿਆ ਨੂੰ ਪੁੱਛਦਾ ਹੈ ਕਿ ਤੇਰਾ ਨਾਮ ਅਟਕ ਹੈ। ਤੂੰ ਲੋਕਾਂ ਨੂੰ ਰੋਕ ਸਕਦਾ ਹੈ, ਇਸੇ ਕਾਰਨ ਤੇਰਾ ਇਹ ਨਾਮ ਹੈ। ਪਰ ਤੂੰ ਪੱਛਮ ਤੋਂ ਭਾਰਤ ਵੱਲ ਆਉਣ ਵਾਲੇ ਅਨੇਕ ਹਮਲਾਵਰਾਂ ਨੂੰ ਕਦੇ ਰੋਕਿਆ ਨਹੀਂ। ਉਨ੍ਹਾਂ ਦੇ ਹਮਲਿਆਂ ਨੂੰ ਠੱਲ੍ਹ ਨਹੀਂ ਪਾਈ। ਫਿਰ ਤੇਰਾ ਇਹ ਨਾਮ ਕਿਵੇਂ ਸਹੀ ਹੋਇਆ। ਜਦੋਂ ਕਿ ਤੂੰ ਆਪਣੀ ਜ਼ਿੰਮੇਵਾਰੀ ਨੂੰ ਠੀਕ ਤਰ੍ਹਾਂ ਨਾਲ ਨਹੀਂ ਨਿਭਾਇਆ।

ਵਿਆਖਿਆ :ਇਸ ਪ੍ਰਸ਼ਨ ਦੇ ਉੱਤਰ ਵਿਚ ਅਟਕ ਦਰਿਆ ਉੱਤਰ ਦਿੰਦਾ ਹੈ ਕਿ ਅਟਕਣਾ ਜਾਂ ਅਟਕਾਉਣਾ (ਰੋਕਣਾ ( ਮੇਰਾ ਕੰਮ ਨਹੀਂ ਹੈ। ਪ੍ਰਕਿਰਤੀ ਦਾ ਇਹੀ ਨਿਯਮ ਹੈ ਕਿ ਹਰ ਜੀਵ-ਜੰਤੂ ਅਤੇ ਨਰ-ਨਾਰੀ ਅੱਗੇ ਚਲਦੇ ਰਹੇ, ਵਿਕਾਸ ਕਰਦਾ ਰਹੇ। ਜੋ ਅਟਕ ਜਾਂਦਾ ਹੈ, ਉਹ ਮਰ ਜਾਂਦਾ ਹੈ। ਅਟਕ ਦਾ ਅਰਥ ਮੌਤ ਹੈ, ਜੀਵਨ ਨਹੀਂ। ਇਹੀ ਕਾਰਨ ਹੈ

ਕਿ ਇਸ ਬ੍ਰਹਿਮੰਡ ਵਿਚ ਕੋਈ ਵੀ ਅਟਕਦਾ ਨਹੀਂ ਹੈ। ਪਰ ਭਾਰਤਵਾਸੀ ਜ਼ਰੂਰ ਅਟਕੇ ਰਹੇ, ਉਨ੍ਹਾਂ ਨੇ ਇਕੱਠੇ ਹੋ ਕੇ ਹਮਲਾਵਰ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਹੀ ਨਾ ਕੀਤੀ। ਇਸੇ ਲਈ ਉਹ ਮਾਰੇ ਜਾਂਦੇ ਰਹੇ, ਗ਼ੁਲਾਮ ਬਣ ਗਏ।

1.2.4 ਅਟਕ ਕਵਿਤਾ ਦਾ ਵਿਸ਼ਾ-ਵਸਤੂ :ਭਾਈ ਵੀਰ ਸਿੰਘ ਅਧਿਆਤਮਵਾਦੀ-ਰਹੱਸਵਾਦੀ ਪਰੰਪਰਾ ਦਾ ਇਕ ਸ਼ਿਰੋਮਣੀ ਅਧਿਆਤਮਕ ਕਵੀ ਹੈ। ਉਸ ਦੀਆਂ ਕਵਿਤਾਵਾਂ ਵਿਚ ਗੁਰਮਤਿ ਦਰਸ਼ਨ ਵਲੋਂ ਪ੍ਰਾਪਤ ਗਿਆਨ ਨੂੰ ਆਧੁਨਿਕ ਸੰਦਰਭ ਵਿਚ ਵਿਚਾਰਿਆ ਹੈ। ਉਹ ਕਾਲ ਦੀ ਪ੍ਰਵਾਹਮਾਨਤਾ ਨੂੰ ਸਵੀਕਾਰ ਕਰਦਾ ਹੈ। ਬਹੁਤੇ ਕਵੀਆਂ ਵਾਂਗ ਉਹ ਇਸ ਗੱਲ ਉਪਰ ਚਿੰਤਾਤੁਰ ਨਹੀਂ ਹੁੰਦਾ ਕਿ ਸਮਾਂ ਗੁਜ਼ਰ ਰਿਹਾ ਹੈ ਅਤੇ ਇਸ ਦੇ ਗੁਜ਼ਰਨ ਨਾਲ ਮਾਨਵਤਾ ਨੂੰ ਕੋਈ ਘਾਟਾ ਪੈ ਰਿਹਾ ਹੈ ਬਲਕਿ ਉਹ ਮਨੁੱਖ ਨੂੰ ਸਮੇਂ ਦੇ ਹਾਣ ਦਾ ਬਣਨ ਦੀ ਪ੍ਰੇਰਨਾ ਦਿੰਦਾ ਹੈ। ਇਹ ਤੱਥ ਉਸ ਦੇ ਆਸ਼ਾਵਾਦੀ ਹੋਣ ਦਾ ਸਬੂਤ ਪੇਸ਼ ਕਰਦਾ ਹੈ।

'ਅਟਕ ਕਵਿਤਾ ਪ੍ਰਸ਼ਨ-ਉੱਤਰ ਸ਼ੈਲੀ ਵਿਚ ਲਿਖੀ ਹੋਈ ਹੈ। ਅਧਿਆਤਮਵਾਦੀ ਕਵੀ ਜੀਵਨ ਦੇ ਕੁਝ ਗੂੜ੍ਹ ਰਹੱਸਾਂ ਨੂੰ ਖੋਲ੍ਹਣ ਲਈ ਇਸੇ ਸ਼ੈਲੀ ਦਾ ਪ੍ਰਯੋਗ ਕਰਦੇ ਸਨ। ਇਸ ਕਵਿਤਾ ਵਿਚ ਕਵੀ ਅਟਕ ਦਰਿਆ ਨੂੰ ਉਸ ਦੇ ਨਾਂ ਤੇ ਉਸਦੇ ਵਿਹਾਰ ਦੇ ਵਿਰੋਧਾਭਾਸ ਸੰਬੰਧੀ ਪ੍ਰਸ਼ਨ ਕਰਦਾ ਹੈ ਤੇ ਉਸ ਦਾ ਮਾਨਵੀਕਰਨ ਕਰਦਾ ਹੋਇਆ ਉਸ ਦੇ ਉੱਤਰ ਰਾਹੀਂ ਸੁਨੇਹਾ ਦਿੰਦਾ ਹੈ ਕਿ ਅਟਕਣਾ ਜ਼ਿੰਦਗੀ ਨਹੀਂ ਬਲਕਿ ਮੌਤ ਹੈ। ਕੁਦਰਤ ਵਿੱਚ ਵੀ ਹਰ ਚੀਜ਼ ਚਲਾਇਮਾਨ ਹੈ ਨਾ ਕਿ ਅਟਕੀ ਹੋਈ। ਇਸ ਕਵਿਤਾ ਵਿਚ ਪ੍ਰਸ਼ਨ ਕਰਤਾ ਅਟਕ ਦਰਿਆ ਨੂੰ ਪੁੱਛਦਾ ਹੈ ਕਿ ਸਦੀਆਂ ਤੋਂ ਪੱਛਮ ਵਲੋਂ ਆਉਣ ਵਾਲੇ ਜਰਵਾਣੇ ਤੈਨੂੰ ਪਾਰ ਕਰ ਕੇ ਭਾਰਤ ਉਪਰ ਹਮਲਾ ਕਰਦੇ ਰਹੇ ਪਰ ਤੂੰ ਉਨ੍ਹਾਂ ਨੂੰ ਵੀ ਨਾ ਅਟਕਾਇਆ। ਫਿਰ ਤੇਰਾ ਨਾਮ 'ਅਟਕ ਕੈਸਾ? ਤੂੰ ਆਪਣੇ ਨਾਮ ਦੀ ਲਾਜ ਵੀ ਨਹੀਂ ਰੱਖ ਸਕਿਆ। ਇਸ ਪ੍ਰਸ਼ਨ ਦਾ ਉੱਤਰ ਦਿੰਦਾ ਹੋਇਆ ਅਟਕ ਕਹਿੰਦਾ ਹੈ ਕਿ ਅਟਕਣਾ ਜੀਵਨ ਦਾ ਦਸਤੂਰ ਨਹੀਂ ਹੈ। ਅਟਕ ਦਾ ਅਰਥ ਮੌਤ ਹੁੰਦਾ ਹੈ। ਜਿਹੜੀ ਚੀਜ਼ ਅਟਕ ਜਾਂਦੀ ਹੈ। ਉਹ ਸਮਝੋ ਮਰ ਜਾਂਦੀ ਹੈ। ਇਸ ਲਈ ਮੈਂ ਨਾ ਤਾਂ ਆਪ ਕਦੇ ਅਟਕਦਾ ਹਾਂ ਅਤੇ ਨਾ ਕਿਸੇ ਹੋਰ ਨੂੰ ਅਟਕਾਉਣ ਦਾ ਯਤਨ ਕਰਦਾ ਹਾਂ। ਮੈਂ ਪ੍ਰਕਿਰਤੀ ਦੇ ਅਟੱਲ ਨਿਯਮ ਵਿਚ ਵਿਘਨ ਨਹੀਂ ਪਾਉਂਦਾ। ਪ੍ਰਕਿਰਤੀ ਵਿਚ ਹਰ ਜੀਵ-ਜੰਤੂ ਅਤੇ ਨਰ-ਨਾਰੀ ਤੁਰੇ ਰਹਿੰਦੇ ਹਨ। ਇਸ ਦੁਨੀਆ ਦਾ ਮਾਡਲ ਤਬਦੀਲੀ ਅਤੇ ਵਿਕਾਸ ਹੈ। ਇਸ ਲਈ ਕੋਈ ਵੀ ਚੀਜ਼ ਰੁਕ ਨਹੀਂ ਸਕਦੀ।

ਅਟਕ ਸਮਝਾਉਂਦਾ ਹੈ ਕਿ ਮੈਂ ਇਕ ਬੁੱਧਹੀਣ ਦਰਿਆ ਹਾਂ ਪਰ ਫਿਰ ਵੀ ਆਪਣੇ ਫਰਜ਼ ਨੂੰ ਪਹਿਚਾਣਦਾ ਹਾਂ। ਮੈਂ ਬੁੱਧੀਮਾਨ ਬੰਦਿਆ ਨੂੰ ਨਹੀਂ ਅਟਕਾ ਸਕਦਾ ਪਰ ਤੁਸੀਂ ਤਾਂ ਇਨਸਾਨ ਸੀ। ਤੁਸੀਂ ਜ਼ਾਲਮ ਅਤੇ ਧੱਕੇਸ਼ਾਹ ਹਮਲਾਵਰਾਂ ਨੂੰ ਅਟਕ ਪਾ ਸਕਦੇ ਸੀ। ਅਟਕ ਪਾਉਣ ਲਈ ਮੇਲ, ਬਲ ਅਤੇ ਸਾਹਸ, ਇਹਨਾਂ ਤਿੰਨਾਂ ਗੁਣਾਂ ਦੀ ਜ਼ਰੂਰਤ ਹੁੰਦੀ ਹੈ, ਜੋ ਤੁਹਾਡੇ ਵਿਚ ਤਾਂ ਸਨ ਪਰ ਮੇਰੇ ਵਿਚ ਨਹੀਂ ਹਨ। ਫਿਰ ਮੈਂ ਇਹ ਕੰਮ ਕਿਵੇਂ ਕਰ ਸਕਦਾ ਸਾਂ? ਤੁਹਾਨੂੰ ਮੇਰੇ ਤੋਂ ਇਹ ਆਸ਼ਾ ਹੀ ਨਹੀਂ ਸੀ ਰੱਖਣੀ ਚਾਹੀਦੀ। ਇਹ ਕੰਮ ਤੁਹਾਡਾ ਸੀ। ਜੇ ਤੁਹਾਡੇ ਵਿਚ ਵਿਕਾਸ ਕਰਨ ਦੀ ਹਿੰਮਤ ਹੁੰਦੀ, ਤੁਸੀਂ ਅੱਗੇ ਵਧਣ ਦਾ ਯਤਨ ਜਾਰੀ ਰਖਦੇ ਤਾਂ ਹਮਲਾਵਰਾਂ ਨੇ ਆਪੇ ਅਟਕ ਜਾਣਾ ਸੀ, ਅਟਕੇ ਰਹਿਣਾ ਸੀ ਪਰ ਤੁਸੀਂ ਤਾਂ ਸੁੰਗੜ ਕੇ ਰਹਿ ਗਏ। ਇਸ ਕਾਰਨ ਹੋਰ ਕੌਮਾਂ ਅੱਗੇ ਵਧ ਆਈਆਂ ਅਤੇ ਉਨ੍ਹਾਂ ਨੇ ਤੁਹਾਡੇ ਦੇਸ਼ ਉਪਰ ਕਬਜ਼ਾ ਕਰ

ਲਿਆ। ਤੁਹਾਨੂੰ ਗੁਲਾਮ ਬਣਾ ਲਿਆ। ਜਿਹੜੀਆਂ ਕੌਮਾਂ ਵਿਚ ਨਿਰੰਤਰ ਵਿਕਾਸ ਕਰਦੇ ਰਹਿਣ ਦੀ ਭਾਵਨਾ ਜੀਵਿਤ ਨਹੀਂ ਰਹਿੰਦੀ, ਉਨ੍ਹਾਂ ਨਾਲ ਇਵੇਂ ਹੁੰਦਾ ਆਇਆ ਹੈ ਅਤੇ ਇਵੇਂ ਹੁੰਦਾ ਰਹੇਗਾ। ਸੋ ਇਨਸਾਨ ਨੂੰ ਕਦੇ ਵੀ ਅਟਕਣਾ ਨਹੀਂ ਚਾਹੀਦਾ ਬਲਕਿ ਅੱਗੇ ਵਧਣ ਦਾ ਸੰਕਲਪ ਜੀਵਿਤ ਰੱਖਣਾ ਚਾਹੀਦਾ ਹੈ। ਫਿਰ ਉਸ ਦੇ ਵਿਕਾਸ ਅਤੇ ਪ੍ਰਗਤੀ ਨੂੰ ਕੋਈ ਲੁਟੇਰਾ ਜਾਂ ਹਮਲਾਵਰ ਕਦੇ ਅਟਕਾ ਨਹੀਂ ਸਕਦਾ। ਸਮੇਂ ਦਾ ਹਾਣੀ ਅਤੇ ਵਿਕਾਸ ਕਰਦੇ ਰਹਿਣਾ ਹੀ ਪ੍ਰਕਿਰਤੀ ਦਾ ਅਟੱਲ ਨਿਯਮ ਹੈ ਅਤੇ ਇਹ ਹਰ ਦੇਸ਼ ਤੇ ਕੌਮ ਉਪਰ ਲਾਗੂ ਹੁੰਦਾ ਹੈ।

1.2.5 ਅਟਕ ਕਵਿਤਾ ਦਾ ਸਾਰ :ਭਾਈ ਵੀਰ ਸਿੰਘ (1872-1957) ਆਧੁਨਿਕ ਪੰਜਾਬੀ ਕਾਵਿ ਦਾ ਮੋਢੀ ਸੀ। ਸਭ ਤੋਂ ਪਹਿਲਾਂ ਉਸ ਨੇ ਹੀ ਨਿਸ਼ਚਿਤ ਸਿਰਲੇਖ ਵਾਲੀਆਂ ਛੋਟੀਆਂ ਕਵਿਤਾਵਾਂ ਲਿਖਣ ਦੀ ਪਹਿਲ ਕੀਤੀ ਸੀ। ਉਸ ਤੋਂ ਪਹਿਲਾਂ ਪੰਜਾਬੀ ਕਾਵਿ ਵਿਚ ਕਿੱਸੇ, ਵਾਰਾਂ, ਜੰਗਨਾਮੇ ਜਾਂ ਅਧਿਆਤਮਕ ਕਾਵਿ) ਗੁਰਬਾਣੀ ਅਤੇ ਸੂਫ਼ੀ ਕਲਾਮ ਹੀ ਲਿਖਿਆ ਜਾਂਦਾ ਸੀ।ਅਟਕ ਸਾਂਝੇ ਪੰਜਾਬ ਵਿਚ ਵਗਣ ਵਾਲੇ ਇਕ ਦਰਿਆ ਦਾ ਨਾਮ ਸੀ। ਇਸ ਨੂੰ ਸਿੰਧ ਦਰਿਆ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਜੋ ਹੁਣ ਪੱਛਮੀ ਪੰਜਾਬ ਪਾਕਿਸਤਾਨ ਵਿਚ ਰਹਿ ਗਿਆ ਹੈ। ਇਹ ਦਰਿਆ ਆਪਣੀ ਤੇਜ਼ ਰਵਾਨੀ ਕਾਰਨ ਪ੍ਰਸਿੱਧ ਸੀ। ਕਵੀ ਨੇ ਇਹ ਕਵਿਤਾ ਪ੍ਰਸ਼ਨ-ਉੱਤਰ ਸ਼ੈਲੀ ਵਿਚ ਲਿਖੀ ਹੈ। ਕਵੀ ਅਟਕ ਨੂੰ ਇਕ ਪ੍ਰਸ਼ਨ ਪੁੱਛਦਾ ਹੈ, ਜਿਸ ਦਾ ਉੱਤਰ ਅਟਕ ਦਰਿਆ ਬੜੇ ਤਰਕਪੂਰਨ ਢੰਗ ਨਾਲ ਦਿੰਦਾ ਹੈ। ਕਵੀ ਪੁੱਛਦਾ ਹੈ ਕਿ ਪੰਜਾਬੀ ਲੋਕਾਂ ਨੇ ਉਸ ਦਾ ਨਾਮ‘ ਅਟਕ ’ਇਸ ਕਾਰਨ ਰੱਖਿਆ ਸੀ ਕਿਉਂਕਿ ਉਹ ਕਿਸੇ ਯਾਤਰੀ ਨੂੰ ਪਾਰ ਨਹੀਂ ਸੀ ਲੰਘਣ ਦਿੰਦਾ। ਹਰ ਇਕ ਦੇ ਰਸਤੇ ਵਿਚ ਅਟਕ ਰੁਕਾਵਟ ਪਾ ਦਿੰਦਾ ਸੀ ਪਰੰਤੂ ਜਦੋਂ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆਂ ਵਲੋਂ ਆਉਣ ਵਾਲੇ ਹਮਲਾਵਰਾਂ ਨੂੰ ਰੋਕਣ ਦੀ ਜ਼ਰੂਰਤ ਸੀ ਤਾਂ ਉਸ ਨੇ ਆਪਣੀ ਜ਼ਿੰਮੇਵਾਰੀ ਨਾ ਨਿਭਾਈ ਬਲਕਿ ਜ਼ਾਲਮ ਲੁਟੇਰਿਆਂ ਨੂੰ ਬਿਨਾਂ ਕਿਸੇ ਰੁਕਾਵਟ ਲੰਘ ਜਾਣ ਦਿੱਤਾ। ਇਸ ਗੱਲ ਦਾ ਉਸ ਕੋਲ ਕੀ ਉੱਤਰ ਹੈ? ਅਟਕ ਜਵਾਬ ਦਿੰਦਾ ਹੈ ਕਿ ਮੇਰਾ ਨਾਮ ਅਟਕ ਇਸ ਲਈ ਹੈ ਕਿਉਂਕਿ ਮੈਂ ਕਦੇ ਵੀ ਰੁਕਦਾ ਨਹੀਂ ਹਾਂ ਬਲਕਿ ਦਿਨ-ਰਾਤ ਆਪਣੀ ਮੰਜ਼ਿਲ ਸਾਗਰ ਵਲ ਤੁਰਿਆ ਜਾਂਦਾ ਹਾਂ। ਜਿਵੇ:

ਨਾਮ ਹੈ ‘ਅਟਿਕ’ ਮੇਰਾ,
‘ਅਟਕ’ ਹੈ ਭੁੱਲ ਤੁਹਾਡੀ,
ਅਟਕੇ ਬਿਨ ਟੁਰੀ ਜਾਣਾ,-
ਵਹਿਣ ਦਾ ਹੈ ਕੰਮ ਇਹੀ।

ਗਤੀਸ਼ੀਲਤਾ ਹੀ ਜੀਵਨ ਹੈ ਅਤੇ ਜਿਹੜਾ ਵਿਅਕਤੀ ਜਾਂ ਕੋਈ ਸ਼ਕਤੀ ਰੁਕ ਜਾਂਦੀ ਹੈ, ਉਹ ਮਰ ਜਾਂਦੀ ਹੈ। ਕੇਵਲ ਦਰਿਆ ਹੀ ਨਹੀਂ ਬਲਕਿ ਨਰ-ਨਾਰੀ, ਰੁੱਖ-ਬੂਟੇ, ਪਸ਼ੂ-ਪੰਛੀ, ਸੂਰਜ-ਚੰਦ ਅਤੇ ਤਾਰੇ ਸਾਰੇ ਹੀ ਤੁਰੀ ਜਾ ਰਹੇ ਹਨ। ਮੇਰਾ ਨਾਮ ਅਟਕ ਇਸ ਲਈ ਹੈ ਕਿਉਂਕਿ ਮੈਂ ਵੀ ਸਦਾ ਤੁਰੀ ਜਾਂਦਾ ਹਾਂ। ਮੈਂ ਇਕ ਦਰਿਆ ਹਾਂ ਅਤੇ ਮੇਰਾ ਕੰਮ ਧਰਤੀ ਨੂੰ ਸਿੰਜਣਾ ਅਤੇ ਫ਼ਸਲਾਂ ਨੂੰ ਉਗਾਉਣਾ ਹੈ। ਮੇਰੇ ਵਿਚ ਏਨੀ ਬੁੱਧੀ ਨਹੀਂ ਹੈ ਕਿ ਮੈਂ ਕਿਸੇ ਚੰਗੇ-ਮੰਦੇ ਆਦਮੀ ਦੀ ਪਹਿਚਾਣ ਕਰ ਸਕਾਂ। ਚੰਗੇ ਨੂੰ ਪਾਰ ਲੰਘ ਜਾਣ ਦੇਵਾਂ ਅਤੇ ਬੁਰੇ ਨੂੰ ਰੋਕ ਦੇਵਾਂ। ਇਹ ਬੁੱਧੀ ਪਰਮਾਤਮਾ ਨੇ ਕੇਵਲ

ਮਨੁੱਖ ਨੂੰ ਹੀ ਬਖਸ਼ੀ ਹੈ। ਉਹੀ ਜ਼ਾਲਮਾਂ ਨੂੰ ਰੋਕਣ ਜਾਂ ਮੋੜਨ ਦਾ ਕੰਮ ਕਰ ਸਕਦੇ ਹਨ, ਮੈਂ ਨਹੀਂ। ਇਹ ਤੁਹਾਡੀ ਮਨੁੱਖਾਂ ਦੀ ਜ਼ਿੰਮੇਵਾਰੀ ਸੀ ਕਿ ਤੁਸੀਂ ਅੱਗੇ ਵਧ ਕੇ ਜਰਵਾਣਿਆ ਨੂੰ ਰੋਕ ਦਿੰਦੇ ਪਰ ਤੁਸੀਂ ਤਾਂ ਆਪ ਹੀ ਅਟਕ ਗਏ, ਸੋਚਾਂ ਵਿਚ ਪੈ ਗਏ। ਸਿੱਟੇ ਵਜੋਂ ਜਰਵਾਣੇ ਅੱਗੇ ਵਧ ਆਏ। ਉਨ੍ਹਾਂ ਨੇ ਨਾ ਕੇਵਲ ਦੇਸ਼ ਨੂੰ ਲੁਟਿਆ-ਪੁਟਿਆ ਬਲਕਿ ਆਪਣਾ ਗ਼ੁਲਾਮ ਬਣਾ ਲਿਆ। ਜੇ ਤੁਸੀਂ ਆਪਣੀ ਜ਼ਿੰਮੇਵਾਰੀ ਨੂੰ ਪਹਿਚਾਣ ਲੈਂਦੇ, ਏਕਤਾ ਅਤੇ ਵਿਉਂਤ ਨਾਲ਼ ਜਾਬਰਾਂ ਨੂੰ ਠੱਲ੍ਹ ਪਾ ਦਿੰਦੇ ਤਾਂ ਮੈਂ ਵੀ ਤੁਹਾਡਾ ਕੁਝ ਸਾਥ ਦੇ ਦਿੰਦਾ। ਪਰ ਤੁਸੀਂ ਐਸ਼ਪ੍ਰਸਤੀ ਅਤੇ ਨਾਇਤਫ਼ਾਕੀ ਦੇ ਕਾਰਨ ਇਕੱਠੇ ਨਾ ਹੋ ਸਕੇ। ਸਿੱਟੇ ਵਜੋਂ ਮਾਰੇ ਗਏ। ਅਟਕ ਦਰਿਆ ਇਹ ਸੰਦੇਸ਼ ਦਿੰਦਾ ਹੈ:

ਅੱਗੇ ਜਿਹੜਾ ਵਧਦਾ ਨਾ,
ਜਾਣੋਂ ਪਿਛੇ ਮੁੜ ਰਿਹਾ ਹੈ
ਬੇੜੀ ਆਪਣੀ ਬੋੜਦਾ ਤੇ
ਰੋੜ੍ਹਦਾ ਹੈ ਨਾਮਣਾ।
ਲਗਾਤਾਰ ਸਹਿਜ ਸਹਿਜ
ਹੋਸ਼, ਬੁਧਿ, ਧਰਮ ਨਾਲ
ਮੇਲ, ਵਿਉਂਤ ਜੁਗਤ ਚਲੇ—
ਕੌਣ ਕਰੇ ਸੁ ਸਾਮਨਾ?
(ਅਟਕ, ਪੰਨਾ 4)

ਇਸ ਤਰ੍ਹਾਂ ਭਾਈ ਵੀਰ ਸਿੰਘ ਇਸ ਕਵਿਤਾ ਰਾਹੀਂ ਮਨੁੱਖ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ। ਸੋ ਇਹ ਕਵਿਤਾ ਬੜੀ ਪ੍ਰੇਰਨਾ ਭਰਪੂਰ ਹੈ। ਇਹ ਭਾਰਤ ਵਾਸੀਆਂ ਨੂੰ ਏਕਤਾ, ਗਤੀਸ਼ੀਲਤਾ ਅਤੇ ਪਰਸਪਰ ਮੇਲ-ਜੋਲ ਦਾ ਸੰਦੇਸ਼ ਦਿੰਦੀ ਹੈ। ਇਹ ਸੰਦੇਸ਼ ਅੱਜ ਵੀ ਪੂਰੀ ਤਰ੍ਹਾਂ ਨਾਲ ਪ੍ਰਾਸੰਗਿਕ ਹੈ।

1.2.6 ਅਟਕ 'ਕਵਿਤਾ ਦਾ ਕਲਾਤਮਕ ਅਧਿਐਨ:

ਪ੍ਰਸ਼ਨ-ਉੱਤਰ ਸ਼ੈਲੀ :'ਅਟਕ ਕਵਿਤਾ ਪ੍ਰਸ਼ਨ-ਉੱਤਰ ਸ਼ੈਲੀ ਵਿਚ ਲਿਖੀ ਹੋਈ ਹੈ। ਅਧਿਆਤਮਵਾਦੀ ਕਵੀ ਜੀਵਨ ਦੇ ਕੁਝ ਗੂੜ੍ਹ ਰਹੱਸਾਂ ਨੂੰ ਖੋਲ੍ਹਣ ਲਈ ਇਸੇ ਸ਼ੈਲੀ ਦਾ ਪ੍ਰਯੋਗ ਕਰਦੇ ਸਨ।ਕਵੀ ਅਟਕ ਨੂੰ ਇਕ ਪ੍ਰਸ਼ਨ ਪੁੱਛਦਾ ਹੈ,

ਅਟਕ ਕੋਈ ਪਾਈ ਨਾਂ
ਜ਼ਾਲਮ ਅਟਕਾਏ ਨਾਂ
ਫੇਰ ਅਟਕ ਨਾਉਂ ਤੇਰਾ
ਗੱਲ ਦੱਸ ਕੀਹ ਹਈ? ।।੧।।

ਜਿਸ ਦਾ ਉੱਤਰ ਅਟਕ ਦਰਿਆ ਬੜੇ ਤਰਕਪੂਰਨ ਢੰਗ ਨਾਲ ਦਿੰਦਾ ਹੈ। ਕਵੀ ਪੁੱਛਦਾ ਹੈ ਕਿ ਪੰਜਾਬੀ ਲੋਕਾਂ ਨੇ ਉਸ ਦਾ ਨਾਮ' ਅਟਕ 'ਇਸ ਕਾਰਨ ਰੱਖਿਆ ਸੀ ਕਿਉਂਕਿ ਉਹ ਕਿਸੇ ਯਾਤਰੀ ਨੂੰ ਪਾਰ ਨਹੀਂ ਸੀ ਲੰਘਣ ਦਿੰਦਾ।

ਅਨੁਪ੍ਰਾਸ ਅਲੰਕਾਰ :ਭਾਈ ਵੀਰ ਸਿੰਘ ਨੇ ਆਪਣੀਆਂ ਕਵਿਤਾਵਾਂ ਵਿਚ ਕਿਸੇ ਗੱਲ ਨੂੰ ਦੁਹਰਾ ਕੇ ਕਹਿਣ ਦੀ ਜੁਗਤ ਦੀ ਜੁਗਤ ਵਰਤੀ ਹੈ। ਉਹ ਆਪਣੀ ਕਵਿਤਾਵਾਂ ਵਿਚ ਅਨੁਪ੍ਰਾਸ ਅਲੰਕਾਰ ਵਰਤਦਾ ਹੈ।

ਸਦਾ ਸਦਾ ਵਧੀ ਜਾਏ,

ਕਿਤੇ ਨਾ ਅਟਕ ਪਾਏ

ਤੁਰੀ ਜਾਏ, ਵਧੀ ਜਾਏ,

ਉਸਦੀ ਪੁੱਜੇ ਕਾਮਨਾ।

ਦ੍ਰਿਸ਼ ਬਿੰਬ :ਭਾਈ ਵੀਰ ਸਿੰਘ ਆਪਣੀ ਕਵਿਤਾ ਵਿਚ ਬਹੁਤ ਸਾਰੇ ਬਿੰਬਾਂ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਉਹ ਅਨੇਕਾਂ ਬਿੰਬਾਂ ਪ੍ਰਤੀਕਾਂ ਨਾਲ ਆਪਣੀ ਕਵਿਤਾ ਦੇ ਅਰਥਾਂ ਨੂੰ ਹੋਰ ਗਹਿਰਾ ਕਰਦਾ ਹੈ:

ਕਟਕਾਂ ਦੇ ਕਟਕ ਆਂਦੇ

ਤੁਸੀਂ ਉਠ ਅਟਕ ਪਾਂਦੇ,

ਇੱਕ ਮੁੱਠ ਹਟਕ ਪਾਂਦੇ,

ਮੈਂ ਭੀ ਕੁਝ ਹੋੜਦਾ

3. ਪ੍ਰੋ .ਪੂਰਨ ਸਿੰਘ-ਪੁਰਾਣੇ ਪੰਜਾਬ ਨੂੰ ਅਵਾਜ਼ਾਂ

1.3.1ਪੁਰਾਣੇ ਪੰਜਾਬ ਨੂੰ ਅਵਾਜ਼ਾਂ 'ਕਵਿਤਾ ਦਾ ਮੂਲ ਪਾਠ

ਪੁਰਾਣੇ ਪੰਜਾਬ ਨੂੰ ਅਵਾਜ਼ਾਂ

ਉਹ ਪੁਰਾਣਾ ਅਦਬ ਤੇ ਹਿਰਸ ਨਾਂਹ!

ਉਹ ਪ੍ਰੀਤ ਦੀਆਂ ਪੀਡੀਆਂ ਗੰਢਾਂ ।

ਉਹ ਕੁੜੀਆਂ ਦੇ ਚਾਅ, ਤ੍ਰਿੰਞਣਾਂ ਦੇ ਗਾਵਨ ਕਿੱਥੇ,

ਉਹ ਸ਼ਰੀਕਾਂ ਦੀ ਆਬ ਵਾਲੀ ਗੱਲ ਸਾਰੀ ਗਈ ਆਈ,

ਉਹ ਖ਼ਾਤਰਾਂ ਤੇ ਸੇਵਾਵਾਂ, ਕੁਰਬਾਨੀਆਂ ਤੇ ਜਰਨੇ, ਜਿਗਰੇ ਤੇ ਹੌਂਸਲੇ,

ਉਹ ਰੋਟੀਆਂ ਤੇ ਮਹਿਫ਼ਲਾਂ, ਉਹ ਡੂੰਘੀ ਡੂੰਘੀ ਸ਼ਰਮਾਂ, ਸ਼ਰਾਫ਼ਤਾਂ,

ਉਹ ਕਿੱਥੇ ?

ਇਕ ਪੜ੍ਹੇ ਨੌਜਵਾਨ ਨੂੰ ਮੈਂ ਪੁੱਛਿਆ,

ਉਹ ਸਾਡੇ ਅਨਪੜ੍ਹਾਂ ਦਾ ਪੁਰਾਣਾ, ਗਠੀਲਾ, ਅਣਟੁੱਟ ਜਿਹਾ ਭਾਈਚਾਰਾ ਕਿੱਥੇ ?

ਹਿਤ ਕਿੱਥੇ ? ਪਿਆਰ ਕਿੱਥੇ ? ਉਹ ਸਾਡਾ ਹੱਸ ਬੋਲਣਾ ਗੁਆਚ ਗਿਆ ਕਿੱਥੇ ?
ਦਿਲ, ਜ਼ੋਰ, ਮਿੱਠਤ ਕਿੱਥੇ ? ਉਹ ਬਾਹਾਂ ਦਾ ਮਾਣ, ਜ਼ੋਰ ਸਾਰਾ ?
ਸੱਸਾਂ ਦੇ ਉਹ ਸਮੁੰਦਰਾਂ ਵਰਗੇ ਦਿਲ ਕਿੱਥੇ ?
ਨੂੰਹਾਂ, ਧੀਆਂ ਦੀ ਉਹ ਲਿਹਾਜ਼ ਦੀ ਸਭਿਅਤਾ,
ਜਵਾਈਆਂ ਦੀ ਪੁਰਾਣੀ ਮੋਤੀਆਂ ਵਰਗੀ ਆਬ ਕਿੱਥੇ ?
ਸਜ-ਵਿਆਹੀਆਂ ਦਾ ਉਹ ਆਦਰ, ਭਾ, ਸ਼ਿੰਗਾਰ ਤੇ ਸੰਭਾਰ ਕਿੱਥੇ,
ਲਾਡ ਤੇ ਮੁਰਾਦਾਂ ?
ਸਾਲੂ ਕਿੱਥੇ, ਬਾਗ਼ ਤੇ ਫੁਲਕਾਰੀਆਂ,
ਉਹ ਮਹਿੰਦੀ ਦਾ ਰੰਗ ਸੁਹਾਗ ਦਾ,
ਉਹ ਹੱਥ ਪੈਰ ਰੰਗੇ, ਉਹ ਤਿੱਲੇਦਾਰ ਜੁੱਤੀਆਂ ।

ਭਰਾਵਾ ! ਇਹ ਪੁਰਾਣੀ ਬੁੱਢੀ ਜਿਹੀ ਸਾਡੀ ਸਭਿਅਤਾ,
ਦਰਿਆਵਾਂ ਝਨਾਵਾਂ ਦੇ ਫੇਰ ਵਾਲੀ, ਦੂਰੋਂ ਆਈ, ਦੂਰ ਜਾਂਦੀ ;
ਬਿਰਾਦਰੀਆਂ ਮਿਲ ਮਿਲ ਜੀਣਾ ਕਿੱਥੇ ?
ਉਹ ਸਦੀਆਂ ਦੀ ਬੋਹੜ ਕਿਸ ਵੱਢੀ ,
ਉਹ ਪੁਰਾਣਾ ਪਿੱਪਲ ਕਿੱਥੇ ਉੱਡ ਗਿਆ ?
ਹਵਾ ਆਈ, ਝੱਖੜ ਆਇਆ ਉਹ ਕਿਸ ਗੇਰਿਆ ?
ਉਹ ਜੰਗਲ ਜ਼ਰੂਰ ਸੀ, ਪੁਰਾਣਾ ਦਦ-ਕੱਢਿਆ, ਗੰਭੀਰ ਸੀ,
ਮੰਨਿਆਂ ਭਾਂਤ ਭਾਂਤ ਬੋਲੀਆਂ ਤੇ ਖ਼ਿਆਲ ਸੀ, ਅਸੀਂ ਅਨਜਾਣ ਸੀ,
ਇਕੋ ਜਿਹੇ ਸਿੱਧੇ ਸਾਦੇ, ਕੰਮ ਕਰਨ ਵਾਲੇ ਹੱਡ ਸੀ,
ਤੇ ਇਕ ਅੱਧ ਖ਼ਿਆਲ ਕੋਈ ਸੁਣਿਆ, ਮੰਨਿਆਂ ਅਸਾਂ ਲਈ ਬੱਸ ਸੀ,
ਉਸੇ ਵਿਚ ਬਹਿੰਦੇ, ਉੱਠਦੇ, ਜੀਂਦੇ, ਜਾਗਦੇ, ਉਹੋ, ਇਕ ਖ਼ਿਆਲ
ਸਾਡੀ ਜੰਦ ਜਾਨ ਸੀ ।

ਵਪਾਰ ਅਸੀਂ ਕਰਦੇ ਸੀ ਸੁੱਚਾ ਸੁਥਰਾ,
ਕਾਹਲੀ ਵਿਚ ਅਮੀਰ ਹੋਣ ਨੂੰ ਨਿੰਦਦੇ,
ਇਕ ਰੱਬੀ ਜੋੜ ਮੇਲ ਜਾਣ ਕੁੱਲ ਦੁਨੀਆ ਦੀ ਸੇਵਾ ਕਰਦੇ
ਇਹ ਚਾਂਦੀ ਦੀਆਂ ਠੀਕਰਾਂ ਕਦੀ ਨਾਂਹ ਸਾਡਾ ਰੱਬ ਸੀ ।
ਵਲਾਇਤਾਂ ਜਾਂਦੇ, ਕਾਬਲ, ਕੰਧਾਰ, ਬੁਖ਼ਾਰੇ,

ਸਫ਼ਰ ਝਾਗਦੇ, ਜਫ਼ਰ ਜਾਲਦੇ, ਸਫ਼ਰ ਸਾਡਾ ਦਿਨ ਰਾਤ ਸੀ,
ਸੁਹਣੇ ਉਨਰਾਂ ਦੇ ਕੰਮ ਬਣੇ ਦੇਸ ਆਪਣੇ ਨੂੰ ਆਉਣ ਦੇ ।
ਪਹਿਨਣ ਵਾਲਿਆਂ ਤੇ ਬਣਾਨ ਵਾਲਿਆਂ, ਦੋਹਾਂ ਦੇ ਸ਼ਗਨ ਮਨਾਂਦੇ ;
ਦੋਏ ਧਿਰਾਂ ਜੀਣ, ਵਧਣ ਤੇ ਥੀਂਣ, ਅਸੀਂ ਰੋਟੀਆਂ ਪਏ ਖਾਂਵਦੇ,
ਲੱਦੇ ਜਾਂਦੇ ਲੱਦੇ ਆਉਂਦੇ, ਕਿਹਾ ਸੁਹਣਾ ਉਹ ਵਪਾਰ ਸੀ?

ਸੁਹਣਿਆਂ !ਤੂੰ ਦੱਸ ਨਾ, ਉਹ ਵੇਲੇ ਕਿਉਂ ਲੱਦ ਗਏ?
ਵਹਿਮ ਸਨ ਸਾਡੇ ਠੀਕ, ਪਰ ਤੁਸਾਡੇ ਕੀ ਘੱਟ ਹਨ?
ਨਾਮ ਬਦਲੇ, ਰੂਪ ਬਦਲੇ, ਤੱਕੇ ਨੀਝ ਲਾ, ਹੈਨ ਸਭ ਉਹੋ ਜਿਹੇ
ਵਹਿਮ ਅੱਜ ਵੀ?
ਆਦਮੀ ਦੀ ਪੂਜਾ ਛੱਡੀ, ਮੰਨਿਆ ਗੁਨਾਹ ਸੀ,
ਪਰ ਠੀਕਰੀਆਂ ਦੀ ਪੂਜਾ ਅੱਜ ਦੀ ਕਥਾਈਂ ਦਾ ਪੁੰਨ ਹੈ?
ਸੇਵਾ ਕਰਨੀ, ਮਜੂਰੀ-ਮੰਗਣੀ ਨਾਂਹ ; ਕੁਝ ਜਹਲ ਸੀ ;
ਪਰ ਮੁਰਦਿਆਂ ਦੇ ਜੇਬੇ ਫੋਲਣੇ ਖਾਣ ਪੀਣ ਨੂੰ, ਕਿਹੜਾ ਇਲਮ ਹੈ ?
ਅਸੀਂ ਗ਼ਰੀਬ ਸਾਂ, ਸੰਤੋਖ ਸਾਡਾ ਕਾਤਲ ਜ਼ਹਿਰ ਸੀ,
ਕੂੜਾ ਪਾਪ ਕਰ ਅਮੀਰ ਹੋਣਾ, ਵਿਹੁਲਾ ਵਿਹੁਲਾ, ਇਹ ਬੇਸਬਰੀ ਕਦ
ਅੰਮ੍ਰਤ ਬਣੀ ਸੀ?

ਸੁਹਣਿਆਂ !ਦੱਸ ਨਾ, ਉਹ ਵੇਲੇ ਕਿਧਰੇ ਲੰਘ ਗਏ?
ਉਹ ਪਿੱਪਲਾਂ ਦੇ ਪੱਤਿਆਂ ਦੀ ਝੂਮ ਝੂਮ,
ਜਿਹੜੀ ਸਾਡੇ ਗੁੰਗੇ ਦਿਲਾਂ ਨੂੰ ਵਲੂੰਦਰਦੀ ਸੀ;
ਉਹ ਖੜਕਦੇ ਕਿਉਂ ਨਿੰਮੋਝੂਣ ਹੋ ਅੱਜ,
ਕੋਈ ਨਾਚ ਉਨ੍ਹਾਂ ਦਾ ਨਾਂਹ ਹੁਣ ਦੇਖਣੇ ਆਉਂਦਾ,
ਕੀ ਅੰਦਰ ਦੀ ਖ਼ੁਸ਼ੀ ਸਾਰੀ ਮਰ ਗਈ?
ਭੱਠ ਪਈ ਅੱਜ ਦੀ ਸੱਭਿਅਤਾ,
ਜਿਹੜੀ ਦੌੜਦੀ, ਹਫਦੀ, ਦੌੜ ਦੌੜ ਆਰਾਮ ਚਾਹੇ ਲੈਣਾ;
ਇਕੋ ਵਾਰੀ, ਇਕੋ ਦਿਨ ਦੋਹਾਂ ਹੱਥਾਂ ਨਾਲ।

ਅੰਬਾਂ ਦੇ ਬੂਰ ਪਏ ਕਿਰਦੇ ਬੇਵੱਸ ਹੋ,

ਕੋਈ ਸੁਹਣੀਆਂ ਪੀਂਘਾਂ ਹੁਣ ਨਾ ਝੂਟਦੀਆਂ,
ਇਹ ਕੀ ਹੈ ਮੁਰਦਿਹਾਣ ਜਿਹੀ?
ਉਹ ਹੁਣ ਪੁਰਾਣੇ ਵਿਆਹ ਦੇ ਰੰਗ ਨਹੀਂ, ਢੰਗ ਨਹੀਂ,
ਕੁਝ ਉਧਲਣ ਉਧਾਲਣ ਜਿਹਾ ਬਸ ਲੱਗਦਾ।
ਉਹ ਜੰਞਾਂ ਕਿੱਥੇ ? ਉਹ ਵਿਹਲ, ਉਹ ਖੁੱਲ੍ਹ, ਉਹ ਚਾਅ,
ਦੱਸੋ ਨਾ ਕਿੱਥੇ ਟੁਰ ਗਿਆ ਸਾਰਾ?
ਉਹ ਸ਼ਗਨ ਮਨਾਵਣੇ,
ਉਹ ਢੋਲਕੀਆਂ ਦੇ ਗੀਤ ਜਿਹੜੇ ਰਾਤ ਦੀ ਰਗ ਰਗ ਛੇੜਦੇ,
ਉਹ ਕੁੜੀਆਂ ਕੰਵਾਰੀਆਂ ਦੇ ਮਨ ਦੇ ਚਾਅ ਦੇ ਟੱਪੇ,
ਨਿੱਕੇ ਨਿੱਕੇ ਕੋਇਲਾਂ ਦੀਆਂ ਭਾਂਤ ਭਾਂਤ ਬੋਲੀਆਂ;
ਉਹ ਰਾਗ ਨਵੇਂ ਨਵੇਂ, ਸੱਜਰੇ, ਸਿੱਜੇ ਸਿੱਜੇ, ਭਿੱਜੇ ਭਿੱਜੇ, ਰੂਹਾਂ ਵਿਚ
ਜਿਹੜੇ ਨਿਕਲਦੇ,
ਉਹ ਘੋੜੀਆਂ, ਉਹ ਸੁਹਾਗ,
ਉਹ ਦੋ ਦੋ ਗੱਲਾਂ ਤੇ ਹਾਸੇ,
ਉਹ ਮਖ਼ੌਲੀ ਤਬੀਅਤਾਂ ਖ਼ੁਸ਼ੀ ਭਰਨ ਵਾਲੀਆਂ,
ਉਹ ਦਾਤੇ, ਉਹ ਭੰਡਾਰੀ :ਉਹ ਜਾਂਞੀ, ਉਹ ਮਾਂਞੀ ;
ਉਹ ਜੰਞਾਂ ਜਗਮਗ ਕਿੱਥੇ, ਕੇਸਰ ਦੀਆ ਰੰਗੀਆਂ?
ਉਹ ਲਾੜੇ ਦਾ ਘੋੜੀ 'ਤੇ ਚੜ੍ਹਨਾ,
ਉਹ ਭੈਣਾਂ ਲਾੜੇ ਦੀਆਂ ਦਾ ਗਾ ਗਾ, ਵਾਗਾਂ ਦਾ ਗੁੰਦਣਾਂ,
ਉਹ ਘੋੜੀ ਚਿੱਟੀ ਦਾ ਨਾਜ਼ ਤੇ ਚਾਅ ਵਿਚ
ਲਾੜੇ ਨੂੰ ਚੱਕ ਮੋਢੇ ਖ਼ੁਸ਼ੀ ਥੀਣਾਂ,
ਉਹਦੇ ਗਲ ਦੀਆਂ ਗਾਨੀਆਂ ਦਾ ਭੈਣਾਂ ਨਾਲ ਰਲ ਮਿਲ ਗਾਵਣਾ।

ਉਹ ਨੇਜ਼ੇ-ਬਾਜ਼ੀਆਂ ਵਿਆਹਾਂ 'ਤੇ,
ਉਹ ਰੰਗ ਬਰੰਗ ਦੀਆਂ ਚੋਚਲਾਂ,
ਉਹ ਖੇਡਾਂ ਉਹ ਕੌਡੀਆਂ, ਉਹ ਖੁੱਲ੍ਹੇ ਖੇਤਾਂ ਵਿਚ ਦੌੜਾਂ ਖ਼ੁਸ਼ੀ ਦੀਆਂ।
ਉਹ ਦਰਿਆਵਾਂ ਦਾ ਨਹਾਣ ਜਾਣਾ, ਢੋਲਕੀਆਂ ਵੱਜਦੇ,
ਉਹ ਸੈਂਚੀਆਂ ਉਹ ਕੁਸ਼ਤੀਆਂ ਅਖਾੜੇ ਤੇ ਕਬੱਡੀਆਂ।

ਸਭ ਜੀਣ ਦਾ ਚਾਅ ਹੋਣ ਦਾ ਮਾਣ, ਥੀਂਣ ਦਾ ਨਸ਼ਾ ਕਿੱਥੇ?

ਉਹ ਪਿਆਰੀ ਬਸੰਤ ਦੀਆਂ ਫੁੱਲਾਂ ਦੀਆਂ ਹੋਲੀਆਂ,

ਬਾਗ਼, ਬਾਗ਼, ਭਰ ਪਿਚਕਾਰੀਆਂ, ਰੂਪਾਂ ਦਾ ਖੇਡਣਾ।

ਉਹ ਲੋਹੜੀਆਂ ਦੀ ਲੱਕੜਾਂ ਦੀ ਮੰਗ ਬੂਹੇ ਬੂਹੇ,

ਉਹ ਕੁੜੀਆਂ ਦਾ ਜੁੜਨਾ ਅੱਗ ਦੇ ਚੁਫ਼ੇਰੇ ਤੇ ਗਿੱਧੇ ਪਾ ਪਾ ਗਾਉਣਾ ।

ਵਹਿਮ ਜੇ ਉੱਡੇ ਤਾਂ ਉੱਡੇ ਸਦਕੇ,

ਵਹਿਮਾਂ ਦਾ ਉੱਡਣਾ ਜ਼ਰੂਰ ਸੀ,

ਪਰ ਸਾਡੀਆਂ ਸਾਰੀਆਂ ਖ਼ੁਸ਼ੀਆਂ ਨਾਲੇ ਗਈਆਂ,

ਜਿੰਦ ਕਿੱਥੇ ਟੁਰ ਗਈ, ਨਾਲੇ ਰੂਹ ਕਿੱਥੇ ਟੁਰ ਗਿਆ ?

ਔਖਾ ਹੋ ਜਿੰਦਾਂ ਫਸਣੀਆਂ ਨੂੰ ਕੱਢਣਾ;

ਕੰਡੇ ਨਾਲੋਂ ਫੁੱਲ ਨੂੰ ਤੋੜਨਾ, ਫੁੱਲ ਨੂੰ ਮਾਰਨਾ ਹੈ।

ਦੱਸ ਨਾ, ਇਹ ਕੀ ਹੋਇਆ?

ਕਿਸ ਲਈ ਸਭ ਕੁਝ ਖੋਇਆ?

ਦਵਾਈ ਖਾ ਮਰੀਜ਼ ਹੀ ਮੋਇਆ, ਸਾਡੇ ਹੱਥ ਕੀ ਆਇਆ?

ਦਿਲ ਸਾਡੇ ਸੱਖਣੇ, ਲਾਟ ਬੁਝ ਗਈ ਹੈ।

1.3.2ਲੇਖਕ ਨਾਲ ਜਾਣ-ਪਛਾਣ :ਪ੍ਰੋ .ਪੂਰਨ ਸਿੰਘ ਆਧੁਨਿਕ ਪੰਜਾਬੀ ਕਵੀਆਂ ਵਿੱਚੋਂ ਇਕ ਹੈ। ਉਸਦਾ ਜਨਮ 17 ਫਰਵਰੀ, 1881 ਈ :ਵਿੱਚ ਜਿਲ੍ਹਾ ਸਲਹਡ ਐਬਟਾਬਾਦ (ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ ਸ੍ਰ. ਕਰਤਾਰ ਸਿੰਘ ਤੇ ਮਾਤਾ ਦਾ ਨਾਮ ਪਰਮਾ ਦੇਵੀ ਸੀ। ਉਹ ਜਮਾਂਦਰੂ ਕਵੀ ਸੀ। ਜਿਸਨੇ ਸਹੀ ਅਰਥਾਂ ਵਿੱਚ ਕਵੀ ਦਾ ਜੀਵਨ ਜੀਵਿਆ। ਉਸਨੂੰ ਪੰਜਾਬ ਦਾ ਛੇਵਾਂ ਦਰਿਆ ਵੀ ਕਿਹਾ ਜਾਂਦਾ ਹੈ। ਪ੍ਰੋ .ਪੂਰਨ ਸਿੰਘ ਨੂੰ ਆਪਣੀ ਜਨਮ ਭੂਮੀ ਦਾ ਸਭ ਤੋਂ ਦਿਲਕਸ਼ ਰੂਪ ਕੁਦਰਤ ਵਿੱਚੋਂ ਦਿੱਸਿਆ। ਪੋਠੋਹਾਰ ਦੀਆਂ ਪਹਾੜੀਆਂ, ਠੰਡੇ ਨਿਰਮਲ ਜਲ, ਚਸ਼ਮਿਆਂ ਬ੍ਰਿਛਾਂ ਬੂਟਿਆਂ ਤੇ ਧਰਤੀ ਦੇ ਹਰੇ ਭਰੇ ਪਿੰਡੇ ਨੇ ਪੂਰਨ ਸਿੰਘ ਦੇ ਬਾਲਮਨ ਉਪਰ ਬੜਾ ਡੂੰਘਾ ਪ੍ਰਭਾਵ ਪਾਇਆ। ਪ੍ਰੋਫ਼ੈਸਰ ਪੂਰਨ ਸਿੰਘ ਨੇ ਬਹੁਤ ਸਾਰਾ ਸਾਹਿਤ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿੱਚ ਰਚਿਆ। ਉਨ੍ਹਾਂ ਨੂੰ ਜਪਾਨੀ ਅਤੇ ਜਰਮਨ ਭਾਸ਼ਾ ਦਾ ਵੀ ਗਿਆਨ ਸੀ। ਉਨ੍ਹਾਂ ਉੱਤੇ ਸਵਾਮੀ ਰਾਮ ਤੀਰਥ, ਭਾਈ ਵੀਰ ਸਿੰਘ, ਵਾਲਟ ਵਿਟਮੈਨ, ਜਪਾਨੀ ਜੀਵਨ ਢੰਗ ਅਤੇ ਸਿੱਖ ਦਰਸ਼ਨ ਦਾ ਡੂੰਘਾ ਅਸਰ ਪਿਆ। ਉਨ੍ਹਾਂ ਦਾ ਆਜ਼ਾਦੀ ਨਾਲ ਮੋਹ, ਖੁਲ੍ਹ ਦਿਲੀ ਅਤੇ ਮਨ ਦੀ ਸਾਦਗੀ ਤੇ ਸ਼ੁਧਤਾ ਉਨ੍ਹਾਂ ਦੀ ਰਚਨਾ ਵਿੱਚੋਂ ਆਪ ਮੁਹਾਰੇ ਉਮੜ ਉਮੜ ਪੈਂਦੇ ਹਨ। ਉਨ੍ਹਾਂ ਨੇ ਪੰਜਾਬੀ ਵਿੱਚ ਖੁੱਲ੍ਹੇ ਮੈਦਾਨ, ਖੁੱਲ੍ਹੇ ਘੁੰਡ, ਖੁੱਲ੍ਹੇ ਅਸਮਾਨੀ ਰੰਗ) ਕਵਿਤਾ (ਅਤੇ ਖੁੱਲ੍ਹੇ ਲੇਖ) ਵਾਰਤਕ (ਰਚਨਾਵਾਂ ਲਿਖੀਆਂ।

ਡਾ .ਕਿਰਪਾਲ ਸਿੰਘ ਕਸੇਲ ਅਨੁਸਾਰ:

“ਉਹ ਪੰਜਾਬ ਦੇਸ਼ ਦਾ ਕਵੀ ਹੈ। ਇਥੋਂ ਦਾ ਜੀਵਨ, ਦਰਿਆ, ਵੇਲੇ, ਖੂਹ, ਤ੍ਰਿੰਝਣ, ਸ਼ਹਿਰ ,ਗਰਾਂ ਉਸਨੂੰ ਚੰਗੇ ਲੱਗਦੇ ਹਨ ਅਤੇ ਉਹ ਬੜੀ ਨਾਲ ਇਸਨੂੰ ਰੂਪਮਾਨ ਕਰਦਾ ਹੈ।”

ਇਸ ਤਰ੍ਹਾਂ ਸਮੁੱਚੇ ਰੂਪ 'ਚ ਅਸੀਂ ਕਹਿ ਸਕਦੇ ਹਾਂ ਕਿ ਉਸਦੇ ਸਮੁੱਚੇ ਕਾਵਿ ਵਿੱਚ ਪੰਜਾਬੀਅਤ ਦਾ ਰੰਗ ਵਧੇਰੇ ਭਾਅ ਮਾਰਦਾ ਹੈ। ਉਸਦੀ ਰਚਨਾ ਦਾ ਮੁੱਖ ਫੋਕਸ ਰੁਮਾਂਸਵਾਦ, ਰਹੱਸਵਾਦ ਪੰਜਾਬ ਪਿਆਰ ਅਤੇ ਪ੍ਰਕਿਰਤੀ ਚਿਤਰਣ ਉੱਪਰ ਹੈ।

1.4.3ਪੁਰਾਣੇ ਪੰਜਾਬ ਨੂੰ ਅਵਾਜ਼ਾਂ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

ਵਪਾਰ ਅਸੀਂ ਕਰਦੇ ਸੀ ਸੁੱਚਾ ਸੁਥਰਾ,<br>
ਕਾਹਲੀ ਵਿਚ ਅਮੀਰ ਹੋਣ ਨੂੰ ਨਿੰਦਦੇ,<br>
ਇਕ ਰੱਬੀ ਜੋੜ ਮੇਲ ਜਾਣ ਕੁੱਲ ਦੁਨੀਆ ਦੀ ਸੇਵਾ ਕਰਦੇ<br>
ਇਹ ਚਾਂਦੀ ਦੀਆਂ ਠੀਕਰਾਂ ਕਦੀ ਨਾਂਹ ਸਾਡਾ ਰੱਬ ਸੀ।<br>
ਵਲਾਇਤਾਂ ਜਾਂਦੇ, ਕਾਬਲ, ਕੰਧਾਰ, ਬੁਖ਼ਾਰੇ,<br>
ਸਫ਼ਰ ਝਾਗਦੇ, ਜਫ਼ਰ ਜਾਲਦੇ, ਸਫ਼ਰ ਸਾਡਾ ਦਿਨ ਰਾਤ ਸੀ,<br>
ਸੁਹਣੇ ਉਨਰਾਂ ਦੇ ਕੰਮ ਬਣੇ ਦੇਸ ਆਪਣੇ ਨੂੰ ਆਉਣ ਦੇ।<br>
ਪਹਿਨਣ ਵਾਲਿਆਂ ਤੇ ਬਣਾਨ ਵਾਲਿਆਂ, ਦੋਹਾਂ ਦੇ ਸ਼ਗਨ ਮਨਾਂਦੇ;<br>
ਦੋਏ ਧਿਰਾਂ ਜੀਂਣ, ਵਧਣ ਤੇ ਥੀਂਣ, ਅਸੀਂ ਰੋਟੀਆਂ ਪਏ ਖਾਂਵਦੇ,<br>
ਲੱਦੇ ਜਾਂਦੇ ਲੱਦੇ ਆਉਂਦੇ, ਕਿਹਾ ਸੁਹਣਾ ਉਹ ਵਪਾਰ ਸੀ?

ਪ੍ਰਸੰਗ :ਇਹ ਕਾਵਿ-ਟੋਟਾ ਪ੍ਰੋ .ਪੂਰਨ ਸਿੰਘ ਦੀ ਕਵਿਤਾ 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਪ੍ਰੋ .ਪੂਰਨ ਸਿੰਘ ਸਮੁੱਚੇ ਪੰਜਾਬੀ ਸੱਭਿਆਚਾਰ ਵਿਚ ਬਦਲ ਰਹੇ ਵਰਤਾਰਿਆਂ ਅਤੇ ਸਾਡੇ ਲੋਭ ਲਾਲਚ ਕਾਰਨ ਟੁੱਟ ਰਹੀ ਸਾਡੀ ਭਾਈਚਾਰਕ ਸਾਂਝ ਦੀ ਗੱਲ ਕਰਦਾ ਹੈ। ਉਹ ਆਧੁਨਿਕਤਾ ਦੀ ਹਨੇਰੀ ਅੱਗੇ ਪੰਜਾਬੀ ਭਾਈਚਾਰੇ ਦੀਆਂ ਖ਼ੁਰ ਰਹੀਆਂ ਕਦਰਾਂ ਕੀਮਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਦੇ ਨਾਲ ਹੀ ਉਹ ਆਪਣੇ ਲੋਕਾਂ ਨੂੰ ਆਪਣਾ ਸਭਿਆਚਾਰਕ ਵਿਰਸਾ ਸੰਭਾਲਣ ਅਤੇ ਉਸਦੀਆਂ ਚੰਗੀਆਂ ਕਦਰਾਂ-ਕੀਮਤਾਂ ਨੂੰ ਜਿਉਂਦੇ ਰੱਖਣ ਦਾ ਸੁਨੇਹਾ ਵੀ ਦਿੰਦਾ ਹੈ।

ਵਿਆਖਿਆ :ਪ੍ਰੋ .ਪੂਰਨ ਸਿੰਘ ਉਪਰੋਕਤ ਕਾਵਿ ਸਤਰਾਂ ਵਿੱਚ ਪੰਜਾਬੀਅਤ ,ਪੰਜਾਬੀ ਸਭਿਆਚਾਰ ਅਤੇ ਪੰਜਾਬੀ ਬੰਦੇ ਦੇ ਬਦਲ ਰਹੇ ਮੂਲ ਖਾਸੇ ਦੀ ਗੱਲ ਕਰਦਾ ਹੈ। ਪੱਛਮੀ ਸਭਿਆਚਾਰ ਅਤੇ ਆਧੁਨਿਕਤਾ ਦੇ ਪਿੱਛੇ ਲੱਗ ਕੇ ਅਸੀਂ ਆਪਣਾ ਸਭਿਆਚਾਰ ਅਤੇ ਲੋਕਹਿਤ ਵਾਲਾ ਭਾਈਚਾਰਾ ਖ਼ਤਮ ਕਰਕੇ ਪੈਸੇ ਅਤੇ ਮੁਨਾਫ਼ੇ ਨੂੰ ਆਪਣਾ ਰੱਬ ਮੰਨਣ ਲੱਗ ਗਏ। ਉਹ ਕਹਿੰਦਾ ਹੈ ਕਿ ਪਹਿਲਾਂ ਅਸੀਂ ਵਪਾਰ ਜ਼ਰੂਰ ਕਰਦੇ ਦੀ ਪਰ ਦੋਵਾਂ ਧਿਰਾਂ ਨੂੰ ਫ਼ਾਇਦਾ ਹੁੰਦਾ ਸੀ ਕਿਸੇ ਦੀ ਲੁੱਟ ਨਹੀਂ ਸੀ ਕਰਦੇ। ਲੋਕ ਕਾਹਲੀ ਵਿਚ ਅਮੀਰ ਹੋਣ ਵਾਲੇ ਦੀ ਨਿੰਦਾ ਕਰਦੇ ਸਨ ਅਤੇ ਸਭ ਸਬਰ ਸੰਤੋਖ ਨਾਲ ਜੀਵਨ ਬਤੀਤ ਕਰਨ ਨੂੰ ਆਪਣਾ ਧਰਮ ਮੰਨਦੇ ਸਨ। ਉਹ ਨਵੇਂ ਬਸਤੀਵਾਦੀ ਪੂੰਜੀਵਾਦੀ ਮੰਡੀ ਤੇ ਮੁਦਰਾ ਅਧਾਰਿਤ ਪ੍ਰਬੰਧ ਨੂੰ ਨਿੰਦ ਰਿਹਾ ਹੈ ,ਜਿਸ ਵਿਚ ਵਪਾਰ ਸਿਰਫ਼ ਮੁਨਾਫ਼ਾ ਕਮਾਉਣ ਤੱਕ ਸੀਮਤ ਹੈ। ਪ੍ਰੋ .ਪੂਰਨ ਸਿੰਘ ਨੇ ਆਧੁਨਿਕਤਾ ਦੇ ਆਉਣ ਨਾਲ ਸਾਡੀਆਂ ਖ਼ਤਮ ਹੋ ਰਹੀਆਂ ਕਦਰਾਂ-ਕੀਮਤਾਂ ਪ੍ਰਤੀ ਆਪਣੀ ਤੜਪ ਨੂੰ ਇਸ ਕਵਿਤਾ ਪੇਸ਼ ਕੀਤਾ ਹੈ।

1.3.4ਪੁਰਾਣੇ ਪੰਜਾਬ ਨੂੰ ਅਵਾਜ਼ਾਂ 'ਕਵਿਤਾ ਦਾ ਵਿਸ਼ਾ-ਵਸਤੂ :ਪ੍ਰੋ. ਪੂਰਨ ਸਿੰਘ ਦਾ ਰੋਮ ਰੋਮ ਪੰਜਾਬ ਦੀ ਧਰਤੀ, ਇਥੋਂ ਦੇ ਲੋਕਾਂ, ਪਾਣੀਆਂ, ਜੰਗਲਾਂ ਆਦਿ ਦਾ ਕਾਇਲ ਹੈ। ਇਸ ਲਈ ਉਹ ਆਧੁਨਿਕ ਜੀਵਨ-ਜਾਚ ਅੱਗੇ ਜਦੋਂ ਪੁਰਾਣੀ ਜੀਵਨ-ਜਾਚ ਖ਼ਤਮ ਹੁੰਦੀ ਦੇਖਦਾ ਹੈ ਤਾਂ ਉਹ ਦੁਖੀ ਹੁੰਦਾ ਹੈ। ਉਸ ਅੰਦਰ ਪੁਰਾਣੇ ਪੰਜਾਬੀ ਸੱਭਿਆਚਾਰ ਦੇ ਗੁਆਚ ਜਾਣ ਦਾ ਦਰਦ ਹੈ। ਪ੍ਰੋ .ਪੂਰਨ ਸਿੰਘ ਨੂੰ ਮੁੜ ਮੁੜ ਉਹ ਦਰਦ ਡੰਗਦਾ ਹੈ ਤੇ ਉਹ ਬੇਹਾਲ ਹੋ-ਹੋ ਜਾਂਦਾ ਹੈ। 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਵਿੱਚ ਜਿਥੇ ਉਹ ਮੱਧਕਾਲੀ ਖੇਤੀ ਅਧਾਰਿਤ ਜਾਗੀਰਦਾਰੀ ਪ੍ਰਬੰਧ ਵਾਲੇ ਪੁਰਾਣੇ ਪੰਜਾਬ ਨੂੰ ਵਾਪਿਸ ਲਿਆਉਣਾ ਚਾਹੁੰਦਾ ਹੈ। ਉਸਦੇ ਨਾਲ ਹੀ ਉਹ ਨਵੇਂ ਬਸਤੀਵਾਦੀ ਪੂੰਜੀਵਾਦੀ ਮੰਡੀ ਤੇ ਮੁਦਰਾ ਅਧਾਰਿਤ ਪ੍ਰਬੰਧ ਨੂੰ ਨਿੰਦ ਰਿਹਾ ਹੈ।

ਵਪਾਰ ਅਸੀਂ ਕਰਦੇ ਸੀ ਸੁੱਚਾ ਸੁਥਰਾ

ਕਾਹਲੀ ਵਿੱਚ ਅਮੀਰ ਹੋਣ ਨੂੰ ਨਿੰਦਦੇ,

.........................................

ਆਦਮੀ ਦੀ ਪੂਜਾ ਛੱਡੀ ਮੰਨਿਆ ਲ

ਗੁਨਾਹ ਸੀ

ਪਰ ਠੀਕਰੀਆਂ ਦੀ ਪੂਜਾ, ਅੱਜ ਦੀ

ਕਥਾਈਂ ਨਾ ਪੁੰਨ ਸੀ...

ਪ੍ਰੋ .ਪੂਰਨ ਸਿੰਘ ਅਨੁਸਾਰ ਆਧੁਨਿਕਤਾ ਦੀ ਹਨੇਰੀ ਅੱਗੇ ਪੁਰਾਣੀ ਜੀਵਨ-ਜਾਚ ਪੱਟੀ ਜਾ ਰਹੀ ਸੀ। ਉਸਨੂੰ ਪੁਰਾਣੇ ਪੰਜਾਬ ਦੀ ਸਮੁੱਚੀ ਰਹਿਣੀ-ਬਹਿਣੀ, ਚੱਜ-ਅਚਾਰ, ਰਿਸ਼ਤੇ ਨਾਤੇ ਸਭ ਕੁਝ ਬਹੁਤ ਚੰਗਾ ਲੱਗਦਾ ਹੈ। ਇਸ ਮਿੱਟੀ ਨਾਲ ਉਸਦਾ ਮੋਹ ਹੈ ਤੇ ਇਸ ਸਭ ਕੁਝ ਦੇ ਗੁਆਚ ਜਾਣ ਦਾ ਉਸ ਅੰਦਰ ਹੇਰਵਾ ਹੈ।

1.4.5ਪੁਰਾਣੇ ਪੰਜਾਬ ਨੂੰ ਅਵਾਜ਼ਾਂ 'ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ :ਇਸ ਕਵਿਤਾ ਵਿੱਚ ਪ੍ਰੋ .ਪੂਰਨ ਸਿੰਘ ਸਮੁੱਚੇ ਪੰਜਾਬੀ ਸੱਭਿਆਚਾਰ ਵਿਚ ਬਦਲ ਰਹੇ ਵਰਤਾਰਿਆਂ ਅਤੇ ਸਾਡੇ ਲੋਭ ਲਾਲਚ ਕਾਰਨ ਟੁੱਟ ਰਹੀ ਸਾਡੀ ਭਾਈਚਾਰਕ ਸਾਂਝ ਦੀ ਗੱਲ ਕਰਦਾ ਹੈ। ਉਹ ਆਧੁਨਿਕਤਾ ਦੀ ਹਨੇਰੀ ਅੱਗੇ ਪੰਜਾਬੀ ਭਾਈਚਾਰੇ ਦੀਆਂ ਖ਼ੁਰ ਰਹੀਆਂ ਕਦਰਾਂ ਕੀਮਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਦੇ ਨਾਲ ਹੀ ਉਹ ਆਪਣੇ ਲੋਕਾਂ ਨੂੰ ਆਪਣਾ ਸਭਿਆਚਾਰਕ ਵਿਰਸਾ ਸੰਭਾਲਣ ਅਤੇ ਉਸਦੀਆਂ ਚੰਗੀਆਂ ਕਦਰਾਂ-ਕੀਮਤਾਂ ਨੂੰ ਜਿਉਂਦੇ ਰੱਖਣ ਦਾ ਸੁਨੇਹਾ ਵੀ ਦਿੰਦਾ ਹੈ। ਪ੍ਰੋ .ਪੂਰਨ ਸਿੰਘ ਨੇ ਆਧੁਨਿਕਤਾ ਦੇ ਆਉਣ ਨਾਲ ਸਾਡੀਆਂ ਖ਼ਤਮ ਹੋਈਆਂ ਕਦਰਾਂ-ਕੀਮਤਾਂ ਪ੍ਰਤੀ ਆਪਣੀ ਤੜਪ ਨੂੰ ਇਸ ਕਵਿਤਾ ਪੇਸ਼ ਕੀਤਾ ਹੈ।

1.3.6ਪੁਰਾਣੇ ਪੰਜਾਬ ਨੂੰ ਅਵਾਜ਼ਾਂ 'ਕਵਿਤਾ ਦਾ ਕਲਾਤਮਕ ਅਧਿਐਨ :ਪ੍ਰੋ .ਪੂਰਨ ਸਿੰਘ ਛੰਦਾਬੰਦੀ ਨੂੰ ਨਵਾਬੀ ਜੁੱਤੀ ਦੀ ਕੈਦ ਸਮਝਦਾ ਹੈ ਤੇ ਉਹ ਇਸ ਕੈਦ ਤੋਂ ਮੁਕਤ ਹੋਣਾ ਲੋਚਦਾ ਹੈ। ਛੰਦਾਬੰਦੀ ਉਸਦੇ ਭਾਵਾਂ ਦੇ ਸੁਤੰਤਰ ਪ੍ਰਵਾਹ ਵਿੱਚ ਰੋਕ ਪਾਉਂਦੀ ਹੈ। ਉਸ ਅਨੁਸਾਰ ਇਸ ਨਾਲ ਕਲਾ ਵਿੱਚ ਬਣਾਵਟੀਪਣ ਆ ਜਾਂਦਾ ਹੈ। ਇਸ ਤਰ੍ਹਾਂ ਪੰਜਾਬੀ ਵਿੱਚ ਖੁੱਲੀ ਕਵਿਤਾ ਲਿਖਣ ਦਾ ਮੋਢੀ ਪ੍ਰੋ .ਪੂਰਨ ਸਿੰਘ ਹੈ।

ਛੰਦ-ਮੁਕਤ ਕਵਿਤਾ :ਪ੍ਰੋ .ਪੂਰਨ ਸਿੰਘ ਛੰਦਾਬੰਦੀ ਨੂੰ ਨਵਾਬੀ ਜੁੱਤੀ ਦੀ ਕੈਦ ਸਮਝ ਕੇ ਤਿਆਗ ਦਿੰਦਾ ਹੈ। 'ਪੁਰਾਣੇ ਪੰਜਾਬ ਨੂੰ ਅਵਾਜ਼ਾਂ ' ਪ੍ਰੋ .ਪੂਰਨ ਸਿੰਘ ਦੀ ਛੰਦ-ਮੁਕਤ ਕਵਿਤਾ ਹੈ।

ਸਾਲੂ ਕਿੱਥੇ, ਬਾਗ ਤੇ ਫੁਲਕਾਰੀਆਂ
ਉਹ ਮਹਿੰਦੀ ਦਾ ਰੰਗ ਸੁਹਾਗ ਦਾ,
ਉਹ ਹੱਥ ਪੈਰ ਰੰਗੇ, ਉਹ ਤਿੱਲੇਦਾਰ
ਜੁੱਤੀਆਂ...

ਸੰਬੋਧਨੀ ਸ਼ੈਲੀ :ਪ੍ਰੋ .ਪੂਰਨ ਸਿੰਘ 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਵਿੱਚ ਸੰਬੋਧਨੀ ਸ਼ੈਲੀ ਦੀ ਵਰਤੋਂ ਕਰਦਾ ਹੈ:

ਉਹ ਬਾਹਾਂ ਦਾ ਮਾਣ ਜ਼ੋਰ ਸਾਰਾ
ਸੱਸਾਂ ਦੇ ਉਹ ਸਮੁੰਦਰਾਂ ਵਰਗੇ ਦਿਲ
ਕਿਥੇ?

ਸੰਵਾਦ ਸ਼ੈਲੀ :ਪ੍ਰੋ .ਪੂਰਨ ਸਿੰਘ ਕਵਿਤਾ ਦੇ ਜ਼ਰੀਏ ਆਪਣੇ ਪੰਜਾਬੀ ਭਾਈਚਾਰੇ ਨਾਲ ਸੰਵਾਦ ਰਚਾਉਂਦਾ ਹੈ। ਉਹ ਇਸ ਸੰਵਾਦ ਜ਼ਰੀਏ ਉਹਨਾਂ ਸਾਹਵੇਂ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।

ਇਕ ਖਿਆਲ ਸਾਡੀ ਜਿੰਦ ਜਾਨ ਸੀ
ਵਪਾਰ ਅਸੀਂ ਕਰਦੇ ਸੀ ਸੁੱਚਾ ਸੁਥਰਾ
ਕਾਹਲੀ ਵਿੱਚ ਅਮੀਰ ਹੋਣ ਨੂੰ ਨਿੰਦਦੇ

ਇਹ ਚਾਂਦੀ ਦੀਆਂ ਠੀਕਰਾਂ ਕਦੀ ਨਾ

ਸਾਡਾ ਰੱਬ ਸੀ..

ਤੁਲਨਾਤਮਕ ਸ਼ੈਲੀ :ਪ੍ਰੋ .ਪੂਰਨ ਸਿੰਘ ਆਪਣੀ ਸੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਵਾਲੀ ਪੁਰਾਣੀ ਸੱਭਿਅਤਾ ਦੀ ਤੁਲਨਾ ਨਵ ਸਿਰਜਤ ਪਦਾਰਥਵਾਦੀ ਜਗਤ ਨਾਲ ਕਰਦਾ ਹੈ।

ਆਦਮੀ ਦੀ ਪੂਜਾ ਛੱਡੀ ਮੰਨਿਆ

ਗੁਨਾਹ ਸੀ

ਪਰ ਠੀਕਰੀਆਂ ਦੀ ਪੂਜਾ ਅੱਜ ਦੀ

ਕਥਾਈਂ ਨਾ ਪੁੰਨ ਸੀ..

1.4ਅੰਬੀ ਦੇ ਬੂਟੇ ਥੱਲੇ-ਪ੍ਰੋ .ਮੋਹਨ ਸਿੰਘ

1.4.1ਅੰਬੀ ਦੇ ਬੂਟੇ ਥੱਲੇ ਕਵਿਤਾ ਦਾ ਮੂਲ ਪਾਠ

ਅੰਬੀ ਦੇ ਬੂਟੇ ਥੱਲੇ

ਇਕ ਬੂਟਾ ਅੰਬੀ ਦਾ, ਘਰ ਸਾਡੇ ਲੱਗਾ ਨੀ

ਜਿਸ ਥੱਲੇ ਬਹਿਣਾ ਨੀ ਸੁਰਗਾਂ ਵਿਚ ਰਹਿਣਾ ਨੀ

ਕੀ ਉਸ ਦਾ ਕਹਿਣਾ ਨੀ, ਵਿਹੜੇ ਦਾ ਗਹਿਣਾ ਨੀ

ਪਰ ਮਾਹੀ ਬਾਝੋਂ ਨੀ, ਪਰਦੇਸੀ ਬਾਝੋਂ ਨੀ

ਇਹ ਮੈਨੂੰ ਵੱਢਦਾ ਏ ਤੇ ਖੱਟਾ ਲੱਗਦਾ ਏ

ਇਸ ਬੂਟੇ ਥੱਲੇ ਜੇ, ਮੈਂ ਚਰਖਾ ਡਾਹਨੀ ਆਂ

ਤੇ ਜੀ ਪਰਚਾਵਣ ਨੂੰ ਦੋ ਤੰਦਾਂ ਪਾਨੀ ਆਂ

ਕੋਇਲ ਦੀਆਂ ਕੂਕਾਂ ਨੀ ਮਾਰਨ ਬੰਦੂਕਾਂ ਨੀ

ਪੀਹੜੇ ਨੂੰ ਭੰਨਾਂ ਮੈਂ ਚਰਖੀ ਨੂੰ ਫੂਕਾਂ ਨੀ

ਫਿਰ ਡਰਦੀ ਭਾਬੋ ਤੋਂ ਲੈ ਬਹਾਂ ਕਸੀਦਾ ਜੇ

ਯਾਦਾਂ ਵਿਚ ਡੁੱਬੀ ਦਾ ਦਿਲ ਕਿਧਰੇ ਜੁੜ ਜਾਵੇ

ਤੇ ਸੂਈ ਕਸੀਦੇ ਦੀ ਪੋਟੇ ਵਿਚ ਪੁੜ ਜਾਵੇ

ਫਿਰ ਉੱਠ ਕੇ ਪੀਹੜੇ ਤੋਂ ਮੈਂ ਭੁੰਜੇ ਬਹਿ ਜਾਵਾਂ

ਚੀਚੀ ਧਰ ਠੋਡੀ ਤੇ ਵਹਿਣਾਂ ਵਿਚ ਵਹਿ ਜਾਵਾਂ

ਸੁੱਖਾਂ ਦੀਆਂ ਗੱਲਾਂ ਨੀ ਮੇਲਾਂ ਦੀਆਂ ਘੜੀਆਂ ਨੀ

ਖੀਰਾਂ ਤੇ ਪੂੜੇ ਨੀ ਸਾਵਣ ਦੀਆਂ ਝੜੀਆਂ ਨੀ
ਸੋਹਣੇ ਦੇ ਤਰਲੇ ਨੀ, ਤੇ ਮੇਰੀਆਂ ਅੜੀਆਂ ਨੀ
ਜਾਂ ਚੇਤੇ ਆ ਜਾਵਣ ਲੋਹੜਾ ਹੀ ਪਾ ਜਾਵਣ।
ਉਹ ਕਿਹਾ ਦਿਹਾੜਾ ਸੀ, ਉਹ ਭਾਗਾਂ ਵਾਲਾ ਸੀ
ਉਹ ਕਰਮਾਂ ਵਾਲਾ ਸੀ, ਜਿਸ ਸ਼ੁੱਭ ਦਿਹਾੜੇ ਨੀ
ਘਰ ਮੇਰਾ ਲਾੜਾ ਸੀ
ਮੈਂ ਨਾਤੀ ਧੋਤੀ ਨੀ, ਮੈਂ ਵਾਲ ਵਧਾਏ ਨੀ
ਮੈਂ ਕਜਲਾ ਪਾਇਆ ਨੀ, ਮੈਂ ਗਹਿਣੇ ਲਾਏ ਨੀ
ਮਲ ਮਲ ਕੇ ਖੋੜੀ ਮੈਂ ਹੀਰੇ ਲਿਸ਼ਕਾਏ ਨੀ
ਲਾ ਲਾ ਕੇ ਬਿੰਦੀਆਂ ਮੈਂ ਕਈ ਫੰਧ ਬਣਾਏ ਨੀ
ਜਾਂ ਹਾਰ ਸ਼ਿੰਗਾਰਾਂ ਤੋਂ ਮੈਂ ਵਿਹਲੀ ਹੋਈ ਨੀ
ਆ ਅੰਬੀ ਥੱਲੇ ਮੈਂ, ਫਿਰ ਪੂਣੀ ਛੋਹੀ ਨੀ
ਉਹ ਚੰਦ ਪਿਆਰਾ ਵੀ, ਆ ਬੈਠਾ ਸਾਹਵੇਂ ਨੀ
ਅੰਬੀ ਦੀ ਛਾਵੇਂ ਨੀ
ਉਹ ਮੇਰੀਆਂ ਪ੍ਰੀਤਾਂ ਦਾ, ਸੁਹਣਾ ਵਣਜਾਰਾ ਨੀ
ਕਿੱਸੇ ਪਰਦੇਸਾਂ ਦੇ, ਲਾਮਾਂ ਦੀਆਂ ਗੱਲਾਂ ਨੀ
ਘੁਮਕਾਰ ਜਹਾਜ਼ਾਂ ਦੀ ਸਾਗਰ ਦੀਆਂ ਛੱਲਾਂ ਨੀ
ਵੈਰੀ ਦੇ ਹੱਲੇ ਨੀ, ਸੋਹਣੇ ਦੀਆਂ ਠੱਲਾਂ ਨੀ
ਉਹ ਦੱਸੀ ਜਾਵੇ ਤੇ ਮੈਂ ਭਰਾਂ ਹੁੰਗਾਰਾ ਨੀ
ਉਸ ਗੱਲਾਂ ਕਰਦੇ ਨੂੰ ਪੱਤਿਆਂ ਦੀ ਖੜ ਖੜ ਨੇ
ਬੱਦਲਾਂ ਦੀ ਸ਼ੂਕਰ ਨੇ ਵੰਗਾਂ ਦੀ ਛਣ ਛਣ ਨੇ
ਚਰਖੀ ਦੀ ਘੂਕਰ ਨੇ, ਟੱਪਿਆਂ ਦੀ ਲੋਰੀ ਨੇ
ਕੋਇਲ ਦੀ ਕੂਕਰ ਨੇ ਮੰਜੇ ਤੇ ਪਾ ਦਿੱਤਾ
ਤੇ ਘੂਕ ਸੁਲਾ ਦਿੱਤਾ
ਤੱਕ ਸੁੱਤਾ ਮਾਹੀ ਨੀ, ਚਰਖੀ ਚਰਮਖ ਤੋਂ
ਮੈਂ ਕਾਲਖ ਲਾਹੀ ਨੀ ਜਾ ਸੁਤੇ ਸੋਹਣੇ ਦੇ
ਮੱਥੇ ਤੇ ਲਾਈ ਨੀ, ਮੈਂ ਤਾੜੀ ਲਾਈ ਨੀ
ਮੈਂ ਦੋਹਰੀ ਹੋ ਗਈ ਨੀ, ਮੈਂ ਚੌਹਰੀ ਹੋ ਗਈ ਨੀ

ਉਹ ਉੱਠ ਖਲੋਇਆ ਨੀ, ਘਬਰਾਇਆ ਹੋਇਆ ਨੀ
ਉਹ ਬਿਟ ਬਿਟ ਤੱਕੇ ਨੀ, ਉਹ ਮੁੜ ਮੁੜ ਪੁੱਛੇ ਨੀ
ਮੈਂ ਗੱਲ ਨਾ ਦੱਸਾਂ ਨੀ
ਤੱਕ ਸ਼ੀਸ਼ਾ ਚਰਖੀ ਦਾ ਉਸ ਘੂਰੀ ਪਾਈ ਨੀ
ਮੈਂ ਚੁੰਗੀ ਲਾਈ ਨੀ
ਉਹ ਪਿੱਛੇ ਭੱਜਾ ਨੀ ਮੈਂ ਦਿਆਂ ਨਾ ਡਾਹੀ ਨੀ
ਉਸ ਮਾਣ ਜਵਾਨੀ ਦਾ ਮੈਂ ਹੱਠ ਜ਼ਨਾਨੀ ਦਾ
ਮੈਂ ਅੱਗੇ ਅੱਗੇ ਨੀ ਉਹ ਪਿੱਛੇ ਪਿੱਛੇ ਨੀ
ਮੰਜੀ ਦੇ ਗਿਰਦੇ ਨੀ ਅੰਬੀ ਦੇ ਗਿਰਦੇ ਨੀ
ਨੱਸਦੇ ਵੀ ਜਾਈਏ ਨੀ ਹੱਸਦੇ ਵੀ ਜਾਈਏ ਨੀ
ਉਹਦੀ ਚਾਦਰ ਖੜਕੇ ਨੀ ਮੇਰੀ ਕੋਠੀ ਧੜਕੇ ਨੀ
ਉਹਦੀ ਜੁੱਤੀ ਚੀਕੇ ਨੀ ਮੇਰੀ ਝਾਂਜਰ ਛਣਕੇ ਨੀ
ਉਹਦੀ ਪਗੜੀ ਢਹਿ ਪਈ ਨੀ
ਮੇਰੀ ਚੁੰਨੀ ਲਹਿ ਗਈ ਨੀ
ਜਾ ਹਫ ਕੇ ਰਹਿ ਗਏ ਨੀ
ਚੁੱਪ ਕਰ ਕੇ ਬਹਿ ਗਏ ਨੀ
ਉਹ ਕਿਹਾ ਦਿਹਾੜਾ ਸੀ ਉਹ ਭਾਗਾਂ ਵਾਲਾ ਸੀ
ਉਹ ਕਰਮਾਂ ਵਾਲਾ ਸੀ ਜਿਸ ਸ਼ੁੱਭ ਦਿਹਾੜੇ ਨੀ
ਘਰ ਮੇਰਾ ਲਾੜਾ ਸੀ
ਅੱਜ ਖਾਣ ਹਵਾਵਾਂ ਨੀ, ਅੱਜ ਸਾੜਣ ਛਾਵਾਂ ਨੀ
ਤਰਖਾਣ ਸਦਾਵਾਂ ਨੀ, ਅੰਬੀ ਕਟਵਾਵਾਂ ਨੀ
ਤੋਬਾ ਮੈਂ ਭੁੱਲੀ ਨੀ ਹਾੜਾ ਮੈ ਭੁੱਲੀ ਨੀ
ਜੇ ਅੰਬੀ ਕੱਟਾਂਗੀ, ਚੜ ਕਿਸ ਦੇ ਉੱਤੇ
ਰਾਹ ਢੋਲੇ ਦਾ ਤੱਕਾਂਗੀ।

1.4.2ਲੇਖਕ ਨਾਲ ਜਾਣ-ਪਛਾਣ :ਮੋਹਨ ਸਿੰਘ ਸਿੰਘ ਨੂੰ ਯੁੱਗ ਕਵੀ ਕਿਹਾ ਜਾਂਦਾ ਹੈ। ਉਹ ਪੰਜਾਬੀ ਸਾਹਿਤ ਵਿੱਚ ਇੱਕ ਵੱਡਾ ਕਵੀ ਹੈ। ਉਸ ਨੂੰ ਅੰਗਰੇਜ਼ੀ, ਪੰਜਾਬੀ, ਉਰਦੂ, ਫਾਰਸੀ ਭਾਸ਼ਾਵਾਂ ਦਾ ਗਿਆਨ ਸੀ। ਮੋਹਨ ਸਿੰਘ ਨੇ ਆਪਣੀ ਕਲਮ ਦਾ ਸਫ਼ਰ ਵਿਦਿਆਰਥੀ ਜੀਵਨ ਵਿੱਚ ਹੀ ਸ਼ੁਰੂ ਕਰ ਦਿੱਤਾ ਸੀ। ਉਸ ਨੇ ਆਪਣੀਆਂ ਕਾਵਿ ਰਚਨਾਵਾਂ ਵਿੱਚ ਜਗੀਰਦਾਰੀ ਨਿਜ਼ਾਮ ਅੰਦਰ ਔਰਤਾਂ ਅਤੇ ਮਜਦੂਰਾਂ ਦੀ ਤ੍ਰਾਸਦੀ, ਇਤਿਹਾਸ ਦਾ ਪੁਨਰ ਮੁਲਾਂਕਣ ਅਤੇ ਦੇਸ਼ ਦੀ

ਆਜ਼ਾਦੀ ਦੀ ਅਸਲ ਸੱਚਾਈ ਨੂੰ ਪੇਸ਼ ਕੀਤਾ ਹੈ। ਉਸ ਨੇ ਆਪਣੇ ਜੀਵਨ ਵਿੱਚ ਪਹਿਲਾਂ ਕਾਵਿ ਸੰਗ੍ਰਹਿ 'ਸਾਵੇ ਪੱਤਰ' 1936 ਈ :ਵਿੱਚ ਲਿਖਿਆ। ਇਹ ਕਾਵਿ ਸੰਗ੍ਰਹਿ ਮੋਹਨ ਸਿੰਘ ਦਾ ਸਭ ਤੋਂ ਵਧੀਆ ਕਾਵਿ ਸੰਗ੍ਰਹਿ ਸਵੀਕਾਰ ਕੀਤਾ ਜਾਂਦਾ ਹੈ। ਉਸ ਨੇ 'ਸਾਵੇ ਪੱਤਰ' ਤੋਂ ਬਿਨਾਂ ਹੋਰ ਕਾਵਿ ਸੰਗ੍ਰਹਿ 'ਕਸੁੰਭੜਾ'', 'ਅੱਧਵਾਟੇ', 'ਕੱਚ ਸੱਚ', 'ਆਵਾਜ਼ਾਂ'', 'ਵੱਡਾ ਵੇਲਾ'', 'ਜੰਦਰੇ', 'ਜੈਮੀਰ', 'ਬੂਹੇ' ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ। ਮੋਹਨ ਸਿੰਘ ਦੀ ਪੰਜਾਬੀ ਸਾਹਿਤ ਨੂੰ ਅਜਿਹੀ ਦੇਣ ਕਰਕੇਹੀ 1959 ਵਿੱਚ ਉਨ੍ਹਾਂ ਦੇ ਕਾਵਿ ਸੰਗ੍ਰਹਿ ' ਵੱਡਾ ਵੇਲਾ' ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਉਨ੍ਹਾਂ ਦੀਆਂ ਰਚਨਾਵਾਂ ਨਾਲ ਪੰਜਾਬੀ ਕਾਵਿ ਵਿੱਚ ਗੁਣਨਾਤਮਕ ਵਾਧਾ ਹੁੰਦਾ ਹੈ।

1.4.3ਅੰਬੀ ਦੇ ਬੂਟੇ ਥੱਲੇ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

ਕੋਇਲ ਦੀਆਂ ਕੂਕਾਂ ਨੀ,
ਮਾਰਨ ਬੰਦੂਕਾਂ ਨੀ
ਪੀਹੜੇ ਨੂੰ ਭੰਨਾਂ ਮੈਂ,
ਚਰਖ਼ੀ ਨੂੰ ਫੂਕਾਂ ਨੀ।

ਪ੍ਰਸੰਗ :ਇਸ ਕਵਿਤਾ ਵਿਚ ਪ੍ਰੋ .ਮੋਹਨ ਸਿੰਘ ਨੇ ਇਕ ਫੌਜੀ ਸਿਪਾਹੀ ਅਤੇ ਉਸ ਦੀ ਸੱਜ-ਵਿਆਹੀ ਪਤਨੀ ਦੇ ਪ੍ਰੇਮ-ਪ੍ਰਸੰਗਾਂ ਨੂੰ ਬਿਆਨ ਕੀਤਾ ਹੈ। ਫੌਜ ਦੇ ਸਿਪਾਹੀਆਂ ਨੂੰ ਸਾਲ ਵਿਚ ਇਕ ਵਾਰ, ਦੋ ਮਹੀਨਿਆਂ ਦੀ ਸਾਲਾਨਾ ਛੁੱਟੀ ਮਿਲਦੀ ਹੈ। ਇਨ੍ਹਾਂ ਛੁੱਟੀਆਂ ਵਿਚ ਇਕ ਫੌਜੀ ਜਵਾਨ ਵਿਆਹ ਹੋ ਜਾਂਦਾ ਹੈ। ਇਹਨਾਂ ਦਿਨਾਂ ਵਿਚ ਦੋਹਾਂ ਨੇ ਖ਼ੂਬ ਮੌਜਾਂ ਮਾਣੀਆਂ ਪਰ ਜਦੋਂ ਛੁੱਟੀਆਂ ਖ਼ਤਮ ਹੋ ਗਈਆਂ ਤਾਂ ਪਤਨੀ ਇਕੱਲੀ ਰਹਿ ਗਈ। ਹੁਣ ਉਸ ਨੂੰ ਅੰਬੀ ਦੇ ਬੂਟੇ ਥੱਲੇ ਬਿਤਾਏ ਪ੍ਰੇਮ ਭਰੇ ਦਿਨਾਂ ਦੀ ਯਾਦ ਆਉਂਦੀ ਹੈ।

ਵਿਆਖਿਆ : ਫੌਜੀ ਦੀ ਪਤਨੀ ਆਪਣੇ ਪਤੀ ਦੇ ਵਿਛੋੜੇ ਵਿਚ ਬਹੁਤ ਉਦਾਸ ਹੈ। ਹੁਣ ਉਸ ਨੂੰ ਨਾ ਕੋਇਲ ਦੀ ਆਵਾਜ਼ ਚੰਗੀ ਲੱਗਦੀ ਹੈ, ਨਾ ਪੀਹੜੀ ਅਤੇ ਨਾ ਚਰਖ਼ਾ। ਜਦੋਂ ਪਤੀ ਪਾਸ ਸੀ ਤਾਂ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਅਰਥ ਸਨ। ਸਭ ਕੁਝ ਪਿਆਰਾ-ਪਿਆਰਾ ਲਗਦਾ ਸੀ ਪਰ ਹੁਣ ਕੋਇਲ ਦੀ ਕੂਕ ਬੰਦੂਕ ਦੀ ਗੋਲੀ ਵਾਂਗ ਉਸ ਦੇ ਸੀਨੇ ਵਿਚ ਵੱਜਦੀ ਹੈ। ਪੀਹੜੇ ਉਪਰ ਬੈਠ ਕੇ ਚਰਖ਼ੇ' ਤੇ ਤੰਦ ਪਾਉਣ ਨੂੰ ਵੀ ਦਿਲ ਨਹੀਂ ਕਰਦਾ ਬਲਕਿ ਇਨ੍ਹਾਂ ਨੂੰ ਭੰਨਣ-ਤੋੜਨ ਦੀ ਇੱਛਾ ਹੁੰਦੀ ਹੈ। ਵਿਛੋੜਾ ਡਾਢਾ ਦੁਖਦਾਈ ਹੁੰਦਾ ਹੈ।

1.4.3ਅੰਬੀ ਦੇ ਬੂਟੇ ਥੱਲੇ 'ਕਵਿਤਾ ਦਾ ਵਿਸ਼ਾ-ਵਸਤੂ :'ਅੰਬੀ ਦੇ ਬੂਟੇ ਥੱਲੇ' ਮੋਹਨ ਸਿੰਘ ਦੁਆਰਾ ਲਿਖੀ ਬਹੁਤ ਪ੍ਰਸਿੱਧ ਕਵਿਤਾ ਹੈ। ਇਹ ਕਵਿਤਾ ਇੱਕ ਫੌਜੀ ਸਿਪਾਹੀ ਦੀ ਪਤਨੀ ਦੀ ਆਰਥਿਕ, ਸਮਾਜਿਕ ਅਤੇ ਮਾਨਸਿਕ ਸਥਿਤੀ ਨੂੰ ਪੇਸ਼ ਕਰਦੀ ਹੈ। ਪਤਨੀ ਨੂੰ ਆਪਣੇ ਪਤੀ ਦੇ ਵਿਛੋੜੇ ਦਾ ਦੁੱਖ ਹੈ। ਪਤਨੀ ਅੰਬੀ ਦੇ ਬੂਟੇ ਦਾ ਜ਼ਿਕਰ ਕਰਦੀ ਹੋਈ ਕਹਿੰਦੀ ਹੈ ਕਿ ਇਹ ਬੂਟਾ ਮੇਰੇ ਵਿਹੜੇ ਦਾ ਗਹਿਣਾ ਹੈ। ਇਸ ਥੱਲੇ ਬੈਠਣ ਨਾਲ ਸਵਰਗ ਦਾ ਅਹਿਸਾਸ ਹੁੰਦਾ ਹੈ। ਕਵਿਤਾ ਵਿੱਚ ਬੰਦੇ ਦੀ ਉਸ ਸਮੇਂ ਵਾਲੀ ਤ੍ਰਾਸਦੀ ਨੂੰ ਪੇਸ਼ ਕੀਤਾ ਗਿਆ ਹੈ ਜਦੋਂ ਪੂਰੇ ਜੋਬਨ ਵਿੱਚ ਉਸ ਦਾ ਪਿਆਰਾ

ਉਸ ਕੋਲ ਨਹੀਂ ਹੁੰਦਾ। ਸਿਪਾਹੀ ਦੀ ਪਤਨੀ ਆਪਣਾ ਮਨ ਪ੍ਰਚਾਉਣ ਲਈ ਚਰਖ਼ਾ ਕੱਤਦੀ ਹੈ। ਸੂਟ ਉੱਤੇ ਕਢਾਈ ਬਣਾਉਂਦੀ ਹੈ ਪਰ ਜਦੋਂ ਹੀ ਕੋਇਲ ਦੀ ਆਵਾਜ਼ ਆਉਂਦੀ ਹੈ ਤਾਂ ਉਸ ਨੂੰ ਆਪਣੇ ਫੌਜੀ ਪਤੀ ਦੀ ਯਾਦ ਆਉਂਦੀ ਹੈ। ਉਸ ਨੂੰ ਕੋਇਲ ਦੀ ਆਵਾਜ਼ ਬੰਦੂਕ ਵਰਗੀ ਲੱਗਦੀ ਹੈ।

ਕੋਇਲ ਦੀਆਂ ਕੂਕਾਂ ਨੀ ਮਾਰਨ ਬੰਦੂਕਾਂ ਨੀ

ਪੀਹੜੇ ਨੂੰ ਭੰਨਾ ਮੈਂ ਚਰਖੇ ਨੂੰ ਫੂਕਾਂ ਨੀ।

ਉਸ ਨੂੰ ਆਪਣੇ ਪਤੀ ਦੀ ਅਣਹੋਂਦ ਵਿੱਚ ਕੁਝ ਵੀ ਚੰਗਾ ਨਹੀਂ ਲੱਗਦਾ। ਇਹ ਬੰਦੇ ਦੀ ਸੁਭਾਵਿਕ ਬਿਰਤੀ ਹੈ ਕਿ ਹਰ ਇੱਕ ਇਨਸਾਨ ਨੂੰ ਪਦਾਰਥਕ ਵਸਤਾਂ ਦੇ ਨਾਲ ਮਾਨਸਿਕ ਸਾਂਝ ਵੀ ਚਾਹੀਦੀ ਹੁੰਦੀ ਹੈ। ਇਸ ਕਵਿਤਾ ਵਿੱਚ ਉਹ ਮਾਨਸਿਕ ਭੁੱਖ ਸਾਫ਼ ਵਿਖਾਈ ਦਿੰਦੀ ਹੈ।

ਵਿਅਕਤੀ ਦਾ ਜਦੋਂ ਵਰਤਮਾਨ ਸਮਾਂ ਸਹੀ ਨਹੀਂ ਹੁੰਦਾ ਤਾਂ ਉਹ ਹਮੇਸ਼ਾ ਹੀ ਆਪਣੇ ਅਤੀਤ ਵੱਲ ਵੇਖਦਾ ਹੈ। ਕਵਿਤਾ ਦੀ ਪਾਤਰ ਵੀ ਅਤੀਤਮੁਖੀ ਹੈ। ਉਸ ਬੂਟੇ ਨਾਲ ਜਾਂ ਉਨ੍ਹਾਂ ਥਾਵਾਂ ਨਾਲ ਉਸ ਦੇ ਆਪਣੇ ਪਤੀ ਨਾਲ ਮਿਲਾਪ ਦਾ ਸੰਬੰਧ ਹੈ। ਉਹ ਵਾਰ-ਵਾਰ ਉਨ੍ਹਾਂ ਨੂੰ ਯਾਦ ਕਰਦੀ ਹੈ ਜਦੋਂ ਉਸ ਕੋਲ ਉਸ ਦਾ ਪਤੀ ਸੀ। ਉਹ ਵਰਤਮਾਨ ਤੋਂ ਬਾਹਰ ਹੁੰਦੀ ਹੈ ਜਿਸ ਨਾਲ ਸਮੇਂ ਅਤੇ ਸਥਾਨ ਦਾ ਦੋਹਰਾ ਮਿਲਾਪ ਹੁੰਦਾ ਹੈ। ਪਤਨੀ ਅੰਬੀ ਨੂੰ ਵੇਖ ਕੇ ਪਤੀ ਨਾਲ ਮੇਲ ਦੇ ਮੌਕੇ ਨੂੰ ਯਾਦ ਕਰਦੀ ਹੈ। ਅਸਲ ਵਿੱਚ ਉਸ ਦਾ ਅੰਬੀ ਨਾਲ ਪਿਆਰ ਹੀ ਇਸ ਲਈ ਹੈ। ਉਹ ਹਾਰ ਸ਼ਿੰਗਾਰ ਕਰਕੇ ਪਤੀ ਨੂੰ ਯਾਦ ਕਰਦੀ ਰਹਿੰਦੀ ਹੈ। ਆਪਣੇ ਪਤੀ ਨਾਲ ਸੰਬੰਧਿਤ ਸਾਰੀਆਂ ਥਾਵਾਂ ਨੂੰ ਵੇਖਦੀ ਹੈ ਅਤੇ ਚੀਜ਼ਾਂ ਨੂੰ ਹੱਥ ਲਗਾ ਕੇ ਵੇਖੀ ਜਾਂਦੀ ਹੈ ਪਰ ਬਾਅਦ ਵਿੱਚ ਉਸ ਨੂੰ ਸਭ ਕੁਝ ਵਿਅਰਥ ਲੱਗਦਾ ਹੈ।

ਰਾਜਨੀਤਕ ਨਿਜ਼ਾਮ ਹਮੇਸ਼ਾ ਹੀ ਆਮ ਲੋਕਾਈ ਨੂੰ ਆਪਣੇ ਲਈ ਵਰਤਦਾ ਆਇਆ ਹੈ। ਇਹ ਕਵਿਤਾ ਇਸ ਵਿਸ਼ੇ ਬਾਰੇ ਸੰਕੇਤ ਵਿੱਚ ਗੱਲ ਕਰਦੀ ਹੈ। ਇੱਕ ਫੌਜੀ ਪਰਿਵਾਰ ਦੀਆਂ ਬੇਸ਼ੱਕ ਆਰਥਿਕ ਸਮੱਸਿਆਵਾਂ ਕੁਝ ਹੱਦ ਤੱਕ ਹੱਲ ਹੋ ਜਾਂਦੀਆਂ ਹਨ ਪਰ ਪਰਿਵਾਰਕ, ਸਮਾਜਿਕ ਅਤੇ ਮਾਨਸਿਕ ਸਮੱਸਿਆਵਾਂ ਹੋਰ ਵੀ ਵੱਧ ਜਾਂਦੀਆਂ ਹਨ। ਇਸ ਨਾਲ ਸਾਡੇ ਸਮਾਜ ਵਿੱਚ ਬਣੇ ਹੋਏ ਫੌਜੀ ਦੇ ਸੰਕਲਪ ਨੂੰ ਵੀ ਮੁੜ ਪਰਿਭਾਸ਼ਿਤ ਕੀਤਾ ਗਿਆ ਹੈ। ਜਿਸ ਕਰਕੇ ਸਾਨੂੰ ਉਨ੍ਹਾਂ ਨਾਲ ਇੱਕ ਖ਼ਾਸ ਮੋਹ ਪੈਦਾ ਹੁੰਦਾ ਹੈ। ਰਾਜਨੀਤਕ ਲੋਕ ਫੌਜੀਆਂ ਨੂੰ ਆਪਣੇ ਖੇਤਰਾਂ ਦੀ ਸੁਰੱਖਿਆ ਲਈ ਵਰਤਦੇ ਹਨ। ਉਨ੍ਹਾਂ ਲਈ ਫੌਜੀਆਂ ਦੀ ਜ਼ਿੰਦਗੀ ਦਾ ਕੋਈ ਅਰਥ ਨਹੀਂ ਹੈ।

ਕਿੱਸੇ ਪਰਦੇਸਾਂ ਦੇ, ਲਾਮਾਂ ਦੀਆਂ ਗੱਲਾਂ ਨੀ

ਘੁਮਕਾਰ ਜਹਾਜ਼ਾਂ ਦੀ ਸਾਗਰ ਦੀਆਂ ਛੱਲਾਂ ਨੀ।

ਕਵਿਤਾ ਦੇ ਕੇਂਦਰੀ ਵਿਸ਼ੇ ਪਿਆਰ ਦੇ ਸਮੇਂ ਪਿਆਰੇ ਦੀ ਅਣਹੋਂਦ, ਰਾਜਨੀਤਕ ਤਾਕਤ ਲਈ ਫੌਜੀਆਂ ਦੀ ਜ਼ਿੰਦਗੀ ਦੀ ਹਾਲਤ, ਜਵਾਨੀ ਦੇ ਸਮੇਂ ਬੰਦੇ ਦੀ ਮਾਨਸਿਕਤਾ ਦੀ ਅਭਿਵਿਅਕਤੀ ਅਤੇ ਸੁਨਿਹਰੇ ਇਤਿਹਾਸ ਲਈ ਤੜਪ ਆਦਿ

ਹਨ। ਪਤਨੀ ਆਪਣੇ ਪਤੀ ਦੀ ਯਾਦ ਵਿੱਚ ਸਾਰਾ ਕੁਝ ਭੁੱਲ ਜਾਂਦੀ ਹੈ। ਆਪਣੇ ਪਤੀ ਦੀ ਅਣਹੋਂਦ ਵਿੱਚ ਉਸਨੂੰ ਸਾਰਾ ਕੁਝ ਵਿਅਰਥ ਲੱਗਦਾ ਹੈ। ਪਤਨੀ ਕਹਿੰਦੀ ਹੈ ਕਿ ਮੈਂ ਤਰਖਾਣ ਸਦਵਾ ਕੇ ਇਹ ਅੰਬੀ ਦਾ ਬੂਟਾ ਕਟਵਾ ਦਿਆਂਗੀ, ਪਰ ਫੇਰ ਉਸੇ ਵੇਲੇ ਉਸ ਨੂੰ ਸੋਝੀ ਆਉਂਦੀ ਹੈ ਕਿ ਜੇ ਮੈਂ ਬੂਟਾ ਕਟਵਾ ਦਿੱਤਾ ਤਾਂ ਆਉਣ ਵਾਲੇ ਢੋਲੇ ਦੀ ਉਡੀਕ ਕਿਸ ਦਰਖ਼ਤ ਉੱਤੇ ਚੜ੍ਹਕੇ ਕਰਾਂਗੀ। ਜਦੋਂ ਕਿ ਅੰਬੀ ਦਾ ਬੂਟਾ ਪਤੀ ਦੀ ਯਾਦ ਅਤੇ ਮੇਲ ਦਾ ਇਕੋ ਇੱਕ ਸਾਧਨ ਹੈ। ਇਹ ਬੂਟਾ ਅਸਲ ਵਿੱਚ ਬੰਦੇ ਦੀ ਤ੍ਰਾਸਦੀ ਦਾ ਪ੍ਰਤੀਕ ਵੀ ਮੰਨਿਆ ਜਾ ਸਕਦਾ ਹੈ। ਹਰ ਇੱਕ ਇਨਸਾਨ ਆਪਣੀ ਜ਼ਿੰਦਗੀ ਵਿੱਚ ਆਪਣੀ ਵਰਤਮਾਨ ਸੱਚਾਈ ਤੋਂ ਹੋਰ ਕਿਤੇ ਜਾਣਾ ਚਾਹੁੰਦਾ ਹੈ, ਪਰ ਹਾਲਾਤ ਇਸ ਦੀ ਆਗਿਆ ਨਹੀਂ ਦਿੰਦੇ। ਇਹ ਅੰਬੀ ਦਾ ਬੂਟਾ ਇਸ ਤਰ੍ਹਾਂ ਮਨੁੱਖ ਦੀ ਤ੍ਰਾਸਦੀ ਪੇਸ਼ ਕਰਦਾ ਹੈ।

1.4.4ਅੰਬੀ ਦੇ ਬੂਟੇ ਥੱਲੇ 'ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ :ਇਸ ਕਵਿਤਾ ਵਿਚ ਪ੍ਰੋ .ਮੋਹਨ ਸਿੰਘ ਨੇ ਇੱਕ ਅੱਲੜ੍ਹ ਮੁਟਿਆਰ ਦੇ ਮਨੋਭਾਵਾਂ ਨੂੰ ਚਿਤਰਨ ਦਾ ਯਤਨ ਕੀਤਾ ਹੈ। ਉਹ ਇੱਕ ਫੌਜੀ ਸਿਪਾਹੀ ਦੀ ਪਤਨੀ ਹੈ। ਉਹ ਆਪਣੇ ਪਰਦੇਸ ਗਏ ਮਾਹੀ ਦੀਆਂ ਯਾਦਾਂ ਨੂੰ ਫਰੋਲਦਿਆਂ, ਯਾਦ ਕਰਦੀ ਹੈ ਕਿ ਉਹ ਕਿੰਨੇ ਚੰਗੇ ਦਿਨ ਸਨ ਜਦੋਂ ਸਿਪਾਹੀ ਛੁੱਟੀਆਂ ਕੱਟਣ ਆਇਆ ਸੀ ਅਤੇ ਉਹ ਦੋਵੇਂ ਸਾਰਾ-ਸਾਰਾ ਦਿਨ ਖ਼ੂਬ ਮੌਜ ਮਸਤੀ ਕਰਦੇ ਸਨ। ਛੁੱਟੀ ਖ਼ਤਮ ਹੋਣ ਤੋਂ ਬਾਅਦ ਸਿਪਾਹੀ ਵਾਪਸ ਚਲਾ ਗਿਆ ਅਤੇ ਉਸ ਦੀ ਪਤਨੀ ਇਕੱਲੀ ਰਹਿ ਗਈ ਹੈ। ਜਦ ਵੀ ਉਹ ਚਰਖ਼ਾ ਲੈ ਕੇ ਕੱਤਣ ਬੈਠਦੀ ਹੈ ਤਾਂ ਇਕੱਠੇ ਬਿਤਾਏ ਖ਼ੁਸ਼ੀਆਂ ਭਰੇ ਦਿਨਾਂ ਦੀਆਂ ਯਾਦਾਂ ਉਸ ਨੂੰ ਘੇਰ ਲੈਂਦੀਆਂ ਹਨ।

ਇਸ ਔਰਤ ਦੇ ਘਰ ਵਿਚ ਅੰਬੀ ਦਾ ਇਕ ਰੁੱਖ ਲਗਿਆ ਹੋਇਆ ਹੈ। ਉਸ ਨੂੰ ਯਾਦ ਆਉਂਦਾ ਹੈ ਕਿ ਇਕ ਦਿਨ ਜਦੋਂ ਉਸ ਦਾ ਪਤੀ ਘਰ ਵਿਚ ਸੀ ਤਾਂ ਉਸ ਨੇ ਖ਼ੂਬ ਹਾਰ ਸ਼ਿੰਗਾਰ ਲਾਇਆ ਹੋਇਆ ਸੀ। ਗਹਿਣੇ ਪਹਿਨ ਕੇ ਆਪਣੇ ਜੋਬਨ ਨੂੰ ਹੋਰ ਚਮਕਾ ਲਿਆ ਸੀ। ਉਸ ਦਾ ਪਤੀ ਸਾਹਮਣੇ ਬੈਠ ਕੇ ਉਸ ਨੂੰ ਆਪਣੇ ਫੌਜੀ ਜੀਵਨ ਦੀਆਂ ਘਟਨਾਵਾਂ ਸੁਣਾ ਰਿਹਾ ਸੀ। ਜੰਗ ਕਿਵੇਂ ਹੁੰਦੀ ਹੈ, ਸਮੁੰਦਰ ਵਿਚ ਜਹਾਜ਼ ਕਿਵੇਂ ਚਲਦੇ ਹਨ ਅਤੇ ਕਿਵੇਂ ਫੌਜੀ ਲੋਕ ਆਪਣੇ ਦੇਸ਼ਾਂ ਦੀ ਆਨ-ਸ਼ਾਨ ਵਾਸਤੇ ਅੱਗੇ ਵਧ-ਵਧ ਕੇ ਲੜਦੇ ਹਨ। ਇਹ ਗੱਲਾਂ ਕਰਦਾ ਕਰਦਾ ਉਹ ਸੌਂ ਗਿਆ। ਉਸ ਨੂੰ ਸੁੱਤਾ ਵੇਖ ਕੇ ਫੌਜੀ ਦੀ ਪਤਨੀ ਨੂੰ ਇਕ ਸ਼ਰਾਰਤ ਸੁੱਝੀ। ਉਸ ਨੇ ਚਰਖ਼ੇ ਦੀ ਚਰਮਖ ਤੋਂ ਥੋੜੀ ਜਿਹੀ ਕਾਲਖ ਲਾਹੀ ਅਤੇ ਸੁੱਤੇ ਪਏ ਪਤੀ ਦੇ ਮੱਥੇ ਉਤੇ ਲਾ ਦਿੱਤੀ। ਫਿਰ ਉਸ ਨੂੰ ਜ਼ੋਰ ਦੀ ਹਾਸਾ ਆ ਗਿਆ। ਹੱਸਣ ਦੀ ਆਵਾਜ਼ ਸੁਣ ਕੇ ਫੌਜੀ ਨੂੰ ਜਾਗ ਆ ਗਈ। ਉਸ ਨੇ ਆਪਣੀ ਪਤਨੀ ਨੂੰ ਪੁੱਛਿਆ ਪਰ ਉਸ ਨੇ ਕੁਝ ਨਾ ਦੱਸਿਆ। ਚਰਖ਼ੇ ਉਤੇ ਲੱਗੇ ਸ਼ੀਸ਼ੇ ਵਿਚ ਆਪਣਾ ਚਿਹਰਾ ਦੇਖ ਕੇ ਉਸ ਨੂੰ ਸਾਰੀ ਹਕੀਕਤ ਸਮਝ ਆ ਗਈ। ਫੌਜੀ ਦੀ ਪਤਨੀ ਉਸ ਦੇ ਤੇਵਰ ਵੇਖ ਕੇ ਅੱਗੇ-ਅੱਗੇ ਨੱਠ ਪਈ। ਫ਼ੌਜੀ ਵੀ ਉਸ ਨੂੰ ਫੜਨ ਲਈ ਪਿੱਛੇ-ਪਿੱਛੇ ਦੌੜ ਪਿਆ। ਦੋਵੇਂ ਕਾਫ਼ੀ ਦੇਰ ਤਕ ਇਵੇਂ ਨੱਚਦੇ ਰਹੇ। ਆਖ਼ਰ ਸਮਝੌਤਾ ਹੋ ਗਿਆ ਅਤੇ ਦੋਵੇਂ ਫਿਰ ਇਕ-ਦੂਜੇ ਦੇ ਸਾਹਮਣੇ ਹੋ ਕੇ ਬੈਠ ਗਏ। ਉਸ ਵਕਤ ਅੰਬੀ ਦੇ ਇਰਦ-ਗਿਰਦ ਦੌੜਦੇ ਦੋਵੇਂ ਬੜੇ ਖੁਸ਼ ਸਨ ਪਰ ਅਜ ਉਹੀ ਅੰਬੀ ਦਾ ਰੁੱਖ ਵਿਛੋੜੇ ਦੀਆਂ ਯਾਦਾਂ ਨੂੰ ਤਾਜ਼ਾ ਕਰ ਰਿਹਾ ਹੈ।

1.4.6ਅੰਬੀ ਦੇ ਬੂਟੇ ਥੱਲੇ ਕਵਿਤਾ ਦਾ ਕਲਾਤਮਕ ਪੱਖ :ਮੋਹਨ ਸਿੰਘ ਨੂੰ ਯੁੱਗ ਕਵੀ ਕਿਹਾ ਜਾਂਦਾ ਹੈ। ਉਹ ਪੰਜਾਬੀ ਸਾਹਿਤ ਵਿੱਚ ਇੱਕ ਵੱਡਾ ਕਵੀ ਹੈ। ਉਸਦੀਆਂ ਕਵਿਤਾਵਾਂ ਨੇ ਪੰਜਾਬੀ ਸਾਹਿਤ ਜਗਤ ਵਿਚ ਇੱਕ ਖ਼ਾਸ ਮਿਆਰ ਕਾਇਮ ਕੀਤਾ ਹੈ। ਉਸਦੀ ਕਵਿਤਾ' ਅੰਬੀ ਦੇ ਬੂਟੇ ਥੱਲੇ 'ਦਾ ਕਲਾਤਮਕ ਅਧਿਐਨ ਹੇਠ ਲਿਖੇ ਅਨੁਸਾਰ ਹੈ:

ਪ੍ਰਤੀਕ :ਪ੍ਰੋ .ਮੋਹਨ ਸਿੰਘ ਕੋਲ ਪ੍ਰਤੀਕਾਂ ਦਾ ਭੰਡਾਰ ਹੈ। ਉਹ ਪ੍ਰਤੀਕਾਂ ਨਾਲ ਆਪਣੀ ਕਵਿਤਾ ਵਿਚ ਗਹਿਰਾਈ ਲਿਆਉਂਦਾ ਹੈ। ਔਰਤ ਮਨ ਨੂੰ ਸਮਝਦਿਆਂ ਉਹ ਲਿਖਦਾ ਹੈ ਕਿ ਅੰਬੀ ਦਾ ਬੂਟਾ ਪਰਦੇਸੀ ਪਤੀ ਤੋਂ ਬਿਨਾ ਕੌੜਾ ਲਗਦਾ ਹੈ:

ਇਕ ਬੂਟਾ ਅੰਬੀ ਦਾ, ਘਰ ਸਾਡੇ ਲੱਗਾ ਨੀ

ਜਿਸ ਥੱਲੇ ਬਹਿਣਾ ਨੀ ਸੁਰਗਾਂ ਵਿਚ ਰਹਿਣਾ ਨੀ

ਕੀ ਉਸ ਦਾ ਕਹਿਣਾ ਨੀ, ਵਿਹੜੇ ਦਾ ਗਹਿਣਾ ਨੀ

ਪਰ ਮਾਹੀ ਬਾਝੋਂ ਨੀ, ਪਰਦੇਸੀ ਬਾਝੋਂ ਨੀ

ਇਹ ਮੈਨੂੰ ਵੱਢਦਾ ਏ ਤੇ ਖੱਟਾ ਲੱਗਦਾ ਏ

ਪ੍ਰਗੀਤਕ ਸ਼ੈਲੀ :ਪ੍ਰੋ .ਮੋਹਨ ਸਿੰਘ ਆਪਣੀ ਆਪਣੀ ਵਿੱਚ ਸੰਬੋਧਨੀ ਸ਼ੈਲੀ ਦੀ ਵਰਤੋਂ ਕਰਦਾ ਹੈ।

ਇਸ ਬੂਟੇ ਥੱਲੇ ਜੇ, ਮੈਂ ਚਰਖਾ ਡਾਹਨੀ ਆਂ

ਤੇ ਜੀ ਪਰਚਾਵਣ ਨੂੰ ਦੋ ਤੰਦਾਂ ਪਾਨੀ ਆਂ

ਕੋਇਲ ਦੀਆਂ ਕੂਕਾਂ ਨੀ ਮਾਰਨ ਬੰਦੂਕਾਂ ਨੀ

ਪੀਹੜੇ ਨੂੰ ਭੰਨਾਂ ਮੈਂ ਚਰਖੀ ਨੂੰ ਫੂਕਾਂ ਨੀ

ਭਾਸ਼ਾ ਅਤੇ ਸ਼ੈਲੀ :ਇਸ ਕਵਿਤਾ ਵਿੱਚ ਵਰਤੀ ਗਈ ਭਾਸ਼ਾ ਵਿੱਚ ਬਹੁਤ ਸਾਰੇ ਸ਼ਬਦ ਪੇਂਡੂ ਜੀਵਨ ਨਾਲ ਜੁੜੇ ਹੋਏ ਹਨ। ਪ੍ਰੋ .ਮੋਹਨ ਸਿੰਘ ਦੀਆਂ ਰਚਨਾਵਾਂ ਵਿੱਚ ਪੇਂਡੂ ਜੀਵਨ ਅਤੇ ਖੇਤਾਂ ਸੰਬੰਧੀ ਸ਼ਬਦਾਵਲੀ ਆਮ ਵੇਖੀ ਜਾ ਸਕਦੀ ਹੈ। ਉਸ ਦੁਆਰਾ ਵਰਤੇ ਗਏ ਸ਼ਬਦ ਚਰਖਾ ,ਪੀੜ੍ਹਾ ,ਚਰਖੀ ,ਚਰਮਖ ,ਘੂਕਰ ,ਆਦਿ ਪੇਂਡੂ ਖੇਤਰ ਨਾਲ ਜੁੜੇ ਹੋਏ ਹਨ। ਜਿਵੇ:

ਤੱਕ ਸੁੱਤਾ ਮਾਹੀ ਨੀ, ਚਰਖੀ ਚਰਮਖ ਤੋਂ

ਮੈਂ ਕਾਲਖ ਲਾਹੀ ਨੀ ਜਾ ਸੁਤੇ ਸੋਹਣੇ ਦੇ

ਮੱਥੇ ਤੇ ਲਾਈ ਨੀ, ਮੈਂ ਤਾੜੀ ਲਾਈ ਨੀ

ਉਹ ਬਹੁਤ ਨਿਵੇਕਲੀ ਸ਼ੈਲੀ ਰਾਹੀਂ ਆਪਣੀ ਕਵਿਤਾ ਸਿਰਜਣ ਵਾਲਾ ਸ਼ਾਇਰ ਹੈ।

ਅਨੁਪ੍ਰਾਸ ਅਲੰਕਾਰ :ਪ੍ਰੋ .ਮੋਹਨ ਸਿੰਘ ਦੀਆਂ ਗਜ਼ਲਾਂ ਵਿੱਚ ਕਿਸੇ ਗੱਲ ਨੂੰ ਦੁਹਰਾ ਕੇ ਕਹਿਣ ਦੀ ਜੁਗਤ ਬਹੁਤ ਵਰਤੀ ਗਈ ਹੈ। ਉਹ ਵਾਰ ਵਾਰ ਆਪਣੀ ਕਵਿਤਾ ਵਿਚ ਅਨੁਪ੍ਰਾਸ ਅਲੰਕਾਰ ਵਰਤਦਾ ਹੈ।

ਉਹ ਬਿਟ ਬਿਟ ਤੱਕੇ ਨੀ, ਉਹ ਮੁੜ ਮੁੜ ਪੁੱਛੇ ਨੀ

ਮੈਂ ਗੱਲ ਨਾ ਦੱਸਾਂ ਨੀ

ਸਪਰਸ਼ ਬਿੰਬ :ਪ੍ਰੋ .ਮੋਹਨ ਸਿੰਘ ਬਿੰਬਾਂ ਦਾ ਧਨੀ ਹੈ ਉਹ ਬਹੁਤ ਸੋਹਣੇ ਬਿੰਬ ਆਪਣੀਆਂ ਕਵਿਤਾਵਾਂ ਵਿਚ ਵਰਤਦਾ ਹੈ ਜਿਵੇਂ ਸਪਰਸ਼ ਬਿੰਬ ਦਾ ਇੱਕ ਨਮੂਨਾ ਹੇਠ ਲਿਖੇ ਅਨੁਸਾਰ ਹੈ:

ਮੈਂ ਕਾਲਖ ਲਾਹੀ ਨੀ ਜਾ ਸੁਤੇ ਸੋਹਣੇ ਦੇ

ਮੱਥੇ ਤੇ ਲਾਈ ਨੀ, ਮੈਂ ਤਾੜੀ ਲਾਈ ਨੀ

1.5ਅਭਿਆਸ ਲਈ ਪ੍ਰਸ਼ਨ

1. ਕਵੀ‘ ਅਟਕ ’ਕਵਿਤਾ ਰਾਹੀਂ ਕੀ ਸੁਨੇਹਾ ਦੇ ਰਿਹਾ ਹੈ?
2. ਭਾਈ ਵੀਰ ਸਿੰਘ ਦੀਆਂ ਪ੍ਰਮੁੱਖ ਪੁਸਤਕਾਂ ਦੇ ਨਾਮ ਦੱਸੋ?
3. ‘ਅਟਕ ’ਕਵਿਤਾ ਦੀ ਸ਼ੈਲੀ ਉੱਤੇ ਸੰਖੇਪ ਨੋਟ ਲਿਖੋ?
4. ਪ੍ਰਸੰਗ ਸਹਿਤ ਵਿਆਖਿਆ ਕਰੋ:

ਲਗਾਤਾਰ, ਸਹਿਜ ਸਹਿਜ,

ਹੋਸ਼, ਬੁਧਿ, ਧਰਮ ਨਾਲ,

ਮੇਲ, ਵਿਉਂਤ, ਜੁਗਤਿ ਚਲੇ

ਕੌਣ ਕਰੇ ਸੋ ਸਾਮਨਾ?

5. ਪ੍ਰੋ .ਪੂਰਨ ਸਿੰਘ ਦੀਆਂ ਪ੍ਰਮੁੱਖ ਪੁਸਤਕਾਂ ਕਿਹੜੀਆਂ-ਕਿਹੜੀਆਂ ਹਨ?

6. ਪੁਰਾਣੇ ਪੰਜਾਬ ਨੂੰ ਅਵਾਜ਼ਾਂ ਕਵਿਤਾ ਦਾ ਪ੍ਰਮੁੱਖ ਵਿਸ਼ਾ ਕੀ ਹੈ?

7. ਆਧੁਨਿਕਤਾ ਦੇ ਆਉਣ ਨਾਲ ਪੰਜਾਬੀ ਸਭਿਆਚਾਰ ਵਿਚ ਕੀ ਬਦਲਾਅ ਆਉਂਦਾ ਹੈ?

8. ਪ੍ਰਸੰਗ ਸਹਿਤ ਵਿਆਖਿਆ ਕਰੋ:

ਭਰਾਵਾ ! ਇਹ ਪੁਰਾਣੀ ਬੁੱਢੀ ਜਿਹੀ ਸਾਡੀ ਸਭਿਅਤਾ,

ਦਰਿਆਵਾਂ ਝਨਾਵਾਂ ਦੇ ਫੇਰ ਵਾਲੀ, ਦੂਰੋਂ ਆਈ, ਦੂਰ ਜਾਂਦੀ ;

ਬਿਰਾਦਰੀਆਂ ਮਿਲ ਮਿਲ ਜੀਣਾ ਕਿੱਥੇ ?

ਉਹ ਸਦੀਆਂ ਦੀ ਬੋਹੜ ਕਿਸ ਵੱਢੀ ,

ਉਹ ਪੁਰਾਣਾ ਪਿੱਪਲ ਕਿੱਥੇ ਉੱਡ ਗਿਆ ?

9.' ਅੰਬੀ ਦੇ ਬੂਟੇ ਥੱਲੇ 'ਕਵਿਤਾ ਦਾ ਮੁੱਖ ਵਿਸ਼ਾ ਕੀ ਹੈ?

10. ਪ੍ਰੋ .ਮੋਹਨ ਸਿੰਘ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਚਰਚਾ ਕਰੋ।

11.ਅੰਬੀ ਦੇ ਬੂਟੇ ਥੱਲੇ 'ਕਵਿਤਾ' ਚ ਨਾਇਕਾ ਆਪਣੇ ਪ੍ਰੇਮੀ ਨਾਲ ਬਿਤਾਏ ਕਿਹੜੇ ਪਲਾਂ ਨੂੰ ਯਾਦ ਕਰਦੀ ਹੈ?

12.ਪ੍ਰਸੰਗ ਸਹਿਤ ਵਿਆਖਿਆ ਕਰੋ:

ਤੋਬਾ ਮੈਂ ਭੁੱਲੀ ਨੀ ਹਾੜਾ ਮੈ ਭੁੱਲੀ ਨੀ

ਜੇ ਅੰਬੀ ਕੱਟਾਂਗੀ, ਚੜ ਕਿਸ ਦੇ ਉੱਤੇ

ਰਾਹ ਢੋਲੇ ਦਾ ਤੱਕਾਂਗੀ।

1.6ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

1.ਡਾ .ਰਜਿੰਦਰਪਾਲ ਸਿੰਘ ਬਰਾੜ ,ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ,ਸਾਹਿਤ ਅਕਾਦਮੀ, ਦਿੱਲੀ

2.ਡਾ .ਕਰਮਜੀਤ ਸਿੰਘ ,ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ ,ਗੁਰੂ ਨਾਨਕ ਦੇਵ ਯੂਨੀਵਰਸਿਟੀ ,ਅੰਮ੍ਰਿਤਸਰ

3. ਜਸਵਿੰਦਰ ਸਿੰਘ ,ਨਵੀਂ ਪੰਜਾਬੀ ਕਵਿਤਾ :ਪਛਾਣ ਚਿੰਨ੍ਹ ,ਚੇਤਨਾ ਪ੍ਰਕਾਸ਼ਨ ਲੁਧਿਆਣਾ।

4.ਹਰਿਭਜਨ ਸਿੰਘ ,ਪੂਰਨ ਸਿੰਘ :ਰਚਨਾ-ਵਿਰਚਨਾ ,ਨਵਚੇਤਨ ਪਬਲਿਸ਼ਰਜ਼ ,ਅੰਮ੍ਰਿਤਸਰ

5 .ਖੋਜ ਪੱਤ੍ਰਿਕਾ) ,ਆਧੁਨਿਕ ਕਾਵਿ ਵਿਸ਼ੇਸ਼ ਅੰਕ ,(ਪੰਜਾਬੀ ਯੂਨੀਵਰਸਿਟੀ ,ਪਟਿਆਲਾ

6.ਸੁਖਦੇਵ ਸਿੰਘ ,ਪੰਜਾਬੀ ਕਵਿਤਾ :ਪੁਨਰ ਸੰਵਾਦ ,ਲੋਕਗੀਤ ਪ੍ਰਕਾਸ਼ਨ ,ਚੰਡੀਗੜ੍ਹ

7.ਡਾ .ਯੋਗਰਾਜ ,ਨਵੀਂ ਪੰਜਾਬੀ ਸ਼ਾਇਰ :ਸਮਕਾਲੀ ਸੰਦਰਭ ,ਚੇਤਨਾ ਪ੍ਰਕਾਸ਼ਨ ਲੁਧਿਆਣਾ।

# B.A(Liberal Arts)

## SEMESTAR-III

## ਕੋਰਸ-ਜਰਨਲ ਪੰਜਾਬੀ

| | |
|---|---|
| ਯੂਨਿਟ-2 | ਪੰਜਾਬੀ ਕਵਿਤਾ:' ਅੱਜ ਆਖਾਂ ਵਾਰਿਸ ਸ਼ਾਹ ਨੂੰ' ,'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ 'ਅਤੇ' ਹਰ ਮੋੜ ਤੇ ਸਲੀਬਾਂ 'ਕਵਿਤਾਵਾਂ ਦਾ ਵਿਸ਼ਾ ,ਸਾਰ, ਪ੍ਰਸੰਗ ਸਹਿਤ ਵਿਆਖਿਆ ਅਤੇ ਕਲਾਤਮਕ ਅਧਿਐਨ |

2.1.1 ਭੂਮਿਕਾ

2.1.2 ਪਾਠ ਦਾ ਮੰਤਵ

2.1.3 ਕਵਿਤਾ ਕੀ ਹੈ?

2.1.4 ਆਧੁਨਿਕ ਪੰਜਾਬੀ ਕਵਿਤਾ ਦਾ ਨਿਕਾਸ ਤੇ ਵਿਕਾਸ

2.2 ਪਾਠ ਦੀ ਰੂਪ-ਰੇਖਾ- ਕਵਿਤਾ :ਅੱਜ ਆਖਾਂ ਵਾਰਿਸ ਸ਼ਾਹ ਨੂੰ-ਅੰਮ੍ਰਿਤਾ ਪ੍ਰੀਤਮ

1.2.2 ਕਵਿਤਾ ਦਾ ਮੂਲ ਪਾਠ

2.2.2 ਲੇਖਕ ਨਾਲ ਜਾਣ-ਪਛਾਣ

2.2.3 ਅੱਜ ਆਖਾਂ ਵਾਰਿਸ ਸ਼ਾਹ ਨੂੰ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

2.2.4 ਅੱਜ ਆਖਾਂ ਵਾਰਿਸ ਸ਼ਾਹ ਨੂੰ ਕਵਿਤਾ ਦਾ ਵਿਸ਼ਾ

2.2.5 ਅੱਜ ਆਖਾਂ ਵਾਰਿਸ ਸ਼ਾਹ ਨੂੰ ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ

2.2.6 ਅੱਜ ਆਖਾਂ ਵਾਰਿਸ ਸ਼ਾਹ ਨੂੰ ਕਵਿਤਾ ਦਾ ਕਲਾਤਮਕ ਅਧਿਐਨ

2.3 ਪਾਠ ਦੀ ਰੂਪ-ਰੇਖਾ-ਕਵਿਤਾ :ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ-ਡਾ .ਹਰਿਭਜਨ ਸਿੰਘ

2.3.1 ਕਵਿਤਾ ਦਾ ਮੂਲ ਪਾਠ

2.3.2 ਲੇਖਕ ਨਾਲ ਜਾਣ-ਪਛਾਣ

2.3.3 ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

2.3.4 ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ਕਵਿਤਾ ਦਾ ਵਿਸ਼ਾ-ਵਸਤੂ

2.3.5 ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ

2.3.6 ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ਕਵਿਤਾ ਦਾ ਕਲਾਤਮਕ ਅਧਿਐਨ

2.4 ਪਾਠ ਦੀ ਰੂਪ-ਰੇਖਾ-ਕਵਿਤਾ :ਹਰ ਮੋੜ 'ਤੇ ਸਲੀਬਾਂ :ਡਾ .ਜਗਤਾਰ

2.4.1 ਕਵਿਤਾ ਦਾ ਮੂਲ ਪਾਠ

2.4.2 ਲੇਖਕ ਨਾਲ ਜਾਣ-ਪਛਾਣ

2.4.3 ਹਰ ਮੋੜ' ਤੇ ਸਲੀਬਾਂ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

2.4.4 ਹਰ ਮੋੜ' ਤੇ ਸਲੀਬਾਂ ਕਵਿਤਾ ਦਾ ਵਿਸ਼ਾ-ਵਸਤੂ

2.4.5 ਹਰ ਮੋੜ' ਤੇ ਸਲੀਬਾਂ ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ

2.4.6 ਹਰ ਮੋੜ' ਤੇ ਸਲੀਬਾਂ ਕਵਿਤਾ ਦਾ ਕਲਾਤਮਕ ਅਧਿਐਨ

2.5 ਅਭਿਆਸ ਲਈ ਪ੍ਰਸ਼ਨ

2.6 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

2.0 ਭੂਮਿਕਾ :ਪਿਆਰੇ ਵਿਦਿਆਰਥੀਓ ਤੁਹਾਡੇ ਸਿਲੇਬਸ ਦੇ ਇਸ ਹਿੱਸੇ ਵਿਚ ਪੰਜਾਬੀ ਕਵਿਤਾਵਾਂ ਪੜ੍ਹਾਈਆਂ ਜਾ ਰਹੀਆਂ ਹਨ। ਇਸ ਪਾਠ ਵਿਚ' ਅੱਜ ਆਖਾਂ ਵਾਰਿਸ ਸ਼ਾਹ ਨੂੰ :'ਅੰਮ੍ਰਿਤਾ ਪ੍ਰੀਤਮ' ,ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ :'ਡਾ .ਹਰਿਭਜਨ ਸਿੰਘ ਅਤੇ' ਹਰ ਮੋੜ' ਤੇ ਸਲੀਬਾਂ :'ਡਾ .ਜਗਤਾਰ ਆਦਿ ਕਵਿਤਾਵਾਂ ਪੜ੍ਹਾਈਆਂ ਜਾਣਗੀਆਂ। ਇਸ ਪਾਠ ਵਿਚ ਇਹਨਾਂ ਕਵਿਤਾਵਾਂ ਦਾ ਮੂਲ ਪਾਠ ,ਇਸਦੀ ਪ੍ਰਸੰਗ ਸਹਿਤ ਵਿਆਖਿਆ ,ਲੇਖਕ ਬਾਰੇ ਜਾਣਕਾਰੀ ,ਵਿਸ਼ਾ-ਵਸਤੂ ,ਸਾਰ ਅਤੇ ਕਵਿਤਾ ਦੇ ਕਲਾ ਪੱਖ ਆਦਿ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਇਸ ਪਾਠ ਵਿਚ ਦਿੱਤੀ ਗਈ ਹਰ ਕਵਿਤਾ ਦਾ ਮੂਲ ਪਾਠ ਪੜ੍ਹ ਲੈਣ। ਇਕ ਵਾਰ ਪਾਠ ਪੜ੍ਹ ਲੈਣ ਉਪਰੰਤ ਵਿਦਿਆਰਥੀਆਂ ਆਪ ਵੀ ਪ੍ਰਸੰਗ ਸਹਿਤ ਵਿਆਖਿਆ ,ਵਿਸ਼ਾ-ਵਸਤੂ ਅਤੇ ਸਾਰ ਅਤੇ ਕਲਾ ਪੱਖ ਬਾਰੇ ਲਿਖਣ ਦਾ ਅਭਿਆਸ ਜ਼ਰੂਰ ਕਰਨ।

2.1 ਪਾਠ ਦਾ ਮੰਤਵ :ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਕਵਿਤਾ ਨੂੰ ਪੜ੍ਹਨ ਅਤੇ ਸਮਝਣ / ਸਮਝਾਉਣ ਦੇ ਸਮਰੱਥ ਬਣਾਉਣਾ ਹੈ। ਕਵਿਤਾ ਸਭ ਤੋਂ ਪੁਰਾਤਨ ਸਾਹਿਤ ਰੂਪ ਹੈ। ਕਵਿਤਾ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਸੂਖ਼ਮ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ,ਉੱਥੇ ਨਾਲ੍ਹੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਕਵਿਤਾ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ। ਕਵਿਤਾ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ' ਅੱਜ ਆਖਾਂ ਵਾਰਿਸ ਸ਼ਾਹ ਨੂੰ' ,'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ 'ਅਤੇ' ਹਰ ਮੋੜ' ਤੇ ਸਲੀਬਾਂ 'ਆਦਿ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ ,ਲੇਖਕ ਬਾਰੇ ਜਾਣਕਾਰੀ , ਵਿਸ਼ਾ-ਵਸਤੂ ,ਸਾਰ ਅਤੇ ਕਲਾ ਪੱਖ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਪੰਜਾਬੀ ਕਵਿਤਾ ਨੂੰ ਸਮਝਣ ਦੇ ਕਾਬਿਲ ਹੋ ਸਕਣ।

2.1.3 ਕਵਿਤਾ ਕੀ ਹੈ :?ਕਵਿਤਾ ਸਾਹਿਤ ਦਾ ਪੁਰਾਤਨ ਕਾਵਿ ਰੂਪ ਹੈ। ਕਵਿਤਾ ਮਨੁੱਖ ਦੀਆਂ ਸੂਖ਼ਮ ਭਾਵਨਾਵਾਂ ਨੂੰ ਇੱਕ ਖਾਸ ਤਰ੍ਹਾਂ ਦੀ ਲੈਅ ਵਿਚ ਪੇਸ਼ ਕਰਦੀ ਹੈ। ਕਵਿਤਾ ਵਿਚ ਜਜ਼ਬੇ ,ਕਲਪਨਾ ,ਲੈਅ ,ਖਿਆਲ ਆਦਿ ਦਾ ਸੁਮੇਲ ਹੁੰਦਾ ਹੈ। ਕਵਿਤਾ ਮਨੁੱਖ ਦੇ ਸੂਖ਼ਮ ਭਾਵਾਂ ਦਾ ਕਲਾਤਮਕ ਢੰਗ ਨਾਲ਼ ਕੀਤਾ ਗਿਆ ਪ੍ਰਗਟਾਵਾ ਹੈ। ਇਹ ਮਨੁੱਖੀ ਵਲਵਲਿਆਂ ਦਾ ਬੇਰੋਕ ਉਛਾਲਾ ਹੈ ਜੋ ਆਪ-ਮੁਹਾਰੇ ਬਾਹਰ ਨਿੱਕਲਦਾ ਹੈ।

2.1.4 ਆਧੁਨਿਕ ਪੰਜਾਬੀ ਕਵਿਤਾ ਦਾ ਨਿਕਾਸ ਤੇ ਵਿਕਾਸ :ਪੰਜਾਬੀ ਕਵਿਤਾ ਦਾ ਇਤਿਹਾਸ ਬਹੁਤ ਪੁਰਾਤਨ ਹੈ। ਭਾਸ਼ਾ ਵਿਗਿਆਨੀ ਏਥੋਂ ਤੱਕ ਵੀ ਦਾਅਵਾ ਕਰਦੇ ਹਨ ਕਿ ਵੇਦਾਂ ਵਿਚਲੀ ਸੰਸਕ੍ਰਿਤ ਪੁਰਾਤਨ ਪੰਜਾਬੀ ਦਾ ਹੀ ਰੂਪ ਹੈ। ਇਸ ਤਰ੍ਹਾਂ ਪੰਜਾਬੀ ਕਵਿਤਾ ਦਾ ਇਤਿਹਾਸ ਵੇਦਾਂ ਦੀ ਕਵਿਤਾ ਤੱਕ ਜਾ ਪਹੁੰਚਦਾ ਹੈ। ਪੰਜਾਬੀ ਕਵਿਤਾ ਦੀ ਇਸ ਕਾਲ ਲੰਮੀ ਪਰੰਪਰਾ ਦਾ ਉੱਭਰਵਾਂ ਰੂਪ ਅੱਠਵੀਂ-ਨੌਵੀਂ ਸਦੀ ਵਿਚ ਜਾ ਕੇ ਨਾਥ-ਜੋਗੀਆਂ ਦੀ ਕਵਿਤਾ ਵਿਚ ਦਿਖਦਾ ਹੈ। ਇਸ ਤੋਂ ਬਾਅਦ ਪੰਜਾਬੀ ਕਵਿਤਾ ਪਹਿਲੀ ਵਾਰ ਆਪਣੇ ਨਿੱਖਰਵੇਂ ਰੂਪ ਵਿਚ ਬਾਰ੍ਹਵੀਂ-ਤੇਰ੍ਹਵੀਂ ਸਦੀ ਵਿਚ ਬਾਬਾ ਫ਼ਰੀਦ ਦੀ ਬਾਣੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਬਾਬਾ ਫ਼ਰੀਦ ਦੀ ਰਚਨਾ ਵਿਚ ਪਹਿਲੀ ਵਾਰ ਦੁਨਿਆਵੀ ਬਿੰਬ ਪ੍ਰਤੀਕ ,ਆਮ ਲੋਕਾਂ ਦਾ ਕਾਰ-ਵਿਹਾਰ ਸ਼ਾਮਿਲ ਹੁੰਦਾ ਹੈ। ਅਗਲ਼ਾ ਦੌਰ ਗੁਰਮਤਿ ਕਾਲ ਦਾ ਹੈ। ਜਿਸ ਵਿਚ ਪੰਜਾਬ ਅਤੇ ਪੰਜਾਬੀ ਭਾਸ਼ਾ ਜਿੱਥੇ ਗੁਰਮੁਖੀ ਵਰਗੀ ਲਿਪੀ ਦੀ ਯੋਗ ਵਰਤੋਂ ਕਰਨ ਵਰਗੇ ਵਡੇਰੇ ਕਾਰਜ ਵਿਚੋਂ ਲੰਘਦੀ ਹੈ ਓਥੇ ਹੀ ਅਧਿਆਤਮਿਕਤਾ ਦੇ ਵਿਸ਼ਾਲ ਮੰਡਲਾਂ ਦੀ ਯਾਤਰਾ ਵੀ ਕਰਦੀ ਹੈ। ਗੁਰਮਤਿ ਕਾਲ ਦੀ ਰਚਨਾ ਵਿਚਲਾ ਅਧਿਆਤਮ ਮਨੁੱਖ ਦੇ ਅੰਦਰ ਵੱਲ ਦਾ ਯਾਤਰਾ ਕਰਨ ਵੱਲ ਅਗਰਸਰ ਹੈ। ਇਸ ਮੱਧਕਾਲ ਦੇ ਸਮੇਂ ਦੌਰਾਨ ਸੂਫ਼ੀ ਸਾਹਿਤ ,ਕਿੱਸਾ ਸਾਹਿਤ ,ਬੀਰ ਸਾਹਿਤ ਆਦਿ ਦਾ ਦੌਰ ਵੀ ਚਲਦਾ ਰਿਹਾ। ਇਹ ਸਾਰੀ ਰਚਨਾ ਲੌਕਿਕ )ਦੁਨਿਆਵੀ (ਹੁੰਦਿਆਂ ਹੋਇਆਂ ਵੀ ਪਰਾਲੌਕਿਕਤਾ ਦਾ ਪ੍ਰਭਾਵ ਕਬੂਲਦੀ ਰਹੀ ਹੈ। ਇਸ ਤਰ੍ਹਾਂ ਦੇ ਅਸਾਰ ਸਾਨੂੰ ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕੇ ਤੱਕ ਦੀ ਕਵਿਤਾ ਤੱਕ ਨਜ਼ਰ ਆਉਂਦੇ ਹਨ। ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਉਨ੍ਹੀਵੀਂ ਭਾਈ ਵੀਰ ਸਿੰਘ ,ਧਨੀ ਰਾਮ ਚਾਤ੍ਰਿਕ ਆਦਿ ਦੀ ਕਵਿਤਾ ਵਿਚੋਂ ਇਹ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦੇ ਹਨ। ਵੀਹਵੀਂ ਸਦੀ ਦੇ ਦੂਸਰੇ ਅਤੇ ਤੀਸਰੇ ਦਹਾਕੇ ਵਿਚ ਪ੍ਰੋ .ਪੂਰਨ ਸਿੰਘ ਪੰਜਾਬੀ ਕਵਿਤਾ ਨੂੰ ਇਕ ਨਵੀਂ ਲੀਹੇ ਪਾਉਂਦਾ ਹੈ। ਉਸਦੀ ਕਵਿਤਾ ਵਿਚ ਰਾਸ਼ਟਰ ਪ੍ਰੇਮ ਸੱਭਿਅਤਾ ਦੇ ਪ੍ਰੇਮ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਜਿਸ ਨੂੰ ਉਹ ਉਸ ਸਮੇਂ ਦੀ ਰਾਜਨੀਤਿਕ ਸਥਿਤੀ ਦੇ ਟਕਰਾਅ ਵਿਚੋਂ ਉਭਾਰਦਾ ਹੈ। ਵੀਹਵੀਂ ਸਦੀ ਵਿਚਲਾ ਇਹ ਪ੍ਰਗਟਾ ਰੂਪ ਮੱਧਕਾਲ ਵਿਚਲੀ ਉਸੇ ਰਾਜਨੀਤਿਕ ਚੇਤਨਾ ਦਾ ਵਰ ਮੇਚਵਾਂ ਰੂਪ ਹੈ। ਜਿਹੜਾ ਫੇਰ ਉਸ ਸਮੇਂ ਤੋਂ ਅਗਲੀ ਕਵਿਤਾ ਦਾ ਖਾਸਾ ਬਣ ਜਾਂਦਾ ਹੈ। ਇਸ ਪਾਠ ਵਿਚ ਅਧੁਨਿਕ ਕਵੀਆਂ ਦੀ ਕਵਿਤਾ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਉਹਨਾਂ ਦੀ ਕਵਿਤਾ ਦੇ ਪ੍ਰਮੁੱਖ ਸਰੋਕਾਰਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

2.2 ਪਾਠ ਦੀ ਰੂਪ-ਰੇਖਾ– ਕਵਿਤਾ : ਅੱਜ ਆਖਾਂ ਵਾਰਿਸ ਸ਼ਾਹ ਨੂੰ - ਅੰਮ੍ਰਿਤਾ ਪ੍ਰੀਤਮ

2.2.1 ਕਵਿਤਾ ਦਾ ਮੂਲ ਪਾਠ

ਅੱਜ ਆਖਾਂ ਵਾਰਿਸ ਸ਼ਾਹ ਨੂੰ

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ!

ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ!

ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ

ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ:

ਵੇ ਦਰਦਮੰਦਾਂ ਦਿਆ ਦਰਦੀਆ ! ਉਠ ਤੱਕ ਅਪਣਾ ਪੰਜਾਬ

ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ

ਤੇ ਉਹਨਾ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ

ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁਟਿਆ ਜ਼ਹਿਰ

ਗਿਠ ਗਿਠ ਚੜ੍ਹੀਆਂ ਲਾਲੀਆਂ ਫੁੱਟ ਫੁੱਟ ਚੜ੍ਹਿਆ ਕਹਿਰ

ਵਿਹੁ ਵਲਿੱਸੀ ਵਾ ਫਿਰ ਵਣ ਵਣ ਵੱਗੀ ਜਾ

ਉਹਨੇ ਹਰ ਇਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ

ਪਹਿਲਾ ਡੰਗ ਮਦਾਰੀਆਂ ਮੰਤ੍ਰ ਗਏ ਗੁਆਚ

ਦੂਜੇ ਡੰਗ ਦੀ ਲੱਗ ਗਈ ਜਣੇ ਖਣੇ ਨੂੰ ਲਾਗ

ਲਾਗਾਂ ਕੀਲੇ ਲੋਕ ਮੂੰਹ ਬੱਸ ਫਿਰ ਡੰਗ ਹੀ ਡੰਗ

ਪਲੋ ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ...

ਗਲਿਓਂ ਟੁੱਟੇ ਗੀਤ ਫਿਰ ਤ੍ਰਕਲਿਓਂ ਟੁੱਟੀ ਤੰਦ

ਤ੍ਰਿੰਜਣੋ ਟੁੱਟੀਆਂ ਸਹੇਲੀਆਂ ਚਰੱਖੜੇ ਘੂਕਰ ਬੰਦ

ਸਣੇ ਸੇਜ਼ ਡੇ ਬੇੜੀਆਂ ਲੁੱਡਣ ਦਿੱਤੀਆਂ ਰੋੜ੍ਹ

ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ੍ਹ

ਜਿਥੇ ਵਜਦੀ ਸੀ ਫੂਕ ਪਿਆਰ ਦੀ ਵੇ ਉਹ ਵੰਝਲੀ ਗਈ ਗੁਆਚ

ਰਾਂਝੇ ਦੇ ਸਭ ਵੀਰ ਅੱਜ ਭੁੱਲ ਗਏ ਉਸਦੀ ਜਾਚ...

ਧਰਤੀ ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ

ਪ੍ਰੀਤ ਦੀਆਂ ਸ਼ਾਹਜਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ...

ਅੱਜ ਸੱਭੇ ਕੈਦੋਂ ਬਣ ਗਏ, ਹੁਸਨ ਇਸ਼ਕ ਦੇ ਚੋਰ

ਅੱਜ ਕਿਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇਕ ਹੋਰ...

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ!

ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ!

2.2.2 ਲੇਖਕ ਨਾਲ ਜਾਣ-ਪਛਾਣ :ਪੰਜਾਬੀ ਸਾਹਿਤ ਵਿੱਚ ਅੰਮ੍ਰਿਤਾ ਪ੍ਰੀਤਮ ਇੱਕ ਵੱਡੀ ਕਵਿੱਤਰੀ, ਨਾਵਲਕਾਰ, ਕਹਾਣੀਕਾਰ ਅਤੇ ਵਾਰਤਕਕਾਰ ਹੈ। ਉਹ ਪਹਿਲੀ ਅਹਿਮ ਨਾਰੀ ਲੇਖਿਕਾ ਹੈ ਜਿਸ ਨੇ ਆਪਣੇ ਸਮਕਾਲੀ ਸਮਾਜ ਦੇ ਵੱਖ ਵੱਖ ਔਰਤ ਵਿਰੋਧੀ ਤੱਥਾਂ ਦਾ ਵਰਣਨ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਤੋਂ ਬਿਨਾਂ ਪੰਜਾਬੀ ਸਾਹਿਤ ਦੀ ਵੀਹਵੀਂ ਸਦੀ ਨੂੰ ਸਮਝਿਆ ਹੀ ਨਹੀਂ ਜਾ ਸਕਦਾ। ਉਸ ਨੂੰ ਸਦੀ ਦੇ ਸਭ ਤੋਂ ਅਹਿਮ ਕਵੀਆਂ ਵਿੱਚ ਮੰਨਿਆ ਜਾਂਦਾ ਹੈ। ਛੇ ਦਹਾਕਿਆਂ ਵਿੱਚ ਫੈਲੇ ਆਪਣੇ ਸਾਹਿਤਕ ਸਫ਼ਰ ਦੌਰਾਨ ਉਸਨੇ ਕਵਿਤਾ, ਨਾਵਲ, ਜੀਵਨੀ, ਨਿਬੰਧ ਵਰਗੀਆਂ ਵਿਧਾਵਾਂ ਦੇ ਅੰਦਰ ਸੌ ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਇਨ੍ਹਾਂ ਰਚਨਾਵਾਂ ਵਿੱਚ ਅੰਮ੍ਰਿਤਾ ਪ੍ਰੀਤਮ ਦੇ 20 ਕਾਵਿ-ਸੰਗ੍ਰਹਿ, 13 ਕਹਾਣੀ-ਸੰਗ੍ਰਹਿ, ਵਾਰਤਕ ਦੀਆਂ ਕਿਤਾਬਾਂ, ਤਿੰਨ ਸਫ਼ਰਨਾਮੇ, ਦੋ ਸਵੈ-ਜੀਵਨੀਆਂ ਅਤੇ ਪੰਜਾਬੀ ਲੋਕ ਗੀਤਾਂ ਦਾ ਇੱਕ ਸੰਗ੍ਰਿਹ ਵੀ ਸ਼ਾਮਿਲ ਹਨ। ਉਸ ਦੀਆਂ ਕਿਤਾਬਾਂ ਨੂੰ ਕਈ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਗਿਆ ਹੈ। ਉਸ ਦੀਆਂ ਰਚਨਾਵਾਂ ਔਰਤ ਦੀ ਹੋਂਦ, ਜਗੀਰਦਾਰੀ ਪ੍ਰਬੰਧ ਵਿੱਚ ਮਜ਼ਦੂਰਾਂ ਦੀ ਹਾਲਤ, ਪੰਜਾਬੀ ਸਮਾਜ ਵਿੱਚ ਸਰਮਾਏਦਾਰੀ ਦੀ ਆਮਦ ਆਦਿ ਵਿਸ਼ਿਆਂ ਨਾਲ ਸੰਬੰਧਤ ਹਨ। ਉਸ ਦੀਆਂ ਰਚਨਾਵਾਂ ਵਿੱਚੋਂ 'ਡਾਕਟਰ ਦੇਵ', 'ਪਿੰਜਰ', 'ਇਕ ਸਵਾਲ', 'ਅੱਗ ਦੀ ਲਕੀਰ', 'ਇਹ ਸੱਚ ਹੈ', 'ਰਸੀਦੀ ਟਿਕਟ', 'ਇਕ ਸ਼ਹਿਰ ਦੀ ਮੌਤ', 'ਕੁੰਜੀਆਂ', 'ਨਾਗਮਣੀ', 'ਮੈਂ ਤਵਾਰੀਖ ਹਾਂ ਹਿੰਦ ਦੀ', 'ਸਰਘੀ ਵੇਲਾ' ਆਦਿ ਪ੍ਰਸਿੱਧ ਰਚਨਾਵਾਂ ਹਨ। ਅੰਮ੍ਰਿਤਾ ਪ੍ਰੀਤਮ ਨੇ 1966 ਤੋਂ ਨਾਗਮਣੀ ਮਾਸਿਕ ਪੱਤਰ ਦੀ ਸੰਪਾਦਨਾ ਸ਼ੁਰੂ ਕੀਤੀ।ਉਨ੍ਹਾਂ ਨੂੰ ਆਪਣੀਆਂ ਰਚਨਾਵਾਂ ਦੇ ਲਈ ਸਾਹਿਤ ਅਕਾਦਮੀ ਪੁਰਸਕਾਰ, ਪਦਮ ਵਿਭੂਸ਼ਣ ਸਨਮਾਨ ਅਤੇ ਹੋਰ ਕਈ ਵੱਡੇ ਸਨਮਾਨ ਮਿਲੇ ਹਨ।

2.2.3 ਅੱਜ ਆਖਾਂ ਵਾਰਿਸ ਸ਼ਾਹ ਨੂੰ 'ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

ਉਠ ਦਰਦਮੰਦਾਂ ਦਿਆ ਦਰਦਦੀਆ ! ਉਠ ਤੱਕ ਅਪਣਾ ਪੰਜਾਬ

ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ

ਤੇ ਉਹਨਾ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ

ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁਟਿਆ ਜ਼ਹਿਰ

ਗਿਠ ਗਿਠ ਚੜ੍ਹੀਆਂ ਲਾਲੀਆਂ ਫੁੱਟ ਫੁੱਟ ਚੜ੍ਹਿਆ ਕਹਿਰ

ਪ੍ਰਸੰਗ :ਇਹ ਕਾਵਿ ਸਤਰਾਂ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ' ਅੱਜ ਆਖਾਂ ਵਾਰਿਸ ਸ਼ਾਹ ਨੂੰ 'ਕਵਿਤਾ ਵਿੱਚੋਂ ਲਈਆਂ ਗਈਆਂ ਹਨ। ਇਹ ਕਵਿਤਾ ਦੇਸ਼ ਵੰਡ ਦੌਰਾਨ ਪੰਜਾਬ ਦੇ ਕਰੂਰ ਹਾਲਾਤਾਂ ਬਾਰੇ ਸੱਚਾਈ ਨੂੰ ਬਿਆਨ ਕਰਦੀ ਹੈ। 1947 ਦੀ ਆਜ਼ਾਦੀ ਦੌਰਾਨ ਜਿੱਥੇ ਸਾਰਾ ਦੇਸ਼ ਜਸ਼ਨ ਮਨਾ ਰਿਹਾ ਸੀ ਉੱਥੇ ਪੰਜਾਬ ਵਿੱਚ ਲਹੂ ਦੇ ਦਰਿਆ ਵਗ ਰਹੇ ਸਨ। ਭਾਰਤੀ ਸਭਿਆਚਾਰ ਦੇ ਰਾਂਗਲੇ ਪੰਘੂੜੇ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ, ਜਿਸ ਕਾਰਨ ਪੱਛਮੀ ਪੰਜਾਬ) ਪਾਕਿਸਤਾਨ (ਅਤੇ ਪੂਰਬੀ ਪੰਜਾਬ) ਭਾਰਤ (ਵਿੱਚ ਰਹਿਣ ਵਾਲੇ ਲੱਖਾਂ ਲੋਕਾਂ ਨੂੰ ਬੇਘਰ ਹੋਣਾ ਪਿਆ। ਇਸ ਕਾਵਿ ਟੁਕੜੇ ਵਿਚ ਵੀ ਦੇਸ਼ ਵੰਡ ਦੌਰਾਨ ਹੋਏ ਮਨੁੱਖੀ ਘਾਣ ਅਤੇ ਜਬਰ ਜੁਲਮ ਦੀ ਤਸਵੀਰ ਪੇਸ਼ ਕੀਤੀ ਗਈ ਹੈ।

ਵਿਆਖਿਆ :ਇਹਨਾਂ ਸਤਰਾਂ ਵਿਚ ਅੰਮ੍ਰਿਤਾ ਪ੍ਰੀਤਮ ਦੇਸ਼ ਵੰਡ ਤੋਂ ਬਾਅਦ ਦੇ ਦਰਦਨਾਕ ਮੰਜ਼ਰ ਨੂੰ ਪੇਸ਼ ਕਰਦੀ ਹੈ। ਜਿਸ ਪੰਜਾਬ ਦੀ ਵਾਰਿਸ ਸ਼ਾਹ ਨੇ ਆਪਣੇ ਕਿੱਸੇ ਵਿੱਚ ਬਹੁਤ ਸਿਫ਼ਤ ਕੀਤੀ ਹੈ, ਜਿਸਦੇ ਲੋਕਾਂ ਦੇ ਖੁੱਲ੍ਹੇ ਡੁੱਲ੍ਹੇ ਰਹਿਣ, ਇੱਥੋਂ ਦੇ ਸੱਭਿਆਚਾਰ ਦੀ ਸਿਫ਼ਤ ਦੇ ਪੁਲ ਬੰਨ੍ਹੇ ਹਨ, ਅੱਜ ਉਸੇ ਪੰਜਾਬ ਦਾ ਇਹ ਹਾਲ ਵੇਖ ਕੇ ਅੰਮ੍ਰਿਤਾ ਪ੍ਰੀਤਮ ਉਸਨੂੰ ਸੰਬੋਧਿਤ ਹੋ ਕੇ ਪੰਜਾਬ ਦੀਆਂ ਲੱਖਾਂ ਧੀਆਂ ਦੀ ਰੁਲ ਰਹੀ ਇੱਜਤ ਆਬਰੂ ਬਾਰੇ ਲਿਖਣ ਲਈ ਕਹਿੰਦੀ ਹੈ। ਦੇਸ਼ ਵੰਡ ਨਾਲ ਪੰਜਾਬ ਦੀ ਫ਼ਿਜ਼ਾ ਵਿਚ ਧਰਮ ਦੇ ਨਾਮ ਤੇ ਫ਼ੈਲੇ ਜ਼ਹਿਰ ਬਾਰੇ ਕਹਿੰਦੀ ਹੈ ਕਿ ਅੱਜ ਪੰਜਾਬ ਦੇ ਪਾਣਿਆਂ ਵਿਚ ਕਿਸੇ ਨੇ ਜ਼ਹਿਰ ਰਲਾ ਦਿੱਤੀ ਹੈ। ਚਾਰੇ ਪਾਸੇ ਲਾਸ਼ਾਂ ਵਿਛੀਆਂ ਹਨ ਅਤੇ ਚਨਾਬ ਲਹੂ ਨਾਲ ਭਰੀ ਪਈ ਹੈ। ਅੱਜ ਪੰਜਾਬ ਦੀ ਜ਼ਮੀਨ ਵਿੱਚੋਂ ਧਰਮ ਅਤੇ ਮਜਹਬ ਦੇ ਨਾਮ ਦੀਆਂ ਨਫ਼ਰਤਾਂ ਭਰੀਆਂ ਫ਼ਸਲਾਂ ਉੱਗ ਰਹੀਆਂ ਹਨ।

2.2.4 ਅੱਜ ਆਖਾਂ ਵਾਰਿਸ ਸ਼ਾਹ ਨੂੰ ਕਵਿਤਾ ਦਾ ਵਿਸ਼ਾ : ਅੱਜ ਆਖਾਂ ਵਾਰਿਸ ਸ਼ਾਹ ਨੂੰ ਕਵਿਤਾ ਦੇਸ਼ ਵੰਡ ਦੌਰਾਨ ਪੰਜਾਬ ਦੇ ਹਾਲਾਤਾਂ ਬਾਰੇ ਸੱਚਾਈ ਨੂੰ ਬਿਆਨ ਕਰਦੀ ਹੈ। 1947 ਦੀ ਆਜ਼ਾਦੀ ਦੌਰਾਨ ਜਿੱਥੇ ਸਾਰਾ ਦੇਸ਼ ਜਸ਼ਨ ਮਨਾ ਰਿਹਾ ਸੀ ਉੱਥੇ ਪੰਜਾਬ ਵਿੱਚ ਲਹੂ ਦੇ ਦਰਿਆ ਵਗ ਰਹੇ ਸਨ। ਭਾਰਤੀ ਸਭਿਆਚਾਰ ਦੇ ਰਾਂਗਲੇ ਪੰਘੂੜੇ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ, ਜਿਸ ਕਾਰਨ ਪੱਛਮੀ ਪੰਜਾਬ) ਪਾਕਿਸਤਾਨ (ਅਤੇ ਪੂਰਬੀ ਪੰਜਾਬ )ਭਾਰਤ (ਵਿੱਚ ਰਹਿਣ ਵਾਲੇ ਲੱਖਾਂ ਲੋਕਾਂ ਨੂੰ ਬੇਘਰ ਹੋਣਾ ਪਿਆ। ਦਸ ਲੱਖ ਤੋਂ ਵੱਧ ਪੰਜਾਬੀਆਂ ਨੂੰ ਸੰਕਟ ਦੇ ਇਸ ਸਮੇਂ ਮਜ਼ਹਬੀ ਜਨੂੰਨੀਆਂ ਦੀ ਹਿੰਸਾ ਦਾ ਸ਼ਿਕਾਰ ਹੋਣਾ ਪਿਆ। ਇਸ ਸੰਕਟ ਸਮੇਂ ਅੰਮ੍ਰਿਤਾ ਪ੍ਰਤੀਮ ਨੂੰ ਖ਼ੁਦ ਆਪਣੇ ਪਰਿਵਾਰ ਸਮੇਤ ਪੱਛਮੀ ਪੰਜਾਬ ਤੋਂ ਇੱਧਰ ਦਿੱਲੀ ਆ ਕੇ ਸ਼ਰਨ ਲੈਣੀ ਪਈ। ਦੇਸ਼ ਵੰਡ ਦੀ ਤ੍ਰਾਸਦੀ ਦੇ ਇਸੇ ਦਰਦ ਨੂੰ ਅੰਮ੍ਰਿਤਾ ਨੇ ਆਪਣੀ ਕਵਿਤਾ' ਅੱਜ ਆਖਾਂ ਵਾਰਿਸ ਸ਼ਾਹ ਨੂੰ 'ਨੂੰ ਵਿੱਚ ਦਰਦਮਈ ਲਫ਼ਜ਼ਾਂ ਰਾਹੀਂ ਬਿਆਨ ਕੀਤਾ

ਹੈ। ਇਸ ਕਵਿਤਾ ਰਾਹੀਂ ਅੰਮ੍ਰਿਤਾ, ਪੰਜਾਬੀ ਸਾਹਿਤ ਦੇ ਮਕਬੂਲ ਕਿੱਸਾਕਾਰ ਵਾਰਿਸ ਸ਼ਾਹ ਨੂੰ ਸੰਬੋਧਨ ਹੁੰਦੀ ਤੇ ਉਲਾਂਭਾ ਦਿੰਦੀ ਹੋਈ ਆਖਦੀ ਹੈ ਕਿ,

ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ

ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

ਅੰਮ੍ਰਿਤਾ ਕਹਿੰਦੀ ਹੈ ਕਿ ਅੱਜ ਤੇਰੇ ਦੇਸ਼ ਦੀਆਂ ਲੱਖਾਂ ਧੀਆਂ ਵਿਰਲਾਪ ਕਰ ਰਹੀਆਂ ਹਨ, ਅੱਜ ਤੈਨੂੰ ਉਹ ਕਿਉਂ ਨੀ ਨਜ਼ਰੀਂ ਆ ਰਹੀਆਂ। ਇਸ ਪੂਰੀ ਕਵਿਤਾ ਅੰਦਰ ਉਹ ਵੰਡ ਦੇ ਸਾਰੇ ਦਰਦ ਨੂੰ ਬਿਆਨ ਕਰਦੀ ਹੈ।

ਧਰਤੀ' ਤੇ ਲਹੂ ਵੱਸਿਆ ਕਬਰਾਂ ਪਈਆਂ ਰੋਣ...

ਅੱਜ ਸੱਭੇ ਕੈਦੋਂ ਬਣ ਗਏ ਹੁਸਨ ਇਸ਼ਕ ਦੇ ਚੋਰ

ਅੱਜ ਕਿੱਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇੱਕ ਹੋਰ...

ਇਹ ਕਵਿਤਾ 1947 ਦੀ ਦੇਸ਼ ਵੰਡ ਦੀ ਤ੍ਰਾਸਦੀ ਦੀ ਹੂਬਹੂ ਤਸਵੀਰ ਪੇਸ਼ ਕਰਦੀ ਹੈ, ਜਿਸ ਵਿੱਚ ਅੰਮ੍ਰਿਤਾ ਪ੍ਰੀਤਮ ਪੰਜਾਬੀ ਸਾਹਿਤ ਦੇ ਮਕਬੂਲ ਕਿੱਸਾਕਾਰ ਵਾਰਿਸ ਸ਼ਾਹ ਨੂੰ ਆਪਣਾ ਰੋਸ ਦਿਖਾਉਂਦੀ ਹੋਈ ਆਖਦੀ ਹੈ ਕਿ,

'ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ

ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।'

2.2.5 ਅੱਜ ਆਖਾਂ ਵਾਰਿਸ ਸ਼ਾਹ ਨੂੰ 'ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ :ਇਸ ਕਵਿਤਾ ਦਾ ਮੁੱਖ ਵਿਸ਼ਾ 1947 ਦੀ ਦੇਸ਼ ਵੰਡ ਹੈ, ਜਿਸ ਵਿੱਚ ਹੋਏ ਮਨੁੱਖੀ ਘਾਣ ਦੀ ਪੇਸ਼ਕਾਰੀ ਵਿੱਚ ਵਿਸ਼ੇਸ਼ ਤੌਰ' ਤੇ ਔਰਤਾਂ' ਤੇ ਹੋਏ ਜਬਰ ਜੁਲਮ ਦੀ ਤਸਵੀਰ ਪੇਸ਼ ਕਰਦੀ ਹੋਈ ਅੰਮ੍ਰਿਤਾ ਪ੍ਰੀਤਮ ਵਾਰਿਸ ਸ਼ਾਹ ਨੂੰ ਆਖਦੀ ਹੈ ਕਿ ਪੰਜਾਬ ਦੀ ਇੱਕ ਧੀ) ਹੀਰ (ਦਾ ਰੋਣਾ ਤੇਰੇ ਤੋਂ ਦੇਖਿਆ ਨਹੀਂ ਗਿਆ ਸੀ ਤੇ ਅੱਜ ਪੰਜਾਬ ਦੀਆਂ ਲੱਖਾਂ ਧੀਆਂ ਰੋ ਰਹੀਆਂ ਹਨ, ਲੱਖਾਂ ਧੀਆਂ ਦੀ ਬੇਪੱਤੀ ਕੀਤੀ ਗਈ ਹੈ, ਲੱਖਾਂ ਦੇ ਸੁਹਾਗ ਉਜਾੜ ਦਿੱਤੇ ਗਏ ਹਨ, ਅੱਜ ਤੈਨੂੰ ਉਹਨਾਂ ਦਾ ਰੋਣਾ ਕਿਉਂ ਨਹੀਂ ਦਿਸ ਰਿਹਾ। ਜਿਸ ਪੰਜਾਬ ਦੀ ਵਾਰਿਸ ਸ਼ਾਹ ਨੇ ਆਪਣੇ ਕਿੱਸੇ ਵਿੱਚ ਬਹੁਤ ਸਿਫ਼ਤ ਕੀਤੀ ਹੈ, ਜਿਸਦੇ ਲੋਕਾਂ ਦੇ ਖੁੱਲ੍ਹੇ ਡੁੱਲ੍ਹੇ ਰਹਿਣ, ਇੱਥੋਂ ਦੇ ਸੱਭਿਆਚਾਰ ਦੀ ਸਿਫ਼ਤ ਦੇ ਪੁਲ ਬੰਨ੍ਹੇ ਹਨ, ਅੱਜ ਉਸੇ ਪੰਜਾਬ ਦਾ ਇਹ ਹਾਲ ਵੇਖ ਕੇ ਅੰਮ੍ਰਿਤਾ ਪ੍ਰੀਤਮ ਆਖਦੀ ਹੈ:

ਵੇ ਦਰਦਮੰਦਾਂ ਦਿਆਂ ਦਰਦੀਆ !ਉਠ ਤੱਕ ਆਪਣਾ ਪੰਜਾਬ,

ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ।

ਤੇ ਉਨਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।

ਫਿਰ ਅੰਮ੍ਰਿਤਾ ਉਨ੍ਹਾਂ ਤ੍ਰਿੰਞਣਾਂ ਦੀ ਗੱਲ ਕਰਦੀ ਹੈ,ਜਿਹੜੇ ਪੰਜਾਬੀ ਸੱਭਿਆਚਾਰ ਦਾ ਇੱਕ ਖ਼ਾਸ ਅੰਗ ਮੰਨੇ ਜਾਂਦੇ ਨੇ, ਜਿੱਥੇ ਪੰਜਾਬੀ ਮੁਟਿਆਰਾਂ ਹੱਸਦੀਆਂ-ਗਾਉਂਦੀਆਂ ਸਨ, ਜਿੱਥੇ ਬੈਠ ਕੇ ਉਹ ਚਰਖੇ ਕੱਤਦੀਆਂ ਸਨ, ਜਿੱਥੇ ਉਹ ਪੀਘਾਂ ਝੂਟਦੀਆਂ ਸਨ। ਅੱਜ ਉਹਨਾਂ ਤ੍ਰਿੰਞਣਾਂ ਦੀਆਂ ਰੌਣਕਾਂ ਵੀ ਖ਼ਤਮ ਕਰ ਦਿੱਤੀਆਂ ਗਈਆਂ ਹਨ। ਉਹਨਾਂ ਚਰਖਿਆਂ ਦੀ ਘੂਕਰ ਵੀ ਬੰਦ ਕਰ ਦਿੱਤੀ ਗਈ ਹੈ। ਅੰਮ੍ਰਿਤਾ ਆਖਦੀ ਹੈ,

ਗਲਿਓਂ ਟੁੱਟੇ ਗੀਤ ਫਿਰ ਤ੍ਰੱਕਲਿਉਂ ਟੁੱਟੀ ਤੰਦ

ਤ੍ਰਿੰਜਣੋਂ ਟੁੱਟੀਆਂ ਸਹੇਲੀਆਂ ਚਰੱਖੜੇ ਘੂਕਰ ਬੰਦ।

ਸਣੇ ਸੇਜ ਦੇ ਬੇੜੀਆਂ ਲੁੱਡਣ ਦਿੱਤੀਆਂ ਰੋੜ੍ਹ

ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ।

ਅੰਮ੍ਰਿਤਾ ਕਹਿੰਦੀ ਹੈ ਕਿ ਮੈਨੂੰ ਅੱਜ ਸਭ ਹੀ ਕੈਦੋਂ ਬਣੇ ਨਜ਼ਰ ਆ ਰਹੇ ਹਨ। ਪ੍ਰੀਤ ਦੀ ਗੱਲ ਕਰਨ ਵਾਲਾ ਕੋਈ ਵੀ ਨਜ਼ਰੀਂ ਨਹੀਂ ਪੈ ਰਿਹਾ। ਅੰਤ ਉਹ ਵਾਰਿਸ ਸ਼ਾਹ ਨੂੰ ਯਾਦ ਕਰਦੀ ਹੋਈ ਕਹਿੰਦੀ ਹੈ ਕਿ ਇਸ਼ਕ ਦੀ ਕਿਤਾਬ ਦਾ ਤੂੰ ਹੀ ਕੋਈ ਅਗਲਾ ਵਰਕਾ ਫੋਲ ਜਿਸ ਵਿੱਚ ਫਿਰ ਤੋਂ ਆਪਸੀ ਪ੍ਰੀਤ ਦੀ ਗੱਲ ਹੋਵੇ, ਜਿੱਥੇ ਫਿਰ ਤੋਂ ਸਭਨਾਂ ਵਿੱਚ ਆਪਸੀ ਸਾਂਝ ਨਜ਼ਰੀਂ ਪਵੇ। ਇਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਦੇਸ਼ ਵੰਡ ਸਮੇਂ ਅਵਾਮ ਦੀ ਪੀੜਾ ਨੂੰ ਇਸ ਕਵਿਤਾ ’ਚ ਬੜੇ ਮਾਰਮਿਕ ਢੰਗ ਨਾਲ ਪੇਸ਼ ਕਰਦੀ ਹੈ।

2.2.6 ਅੱਜ ਆਖਾਂ ਵਾਰਿਸ ਸ਼ਾਹ ਨੂੰ ’ਕਵਿਤਾ ਦਾ ਕਲਾਤਮਕ ਅਧਿਐਨ :ਪੰਜਾਬੀ ਸਾਹਿਤ ਵਿੱਚ ਅੰਮ੍ਰਿਤਾ ਪ੍ਰੀਤਮ ਇੱਕ ਵੱਡੀ ਕਵਿੱਤਰੀ ਹੈ। ਉਸਨੇ ਆਪਣੀਆਂ ਕਵਿਤਾਵਾਂ ਰਾਹੀਂ ਪੰਜਾਬੀ ਕਵਿਤਾ ਨੂੰ ਅਹਿਮ ਯੋਗਦਾਨ ਦਿੱਤਾ ਹੈ। ਉਸਦੀ ਕਵਿਤਾ ਦੇ ਮੁੱਖ ਗੁਣ ਹੇਠ ਲਿਖੇ ਅਨੁਸਾਰ ਹਨ:

ਪ੍ਰਤੀਕ :ਅੰਮ੍ਰਿਤਾ ਪ੍ਰੀਤਮ ਕੋਲ ਪ੍ਰਤੀਕਾਂ ਦਾ ਭੰਡਾਰ ਹੈ। ਉਹ ਅਨੇਕਾਂ ਪ੍ਰਤੀਕਾਂ ਨਾਲ ਆਪਣੀ ਕਵਿਤਾ ਦੇ ਅਰਥਾਂ ਨੂੰ ਹੋਰ ਗਹਿਰਾ ਕਰਦੀ ਹੈ:

ਧਰਤੀ ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ

ਪ੍ਰੀਤ ਦੀਆਂ ਸ਼ਾਹਜਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ...

ਅੱਜ ਸੱਭੇ ਕੈਦੋਂ ਬਣ ਗਏ, ਹੁਸਨ ਇਸ਼ਕ ਦੇ ਚੋਰ

ਅੱਜ ਕਿਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇਕ ਹੋਰ...

ਸੰਬੋਧਨੀ ਸ਼ੈਲੀ :ਅੰਮ੍ਰਿਤਾ ਪ੍ਰੀਤਮ ਆਪਣੀਆਂ ਕਵਿਤਾਵਾਂ ਵਿਚ ਸੰਬੋਧਨੀ ਸ਼ੈਲੀ ਦੀ ਵਰਤੋਂ ਕਰਦੀ ਹੈ।

ਵੇ ਦਰਦਮੰਦਾਂ ਦਿਆ ਦਰਦੀਆ ! ਉਠ ਤੱਕ ਅਪਣਾ ਪੰਜਾਬ

ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਅਨੁਪ੍ਰਾਸ ਅਲੰਕਾਰ :ਅੰਮ੍ਰਿਤਾ ਪ੍ਰੀਤਮ ਆਪਣੀਆਂ ਕਵਿਤਾਵਾਂ ਵਿਚ ਕਿਸੇ ਗੱਲ ਨੂੰ ਦੁਹਰਾ ਕੇ ਕਹਿਣ ਦੀ ਜੁਗਤ ਬਹੁਤ ਵਰਤੀ ਗਈ ਹੈ। ਉਹ ਆਪਣੀ ਕਵਿਤਾਵਾਂ ਵਿਚ ਅਨੁਪ੍ਰਾਸ ਅਲੰਕਾਰ ਵਰਤਦੀ ਹੈ।

ਦੂਜੇ ਡੰਗ ਦੀ ਲੱਗ ਗਈ ਜਣੇ ਖਣੇ ਨੂੰ ਲਾਗ

ਲਾਗਾਂ ਕੀਲੇ ਲੋਕ ਮੂੰਹ ਬੱਸ ਫਿਰ ਡੰਗ ਹੀ ਡੰਗ

## 2.3 ਪਾਠ ਦੀ ਰੂਪ-ਰੇਖਾ- ਕਵਿਤਾ: ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ:ਡਾ .ਹਰਿਭਜਨ ਸਿੰਘ

### 2.3.1ਕਵਿਤਾ ਦਾ ਮੂਲ ਪਾਠ

ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ
ਉਦੋਂ ਹਾਜ਼ਰ ਸਾਂ ਮੈਂ
ਤੇਰੇ ਹੱਥ ਵਿੱਚ ਜਦੋਂ ਤਲਵਾਰ
ਨੰਗੀ ਪਿਆਸ ਵਾਂਗੂੰ ਤੜਫੜਾਈ ਸੀ
ਲਹਿਰਦਾ, ਸੁਲਗਦਾ ਮੇਲਾ
ਜਦੋਂ ਸੁੱਕੇ ਸਰੋਵਰ ਵਾਂਗ ਗੁੰਮਸੁੰਮ ਬੁੱਝ ਗਿਆ ਸੀ
ਦੂਰ ਤੀਕਰ ਚੁੱਪ ਦੇ ਬੰਜਰ ਵਿਛੇ ਸਨ
ਜਿਨ੍ਹਾਂ ਦੇ ਵਿੱਚ ਸਵਾਸ ਵੀ ਉੱਗਦਾ ਨਹੀਂ ਪੂਰਾ
ਉਦੋਂ ਹਾਜ਼ਰ ਸਾਂ ਮੈਂ
ਤੇਰੇ ਮੂੰਹੋਂ ਜਦੋਂ ਇੱਕ ਬੋਲ ਦਾ ਟੁਕੜਾ
ਸੁਲਗਦੀ ਲਾਟ ਵਾਂਗੂੰ ਨਿਕਲਿਆ ਸੀ
ਸੀਸ ਜਿਸ ਦੇ ਪਾਸ ਹੈ ਹਾਜ਼ਰ ਕਰੇ
ਉਦੋਂ ਬੇਸੀਸ ਬੰਦੇ ਵਾਂਗ ਮੇਰੀ ਹਾਜ਼ਰੀ ਸੀ
ਮੇਰੇ ਸੀਨੇ 'ਚੋਂ ਮੇਰੀ ਜਾਨ
ਅਚੇਤੀ ਲਹਿਰ ਵਾਂਗੂੰ ਤ੍ਰਭਕ ਕੇ ਉੱਠੀ

ਤੇ ਫ਼ਿਰ ਡੀਕੀ ਨਦੀ ਵਾਂਗੂੰ ਸੌਂ ਗਈ

ਮੈਂ ਆਪਣੇ ਆਪ ਦੀ ਇਕ ਲੀਕ

ਆਪਣੀ ਹਾਜ਼ਰੀ ਤੋਂ ਬਿਨਾਂ ਉਦੋਂ ਕੁਝ ਵੀ ਨਹੀਂ ਸਾਂ

ਮੈਂ ਆਪਣੀ ਥਾਂ ਤੇ ਬੈਠਾ ਸਾਂ ਬਿਰਛ ਵਾਂਗੂੰ

ਜਿਨੂੰ ਮੁੱਢੋਂ ਕਿਸੇ ਦੋ ਚਾਰ ਹੱਥ ਛੱਡ ਕੇ

ਸਬੂਤਾ ਵੱਢ ਦਿੱਤਾ ਸੀ

ਨਿਰੀ ਨੰਗੀ ਨਿਕੱਦੀ ਹੀਣਤਾ

ਮੇਰੇ ਉੱਪਰ ਮੇਰੀ ਆਪਣੀ ਵੀ ਛਾਂ ਕੋਈ ਨਹੀਂ ਸੀ

ਉਦੋਂ ਹਾਜ਼ਰ ਸਾਂ ਮੈਂ

ਤੇਰੀ ਤੱਕਣੀ ਜਦੋਂ ਛਿਲਤੀ ਕਿਰਨ ਵਾਂਗੂੰ

ਮੇਰੇ ਵਿਰਲਾਂ 'ਚੋਂ ਅੰਦਰ ਝਾਕਦੀ ਸੀ

ਮੇਰੇ ਅੰਦਰ ਜੋ ਇੱਕ ਸੂਰਜ ਜਿਹਾ

ਤੂੰ ਬਾਲ ਧਰਿਆ ਸੀ

ਉਹਦੇ ਚਾਨਣ 'ਚ ਮੇਰੀ ਹਉਂ ਵਿਆਕੁਲ ਸੀ

ਮੈਂ ਆਪਣੇ ਆਪ ਨੂੰ ਪੁੱਛਦਾ ਪਿਆ ਸਾਂ

ਮੇਰੇ ਧੜ ਤੇ ਮੇਰਾ ਸਿਰ ਹੈ ਜਾਂ ਸਿਰ ਦਾ ਦੰਭ ਹੈ

ਜੋ ਵਿਖਾਇਆ ਤਾਂ ਜਾ ਸਕਦੈ

ਵਰਤਿਆ ਬਿਲਕੁਲ ਨਹੀਂ ਜਾਂਦਾ

ਮੈਂ ਆਪਣਾ ਆਪ ਹਾਂ ਜਾਂ ਅਜਨਬੀ ਹਾਂ

ਮੈਂ ਗੁਰੂ-ਦਰਬਾਰ ਵਿੱਚ ਬੈਠਾ ਪੁਰਖ ਹਾਂ

ਜਾਂ ਨਾਰ ਹਾਂ

ਜੋ ਘਰੋਂ ਨਿਕਲੀ ਤਾਂ ਸੀ

ਪਿੰਡੇ ਤੇ ਇੱਕ ਵਾਫ਼ਰ ਜਿਹਾ ਅੰਗ ਜੋੜ ਕੇ

ਪਰ ਭਰੇ ਚਾਨਣ,

ਭਰੇ ਬਾਜ਼ਾਰ ਦੇ ਸਾਹਮਣੇ

ਅੰਗ ਭੁਰਿਆ

ਨਾਰ ਦਾ ਬੁੱਚਾ ਅਸਲ

ਸਭ ਤੇ ਉਜਾਗਰ ਹੋ ਗਿਆ

ਮੈਨੂੰ ਹੁਣ ਆਪਣੀ ਹੀ ਹਾਜ਼ਰੀ
ਇੱਕ ਭਾਰ ਲਗਦੀ ਸੀ
ਤੇ ਭਰੇ ਮੇਲੇ ਦੀ ਚੁੱਪ
ਬੋਝ ਸੀ ਉਪਹਾਸ ਦਾ
ਤੇ ਚਮਤਕਾਰਾ ਜਦੋਂ ਹੋਇਆ
ਉਦੋਂ ਹਾਜ਼ਰ ਸਾਂ ਮੈਂ
ਮੇਰੇ ਲਾਗੇ ਹੀ ਬੈਠਾ ਸੀ ਚਮਤਕਾਰੀ
ਜਿਨ੍ਹੇਂ ਆਪਣੇ ਹੀ ਹੱਥੀਂ ਸੀਸ ਲਾਹ ਕੇ ਆਪਣਾ
ਸਹਿਜੇ ਟਿਕਾ ਦਿੱਤਾ ਤੇਰੇ ਚਰਨੀਂ
ਤੇਰੇ ਹੱਥ ਵਿੱਚ ਅਚੱਲ ਤਲਵਾਰ ਵੀ
ਛਿਣ ਭਰ ਲਈ ਥੱਰਰਾ ਗਈ ਸੀ
ਮੁਅਜ਼ਜ਼ਾ ਤੱਕ ਕੇ
ਸੀਸ ਵਾਲੇ ਸੀਸ ਅਰਪਨ ਵਾਸਤੇ
ਤਲਵਾਰ ਦੇ ਮੁਹਤਾਜ ਨਹੀਂ ਹੁੰਦੇ

1.3.2 ਲੇਖਕ ਨਾਲ ਜਾਣ-ਪਛਾਣ :ਡਾ .ਹਰਿਭਜਨ ਸਿੰਘ ਪੰਜਾਬੀ ਸਾਹਿਤ ਵਿੱਚ ਵੱਡੇ ਆਲੋਚਕ ਅਤੇ ਕਵੀ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਸੰਰਚਨਾਵਾਦੀ ਆਲੋਚਕ ਵੱਜੋਂ ਸਥਾਪਿਤ ਕੀਤਾ ਅਤੇ ਪੰਜਾਬੀ ਸਾਹਿਤ ਵਿੱਚ ਉਹ ਸੰਰਚਨਾਵਾਦੀ ਆਲੋਚਕ ਦੇ ਤੌਰ 'ਤੇ ਸਭ ਤੋਂ ਵੱਧ ਪ੍ਰਸਿੱਧ ਹਨ। ਉਸ ਦੀ ਆਲੋਚਨਾ ਨੇ ਪੰਜਾਬੀ ਪਾਠਕ ਵਰਗ ਨੂੰ ਇੱਕ ਨਵੀਂ ਦ੍ਰਿਸ਼ਟੀ ਦਿੱਤੀ। ਉਸ ਦੁਆਰਾ ਰਚਿਤ ਪ੍ਰਸਿੱਧ ਕਾਵਿ ਪੁਸਤਕਾਂ ਦੇ ਨਾਮ 'ਲਾਸਾਂ', 'ਤਾਰ ਤੁਪਕਾ', 'ਅਧਰੈਣੀ', 'ਨਾ ਧੁੱਪੇ ਨਾ ਛਾਵੇਂ', 'ਮੈਂ ਜੋ ਬੀਤ ਗਿਆ', 'ਅਲਫ਼ ਦੁਪਹਿਰ', 'ਟੁੱਕੀਆ ਜੀਭਾਂ ਵਾਲੇ', 'ਮੱਥੇ ਵਾਲਾ ਦੀਵਾ', 'ਮਾਵਾਂ ਧੀਆਂ', 'ਅਲਵਿਦਾ ਤੋਂ ਪਹਿਲਾਂ', 'ਮੇਰੀ ਕਾਵਿ ਯਾਤਰਾ', 'ਨਿੱਕ ਸੁੱਕ', 'ਚੌਥੇ ਦੀ ਉਡੀਕ' 'ਰੁੱਖ ਤੇ ਰਿਸ਼ੀ' ਅਤੇ 'ਰੇਗਿਸਤਾਨ ਦਾ ਲੱਕੜਹਾਰਾ' ਆਦਿ ਹਨ। ਇਸ ਤੋ ਬਿਨਾਂ ਡਾ.ਹਰਿਭਜਨ ਸਿੰਘ ਨੇ ਸਾਹਿਤ ਆਲੋਚਨਾ ਦੇ ਖੇਤਰ ਵਿੱਚ 'ਸਾਹਿਤ ਅਤੇ ਸਿਧਾਂਤ', 'ਸਾਹਿਤ ਸ਼ਾਸਤਰ', 'ਪਾਰਗਾਮੀ', 'ਰੂਪਕੀ', ਅਧਿਐਨ ਅਤੇ ਅਧਿਆਪਨ', 'ਮੁੱਲ ਤੇ ਮੁਲਾਂਕਣ', 'ਸਾਹਿਤ ਅਧਿਐਨ', 'ਭਾਈ ਵੀਰ ਸਿੰਘ ਪੁਨਰ ਵਿਚਾਰ' ਆਦਿ ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ ਹਨ। ਇਸ ਤੋਂ ਬਿਨਾਂ ਡਾ .ਹਰਿਭਜਨ ਸਿੰਘ ਨੇ ਅਨੁਵਾਦ ਦਾ ਕੰਮ ਕਰਦਿਆਂ ਦੋ ਦਰਜਨ ਦੇ ਕਰੀਬ ਪੁਸਤਕਾਂ ਅਨੁਵਾਦ ਵੀ ਕੀਤੀਆਂ ਹਨ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਪੰਜਾਬੀ ਸਾਹਿਤ ਨੂੰ ਡਾ .ਹਰਿਭਜਨ ਦੀ ਬਹੁਪੱਖੀ ਦੇਣ ਹੈ। ਉਨ੍ਹਾਂ ਨੂੰ ਬਹੁਤ ਸਾਰੇ ਸਨਮਾਨ ਵੀ ਮਿਲੇ ਜਿਨ੍ਹਾਂ ਵਿੱਚ ਪ੍ਰਮੁੱਖ ਸਨਮਾਨ ਸਾਹਿਤ ਅਕਾਦਮੀ ਦਾ ਪੁਰਸਕਾਰ, ਮੱਧ ਪ੍ਰਦੇਸ਼ ਦਾ ਕਬੀਰ ਪੁਰਸਕਾਰ, ਪੰਜਾਬ ਰਾਜ ਇਨਾਮ, ਸਾਹਿਤ ਕਲਾ ਪੁਰਸਕਾਰ, ਭਾਈ ਵੀਰ ਸਿੰਘ ਪੁਰਸਕਾਰ ਆਦਿ ਹਨ।

1.3.3 ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ:

ਉਦੋਂ ਹਾਜ਼ਰ ਸਾਂ ਮੈਂ
ਤੇਰੀ ਤੱਕਣੀ ਜਦੋਂ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚੋਂ ਅੰਦਰ ਝਾਕਦੀ ਸੀ
ਮੇਰੇ ਅੰਦਰ ਜੋ ਇੱਕ ਸੂਰਜ ਜਿਹਾ
ਤੂੰ ਬਾਲ ਧਰਿਆ ਸੀ
ਉਹਦੇ ਚਾਨਣ 'ਚ ਮੇਰੀ ਹਉਂ ਵਿਆਕੁਲ ਸੀ
ਮੈਂ ਆਪਣੇ ਆਪ ਨੂੰ ਪੁੱਛਦਾ ਪਿਆ ਸਾਂ
ਮੇਰੇ ਧੜ ਤੇ ਮੇਰਾ ਸਿਰ ਹੈ ਜਾਂ ਸਿਰ ਦਾ ਦੰਭ ਹੈ

ਪ੍ਰਸੰਗ :ਇਹ ਕਾਵਿ ਟੁਕੜਾ ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ਡਾ .ਹਰਿਭਜਨ ਸਿੰਘ ਦੀ ਕਵਿਤਾ ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿਚ ਡਾ .ਹਰਿਭਜਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੁਆਰਾ 1699 ਈ .ਵਿਚ ਸਾਜੇ ਜਾ ਰਹੇ ਖਾਲਸਾ ਪੰਥ ਦੇ ਸਮਾਗਮ ਦਾ ਜ਼ਿਕਰ ਕੀਤਾ ਹੈ। ਇਸ ਕਵਿਤਾ ਵਿਚ ਇੱਕ ਸਿੰਘ ਦਾ ਵਰਨਣ ਕੀਤਾ ਗਿਆ ਹੈ। ਜਦੋਂ ਗੁਰੂ ਸਾਹਿਬ ਨੇ ਆਪਣੇ ਹੱਥ ਵਿਚ ਨੰਗੀ ਤਲਵਾਰ ਲੈ ਕੇ ਸੀਸ ਦੀ ਮੰਗ ਕੀਤੀ ਸੀ ਤਾਂ ਬਹੁਤ ਸਾਰੇ ਹੋਰ ਸਿੱਖਾਂ ਵਾਂਗ ਉਹ ਵੀ ਬੇਹੱਦ ਭੈਭੀਤ ਹੋ ਗਿਆ ਸੀ। ਉਸ ਵਕਤ ਕਵੀ ਨੇ ਮਹਿਸੂਸ ਕੀਤਾ ਸੀ :ਕਾਸ਼ !ਉਸ ਨੇ ਵੀ ਸੀਸ ਭੇਟ ਕਰ ਦਿੱਤਾ ਹੁੰਦਾ ਤਾਂ ਉਸ ਦਾ ਕਿੰਨਾ ਸਤਿਕਾਰ ਹੋਣਾ ਸੀ। ਇਸ ਵਿਚ ਕਵੀ ਦਾ ਮੁੱਖ ਫ਼ੋਕਸ ਇਸ ਗੱਲ ਉੱਤੇ ਹੈ ਕਿ ਬੰਦਾ ਕਿਵੇਂ ਆਪਣੇ ਛੋਟੇ ਜਿਹੇ ਲਾਲਚ ਕਾਰਨ ਆਪਣੇ ਆਪ ਤੋਂ ਪਾਰ ਨਹੀਂ ਜਾ ਸਕਦਾ ਬਾਅਦ ਵਿਚ ਉਹ ਪਛਤਾਵਾ ਕਰਦਾ ਹੈ।

ਵਿਆਖਿਆ :ਇਹਨਾਂ ਸਤਰਾਂ ਵਿਚ ਕਵੀ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਆਪਣੀ ਤਲਵਾਰ ਆਸਮਾਨ ਵਿੱਚ ਲਹਿਰਾਉਂਦਾ ਹੈ ਅਤੇ ਸੀਸ ਦੀ ਮੰਗ ਕਰਦਾ ਹੈ। ਆਮ ਲੋਕਾਈ ਆਪਣਾ ਸਿਰ ਨੀਵਾਂ ਕਰ ਲੈਂਦੀ ਹੈ।ਇਸ ਦੌਰਾਨ ਕੁੱਝ ਬਹਾਦਰ ਵਿਅਕਤੀ ਆਪਣਾ ਸੀਸ ਪੇਸ਼ ਕਰਦੇ ਹਨ। ਇਸ ਕਵਿਤਾ ਵਿਚਲਾ' ਮੈਂ 'ਪਾਤਰ ਸਿਰ ਝੁਕਾ ਲੈਂਦਾ ਅਤੇ ਸੀਸ ਗੁਰੂ ਨੂੰ ਅਰਪਣ ਨਹੀਂ ਕਰ ਪਾਉਂਦਾ। ਬਾਅਦ ਵਿਚ ਉਸਨੂੰ ਜਾਪਦਾ ਹੈ ਕਿ ਉਸ ਦੇ ਸਿਰ ਉਪਰ ਤਾਂ ਅਣਖੀਲਾ ਅਤੇ ਸੱਚਾ-ਸੁੱਚਾ ਸੀਸ ਹੀ ਨਹੀਂ ਸੀ। ਗੁਰੂ ਦੇ ਦਰਬਾਰ ਵਿਚ ਸੱਚੇ ਸੀਸ ਹੀ ਭੇਟਾ ਚੜ੍ਹ ਸਕਦੇ ਹਨ, ਪਾਖੰਡੀ ਸਿਰਾਂ ਦੀ ਗੁਰੂ ਦੇ ਦਰਬਾਰ ਵਿਚ ਕੋਈ ਕੀਮਤ ਨਹੀਂ। ਕਵੀ ਫ਼ੈਸਲਾ ਕਰਦਾ ਹੈ ਕਿ ਉਹ ਵੀ ਸਾਰੇ ਪਾਖੰਡਾਂ ਨੂੰ ਤਿਆਗ ਕੇ ਸੱਚਾ ਗੁਰਸਿਖ ਬਣਨ ਦੀ ਕੋਸ਼ਿਸ਼ ਕਰੇਗਾ। ਜਦੋਂ ਉਹ ਇਸ ਮੰਤਵ ਵਿਚ ਕਾਮਯਾਬ ਹੋ ਗਿਆ ਤਾਂ ਜ਼ਰੂਰ ਆਪਣਾ ਸਿਰ ਗੁਰੂ-ਚਰਨਾਂ ਵਿਚ ਭੇਟ ਕਰ ਕੇ ਗੁਰੂ-ਘਰ ਦੀ ਮੋਹਰ-ਛਾਪ ਲਵਾ ਲਵੇਗਾ। ਦੰਭੀ ਸਿਰ ਨੂੰ ਲੈ ਕੇ ਜਿਉਣਾ ਕਿੰਨਾ ਕਸ਼ਟਦਾਇਕ ਹੁੰਦਾ ਹੈ। ਇਸ ਕਵਿਤਾ ਰਾਹੀਂ ਕਵੀ ਨੇ ਆਪਣੇ ਸਮੇਤ ਮੱਧਵਰਗੀ ਸੋਚ ਵਾਲੇ ਸਵਾਰਥੀ ਲੋਕਾਂ ਉਪਰ ਇਕ ਭਰਪੂਰ ਵਿਅੰਗ ਕੀਤਾ ਹੈ।

1.3.4 ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ਕਵਿਤਾ ਦਾ ਵਿਸ਼ਾ-ਵਸਤੂ :'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਡਾ .ਹਰਿਭਜਨ ਸਿੰਘ ਦੁਆਰਾ ਰਚਿਤ ਪ੍ਰਸਿੱਧ ਕਵਿਤਾ ਹੈ। ਇਸ ਕਵਿਤਾ ਵਿਚ ਅਜੋਕੇ ਸਮੇਂ ਦੇ ਵਿਅਕਤੀ ਦੇ ਦਵੰਦ ਬਾਰੇ ਸੰਕੇਤ ਕੀਤਾ ਗਿਆ ਹੈ। ਬਹੁਤ ਸਾਰੇ ਵਿਅਕਤੀ ਆਪਣੇ ਜੀਵਨ ਵਿੱਚ ਸੁਰੱਖਿਅਤ ਦਾਇਰੇ ਅੰਦਰ ਰਹਿ ਕੇ ਸਾਰਾ ਕੁੱਝ ਪ੍ਰਾਪਤ ਕਰਨਾ ਚਾਹੁੰਦੇ ਹਨ। ਅਜਿਹੇ ਵਿਅਕਤੀਆਂ ਕੋਲ ਮੌਲਿਕ ਸਿਰਜਣਾ ਨਹੀਂ ਹੁੰਦੀ। ਇਹ ਕਵਿਤਾ ਅਜਿਹੀ ਮਾਨਸਿਕਤਾ ਬਾਰੇ ਹੀ ਗੱਲ ਕਰਦੀ ਹੈ। ਕਵਿਤਾ ਦਾ ਸਥਾਨ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਸਿਰਜਣ ਵਾਲਾ ਹੈ। ਗੁਰੂ ਗੋਬਿੰਦ ਸਿੰਘ ਆਪਣੀ ਤਲਵਾਰ ਆਸਮਾਨ ਵਿੱਚ ਲਹਿਰਾਉਂਦਾ ਹੈ ਅਤੇ ਸੀਸ ਦੀ ਮੰਗ ਕਰਦਾ ਹੈ। ਆਮ ਲੋਕਾਈ ਆਪਣਾ ਸਿਰ ਨੀਵਾਂ ਕਰ ਲੈਂਦੀ ਹੈ।ਇਸ ਦੌਰਾਨ ਕੁੱਝ ਬਹਾਦਰ ਵਿਅਕਤੀ ਆਪਣਾ ਸੀਸ ਪੇਸ਼ ਕਰਦੇ ਹਨ। ਇਹ ਬਹਾਦਰ ਵਿਅਕਤੀ ਹਮੇਸ਼ਾ ਲਈ ਪ੍ਰਸਿੱਧ ਹੋ ਜਾਂਦੇ ਹਨ। ਦੂਜੇ ਪਾਸੇ ਸਧਾਰਣ ਲੋਕ ਹਨ ਜੋ ਆਪਣਾ ਸੀਸ ਨੀਵਾਂ ਕਰ ਲੈਂਦੇ ਹਨ।ਕਵੀ ਆਪਣੇ ਆਪ ਨੂੰ ਹੀ ਸਵਾਲ ਕਰਦਾ ਹੈ ਕਿ ਜਦੋਂ ਗੁਰੂ ਸਾਹਿਬ ਸੀਸ ਦੀ ਮੰਗ ਕਰ ਰਹੇ ਸਨ ਤਾਂ ਉਸ ਦਾ ਸੀਸ ਕਿੱਥੇ ਸੀ।

ਇਸ ਸੰਦਰਭ ਵਿੱਚੋਂ ਅਸੀਂ ਇੱਕ ਆਮ ਬੰਦੇ ਦੀ ਮਾਨਸਿਕਤਾ ਨੂੰ ਪੜ੍ਹ ਸਕਦੇ ਹਾਂ। ਕਵੀ ਉਸ ਸਥਾਨ ਉੱਪਰ ਆਪਣੇ ਆਪ ਦੀ ਕਲਪਨਾ ਕਰਦਾ ਹੈ।

ਮੈਂ ਆਪਣੇ ਆਪ ਨੂੰ ਪੁੱਛਦਾ ਪਿਆ ਸਾਂ
ਮੇਰੇ ਧੜ ਤੇ ਮੇਰਾ ਸਿਰ ਹੈ ਜਾਂ ਸਿਰ ਦਾ ਦੰਭ ਹੈ

ਹਰ ਇਕ ਧਰਮ ਕੁਝ ਸਮੇਂ ਬਾਅਦ ਸੰਪਰਦਾਇਕ ਧਰਮ ਬਣ ਜਾਂਦਾ ਹੈ।ਇਸ ਨਾਲ ਧਰਮ ਉੱਪਰ ਵੀ ਇੱਕ ਵਿਸ਼ੇਸ਼ ਜਮਾਤ ਦਾ ਕਬਜ਼ਾ ਹੋ ਜਾਂਦਾ ਹੈ। ਕਵੀ ਇਸ ਕਵਿਤਾ ਵਿੱਚ ਆਪਣਾ ਸਥਾਨ ਨਿਸ਼ਚਿਤ ਕਰਦਾ ਹੈ। ਉਹ ਕਹਿੰਦਾ ਹੈ ਕਿ ਮੈਂ ਉਨ੍ਹਾਂ ਇਨਸਾਨਾਂ ਵਿੱਚੋਂ ਹਾਂ ਜੋ ਗੁਰਦੁਆਰੇ ਦੇ ਸਮਾਗਮਾਂ ਵਿੱਚ ਪਹਿਲੀ ਕਤਾਰ ਵਿੱਚ ਬੈਠਦੇ ਹਨ। ਹਰ ਇੱਕ ਪਾਸੇ ਚੌਧਰ ਕਰਦੇ ਹਨ ਪਰ ਜਦੋਂ ਧਰਮ ਦੇ ਲਈ ਕੁਰਬਾਨੀ ਦਾ ਸਮਾਂ ਆਉਂਦਾ ਹੈ ਤਾਂ ਮੈਂ ਪਿੱਛੇ ਹਟ ਜਾਂਦਾ ਹਾਂ।

ਇਸ ਕਵਿਤਾ ਵਿਚ ਅਸੀਂ ਦੇਖਦੇ ਹਾਂ ਮੱਧ-ਸ਼੍ਰੇਣੀ ਦੇ ਲੋਕ ਬਿਲਕੁਲ ਇਵੇਂ ਸੋਚਦੇ ਹਨ। ਇਹ ਖ਼ਤਰੇ ਦੇ ਸਨਮੁਖ ਕਦੇ ਨਹੀਂ ਜਾਂਦੇ ਪਰ ਇਨਾਮ-ਸਨਮਾਨ ਹਾਸਲ ਕਰਨ ਲਈ ਸਭ ਤੋਂ ਪਹਿਲਾਂ ਤਿਆਰ ਰਹਿੰਦੇ ਹਨ। ਫਿਰ ਕਵੀ ਸੋਚਦਾ ਹੈ ਕਿ ਸਿਰ ਤਾਂ ਮਨੁੱਖੀ ਸਿਦਕ ਅਤੇ ਸਿਰੜ ਦਾ ਪ੍ਰਤੀਕ ਹੁੰਦਾ ਹੈ ਅਤੇ ਮੇਰੇ ਪਾਸ ਤਾਂ ਇਹ ਗੁਣ ਕਦੇ ਵੀ ਨਹੀਂ ਸਨ। ਮੇਰੇ ਪਾਸ ਸਿਰ ਹੈ ਹੀ ਨਹੀਂ, ਸਿਰਫ਼ ਸਿਰ ਦਾ ਇਕ ਪਾਖੰਡ ਹੀ ਹੈ। ਅਜੋਕੇ ਦੌਰ ਵਿਚ ਬਹੁਤੇ ਲੋਕ ਆਪਣੇ-ਆਪਣੇ ਧੜਾਂ ਉਪਰ ਸੀਸ ਦਾ ਪਾਖੰਡ ਹੀ ਟਿਕਾਈ ਫਿਰਦੇ ਹਨ। ਜੇ ਉਨ੍ਹਾਂ ਪਾਸ ਸਿਰ ਹੁੰਦੇ ਤਾਂ ਉਹ ਇਨ੍ਹਾਂ ਨੂੰ ਕੁਰਬਾਨ ਨਾ ਕਰ ਦਿੰਦੇ? ਆਪਣੇ ਆਸ-ਪਾਸ ਏਨਾ ਜ਼ੁਲਮ ਅਤੇ ਬੇਇਨਸਾਫੀ ਕਿਉਂ ਹੋਣ ਦਿੰਦੇ? ਕਵੀ ਸੋਚਦਾ ਹੈ ਕਿ ਉਹ ਸਿਦਕਦਿਲੀ, ਸਿਰੜ ਅਤੇ ਸਾਹਸ ਨਾਲ ਆਪਣੇ ਧੜ ਉਪਰ ਇਕ ਪ੍ਰਮਾਣਿਕ) ਖਰਾ (ਸਿਰ ਉਗਾ ਲਵੇਗਾ ਅਤੇ ਜਿਵੇਂ ਹੀ ਉਹਦੇ ਸਿਰ ਉੱਗ ਆਇਆ, ਉਸ ਨੂੰ ਗੁਰੂ-ਚਰਨਾਂ ਵਿਚ ਅਰਪ ਕੇ ਆਪਣੀ ਭੁੱਲ ਬਖਸ਼ਾ ਲਵੇਗਾ। ਪਾਖੰਡ ਅਤੇ

ਪਸ਼ਚਾਤਾਪ ਲੈ ਕੇ ਜਿਊਣਾ ਕੋਈ ਸੌਖਾ ਕੰਮ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਤੀਸਰੀ ਜਨਮ ਸ਼ਤਾਬਦੀ(1966) ਸਮੇਂ ਲਿਖੀ ਗਈ ਇਹ ਰਚਨਾ ਆਧੁਨਿਕ ਪੰਜਾਬੀ ਕਾਵਿ ਦੀ ਇਕ ਉੱਚਤਮ ਪ੍ਰਾਪਤੀ ਹੈ।

ਕਵਿਤਾ ਵਿੱਚ ਡਾ .ਹਰਿਭਜਨ ਸਿੰਘ ਨਵੀਂ ਉਪਜ ਦੀ ਗੱਲ ਕਰਦਾ ਹੈ। ਕਵੀ ਅਨੁਸਾਰ ਬੰਦਾ ਆਪਣੇ ਜੀਵਨ ਵਿੱਚ ਹਰ ਸਮੇਂ ਹੀ ਕੁਝ ਨਾ ਕੁਝ ਕਰ ਸਕਦਾ ਹੁੰਦਾ ਹੈ। ਇਸ ਪ੍ਰਸੰਗ ਵਿੱਚ ਕਵੀ ਗੁਰੂ ਗੋਬਿੰਦ ਸਿੰਘ ਦੀ ਮਿਸਾਲ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਨੇ ਆਪਣਾ ਸਾਰਾ ਕੁਝ ਲੋਕਾਂ ਦੀ ਭਲਾਈ ਲਈ ਕੁਰਬਾਨ ਕਰ ਦਿੱਤਾ। ਉਸ ਨੇ ਆਪਣੇ ਲੋਕਾਂ ਨੂੰ ਨਿਡਰ ਬਣਾਉਣ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ। ਦੂਜੇ ਪਾਸੇ ਕਵੀ ਵਰਗੇ ਸਧਾਰਣ ਲੋਕ ਹਨ ਜੋ ਨਿੱਜ ਤੋਂ ਉੱਪਰ ਕਦੀ ਸੋਚ ਨਹੀਂ ਸਕਦੇ। ਅਜਿਹੇ ਲੋਕਾਂ ਨੂੰ ਧਰਤੀ ਉੱਪਰ ਆਪਣੀ ਹੋਂਦ ਦਾ ਭਾਰ ਲੱਗਦਾ ਹੈ। ਉਨ੍ਹਾਂ ਨੂੰ ਆਪਣਾ ਸਿਰ ਕੋਈ ਸਿਰ ਨਹੀਂ ਸਗੋਂ ਦੰਭ ਲੱਗਦਾ ਹੈ। ਉਨ੍ਹਾਂ ਨੂੰ ਸੀਸ ਦੇਣ ਵਾਲੇ ਅਤੇ ਗੁਰੂ ਸਾਹਿਬ ਦੇ ਕੰਮ ਚਮਤਕਾਰ ਲੱਗਦੇ ਹਨ। ਖਾਲਸਾ ਪੰਥ ਦੀ ਸਾਜਨਾ ਦੇ ਸਮੇਂ ਸੀਸ ਦੇਣ ਵਾਲੇ ਬਹਾਦਰ ਵੀ ਕਵੀ ਦੇ ਨੇੜੇ ਹੀ ਖੜ੍ਹੇ ਸਨ। ਕਵੀ ਉਨ੍ਹਾਂ ਨੂੰ ਚਮਤਕਾਰੀ ਆਖਦਾ ਹੈ।

ਮੇਰੇ ਲਾਗੇ ਹੀ ਬੈਠਾ ਸੀ ਚਮਤਕਾਰੀ
ਜਿਨ੍ਹੇਂ ਆਪਣੇਹੀ ਹੱਥੀ ਸੀਸ ਲਾਹ ਕੇ ਆਪਣਾ
ਸਹਿਜੇ ਟਿਕਾ ਦਿੱਤਾ ਤੇਰੇ ਚਰਨੀ

ਪੂਰੇ ਸਮਾਗਮ ਤੋਂ ਬਾਅਦ ਜਦੋਂ ਸੀਸ ਦੇਣ ਵਾਲਿਆਂ ਨੂੰ ਨਿਵਾਜਿਆ ਜਾਂਦਾ ਹੈ ਤਾਂ ਕਵੀ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰਦਾ ਹੈ। ਇਹ ਬੇਵੱਸੀ ਹੀ ਸਾਰੀ ਦੀ ਸਾਰੀ ਕਵਿਤਾ ਦਾ ਕੇਂਦਰੀ ਵਿਸ਼ਾ ਹੈ।ਇਸ ਮਨੁੱਖੀ ਦਵੰਦ ਅਤੇ ਬੇਵੱਸੀ ਦਾ ਸਿਲਸਿਲਾ ਸਾਰੀ ਉਮਰ ਹੀ ਚਲਦਾ ਰਹਿੰਦਾ ਹੈ।

1.3.5 ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ :ਇਸ ਕਵਿਤਾ ਵਿਚ ਡਾ . ਹਰਿਭਜਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੁਆਰਾ 1699 ਈ .ਵਿਚ ਸਾਜੇ ਜਾ ਰਹੇ ਖਾਲਸਾ ਪੰਥ ਦੇ ਇਤਿਹਾਸਕ ਸਮਾਗਮ ਦਾ ਜ਼ਿਕਰ ਕੀਤਾ ਹੈ। ਇਸ ਕਵਿਤਾ ਵਿਚ ਇੱਕ ਸਿੰਘ ਦਾ ਵਰਨਣ ਕੀਤਾ ਗਿਆ ਹੈ। ਜਦੋਂ ਗੁਰੂ ਸਾਹਿਬ ਨੇ ਆਪਣੇ ਹੱਥ ਵਿਚ ਨੰਗੀ ਤਲਵਾਰ ਲੈ ਕੇ ਸੀਸ ਦੀ ਮੰਗ ਕੀਤੀ ਸੀ ਤਾਂ ਬਹੁਤ ਸਾਰੇ ਹੋਰ ਸਿੱਖਾਂ ਵਾਂਗ ਉਹ ਵੀ ਬੇਹੱਦ ਭੈਭੀਤ ਹੋ ਗਿਆ ਸੀ। ਗੁਰੂ ਜੀ ਨੇ ਇਕ ਤੋਂ ਬਾਅਦ ਇਕ ਪੰਜ ਵਾਰ ਸਿਰਾਂ ਦੀ ਮੰਗ ਕੀਤੀ ਸੀ ਅਤੇ ਹਰ ਇਕ ਨੂੰ ਧਰੂਹ ਕੇ ਤੰਬੂ ਵਿਚ ਲੈ ਗਏ ਸਨ। ਪਰ ਪੰਜਵੀਂ ਵਾਰ ਸਿਰ ਮੰਗਣ ਤੋਂ ਬਾਅਦ ਜਦ ਆਪ ਤੰਬੂ ਵਿਚੋਂ ਬਾਹਰ ਆਏ ਸਨ ਤਾਂ ਪੰਜੇ ਸਿੰਘ ਵੀ ਆਪ ਦੇ ਪਿਛੇ-ਪਿਛੇ ਬਾਹਰ ਆ ਗਏ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਸਤਿਕਾਰ ਦੇ ਕੇ ਆਪਣੇ ਕਰੀਬ ਬਿਠਾ ਲਿਆ ਸੀ। ਉਸ ਵਕਤ ਕਵੀ ਨੇ ਮਹਿਸੂਸ ਕੀਤਾ ਸੀ :ਕਾਸ਼ !ਉਸ ਨੇ ਵੀ ਸੀਸ ਭੇਟ ਕਰ ਦਿੱਤਾ ਹੁੰਦਾ ਤਾਂ ਉਸ ਦਾ ਕਿੰਨਾ ਸਤਿਕਾਰ ਹੋਣਾ ਸੀ। ਹਰਿਭਜਨ ਸਿੰਘ ਮੱਧ-ਸ਼੍ਰੇਣੀ ਦੇ ਕਿਰਦਾਰ ਨੂੰ ਖੂਬ ਪਹਿਚਾਣਦਾ ਹੈ। ਉਸ ਨੂੰ ਪਤਾ ਹੈ ਕਿ ਇਹ ਸ਼੍ਰੇਣੀ ਕੇਵਲ ਆਪਣੇ ਲਈ ਕੁਝ ਲੈਣਾ ਹੀ ਜਾਣਦੀ ਹੈ, ਦਿੰਦੀ ਬਿਲਕੁਲ ਨਹੀਂ। ਕਵੀ ਨੂੰ ਬੜੀ ਗਿਲਾਨੀ ਅਤੇ ਪਛਤਾਵਾ ਹੋਇਆ ਕਿ ਜੇ ਗੁਰੂ ਸਾਹਿਬ ਨੇ ਸਿਰ ਵਾਪਸ ਹੀ ਕਰ ਦੇਣਾ ਸੀ ਤਾਂ ਉਸ ਨੇ ਆਪਣਾ ਸਿਰ

ਕਿਉਂ ਨਾ ਭੇਟ ਕੀਤਾ। ਕਵੀ ਇਹ ਸੰਕਲਪ ਕਰਦਾ ਹੈ ਕਿ ਜੇ ਕਦੇ ਹੁਣ ਗੁਰੂ ਨੂੰ ਸੀਸ ਦੀ ਜ਼ਰੂਰਤ ਪਈ ਤਾਂ ਉਹ ਜ਼ਰੂਰ ਆਪਣਾ ਸੀਸ ਭੇਟ ਕਰ ਦੇਵੇਗਾ ਕਿਉਂਕਿ ਸੀਸ ਭੇਟ ਕਰਨ ਵਾਲਿਆਂ ਨੂੰ ਜੋ ਸ਼ਨਾਖਤ ਅਤੇ ਸਨਮਾਨ ਮਿਲਦਾ ਹੈ, ਉਹ ਦੂਜੇ ਲੋਕਾਂ ਨੂੰ ਨਹੀਂ ਮਿਲਦਾ। ਪਰ ਇਸ ਮੰਤਵ ਲਈ ਇਕ ਪ੍ਰਮਾਣਿਕ ਜਾਂ ਸੱਚਾ-ਸੁੱਚਾ ਵਿਅਕਤੀ ਬਣਨ ਦੀ ਜ਼ਰੂਰਤ ਹੁੰਦੀ ਹੈ

2.3.6 ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ 'ਕਵਿਤਾ ਦਾ ਕਲਾਤਮਕ ਅਧਿਐਨ :ਡਾ .ਹਰਿਭਜਨ ਸਿੰਘ ਨੂੰ ਕਾਵਿ ਦੇ ਕਲਾ ਪੱਖ ਬਾਰੇ ਵੀ ਬਹੁਤ ਗਿਆਨ ਸੀ। ਡਾ .ਹਰਿਭਜਨ ਸਿੰਘ ਇੱਕ ਉੱਘੇ ਕਾਵਿ ਆਲੋਚਕ ਵੀ ਸਨ। ਇਸ ਲਈ ਉਨ੍ਹਾਂ ਦੁਆਰਾ ਲਿਖੀਆਂ ਕਵਿਤਾਵਾਂ ਦਾ ਕਲਾਤਮਕ ਮਿਆਰ ਬਹੁਤ ਉੱਚਾ ਹੁੰਦਾ ਹੈ।

ਸੰਬੋਧਨੀ ਸ਼ੈਲੀ :ਆਪਣੀ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਵਿੱਚ ਸੰਬੋਧਨੀ ਸ਼ੈਲੀ ਵਰਤੀ ਗਈ ਹੈ। ਉਹ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੇ ਨਾਲ ਸੰਬੋਧਨ ਕਰਦੇ ਹਨ। ਕਵਿਤਾ ਵਿੱਚ ਸਾਰੀ ਘਟਨਾਵਾਂ ਦਾ ਵਰਣਨ ਕੀਤਾ ਜਾਂਦਾ ਹੈ ਜਿਸ ਨਾਲ ਕਵਿਤਾ ਵਿੱਚ ਨਾਟਕੀਅਤਾ ਆਉਂਦੀ ਹੈ। ਕਵਿਤਾ ਵਿੱਚ ਕਹਾਣੀ ਅਤੇ ਨਾਵਲ ਵਾਂਗ ਬਿਰਤਾਂਤ ਵੇਖਣ ਨੂੰ ਮਿਲਦਾ ਹੈ। ਇਸ ਕਵਿਤਾ ਵਿੱਚ ਇਤਿਹਾਸਕ ਘਟਨਾਵਾਂ ਉੱਤੇ ਵਾਰ ਵਾਰ ਚਾਨਣ ਪਾਇਆ ਜਾਂਦਾ ਹੈ। ਖਾਲਸਾ ਪੰਥ ਦੀ ਸਾਜਨਾ ਇਤਿਹਾਸ ਵਿੱਚ ਇੱਕ ਵੱਡੀ ਘਟਨਾ ਹੈ। ਕਵਿਤਾ ਦਾ ਮੁੱਖ ਪਾਤਰ ਆਪਣੇ ਆਪ ਨੂੰ ਉਸ ਘਟਨਾ ਵਾਲੇ ਸਥਾਨ ਉੱਪਰ ਕਲਪਿਤ ਕਰਦਾ ਹੈ।

ਖੁੱਲੀ ਕਵਿਤਾ :ਜੇਕਰ ਕਵਿਤਾ ਦੇ ਰੂਪ ਦੀ ਗੱਲ ਕਰੀਏ ਤਾਂ ਅਸੀਂ ਇਸ ਕਵਿਤਾ ਨੂੰ ਖੁੱਲੀ ਕਵਿਤਾ ਦੀ ਸ਼੍ਰੇਣੀ ਵਿੱਚ ਰੱਖ ਸਕਦੇ ਹਾਂ। ਕਵਿਤਾ ਦੀ ਲੈਅ ਵੀ ਖੁੱਲੀ ਕਵਿਤਾ ਵਾਲੀ ਹੈ। ਦੋ ਸਤਰਾਂ ਤੋਂ ਲੈ ਕੇ ਸੱਤ-ਅੱਠ ਸਤਰਾਂ ਤੱਕ ਇੱਕ ਵਿਸ਼ੇ ਉੱਪਰ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ।

ਉਦੋਂ ਹਾਜ਼ਿਰ ਸਾਂ ਮੈਂ
ਤੇਰੇ ਮੂੰਹੋਂ ਜਦੋਂ ਇੱਕ ਬੋਲ ਦਾ ਟੁਕੜਾ
ਸੁਲਗਦੀ ਲਾਟ ਵਾਂਗੂੰ ਨਿਕਲਿਆ ਸੀ

ਇਸ ਤਰ੍ਹਾਂ ਅਸੀਂ ਕਵਿਤਾ ਦੇ ਰੂਪ ਸੰਬੰਧੀ ਮਿਸਾਲ ਵੇਖ ਸਕਦੇ ਹਾਂ। ਇਸ ਕਵਿਤਾ ਦੀ ਭਾਸ਼ਾ ਵਿੱਚ ਸਿੱਖ ਇਤਿਹਾਸ ਅਤੇ ਧਰਮ ਨਾਲ ਸੰਬੰਧੀ ਬਹੁਤ ਸਾਰੀ ਸ਼ਬਦਾਵਲੀ ਆਉਂਦੀ ਹੈ। ਇਸ ਦੀ ਮਿਸਾਲ ਲਈ ਸੀਸ, ਤਲਵਾਰ, ਸਰੋਵਰ, ਗੁਰ-ਦਰਬਾਰ, ਪੁਰਖ, ਆਦਿ ਸ਼ਬਦਾਵਲੀ ਵੇਖੀ ਜਾ ਸਕਦੀ ਹੈ। ਇਸ ਤਰ੍ਹਾਂ ਅਸੀਂ ਡਾ .ਹਰਿਭਜਨ ਸਿੰਘ ਦੁਆਰਾ ਲਿਖੀ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਦੇ ਕਲਾ ਪੱਖ ਨੂੰ ਜਾਣ ਸਕਦੇ ਹਾਂ।

2.4 ਪਾਠ ਦੀ ਰੂਪ-ਰੇਖਾ ਕਵਿਤਾ :ਹਰ ਮੋੜ ਤੇ ਸਲੀਬਾਂ:ਡਾ .ਜਗਤਾਰ

2.4.1ਕਵਿਤਾ ਦਾ ਮੂਲ ਪਾਠ

ਹਰ ਮੋੜ ਤੇ ਸਲੀਬਾਂ

ਹਰ ਮੋੜ ’ਤੇ ਸਲੀਬਾਂ, ਹਰ ਪੈਰ ’ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।
ਪੱਥਰ ’ਤੇ ਨਕਸ਼ ਹਾਂ ਮੈਂ, ਮਿੱਟੀ ’ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।
ਕਿੰਨੀ ਕੁ ਦੇਰ ਆਖ਼ਿਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ।
ਇਤਿਹਾਸ ਦੇ ਵਰਕ ਤੇ, ਤੇ ਵਕਤ ਦੇ ਪਰਾਂ ’ਤੇ,
ਉਂਗਲਾਂ ਡੁਬੋ ਕੇ ਲਹੂ ਵਿਚ, ਲਿਖਿਆ ਹੈ ਨਾਮ ਤੇਰਾ।
ਹਰ ਕਾਲ ਕੋਠੜੀ ਵਿਚ, ਤੇਰਾ ਹੈ ਜ਼ਿਕਰ ਏਦਾਂ,
ਗ਼ਾਰਾਂ’ ਚ ਚਾਂਦਨੀ ਦਾ, ਹੋਵੇ ਜਿਵੇਂ ਬਸੇਰਾ।
ਆ ਆ ਕੇ ਯਾਦ ਤੇਰੀ, ਗ਼ਮਾਂ ਦਾ ਜੰਗਲ ਚੀਰੇ,
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ।
ਪੈਰਾਂ ‘ਚ ਬੇੜੀਆਂ ਨੇ, ਨੱਚਦੇ ਨੇ ਲੋਕ ਫਿਰ ਵੀ,
ਕਿਉਂ ਵੇਖ ਵੇਖ ਉਡਦੈ, ਚਿਹਰੇ ਦਾ ਰੰਗ ਤੇਰਾ।
ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ।

2.4.2 ਲੇਖਕ ਨਾਲ ਜਾਣ-ਪਛਾਣ :ਜਗਤਾਰ ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਮੁੱਖ ਸ਼ਾਇਰ ਹੈ। ਜਿਸ ਨੇ ਪੰਜਾਬੀ ਗਜ਼ਲ, ਨਜ਼ਮ, ਗੀਤ ਖੋਜ ਅਤੇ ਅਲੋਚਨਾ ਦੇ ਕਾਰਜ ਰਾਹੀਂ ਆਪਣਾ ਇਕ ਵਿੱਲਖਣ ਸਥਾਨ ਬਣਾਇਆ। ਜਗਤਾਰ ਦਾ ਜਨਮ 6 ਜੂਨ, 1935 ਈ :ਨੂੰ ਮਾਤਾ ਗੁਰਚਰਨ ਕੌਰ ਅਤੇ ਪਿਤਾ ਨੱਥਾ ਸਿੰਘ ਦੇ ਘਰ ਹੋਇਆ। ਸਾਹਿਤ ਜਗਤ ਵਲੋਂ ਡਾ .ਜਗਤਾਰ ਨੂੰ ਕਈਂ ਸਨਮਾਨਾਂ ਨਾਲ ਨਿਵਾਜਿਆ ਗਿਆ ,'ਦੁੱਧ ਪੱਥਰੀ ਲਈ ' (1961 ਈ (:ਵਿੱਚ ਸਾਹਿਤ ਸਮੀਖਿਆ ਬੋਰਡ ਵੱਲੋਂ ਅਵਾਰਡ ,ਸਾਹਿਤ ਟਰੱਸਟ, ਢੁਡੀਕੇ ਅਵਾਰਡ) 1981 ਈ ,(:'ਸ਼ੀਸ਼ੇ ਦਾ ਜੰਗਲ' ਲਈ ਪੰਜਾਬ ਆਰਟਸ ਕੌਂਸਲ ਅਵਾਰਡ) 1991 ਈ ,(:ਭਾਸ਼ਾ ਵਿਭਾਗ , ਪੰਜਾਬ ਵਲੋਂ ਸ਼੍ਰੋਮਣੀ ਕਵੀ ਵਜੋਂ ਸਨਮਾਨ , ਭਾਰਤੀ ਸਾਹਿਤ ਅਕਾਦਮੀ, ਅਵਾਰਡ ਗਜ਼ਲ ਪੁਸਤਕ 'ਜੁਗਨੂੰ ਦੀਵਾ ਤੇ ਦਰਿਆ ਲਈ '(1995 ਈ (:ਆਦਿ। ਡਾ . ਜਗਤਾਰ ਦੀਆਂ ਪ੍ਰਮੁੱਖ ਕਾਵਿ ਪੁਸਤਕਾਂ -: ਰੁੱਤਾਂ ਰਾਂਗਲੀਆਂ) 1957) , ਤਲਖੀਆਂ ਰੰਗੀਨੀਆਂ) 1960), ਦੁੱਧ

ਪੱਥਰੀ) 1961), ਅਧੂਰਾ ਆਦਮੀ) 1967), ਲਹੂ ਦੇ ਨਕਸ਼) 1973), ਛਾਂਗਿਆ ਰੁੱਖ) 1976), ਸ਼ੀਸ਼ੇ ਦਾ ਜੰਗਲ )1980), ਜਜ਼ੀਰਿਆਂ ਵਿੱਚ ਘਿਰਿਆ ਸਮੁੰਦਰ) 1985), ਚਨੁਕਰੀ ਸ਼ਾਮ) 1990), ਜੁਗਨੂੰ ਦੀਵਾ ਤੇ ਦਰਿਆ )1992), ਅੱਖਾਂ ਵਾਲੀਆਂ ਪੈੜਾਂ) 1999), ਮੇਰੇ ਅੰਦਰ ਇੱਕ ਸਮੁੰਦਰ,(2001) ਪ੍ਰਵੇਸ਼ ਦੁਆਰ) 2002) ਆਦਿ ਹਨ।

2.4.3 ਹਰ ਮੋੜ ਤੇ ਸਲੀਬਾਂ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

ਪੱਥਰ ’ਤੇ ਨਕਸ਼ ਹਾਂ ਮੈਂ, ਮਿੱਟੀ ’ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

ਕਿੰਨੀ ਕੁ ਦੇਰ ਆਖ਼ਿਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ,ਖ਼ਾਮੋਸ਼ ਖ਼ੂਨ ਮੇਰਾ।

ਪ੍ਰਸੰਗ :ਉਪਰੋਕਤ ਸਤਰਾਂ ਡਾ .ਜਗਤਾਰ ਦੀ ਪ੍ਰਸਿੱਧ ਗਜ਼ਲ 'ਹਰ ਮੋੜ ਤੇ ਸਲੀਬਾਂ' ਵਿੱਚੋਂ ਲਈਆਂ ਗਈਆਂ ਹਨ। ਇਹ ਉਸਦੀ ਬਹੁਤ ਚਰਚਿਤ ਗ਼ਜ਼ਲ ਹੈ ਜੋ‘ ਸ਼ੀਸ਼ੇ ਦਾ ਜੰਗਲ ’ਪੁਸਤਕ ਵਿਚ ਸ਼ਾਮਿਲ ਹੈ। ਇਸ ਗ਼ਜ਼ਲ ਵਿਚ ਡਾ . ਜਗਤਾਰ ਨੇ ਵਿਰੋਧੀ ਪਰਿਸਥਿਤੀਆਂ ਅਤੇ ਨਿਜ਼ਾਮ ਨਾਲ ਟੱਕਰ ਲੈਣ ਵਾਲੇ ਕ੍ਰਾਂਤਕਾਰੀ ਨਾਇਕ ਨੂੰ ਸਿਰਜਿਆ ਹੈ। ਇਹ ਨਾਇਕ ਸਮਾਜ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਕੇ ਜ਼ੁਲਮ ਤੋਂ ਮੁਕਤ ਸੋਹਣਾ ਸਮਾਜ ਸਿਰਜਣ ਦੀ ਤਾਂਘ ਰੱਖਦਾ ਹੈ।

ਵਿਆਖਿਆ :ਜਗਤਾਰ ਦੀਆਂ ਗਜ਼ਲਾਂ ਵਿੱਚ ਇੱਕ ਵੱਖਰੀ ਲਾਟ ਜਿਸਦਾ ਨਾਂ ਜੁਗਨੂੰ ਹੈ ,ਇਹ ਬੜਾ ਸਾਨੂੰ ਮੁਤਾਸਰ ਕਰਦੀ ਹੈ। ਜਿਹੜੀ ਹਨੇਰਿਆਂ ਦੀ ਹਿੱਕ ਚੀਰ ਕੇ ਉਸ ਦੇ ਮੱਥੇ ਤੇ ਝਰੀਟਾਂ ਪਾਉਂਦੀ ਹੈ ਅਤੇ ਹੌਂਸਲਾ ਨੀ ਹਾਰਦੀ। ਇਹ ਲਾਟ ਆਖਿਰ ਤੱਕ ਇਹਨਾਂ ਹਨੇਰਿਆਂ ਨਾਲ ਲੜਦੀ ਦਿਖਾਈ ਦਿੰਦੀ ਹੈ। ਜਗਤਾਰ ਲੋਕਾਂ ਦੀਆਂ ਪੀੜਾਂ ਨੂੰ ਅਵਾਜ਼ ਦੇਣ ਵਾਲਾ ਕਵੀ ਹੈ। ਉਪਰੋਕਤ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਮੈਂ ਮਿੱਟੀ ਨਹੀਂ ਜਿਸਨੂੰ ਕੋਈ ਫ਼ਰਕ ਨਹੀਂ ਪੈਂਦਾ ਮੈਂ ਪੱਥਰ ਹਾਂ ਜਿਸਨੂੰ ਜਿਨ੍ਹਾਂ ਕੋਈ ਮਿਟਾਉਣ ਦੀ ਕੋਸ਼ਿਸ਼ ਕਰੇਗਾ ਉਹ ਓਨਾ ਹੀ ਡੂੰਘਾ ਹੁੰਦਾ ਜਾਵੇਗਾ। ਉਪਰੋਕਤ ਸਤਰਾਂ ਵਿੱਚ ਉਹ ਹਨੇਰ ਜ਼ੁਲਮ ਨੂੰ ਕਹਿੰਦਾ ਹੈ ਜਿਸਨੂੰ ਕੋਈ ਕਿੰਨਾ ਕੁ ਜਰ ਸਕਦਾ ਹੈ ,ਆਖਿਰ ਇਕ ਨਾ ਇਕ ਦਿਨ ਇਸ ਖਾਮੋਸ਼ੀ ਨੂੰ ਤੋੜ ਕੇ ਇਸਦਾ ਸਾਹਮਣਾ ਕਰਨਾ ਹੀ ਪੈਣਾ ਹੈ। ਇਸ ਤਰ੍ਹਾਂ ਡਾ .ਜਗਤਾਰ ਦੀ ਇਹ ਗ਼ਜ਼ਲ ਸਥਾਪਤ ਨਿਜ਼ਾਮ ਦੇ ਵਿਰੋਧ ਵਿਚ ਅਤੇ ਮਾਨਵੀ ਕਦਰਾਂ ਕੀਮਤਾਂ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕਰਦੀ ਹੈ।

2.4.4 ਹਰ ਮੋੜ ਤੇ ਸਲੀਬਾਂ ਕਵਿਤਾ ਦਾ ਵਿਸ਼ਾ-ਵਸਤੂ :ਜਗਤਾਰ ਇਕ ਸੱਚਾ ਕਵੀ ਹੈ, ਜਿਹੜਾ ਪਿਆਰ ਦਾ, ਮੁਹੱਬਤਾਂ ਦਾ, ਅਮਨ ਦਾ ਪੈਗੰਬਰ ਹੈ। ਜਿਸ ਦੇ ਭੇਜੇ ਹੋਏ ਪਰਤ ਕੇ ਆਉਣ ਵਾਲੇ ਹਰ ਕਬੂਤਰ ਦੀ ਹਿੱਕ 'ਚੋਂ ਆਰ ਪਾਰ ਪਰੁੱਚੇ ਹੋਏ ਖੰਜਰ, ਜੱਗ ਦੀ ਬੇਸਕੂਨੀ, ਬਦਅਮਨੀ, ਵੇਲੇ ਦੇ ਜ਼ੁਲਮ ਦੀ ਨਿਸ਼ਾਨਕਾਰੀ ਕਰਦੇ ਹਨ। ਜਗਤਾਰ ਕਾਇਨਾਤ ਦੇ ਸਮੁੰਦਰ ਵਿੱਚੋਂ ਪਾਤਾਲ 'ਚ ਲੁਕੇ ਹੋਏ ਮੋਤੀਆਂ ਦੀ ਖੋਜ ਕਰਦਾ ਹੈ। ਤੇ ਅੱਖਰਾਂ ਦੇ ਵੰਨ-ਸੁੰਵਨੇ ਲਾਲਾਂ

ਨਾਲ ਦਿਲਾਂ ਵਿੱਚ ਦਫ਼ਨ ਅਮਾਨਤਾਂ ਦੀ ਖੋਜ ਲਾਕੇ ਤਖਲੀਕੀ ਜਜਬਿਆਂ ਨੂੰ ਅਜ਼ਹਾਰ ਦੀ ਬਸ਼ਾਰਤ ਦਿੰਦੀ ਹੈ। ਜਗਤਾਰ ਆਪਣੇ ਸ਼ਿਅਰਾਂ ਰਾਹੀਂ ਉਹਨਾਂ ਲੋਕਾਂ ਦੀ ਜੁਬਾਨ ਬਣਦਾ ਹੈ ਜਿਹੜੇ ਸਮੁੰਦਰੋਂ ਪਾਰ ਆਪਣੇ ਘਰ ਬਾਰ, ਆਪਣੇ ਗਰਾਂ ਤੋਂ ਦੂਰ ਢਿੱਡ ਦੀ ਅੱਗ ਬੁਝਾਉਣ ਲਈ ਬਿਰਹੋਂ ਦੀ ਅੱਗ ਵਿੱਚ ਆਪਣੇ ਹੱਡ ਬਾਲ ਕੇ ਆਪਣੀ ਰੂਹ ਨੂੰ ਸੇਕੇ ਲਾਂਦੇ ਫਿਰਦੇ ਹਨ।

ਆ ਆ ਕੇ ਯਾਦ ਤੇਰੀ, ਜੰਗਲ ਗਮਾਂ ਦਾ ਚੀਰੇ,

ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ।

ਹਨੇਰੀ ਦੀਆਂ ਗੁਫਾਵਾਂ ਵਿੱਚ ਚੁੱਪ ਸਾਧੇ ਖੰਡਰਾਂ ਵਿੱਚ ਬਹੁਤ ਸਾਰੀਆਂ ਰੂਹਾਂ ਚੀਖ਼ਦੀਆਂ ਸੁਣਾਈ ਦਿੰਦੀਆਂ ਹਨ। ਜਗਤਾਰ ਦੀ ਕਲਮ ਆਪਣੀਆਂ ਲੀਕੀਆਂ ਲੀਕਾਂ ਰਾਹੀਂ ਵੇਲੇ ਦੀ ਤਸਵੀਰ ਖਿੱਚ ਕੇ ਪਾਠਕ ਦੇ ਸਾਹਮਣੇ ਰੱਖ ਦਿੰਦੀ ਹੈ। ਉਸਦੀਆਂ ਇਹਨਾਂ ਹੀ ਲੀਕਾਂ ਵਿੱਚੋਂ ਆਲੇ ਦੁਆਲੇ ਖਿਲਰੇ ਰੰਗ ਬੋਲਦੇ ਹਨ। ਕਦੇ ਉਹ ਅੱਖ ਮਸ਼ਰਿਕ ਦੇ ਸਾਹ ਦੀਆਂ ਡੁੱਬਦੀਆਂ ਹੋਈਆਂ ਨਬਜ਼ਾਂ ਨੂੰ ਵੇਖਦੀ ਹੈ ਤੇ ਕਦੇ ਖੁਸ਼ਕ ਦਰਿਆ, ਸੜੀ ਬਸਤੀ ' ਚ ਉੱਡਦੀ ਹੋਈ ਧੂੜ, ਕਦੇ ਤਿੜਕੇ ਹੋਏ ਸ਼ੀਸ਼ੇ ਤੇ ਕਦੇ ਬੁੱਝੇ ਹੋਏ ਦੀਵੇ। ਸਮੁੱਚੇ ਰੂਪ 'ਚ ਜਗਤਾਰ ਮਨ ਦੇ ਸਾਰੇ ਦਰਦ, ਪੀੜਾਂ, ਉਦਾਸੀ, ਹਾਦਸੇ, ਸਦਮੇ, ਮਹਿਰੂਮੀਅਤ ਆ ਦਿ ਸਾਂਝੇ ਕਰਨਾ ਚਾਹੁੰਦਾ ਹੈ।

2.4.5 ਹਰ ਮੋੜ ਤੇ ਸਲੀਬ ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ :ਡਾ .ਜਗਤਾਰ ਦੀ ਪ੍ਰਸਿੱਧ ਗਜ਼ਲ 'ਹਰ ਮੋੜ ਤੇ ਸਲੀਬਾਂ' ਵਿੱਚੋਂ ਲਈਆਂ ਗਈਆਂ ਹਨ। ਇਹ ਉਸਦੀ ਬਹੁਤ ਚਰਚਿਤ ਗ਼ਜ਼ਲ ਹੈ ਜੋ' ਸ਼ੀਸ਼ੇ ਦਾ ਜੰਗਲ 'ਪੁਸਤਕ ਵਿਚ ਸ਼ਾਮਿਲ ਹੈ। ਇਸ ਗ਼ਜ਼ਲ ਵਿਚ ਡਾ .ਜਗਤਾਰ ਨੇ ਵਿਰੋਧੀ ਪਰਿਸਥਿਤੀਆਂ ਅਤੇ ਨਿਜ਼ਾਮ ਨਾਲ ਟੱਕਰ ਲੈਣ ਵਾਲੇ ਕ੍ਰਾਂਤਕਾਰੀ ਨਾਇਕ ਨੂੰ ਸਿਰਜਿਆ ਹੈ। ਜਿਵੇਂ:

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

ਇਹ ਨਾਇਕ ਸਮਾਜ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਕੇ ਜ਼ੁਲਮ ਤੋਂ ਮੁਕਤ ਸੋਹਣਾ ਸਮਾਜ ਸਿਰਜਣ ਦੀ ਤਾਂਘ ਰੱਖਦਾ ਹੈ। ਕਵੀ ਕਹਿੰਦਾ ਹੈ ਕਿ ਮੈਂ ਮਿੱਟੀ ਨਹੀਂ ਜਿਸਨੂੰ ਕੋਈ ਫ਼ਰਕ ਨਹੀਂ ਪੈਂਦਾ ਮੈਂ ਪੱਥਰ ਹਾਂ ਜਿਸਨੂੰ ਜਿਨ੍ਹਾਂ ਕੋਈ ਮਿਟਾਉਣ ਦੀ ਕੋਸ਼ਿਸ਼ ਕਰੇਗਾ ਉਹ ਓਨਾ ਹੀ ਡੂੰਘਾ ਹੁੰਦਾ ਜਾਵੇਗਾ। ਉਪਰੋਕਤ ਸਤਰਾਂ ਵਿੱਚ ਉਹ ਹਨੇਰ ਜ਼ੁਲਮ ਨੂੰ ਕਹਿੰਦਾ ਹੈ ਜਿਸਨੂੰ ਕੋਈ ਕਿੰਨਾ ਕੁ ਜਰ ਸਕਦਾ ਹੈ ,ਆਖਿਰ ਇਕ ਨਾ ਇਕ ਦਿਨ ਇਸ ਖਾਮੋਸ਼ੀ ਨੂੰ ਤੋੜ ਕੇ ਇਸਦਾ

ਸਾਹਮਣਾ ਕਰਨਾ ਹੀ ਪੈਣਾ ਹੈ। ਇਸ ਤਰ੍ਹਾਂ ਡਾ .ਜਗਤਾਰ ਦੀ ਇਹ ਗ਼ਜ਼ਲ ਸਥਾਪਤ ਨਿਜ਼ਾਮ ਦੇ ਵਿਰੋਧ ਵਿਚ ਅਤੇ ਮਾਨਵੀ ਕਦਰਾਂ ਕੀਮਤਾਂ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕਰਦੀ ਹੈ।

2.4.6 ਹਰ ਮੋੜ ਤੇ ਸਲੀਬਾਂ ਕਵਿਤਾ ਦਾ ਕਲਾਤਮਕ ਅਧਿਐਨ :ਡਾ .ਜਗਤਾਰ ਗ਼ਜ਼ਲ ਦੇ ਖੇਤਰ ਦਾ ਬਹੁਤ ਵੱਡਾ ਤੇ ਸਮਰੱਥ ਕਵੀ ਹੈ। ਉਸਨੇ ਗ਼ਜ਼ਲ ਦੇ ਖੇਤਰ ਵਿਚ ਇੱਕ ਨਵਾਂ ਮਿਆਰ ਸਥਾਪਿਤ ਕੀਤਾ ਹੈ।

ਸੰਬੋਧਨੀ ਸ਼ੈਲੀ :ਜਗਤਾਰ ਆਪਣੀ ਗਜ਼ਲ ਵਿੱਚ ਸੰਬੋਧਨੀ ਸ਼ੈਲੀ ਦੀ ਵਰਤੋਂ ਕਰਦਾ ਹੈ।

ਹਰ ਮੋੜ ਤੇ ਸਲੀਬਾਂ, ਹਰ ਮੋੜ ਤੇ ਹਨੇਰਾ

ਫ਼ਿਰ ਵੀ ਅਸੀਂ ਰੁਕੇ ਨਾ ਸਾਡਾ ਵੀ ਦੇਖ ਜੇਰਾ।

ਸੰਵਾਦ ਸ਼ੈਲੀ :ਡਾ .ਜਗਤਾਰ ਆਪਣੀ ਗਜ਼ਲ ਵਿੱਚ ਸਮੇਂ ਦੀ ਹਕੂਮਤ) ਜੁਲਮ (ਨਾਲ ਸੰਵਾਦ ਰਚਾਉਂਦਾ ਹੈ।

ਪੈਰਾਂ 'ਚ ਬੇੜੀਆਂ ਨੇ, ਨੱਚਦੇ ਨੇ ਲੋਕ ਫ਼ਿਰ ਵੀ,

ਕਿਉਂ ਵੇਖ ਵੇਖ ਉੱਡਦੈ ਚਿਹਰੇ ਦਾ ਰੰਗ ਤੇਰਾ।

ਅਨੁਪ੍ਰਾਸ ਅਲੰਕਾਰ :ਡਾ .ਜਗਤਾਰ ਦੀਆਂ ਗਜ਼ਲਾਂ ਵਿੱਚ ਕਿਸੇ ਗੱਲ ਨੂੰ ਦੁਹਰਾ ਕੇ ਕਹਿਣ ਦੀ ਜੁਗਤ ਬਹੁਤ ਵਰਤੀ ਗਈ ਹੈ। ਉਹ ਵਾਰ ਵਾਰ ਆਪਣੀ ਗ਼ਜ਼ਲ ਵਿਚ ਅਨੁਪ੍ਰਾਸ ਅਲੰਕਾਰ ਵਰਤਦਾ ਹੈ।

ਕਿੰਨਾ ਕੁ ਦੇਰ ਆਖਿਰ ਧਰਤੀ ਹਨੇਰ ਜਰਦੀ

ਕਿੰਨੀ ਕੁ ਦੇਰ ਰਹਿੰਦਾ ਖਾਮੋਸ਼ ਖ਼ੂਨ ਮੇਰਾ।

ਸਪਰਸ਼ ਬਿੰਬ :ਡਾ .ਜਗਤਾਰ ਬਿੰਬਾਂ ਦਾ ਧਨੀ ਹੈ ਉਹ ਬਹੁਤ ਸੋਹਣੇ ਬਿੰਬ ਆਪਣੀਆਂ ਗ਼ਜ਼ਲਾਂ ਵਿਚ ਵਰਤਦਾ ਹੈ ਜਿਵੇਂ ਸਪਰਸ਼ ਬਿੰਬ ਦਾ ਇੱਕ ਨਮੂਨਾ ਹੇਠ ਲਿਖੇ ਅਨੁਸਾਰ ਹੈ:

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,

ਸਦ ਸ਼ੁਕਰ ਹੈ ਕਿ ਆਇਆ, ਮਹਿਬੂਬ ਅੰਤ ਮੇਰਾ।

ਪ੍ਰਤੀਕ :ਡਾ .ਜਗਤਾਰ ਕੋਲ ਪ੍ਰਤੀਕਾਂ ਦਾ ਭੰਡਾਰ ਹੈ।

ਆ ਆ ਕੇ ਯਾਦ ਤੇਰੀ, ਗ਼ਮਾਂ ਦਾ ਜੰਗਲ ਚੀਰੇ,

ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ।

## 2.5 ਅਭਿਆਸ ਲਈ ਪ੍ਰਸ਼ਨ:

1. ਅੱਜ ਆਖਾਂ ਵਾਰਿਸ ਸ਼ਾਹ ਨੂੰ ਕਵਿਤਾ ਕਿਸ ਇਤਿਹਾਸਕ ਘਟਨਾ ਦਾ ਬਿਆਨ ਕਰਦੀ ਹੈ?

2. ਅੰਮ੍ਰਿਤਾ ਪ੍ਰੀਤਮ ਦੀਆਂ ਪ੍ਰਮੁੱਖ ਪੁਸਤਕਾਂ ਦੇ ਨਾਮ ਦੱਸੋ?

3.‘ ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ ’ਇਹਨਾਂ ਸਤਰਾਂ ਵਿਚ ਕਵੀਤਰੀ ਕੀ ਕਹਿਣਾ ਚਾਹੁੰਦੀ ਹੈ?

4. ਪ੍ਰਸੰਗ ਸਹਿਤ ਵਿਆਖਿਆ ਕਰੋ:

ਧਰਤੀ ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ

ਪ੍ਰੀਤ ਦੀਆਂ ਸ਼ਾਹਜਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ...

ਅੱਜ ਸੱਭੇ ਕੈਦੋਂ ਬਣ ਗਏ, ਹੁਸਨ ਇਸ਼ਕ ਦੇ ਚੋਰ

ਅੱਜ ਕਿਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇਕ ਹੋਰ...

5. ਡਾ .ਹਰਿਭਜਨ ਦੀਆਂ ਪ੍ਰਮੁੱਖ ਪੁਸਤਕਾਂ ਕਿਹੜੀਆਂ-ਕਿਹੜੀਆਂ ਹਨ?

6.‘ ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ’ਕਵਿਤਾ ਦਾ ਪ੍ਰਮੁੱਖ ਵਿਸ਼ਾ ਕੀ ਹੈ?

7.‘ ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ ’ਕਵਿਤਾ ਵਿਚ‘ ਮੈਂ ’ਕਿਉਂ ਪਛਤਾਉਂਦਾ ਹੈ?

8. ਪ੍ਰਸੰਗ ਸਹਿਤ ਵਿਆਖਿਆ ਕਰੋ:

ਸੀਸ ਜਿਸ ਦੇ ਪਾਸ ਹੈ ਹਾਜ਼ਰ ਕਰੇ

ਉਦੋਂ ਬੇਸੀਸ ਬੰਦੇ ਵਾਂਗ ਮੇਰੀ ਹਾਜ਼ਰੀ ਸੀ

ਮੇਰੇ ਸੀਨੇ 'ਚੋਂ ਮੇਰੀ ਜਾਨ

ਅਚੇਤੀ ਲਹਿਰ ਵਾਂਗੂੰ ਤ੍ਰਭਕ ਕੇ ਉੱਠੀ

ਤੇ ਫ਼ਿਰ ਡੀਕੀ ਨਦੀ ਵਾਂਗੂੰ ਸੌਂ ਗਈ

9.‘ ਹਰ ਮੋੜ’ ਤੇ ਸਲੀਬਾਂ ’ਗ਼ਜ਼ਲ ਦਾ ਮੁੱਖ ਵਿਸ਼ਾ ਕੀ ਹੈ?

10. ਡਾ .ਜਗਤਾਰ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਚਰਚਾ ਕਰੋ।

11ਹਰ ਮੋੜ' ਤੇ ਸਲੀਬਾਂ 'ਕਵਿਤਾ ਵਿਚ ਨਾਇਕ ਕਿਹੋ ਜਿਹਾ ਸਮਾਜ ਸਿਰਜਣ ਲਈ ਤਾਂਘਦਾ ਹੈ?

12 ਪ੍ਰਸੰਗ ਸਹਿਤ ਵਿਆਖਿਆ ਕਰੋ:

ਪੈਰਾਂ 'ਚ ਬੇੜੀਆਂ ਨੇ, ਨੱਚਦੇ ਨੇ ਲੋਕ ਫਿਰ ਵੀ,
ਕਿਉਂ ਵੇਖ ਵੇਖ ਉਡਦੈ, ਚਿਹਰੇ ਦਾ ਰੰਗ ਤੇਰਾ।

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ।

## 2.6 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


1 .ਡਾ .ਰਜਿੰਦਰਪਾਲ ਸਿੰਘ ਬਰਾੜ ,ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ,ਸਾਹਿਤ ਅਕਾਦਮੀ, ਦਿੱਲੀ ।

2.ਡਾ .ਕਰਮਜੀਤ ਸਿੰਘ ,ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ ,ਗੁਰੂ ਨਾਨਕ ਦੇਵ ਯੂਨੀਵਰਸਿਟੀ ,ਅੰਮ੍ਰਿਤਸਰ।

3. ਜਸਵਿੰਦਰ ਸਿੰਘ ,ਨਵੀਂ ਪੰਜਾਬੀ ਕਵਿਤਾ :ਪਛਾਣ ਚਿੰਨ੍ਹ ,ਚੇਤਨਾ ਪ੍ਰਕਾਸ਼ਨ ਲੁਧਿਆਣਾ।.

4. ਹਰਿਭਜਨ ਸਿੰਘ ,ਪੂਰਨ ਸਿੰਘ :ਰਚਨਾ-ਵਿਰਚਨਾ ,ਨਵਚੇਤਨ ਪਬਲਿਸ਼ਰਜ਼ ,ਅੰਮ੍ਰਿਤਸਰ

5.ਖੋਜ ਪੱਤ੍ਰਿਕਾ) ,ਆਧੁਨਿਕ ਕਾਵਿ ਵਿਸ਼ੇਸ਼ ਅੰਕ ,(ਪੰਜਾਬੀ ਯੂਨੀਵਰਸਿਟੀ ,ਪਟਿਆਲਾ

6.ਸੁਖਦੇਵ ਸਿੰਘ ,ਪੰਜਾਬੀ ਕਵਿਤਾ :ਪੁਨਰ ਸੰਵਾਦ ,ਲੋਕਗੀਤ ਪ੍ਰਕਾਸ਼ਨ ,ਚੰਡੀਗੜ੍ਹ

7.ਡਾ .ਯੋਗਰਾਜ ,ਨਵੀਂ ਪੰਜਾਬੀ ਸ਼ਾਇਰ :ਸਮਕਾਲੀ ਸੰਦਰਭ ,ਚੇਤਨਾ ਪ੍ਰਕਾਸ਼ਨ ਲੁਧਿਆਣਾ।

# B.A(Liberal Arts)

## SEMESTAR-III

### ਕੋਰਸ–ਜਰਨਲ ਪੰਜਾਬੀ

| ਯੂਨਿਟ– 3 | ਪੰਜਾਬੀ ਕਵਿਤਾ:‘ ਜਖ਼ਮ ,’ਅਤੇ‘ ਕੰਮਿਆਂ ਦਾ ਵਿਹੜਾ ’ਕਵਿਤਾਵਾਂ ਦਾ ਵਿਸ਼ਾ ,ਸਾਰ ,ਪ੍ਰਸੰਗ ਸਹਿਤ ਵਿਆਖਿਆ ਅਤੇ ਕਲਾਤਮਕ ਅਧਿਐਨ |
|---|---|

3.1 ਪਾਠ ਤੀਜਾ :ਪੰਜਾਬੀ ਕਵਿਤਾ

3.1.1 ਭੂਮਿਕਾ

3.1.2 ਪਾਠ ਦਾ ਮੰਤਵ

3.1.3 ਕਵਿਤਾ ਕੀ ਹੈ?

3.1.4 ਆਧੁਨਿਕ ਪੰਜਾਬੀ ਕਵਿਤਾ ਦਾ ਨਿਕਾਸ ਤੇ ਵਿਕਾਸ

3.2 ਪਾਠ ਦੀ ਰੂਪ-ਰੇਖਾ-ਕਵਿਤਾ :ਜਖ਼ਮ ਸ਼ਿਵ ਕੁਮਾਰ ਬਟਾਲਵੀ

3.2.1 ਕਵਿਤਾ ਦਾ ਮੂਲ ਪਾਠ

3.2.2 ਲੇਖਕ ਨਾਲ ਜਾਣ-ਪਛਾਣ

3.2.3 ਜਖ਼ਮ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

3.2.4 ਜਖ਼ਮ ਕਵਿਤਾ ਦਾ ਵਿਸ਼ਾ

3.2.5 ਜਖ਼ਮ ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ

3.2.6 ਜਖ਼ਮ ਕਵਿਤਾ ਦਾ ਕਲਾਤਮਕ ਅਧਿਐਨ

3.3 ਪਾਠ ਦੀ ਰੂਪ-ਰੇਖਾ ਕਵਿਤਾ ‘ ਕੰਮਿਆਂ ਦਾ ਵਿਹੜਾ : ’ਸੰਤ ਰਾਮ ਉਦਾਸੀ

3.3.1 ਕਵਿਤਾ ਦਾ ਮੂਲ ਪਾਠ

3.3.2 ਲੇਖਕ ਨਾਲ ਜਾਣ-ਪਛਾਣ

3.3.3 ਕੰਮਿਆਂ ਦਾ ਵਿਹੜਾ ’ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

3.3.4 ਕੰਮਿਆਂ ਦਾ ਵਿਹੜਾ ’ਕਵਿਤਾ ਦਾ ਵਿਸ਼ਾ-ਵਸਤੂ

3.3.5 ਕੰਮਿਆਂ ਦਾ ਵਿਹੜਾ’ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ

3.3.6 ‘ਕੰਮਿਆਂ ਦਾ ਵਿਹੜਾ ’ਕਵਿਤਾ ਦਾ ਕਲਾਤਮਕ ਅਧਿਐਨ

3.4 ਅਭਿਆਸ ਲਈ ਪ੍ਰਸ਼ਨ

3.5 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

3.1 ਪਾਠ ਤੀਜਾ :ਪੰਜਾਬੀ ਕਵਿਤਾ

3.0 ਭੂਮਿਕਾ :ਪਿਆਰੇ ਵਿਦਿਆਰਥੀਓ ਤੁਹਾਡੇ ਸਿਲੇਬਸ ਦੇ ਇਸ ਹਿੱਸੇ ਵਿਚ ਪੰਜਾਬੀ ਕਵਿਤਾਵਾਂ ਪੜ੍ਹਾਈਆਂ ਜਾ ਰਹੀਆਂ ਹਨ। ਇਸ ਪਾਠ ਵਿਚ' ਜਖ਼ਮ 'ਸ਼ਿਵ ਕੁਮਾਰ ਬਟਾਲਵੀ ਅਤੇ' ਕੰਮਿਆਂ ਦਾ ਵਿਹੜਾ 'ਸੰਤ ਰਾਮ ਉਦਾਸੀ ਆਦਿ ਕਵਿਤਾਵਾਂ ਪੜ੍ਹਾਈਆਂ ਜਾਣਗੀਆਂ। ਇਸ ਪਾਠ ਵਿਚ ਇਹਨਾਂ ਕਵਿਤਾਵਾਂ ਦਾ ਮੂਲ ਪਾਠ ,ਇਸਦੀ ਪ੍ਰਸੰਗ ਸਹਿਤ ਵਿਆਖਿਆ ,ਲੇਖਕ ਬਾਰੇ ਜਾਣਕਾਰੀ ,ਵਿਸ਼ਾ-ਵਸਤੂ ,ਸਾਰ ਅਤੇ ਕਵਿਤਾ ਦੇ ਕਲਾ ਪੱਖ ਆਦਿ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਇਸ ਪਾਠ ਵਿਚ ਦਿੱਤੀ ਗਈ ਹਰ ਕਵਿਤਾ ਦਾ ਮੂਲ ਪਾਠ ਪੜ੍ਹ ਲੈਣ। ਇਕ ਵਾਰ ਪਾਠ ਪੜ੍ਹ ਲੈਣ ਉਪਰੰਤ ਵਿਦਿਆਰਥੀਆਂ ਆਪ ਵੀ ਪ੍ਰਸੰਗ ਸਹਿਤ ਵਿਆਖਿਆ ,ਵਿਸ਼ਾ-ਵਸਤੂ ਅਤੇ ਸਾਰ ਅਤੇ ਕਲਾ ਪੱਖ ਬਾਰੇ ਲਿਖਣ ਦਾ ਅਭਿਆਸ ਜ਼ਰੂਰ ਕਰਨ।

3.1 ਪਾਠ ਦਾ ਮੰਤਵ :ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਕਵਿਤਾ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ। ਕਵਿਤਾ ਸਭ ਤੋਂ ਪੁਰਾਤਨ ਸਾਹਿਤ ਰੂਪ ਹੈ। ਕਵਿਤਾ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਸੂਖ਼ਮ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ,ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਕਵਿਤਾ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ। ਕਵਿਤਾ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ' ਜਖ਼ਮ) 'ਸ਼ਿਵ ਕੁਮਾਰ ਬਟਾਲਵੀ (ਅਤੇ' ਕੰਮਿਆਂ ਦਾ ਵਿਹੜਾ) 'ਸੰਤ ਰਾਮ ਉਦਾਸੀ (ਆਦਿ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ ,ਲੇਖਕ ਬਾਰੇ ਜਾਣਕਾਰੀ ,ਵਿਸ਼ਾ-ਵਸਤੂ ,ਸਾਰ ਅਤੇ ਕਲਾ ਪੱਖ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਪੰਜਾਬੀ ਕਵਿਤਾ ਨੂੰ ਸਮਝਣ ਦੇ ਕਾਬਿਲ ਹੋ ਸਕਣ।

3.1.3 ਕਵਿਤਾ ਕੀ ਹੈ :?ਕਵਿਤਾ ਸਾਹਿਤ ਦਾ ਪੁਰਾਤਨ ਕਾਵਿ ਰੂਪ ਹੈ। ਕਵਿਤਾ ਮਨੁੱਖ ਦੀਆਂ ਸੂਖ਼ਮ ਭਾਵਨਾਵਾਂ ਨੂੰ ਇੱਕ ਖਾਸ ਤਰ੍ਹਾਂ ਦੀ ਲੈਅ ਵਿਚ ਪੇਸ਼ ਕਰਦੀ ਹੈ। ਕਵਿਤਾ ਵਿਚ ਜਜ਼ਬੇ ,ਕਲਪਨਾ ,ਲੈਅ ,ਖ਼ਿਆਲ ਆਦਿ ਦਾ ਸੁਮੇਲ ਹੁੰਦਾ ਹੈ। ਕਵਿਤਾ ਮਨੁੱਖ ਦੇ ਸੂਖ਼ਮ ਭਾਵਾਂ ਦਾ ਕਲਾਤਮਕ ਢੰਗ ਨਾਲ਼ ਕੀਤਾ ਗਿਆ ਪ੍ਰਗਟਾਵਾ ਹੈ। ਇਹ ਮਨੁੱਖੀ ਵਲਵਲਿਆਂ ਦਾ ਬੇਰੋਕ ਉਛਾਲਾ ਹੈ ਜੋ ਆਪ-ਮੁਹਾਰੇ ਬਾਹਰ ਨਿੱਕਲਦਾ ਹੈ।

3.1.4 ਆਧੁਨਿਕ ਪੰਜਾਬੀ ਕਵਿਤਾ ਦਾ ਨਿਕਾਸ ਤੇ ਵਿਕਾਸ :ਪੰਜਾਬੀ ਕਵਿਤਾ ਦਾ ਇਤਿਹਾਸ ਬਹੁਤ ਪੁਰਾਤਨ ਹੈ। ਭਾਸ਼ਾ ਵਿਗਿਆਨੀ ਏਥੋਂ ਤੱਕ ਵੀ ਦਾਅਵਾ ਕਰਦੇ ਹਨ ਕਿ ਵੇਦਾਂ ਵਿਚਲੀ ਸੰਸਕ੍ਰਿਤ ਪੁਰਾਤਨ ਪੰਜਾਬੀ ਦਾ ਹੀ ਰੂਪ ਹੈ। ਇਸ ਤਰ੍ਹਾਂ ਪੰਜਾਬੀ ਕਵਿਤਾ ਦਾ ਇਤਿਹਾਸ ਵੇਦਾਂ ਦੀ ਕਵਿਤਾ ਤੱਕ ਜਾ ਪਹੁੰਚਦਾ ਹੈ। ਪੰਜਾਬੀ ਕਵਿਤਾ ਦੀ ਇਸ ਕਾਲ ਲੰਮੀ ਪਰੰਪਰਾ ਦਾ ਉੱਭਰਵਾਂ ਰੂਪ ਅੱਠਵੀਂ-ਨੌਵੀਂ ਸਦੀ ਵਿਚ ਜਾ ਕੇ ਨਾਥ-ਜੋਗੀਆਂ ਦੀ ਕਵਿਤਾ ਵਿਚ ਦਿਖਦਾ ਹੈ। ਇਸ ਤੋਂ ਬਾਅਦ ਪੰਜਾਬੀ ਕਵਿਤਾ ਪਹਿਲੀ ਵਾਰ ਆਪਣੇ ਨਿੱਖਰਵੇਂ ਰੂਪ ਵਿਚ ਬਾਰ੍ਹਵੀਂ-ਤੇਰ੍ਹਵੀਂ ਸਦੀ ਵਿਚ ਬਾਬਾ ਫ਼ਰੀਦ ਦੀ ਬਾਣੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਬਾਬਾ ਫ਼ਰੀਦ ਦੀ ਰਚਨਾ ਵਿਚ ਪਹਿਲੀ ਵਾਰ ਦੁਨਿਆਵੀ ਬਿੰਬ ਪ੍ਰਤੀਕ ,ਆਮ ਲੋਕਾਂ ਦਾ ਕਾਰ-ਵਿਹਾਰ ਸ਼ਾਮਿਲ ਹੁੰਦਾ ਹੈ। ਅਗਲ਼ਾ ਦੌਰ ਗੁਰਮਤਿ ਕਾਲ ਦਾ ਹੈ। ਜਿਸ ਵਿਚ ਪੰਜਾਬ ਅਤੇ ਪੰਜਾਬੀ ਭਾਸ਼ਾ ਜਿੱਥੇ ਗੁਰਮੁਖੀ ਵਰਗੀ ਲਿਪੀ ਦੀ ਯੋਗ ਵਰਤੋਂ ਕਰਨ ਵਰਗੇ ਵਡੇਰੇ ਕਾਰਜ

ਵਿਚੋਂ ਲੰਘਦੀ ਹੈ ਓਥੇ ਹੀ ਅਧਿਆਤਮਿਕਤਾ ਦੇ ਵਿਸ਼ਾਲ ਮੰਡਲਾਂ ਦੀ ਯਾਤਰਾ ਵੀ ਕਰਦੀ ਹੈ। ਗੁਰਮਤਿ ਕਾਲ ਦੀ ਰਚਨਾ ਵਿਚਲਾ ਅਧਿਆਤਮ ਮਨੁੱਖ ਦੇ ਅੰਦਰ ਵੱਲ ਦਾ ਯਾਤਰਾ ਕਰਨ ਵੱਲ ਅਗਰਸਰ ਹੈ। ਇਸ ਮੱਧਕਾਲ ਦੇ ਸਮੇਂ ਦੌਰਾਨ ਸੂਫ਼ੀ ਸਾਹਿਤ ,ਕਿੱਸਾ ਸਾਹਿਤ ,ਬੀਰ ਸਾਹਿਤ ਆਦਿ ਦਾ ਦੌਰ ਵੀ ਚਲਦਾ ਰਿਹਾ। ਇਹ ਸਾਰੀ ਰਚਨਾ ਲੌਕਿਕ )ਦੁਨਿਆਵੀ (ਹੁੰਦਿਆਂ ਹੋਇਆਂ ਵੀ ਪਰਾਲੌਕਿਕਤਾ ਦਾ ਪ੍ਰਭਾਵ ਕਬੂਲਦੀ ਰਹੀ ਹੈ। ਇਸ ਤਰ੍ਹਾਂ ਦੇ ਅਸਾਰ ਸਾਨੂੰ ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕੇ ਤੱਕ ਦੀ ਕਵਿਤਾ ਤੱਕ ਨਜ਼ਰ ਆਉਂਦੇ ਹਨ। ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਉਨ੍ਹੀਵੀਂ ਭਾਈ ਵੀਰ ਸਿੰਘ ,ਧਨੀ ਰਾਮ ਚਾਤ੍ਰਿਕ ਆਦਿ ਦੀ ਕਵਿਤਾ ਵਿਚੋਂ ਇਹ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦੇ ਹਨ। ਵੀਹਵੀਂ ਸਦੀ ਦੇ ਦੂਸਰੇ ਅਤੇ ਤੀਸਰੇ ਦਹਾਕੇ ਵਿਚ ਪ੍ਰੋ .ਪੂਰਨ ਸਿੰਘ ਪੰਜਾਬੀ ਕਵਿਤਾ ਨੂੰ ਇਕ ਨਵੀਂ ਲੀਹੇ ਪਾਉਂਦਾ ਹੈ। ਉਸਦੀ ਕਵਿਤਾ ਵਿਚ ਰਾਸ਼ਟਰ ਪ੍ਰੇਮ ਸੱਭਿਅਤਾ ਦੇ ਪ੍ਰੇਮ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਜਿਸ ਨੂੰ ਉਹ ਉਸ ਸਮੇਂ ਦੀ ਰਾਜਨੀਤਿਕ ਸਥਿਤੀ ਦੇ ਟਕਰਾਅ ਵਿਚੋਂ ਉਭਾਰਦਾ ਹੈ। ਵੀਹਵੀਂ ਸਦੀ ਵਿਚਲਾ ਇਹ ਪ੍ਰਗਟਾ ਰੂਪ ਮੱਧਕਾਲ ਵਿਚਲੀ ਉਸੇ ਰਾਜਨੀਤਿਕ ਚੇਤਨਾ ਦਾ ਵਰ ਮੇਚਵਾਂ ਰੂਪ ਹੈ। ਜਿਹੜਾ ਫੇਰ ਉਸ ਸਮੇਂ ਤੋਂ ਅਗਲੀ ਕਵਿਤਾ ਦਾ ਖਾਸਾ ਬਣ ਜਾਂਦਾ ਹੈ। ਇਸ ਪਾਠ ਵਿਚ ਅਧੁਨਿਕ ਕਵੀਆਂ ਦੀ ਕਵਿਤਾ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਉਹਨਾਂ ਦੀ ਕਵਿਤਾ ਦੇ ਪ੍ਰਮੁੱਖ ਸਰੋਕਾਰਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

## 3.2 ਪਾਠ ਦੀ ਰੂਪ-ਰੇਖਾ( ਕਵਿਤਾ‘ ਜਖ਼ਮ ’ਸ਼ਿਵ ਕੁਮਾਰ ਬਟਾਲਵੀ)

### 3.2.1 ਕਵਿਤਾ ਦਾ ਮੂਲ ਪਾਠ

ਜ਼ਖ਼ਮ

ਚੀਨੀ ਹਮਲੇ ਸਮੇਂ

ਸੁਣਿਉਂ ਵੇ ਕਲਮਾਂ ਵਾਲਿਉ

ਸੁਣਿਉਂ ਵੇ ਅਕਲਾਂ ਵਾਲਿਉ

ਸੁਣਿਉਂ ਵੇ ਹੁਨਰਾਂ ਵਾਲਿਉ

ਹੈ ਅੱਖ ਚੁੱਭੀ ਅਮਨ ਦੀ

ਆਇਉ ਵੇ ਫੂਕਾਂ ਮਾਰਿਉ

ਇਕ ਦੋਸਤੀ ਦੇ ਜ਼ਖਮ 'ਤੇ

ਸਾਂਝਾਂ ਦਾ ਲੋਗੜ ਬੰਨ੍ਹ ਕੇ

ਸਮਿਆਂ ਦੀ ਥੋਹਰ ਪੀੜ ਕੇ

ਦੁੱਧਾਂ ਦਾ ਛੱਟਾ ਮਾਰਿਉ

ਵਿਹੜੇ ਅਸਾਡੀ ਧਰਤ ਦੇ
ਤਾਰੀਖ਼ ਟੂਣਾ ਕਰ ਗਈ
ਸੇਹੇ ਦਾ ਤੱਕਲਾ ਗੱਡ ਕੇ
ਸਾਹਾਂ ਦੇ ਪੱਤਰ ਵੱਢ ਕੇ
ਹੱਡੀਆਂ ਦੇ ਚੌਲ ਡੋਹਲ ਕੇ
ਨਫਰਤ ਦੀ ਮੌਲੀ ਬੰਨ੍ਹ ਕੇ
ਲਹੂਆਂ ਦੀ ਗਾਗਰ ਧਰ ਗਈ
ਓ ਸਾਥੀਓ, ਓ ਬੇਲੀਓ
ਤਹਿਜ਼ੀਬ ਜਿਊਂਦੀ ਮਰ ਗਈ ।

ਇਖ਼ਲਾਕ ਦੀ ਅੱਡੀ 'ਤੇ ਮੁੜ
ਵਹਿਸ਼ਤ ਦਾ ਬਿਸੀਅਰ ਲੜ ਗਿਆ
ਇਤਿਹਾਸ ਦੇ ਇਕ ਬਾਬ ਨੂੰ
ਮੁੜ ਕੇ ਜ਼ਹਿਰ ਹੈ ਚੜ੍ਹ ਗਿਆ
ਸੱਦਿਓ ਵੇ ਕੋਈ ਮਾਂਦਰੀ
ਸਮਿਆਂ ਨੂੰ ਦੰਦਲ ਪੈ ਗਈ
ਸੱਦਿਓ ਵੇ ਕੋਈ ਜੋਗੀਆ
ਧਰਤੀ ਨੂੰ ਗਸ਼ ਹੈ ਪੈ ਗਈ
ਸੁੱਖੋ ਵੇ ਰੋਟ ਪੀਰ ਦੇ
ਪਿੱਪਲਾਂ ਨੂੰ ਤੰਦਾਂ ਕੱਚੀਆਂ

ਆਉ ਵੇ ਇਸ ਬਾਰੂਦ ਦੀ

ਵਰਮੀ ਤੇ ਪਾਈਏ ਲੱਸੀਆਂ

ਓ ਦੋਸਤੋਂ, ਓ ਮਹਿਰਮੋ

ਕਾਹਨੂੰ ਇਹ ਅੱਗਾਂ ਮੱਚੀਆਂ

ਹਾੜਾ ਜੇ ਦੇਸ਼ਾਂ ਵਾਲਿਓ

ਹਾੜਾ ਜੇ ਕੌਮਾਂ ਵਾਲਿਓ

ਓ ਐਟਮਾਂ ਦਿਉ ਤਾਜਰੋ

ਬਾਰੂਦ ਦੇ ਵਣਜਾਰਿਉ

ਹੁਣ ਹੋਰ ਨਾ ਮਨੁੱਖ ਸਿਰ

ਲਹੂਆਂ ਦਾ ਕਰਜ਼ਾ ਚਾੜ੍ਹਿਉ

ਹੈ ਅੱਖ ਚੁੱਭੀ ਅਮਨ ਦੀ

ਆਇਉ ਵੇ ਫੂਕਾਂ ਮਾਰਿਉ

ਹਾੜਾ ਜੇ ਕਲਮਾਂ ਵਾਲਿਉ

ਹਾੜਾ ਜੇ ਅਕਲਾਂ ਵਾਲਿਉ

ਹਾੜਾ ਜੇ ਹੁਨਰਾਂ ਵਾਲਿਉ

3.2.2 ਲੇਖਕ ਨਾਲ ਜਾਣ-ਪਛਾਣ :ਸ਼ਿਵ ਕੁਮਾਰ ਬਟਾਲਵੀ ਵੀਹਵੀਂ ਸਦੀ ਦਾ ਇੱਕ ਵੱਡਾ ਪੰਜਾਬੀ ਕਵੀ ਹੈ। ਉਸ ਨੂੰ 'ਬਿਰਹੋਂ ਦਾ ਸੁਲਤਾਨ' ਵੀ ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਵਿੱਚ ਬਿਰਹੋਂ ਨੂੰ ਜਿਸ ਖ਼ੂਬਸੂਰਤੀ ਨਾਲ ਸ਼ਿਵ ਕੁਮਾਰ ਨੇ ਪੇਸ਼ ਕੀਤਾ ਹੈ, ਕੋਈ ਵੀ ਹੋਰ ਪੰਜਾਬੀ ਕਵੀ ਸ਼ਿਵ ਕੁਮਾਰ ਦੇ ਪੱਧਰ ਤੱਕ ਪਹੁੰਚ ਹੀ ਨਾ ਸਕਿਆ। ਇਸ ਕਰਕੇ ਹੀ ਪੰਜਾਬੀ ਸਾਹਿਤ ਜਗਤ ਵਿੱਚ ਉਸ ਦਾ ਆਪਣਾ ਇੱਕ ਨਿਵੇਕਲਾ ਸਥਾਨ ਹੈ। ਉਸ ਦੀ ਆਵਾਜ਼ ਵਿੱਚ ਵੀ ਬਹੁਤ ਸੁਰੀਲਾਪਣ ਸੀ। ਜਦੋਂ ਉਹ ਸਟੇਜ ਉੱਪਰ ਕਵਿਤਾ ਜਾਂ ਗ਼ਜ਼ਲ ਦਾ ਉਚਾਰਨ ਕਰਦਾ ਤਾਂ ਸ੍ਰੋਤੇ ਬਹੁਤ ਖੁਸ਼ ਹੁੰਦੇ ਹਨ। ਸ਼ਿਵ ਕੁਮਾਰ ਕੁਮਾਰ ਪਟਵਾਰੀ ਲੱਗਿਆ ਹੋਇਆ ਸੀ ਅਤੇ ਬਾਅਦ ਵਿੱਚ ਕਾਨੂੰਗੋ ਬਣਿਆ। ਉਸ ਦੇ ਕਿੱਤੇ ਦੀ ਸ਼ਬਦਾਵਲੀ ਉਸ ਦੀਆਂ ਰਚਨਾਵਾਂ ਵਿੱਚ ਸਪਸ਼ਟ ਨਜ਼ਰ ਆਉਂਦੀ ਹੈ। ਆਪਣੇ ਜੀਵਨ ਕਾਲ ਦੌਰਾਨ ਉਸ ਨੇ 'ਪੀੜਾਂ ਦਾ ਪਰਾਗਾ', 'ਲਾਜਵੰਤੀ', 'ਆਟੇ ਦੀਆਂ ਚਿੜੀਆਂ', 'ਮੈਨੂੰ ਵਿਦਾ ਕਰੋ', 'ਬਿਰਹਾ ਤੂੰ ਸੁਲਤਾਨ', 'ਲੂਣਾ', 'ਮੈਂ ਤੇ ਮੈਂ' ਅਤੇ

'ਆਰਤੀ' ਆਦਿ ਰਚਨਾਵਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਸ਼ਿਵ ਕੁਮਾਰ ਇੱਕ ਵੱਡਾ ਸ਼ਾਇਰ ਹੈ। ਉਸ ਦੁਆਰਾ ਰਚਿਤ ਮਹਾਂਕਾਵਿ 'ਲੂਣਾ'ਉਸ ਦੀ ਸ਼ਾਹਕਾਰ ਰਚਨਾ ਹੈ ਜਿਸ ਵਿੱਚ ਉਹ ਪੰਜਾਬੀ ਸਭਿਆਚਾਰ ਅਤੇ ਕਦਰਾਂ ਕੀਮਤਾਂ ਨੂੰ ਵੇਖਣ ਲਈ ਇੱਕ ਵੱਖਰਾ ਦ੍ਰਿਸ਼ਟੀਕੋਣ ਦਿੰਦਾ ਹੈ। ਲੂਣਾ ਇੱਕ ਦਲਿਤ ਅਤੇ ਪੰਜਾਬੀ ਸਮਾਜ ਵਿੱਚ ਅਸਵੀਕਾਰ ਪਾਤਰ ਹੈ ਪਰ ਸ਼ਿਵ ਕੁਮਾਰ ਦੀ ਲੂਣਾ ਉਨ੍ਹਾਂ ਤੱਥਾਂ ਅਤੇ ਪ੍ਰਸਥਿਤੀਆਂ ਦੀ ਪਹਿਚਾਣ ਕਰਦੀ ਹੈ ਜਿਸ ਕਰਕੇ ਲੂਣਾ ਦੀ ਸਥਿਤੀ ਨਿਰਧਾਰਿਤ ਹੁੰਦੀ ਹੈ। ਉਸ ਦੀ ਮਹਾਨ ਰਚਨਾ 'ਲੂਣਾ' ਨੂੰ 1967 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਇਸ ਤੋਂ ਬਿਨਾਂ ਵੀ ਸ਼ਿਵ ਕੁਮਾਰ ਨੂੰ ਬਹੁਤ ਸਾਰੇ ਪੁਰਸਕਾਰ ਅਤੇ ਸਨਮਾਨ ਮਿਲੇ ਹਨ। ਇਸ ਜਾਣਕਾਰੀ ਤੋਂ ਅਸੀਂ ਸ਼ਿਵ ਕੁਮਾਰ ਦੀ ਪ੍ਰਸਿੱਧੀ ਦਾ ਪਤਾ ਲਗਾ ਸਕਦੇ ਹਾਂ। ਪੰਜਾਬੀ ਸਾਹਿਤ ਵਿੱਚ ਜਦੋਂ ਵੀ ਮੁਹੱਬਤ ਅਤੇ ਵਿਯੋਗ ਦੀ ਗੱਲ ਹੋਵੇਗੀ ਤਾਂ ਸ਼ਿਵ ਕੁਮਾਰ ਹਮੇਸ਼ਾ ਯਾਦ ਕੀਤਾ ਜਾਵੇਗਾ।

### 3.2.3 ਜ਼ਖ਼ਮ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

ਸੁਣਿਉਂ ਵੇ ਕਲਮਾਂ ਵਾਲਿਉ

ਸੁਣਿਉਂ ਵੇ ਅਕਲਾਂ ਵਾਲਿਉ

ਸੁਣਿਉਂ ਵੇ ਹੁਨਰਾਂ ਵਾਲਿਉ

ਹੈ ਅੱਖ ਚੁੱਭੀ ਅਮਨ ਦੀ

ਆਇਉ ਵੇ ਫੂਕਾਂ ਮਾਰਿਉ

ਇਕ ਦੋਸਤੀ ਦੇ ਜ਼ਖਮ 'ਤੇ

ਸਾਂਝਾਂ ਦਾ ਲੋਗੜ ਬੰਨ੍ਹ ਕੇ

ਸਮਿਆਂ ਦੀ ਥੋਹਰ ਪੀੜ ਕੇ

ਦੁੱਧਾਂ ਦਾ ਛੱਟਾ ਮਾਰਿਉ

ਪ੍ਰਸੰਗ :ਇਹ ਕਾਵਿ ਟੁਕੜਾ ਸ਼ਿਵ ਕੁਮਾਰ ਦੁਆਰਾ ਰਚਿਤ ਕਵਿਤਾ 'ਜ਼ਖ਼ਮ' ਵਿੱਚੋਂ ਲਿਆ ਗਿਆ ਹੈ। ਇਹ ਕਵਿਤਾ 1962 ਵਿੱਚ ਹੋਏ ਭਾਰਤ-ਚੀਨ ਯੁੱਧ ਨਾਲ ਸੰਬੰਧਿਤ ਹੈ। ਜਦੋਂ ਵੀ ਕਿਸੇ ਦੇਸ਼ ਵਿੱਚ ਯੁੱਧ ਹੁੰਦਾ ਹੈ ਤਾਂ ਇਸ ਵਿੱਚ ਸਭ ਤੋਂ ਵੱਧ ਨੁਕਸਾਨ ਆਮ ਲੋਕਾਈ ਦਾ ਹੁੰਦਾ ਹੈ। ਸ਼ਿਵ ਕੁਮਾਰ ਦੀ ਇਹ ਕਵਿਤਾ ਇਸ ਲੋਕਾਈ ਦੀ ਹੀ ਗੱਲ ਕਰਦੀ ਹੈ।

ਵਿਆਖਿਆ :ਇਹਨਾਂ ਸਤਰਾਂ ਵਿਚ ਸ਼ਿਵ ਕੁਮਾਰ ਭਾਰਤ-ਚੀਨ ਦੇ ਯੁੱਧ ਦਾ ਜ਼ਿਕਰ ਕਰਦਾ ਕਹਿੰਦਾ ਹੈ ਕਿ ਇਸ ਲੜਾਈ ਵਿੱਚ ਹਜ਼ਾਰਾਂ ਭਾਰਤੀ ਸੈਨਿਕ ਮਾਰੇ ਗਏ ਸਨ। ਇਹ ਸੈਨਿਕ ਕਿਸੇ ਦੇ ਪਤੀ, ਭਰਾ, ਪਿਤਾ ਅਤੇ ਕਿਸੇ ਦੇ ਪੁੱਤਰ ਸਨ। ਇਹ ਯੁੱਧ ਸ਼ਹੀਦ ਹੋਣ ਵਾਲੇ ਸਾਰੇ ਸੈਨਿਕਾਂ ਦੇ ਵਿਹੜਿਆਂ ਦੀ ਰੌਣਕ ਅਲੋਪ ਕਰ ਦਿੰਦਾ ਹੈ। ਇਨ੍ਹਾਂ ਯੁੱਧਾਂ

ਦਾ ਸਭ ਤੋਂ ਵੱਧ ਫਾਇਦਾ ਕਾਰਪੋਰੇਟ ਦੇ ਲੋਕਾਂ ਨੂੰ ਹੁੰਦਾ ਹੈ ਪਰ ਇਸ ਵਿੱਚ ਸਭ ਤੋਂ ਨੁਕਸਾਨ ਆਮ ਲੋਕਾ ਦੀ ਹੁੰਦਾ ਹੈ। ਸ਼ਿਵ ਕੁਮਾਰ ਵਾਰ ਵਾਰ ਆਪਣੀ ਕਵਿਤਾ ਵਿੱਚ ਇਹੀ ਚਰਚਾ ਕਰਦਾ ਹੈ। ਉਹ ਸਾਹਿਤਕਾਰਾਂ ਅਤੇ ਸੂਝਵਾਨਾਂ ਨਾਲ ਆਪਣੀ ਗੱਲ ਸਾਂਝੀ ਕਰਦਾ ਹੈ ਕਿ ਆਪਣੀ ਧਰਤੀ ਉੱਪਰ ਕੋਈ ਟੂਣਾ ਹੋ ਗਿਆ ਹੈ। ਸਾਰੀ ਧਰਤੀ ਉੱਪਰ ਅਣਖ ਅਤੇ ਲਿਆਕਤ ਖਤਮ ਹੋ ਗਈ ਹੈ। ਕੋਈ ਸੱਪ ਆਪਣੀ ਸਾਰੀ ਧਰਤੀ ਜ਼ਹਿਰ ਨਾਲ ਭਰ ਗਿਆ ਹੈ।

3.2.4 ਜਖ਼ਮ ''ਕਵਿਤਾ ਦਾ ਵਿਸ਼ਾ :ਸ਼ਿਵ ਕੁਮਾਰ ਦੁਆਰਾ ਰਚਿਤ ਕਵਿਤਾ 'ਜ਼ਖ਼ਮ' 1962 ਵਿੱਚ ਹੋਏ ਭਾਰਤ-ਚੀਨ ਯੁੱਧ ਨਾਲ ਸੰਬੰਧਤ ਹੈ। ਜਦੋਂ ਵੀ ਕਿਸੇ ਦੇਸ਼ ਵਿੱਚ ਯੁੱਧ ਹੁੰਦਾ ਹੈ ਤਾਂ ਇਸ ਵਿੱਚ ਸਭ ਤੋਂ ਵੱਧ ਨੁਕਸਾਨ ਆਮ ਲੋਕਾਈ ਦਾ ਹੁੰਦਾ ਹੈ। ਸ਼ਿਵ ਕੁਮਾਰ ਦੀ ਇਹ ਕਵਿਤਾ ਇਸ ਲੋਕਾਈ ਦੀ ਹੀ ਗੱਲ ਕਰਦੀ ਹੈ। ਭਾਰਤ-ਚੀਨ ਦੇ ਯੁੱਧ ਵਿੱਚ ਹਜ਼ਾਰਾਂ ਭਾਰਤੀ ਸੈਨਿਕ ਮਾਰੇ ਗਏ ਸਨ। ਇਹ ਸੈਨਿਕ ਕਿਸੇ ਦੇ ਪਤੀ, ਭਰਾ, ਪਿਤਾ ਅਤੇ ਕਿਸੇ ਦੇ ਪੁੱਤਰ ਸਨ। ਇਹ ਯੁੱਧ ਸ਼ਹੀਦ ਹੋਣ ਵਾਲੇ ਸਾਰੇ ਸੈਨਿਕਾਂ ਦੇ ਵਿਹੜਿਆਂ ਦੀ ਰੌਣਕ ਅਲੋਪ ਕਰ ਦਿੰਦਾ ਹੈ। ਇਨ੍ਹਾਂ ਯੁੱਧਾਂ ਦਾ ਸਭ ਤੋਂ ਵੱਧ ਫਾਇਦਾ ਕਾਰਪੋਰੇਟ ਦੇ ਲੋਕਾਂ ਨੂੰ ਹੁੰਦਾ ਹੈ ਪਰ ਇਸ ਵਿੱਚ ਸਭ ਤੋਂ ਨੁਕਸਾਨ ਆਮ ਲੋਕਾ ਦੀ ਹੁੰਦਾ ਹੈ। ਸ਼ਿਵ ਕੁਮਾਰ ਵਾਰ ਵਾਰ ਆਪਣੀ ਕਵਿਤਾ ਵਿੱਚ ਇਹੀ ਚਰਚਾ ਕਰਦਾ ਹੈ। ਉਹ ਸਾਹਿਤਕਾਰਾਂ ਅਤੇ ਸੂਝਵਾਨਾਂ ਨਾਲ ਆਪਣੀ ਗੱਲ ਸਾਂਝੀ ਕਰਦਾ ਹੈ ਕਿ ਆਪਣੀ ਧਰਤੀ ਉੱਪਰ ਕੋਈ ਟੂਣਾ ਹੋ ਗਿਆ ਹੈ। ਸਾਰੀ ਧਰਤੀ ਉੱਪਰ ਅਣਖ ਅਤੇ ਲਿਆਕਤ ਖਤਮ ਹੋ ਗਈ ਹੈ। ਕੋਈ ਸੱਪ ਆਪਣੀ ਸਾਰੀ ਧਰਤੀ ਜ਼ਹਿਰ ਨਾਲ ਭਰ ਗਿਆ ਹੈ। ਸਿਵ ਕੁਮਾਰ ਅਸਲ ਵਿੱਚ ਆਪਣੀ ਕਵਿਤਾ ਅੰਦਰ ਬਹੁਤ ਸਾਰੇ ਪ੍ਰਤੀਕ ਵਰਤਦਾ ਹੈ। ਉਸ ਦੀ ਕਵਿਤਾ ਵਿੱਚ ਇਹ ਸੱਪ, ਟੂਣਾ ਆਦਿ ਕਾਰਪੋਰੇਟ ਅਤੇ ਭਾਰਤੀ ਰਾਜਨੀਤਿਕ ਪਾਰਟੀਆਂ ਦੀ ਗੱਲ ਕਰਦਾ ਹੈ ਜਿੰਨ੍ਹਾਂ ਨੇ ਪੰਜਾਬੀ ਸਮਾਜ ਨੂੰ ਆਪਣੇ ਹਿੱਤਾਂ ਮੁਤਾਬਿਕ ਰੂਪਾਂਤਰਣ ਕੀਤਾ ਹੈ। ਇੱਥੇ ਜਦੋਂ ਸ਼ਿਵ ਕੁਮਾਰ ਸੱਪ ਦੀ ਗੱਲ ਕਰਦਾ ਹੈ ਤਾਂ ਉਹ ਕਾਰਪੋਰੇਟ ਦਾ ਪ੍ਰਤੀਕ ਹੈ।

ਵਿਹੜੇ ਸਾਡੀ ਧਰਤ ਦੇ

ਤਾਰੀਖ਼ ਟੂਣਾ ਕਰ ਗਈ

ਸੇਹੇ ਦਾ ਤੱਕਲਾ ਗੱਡ ਕੇ

ਸਾਹਾਂ ਦੇ ਪੱਤਰ ਵੱਢ ਕੇ

ਇਤਿਹਾਸ ਆਪਣੇ ਆਪ ਨੂੰ ਕਈ ਵਾਰ ਦੁਹਰਾਉਂਦਾ ਹੈ। ਸ਼ਿਵ ਕੁਮਾਰ 'ਜ਼ਖ਼ਮ' ਕਵਿਤਾ ਵਿੱਚ ਵੀ ਇਤਿਹਾਸ ਬਾਰੇ ਜਾਣਕਾਰੀ ਦਿੰਦਾ ਹੋਇਆ ਦੱਸਦਾ ਹੈ ਕਿ ਇਤਿਹਾਸ ਵਿੱਚ ਪਹਿਲਾਂ ਵੀ ਬਹੁਤ ਵਾਰ ਅਜਿਹਾ ਹੋਇਆ ਹੈ। ਕਾਰਪੋਰੇਟ ਜਗਤ ਨੇ ਆਮ ਲੋਕਾਈ ਨੂੰ ਆਪਣੇ ਹਿੱਤਾਂ ਲਈ ਵਰਤਿਆ ਹੈ। ਉਹ ਇਨ੍ਹਾਂ ਯੁੱਧਾਂ ਤੋਂ ਬਚਣ ਲਈ ਲੋਕ ਧਰਮ ਦੀਆਂ ਅਨੁਸ਼ਠਾਣ ਦੀ ਗੱਲ ਕਰਦਾ ਹੈ। ਕਦੀ ਉਹ ਪੀਰ ਦਾ ਰੋਟ ਸੁੱਖਦਾ ਹੈ ਅਤੇ ਕਦੀ ਕੋਈ ਹੋਰ ਰਸਮ ਕਰਕੇ ਇਨ੍ਹਾਂ ਯੁੱਧਾਂ ਦਾ ਖਾਤਮਾ ਚਾਹੁੰਦਾ ਹੈ।

ਮਨੁੱਖ ਸੱਭਿਅਤਾ ਦਾ ਜਿਵੇਂ ਜਿਵੇਂ ਵਿਕਾਸ ਹੁੰਦਾ ਹੈ, ਉਸ ਰਫਤਾਰ ਨਾਲ ਹੀ ਬਹੁਤ ਸਾਰਾ ਕੁਝ ਮਨੁੱਖ ਲਈ ਹਾਨੀਕਾਰਕ ਵੀ ਬਣਦਾ ਹੈ। ਐਟਮ ਬੰਬਾਂ ਦਾ ਕਾਢ, ਪਰਮਾਣੂ ਹਥਿਆਰ ਅਤੇ ਹੋਰ ਵੀ ਬਹੁਤ ਸਾਰਾ ਕੁਝ ਹੈ ਜਿਸ ਦਾ ਸਿੱਧਾ ਸੰਬੰਧ ਮਨੁੱਖ ਦੀ ਤਬਾਹੀ ਨਾਲ ਹੈ। ਇਹ ਸਾਰੇ ਹਥਿਆਰ ਕਾਰਪੋਰੇਟ ਦੀ ਰਾਖੀ ਲਈ ਬਣੇ ਹੋਏ ਹਨ। ਕਾਰਪੋਰੇਟ ਆਪਣੇ ਸਾਮਾਨ ਦੀ ਵਿਕਰੀ ਲਈ ਮੰਡੀਆਂ ਵਧਾਉਣਾ ਚਾਹੁੰਦੇ ਹਨ। ਇਹ ਕਾਰਨ ਹੀ ਇਨ੍ਹਾਂ ਯੁੱਧਾਂ ਦਾ ਮੁੱਖ ਕਾਰਨ ਹੁੰਦਾ ਹੈ। ਸ਼ਿਵ ਕੁਮਾਰ ਆਪਣੀ ਕਵਿਤਾ ਵਿੱਚ ਇਨ੍ਹਾਂ ਹਥਿਆਰਾਂ ਦੇ ਵਪਾਰੀਆਂ ਨੂੰ ਬੇਨਤੀ ਕਰਦਾ ਹੈ ਕਿ ਹੁਣ ਆਮ ਲੋਕਾਈ ਦਾ ਖ਼ੂਨ ਵਹਾਉਣਾ ਬੰਦ ਕਰ ਦਿਓ। ਧਰਤੀ ਨੂੰ ਸਵਰਗ ਬਣਾਉਣ ਦੀ ਕੋਸ਼ਿਸ਼ ਕਰੋ ਨਾ ਕਿ ਕੋਈ ਕਬਰਸਤਾਨ। ਸ਼ਿਵ ਕੁਮਾਰ ਸਿਰਫ਼ ਭਾਰਤੀ ਸੈਨਿਕਾਂ ਦੀ ਹਾਮੀ ਨਹੀਂ ਭਰਦਾ ਸਗੋਂ ਦੋਵੇਂ ਦੇਸ਼ਾਂ ਦੇ ਸਿਪਾਹੀਆਂ ਦੀ ਸਾਂਝੀ ਗੱਲ ਕਰਦਾ ਹੈ। ਸ਼ਿਵ ਵਾਂਗ ਪਾਸ਼ ਦੀ ਕਵਿਤਾ 'ਯੁੱਧ'ਵੀ ਅਜਿਹੇ ਵਿਸ਼ੇ ਨਾਲ ਸੰਬੰਧਤ ਹੈ। ਪਾਸ਼ ਵੀ ਆਪਣੇ ਸਮੇ ਦਾ ਵੱਡਾ ਕਵੀ ਹੈ ਅਤੇ ਵੱਡੇ ਸਾਹਿਤਕਾਰਾਂ ਦੀਆਂ ਰਚਨਾਵਾਂ ਦੀ ਮਹੱਤਤਾ ਹਮੇਸ਼ਾ ਹੀ ਸਰਬਵਿਆਪਕ ਅਤੇ ਸਰਭਕਾਲੀ ਹੁੰਦੀ ਹੈ। ਇਸ ਸੰਬੰਧੀ ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਲਾਇਨਾਂ ਵੇਖੀਆਂ ਜਾ ਸਕਦੀਆਂ ਹਨ।

ਨਾ ਜਿੱਤੀ ਏ ਜੰਗ ਕਿਤੇ ਅਸੀਂ

ਨਾ ਹਾਰੇ ਪਾਕਿ ਕਿਤੇ

ਇਹ ਤਾਂ ਪਾਪੀ ਪੇਟ

ਜੋ ਪੁਤਲੀਆਂ ਬਣ ਕੇ ਨੱਚੇ

(ਪਾਸ਼)

ਬਾਰੂਦ ਦੇ ਵਣਜਾਰਿਉ

ਹੁਣ ਹੋਰ ਨਾ ਮਨੁੱਖ ਸਿਰ

ਲਹੂਆਂ ਦਾ ਕਰਜ਼ਾ ਚਾੜ੍ਹਿਓ

(ਸ਼ਿਵ) ਇਨ੍ਹਾਂ ਕਾਵਿ ਲਾਇਨਾਂ ਤੋਂ ਯੁੱਧ ਦੀ ਸਥਿਤੀ, ਸਿਪਾਹੀਆਂ ਦੀ ਦੁਰਦਸ਼ਾ ਅਤੇ ਆਮ ਲੋਕਾਈ ਦੀ ਤਬਾਹੀ ਬਾਰੇ ਸਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸ਼ਿਵ ਕੁਮਾਰ ਕਾਰਪੋਰੇਟ ਅਤੇ ਰਾਜਨੀਤਕ ਲੋਕਾਂ ਨੂੰ ਇਹ ਯੁੱਧ ਖਤਮ ਕਰਨ ਲਈ ਕਹਿੰਦਾ ਹੈ। ਉਹ ਨਹੀਂ ਚਾਹੁੰਦਾ ਕਿ ਮਨੁੱਖ ਦਾ ਲਹੂ ਧਰਤੀ ਉੱਪਰ ਡਿੱਗ ਕੇ ਖਰਾਬ ਹੋਈ ਜਾਵੇ।

.3.25 ਜ਼ਖ਼ਮ ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ :ਇਹ ਕਵਿਤਾ 1962 ਵਿੱਚ ਹੋਏ ਭਾਰਤ-ਚੀਨ ਯੁੱਧ ਨਾਲ ਸੰਬੰਧਿਤ ਹੈ। ਜਦੋਂ ਵੀ ਕਿਸੇ ਦੇਸ਼ ਵਿੱਚ ਯੁੱਧ ਹੁੰਦਾ ਹੈ ਤਾਂ ਇਸ ਵਿੱਚ ਸਭ ਤੋਂ ਵੱਧ ਨੁਕਸਾਨ ਆਮ ਲੋਕਾਈ ਦਾ ਹੁੰਦਾ ਹੈ। ਸ਼ਿਵ ਕੁਮਾਰ ਦੀ ਇਹ ਕਵਿਤਾ ਇਸ ਲੋਕਾਈ ਦੀ ਹੀ ਗੱਲ ਕਰਦੀ ਹੈ ਜਿਵੇਂ:

ਹਾੜਾ ਜੇ ਦੇਸ਼ਾਂ ਵਾਲਿਓ

ਹਾੜਾ ਜੇ ਕੌਮਾਂ ਵਾਲਿਓ

ਓ ਐਟਮਾਂ ਦਿਉ ਤਾਜਰੋ

ਬਾਰੂਦ ਦੇ ਵਣਜਾਰਿਉ

ਹੁਣ ਹੋਰ ਨਾ ਮਨੁੱਖ ਸਿਰ

ਲਹੂਆਂ ਦਾ ਕਰਜ਼ਾ ਚਾੜ੍ਹਿਉ

ਹੈ ਅੱਖ ਚੁੱਭੀ ਅਮਨ ਦੀ

ਆਇਉ ਵੇ ਫੂਕਾਂ ਮਾਰਿਉ

ਸ਼ਿਵ ਕੁਮਾਰ ਭਾਰਤ-ਚੀਨ ਦੇ ਯੁੱਧ ਦਾ ਜ਼ਿਕਰ ਕਰਦਾ ਕਹਿੰਦਾ ਹੈ ਕਿ ਇਸ ਲੜਾਈ ਵਿਚ ਕਿੰਨੀਆਂ ਮਨੁੱਖੀ ਜ਼ਿੰਦਗੀਆਂ ਦਾ ਖਾਣ ਹੋਇਆ। ਇਸ ਲੜਾਈ ਵਿੱਚ ਹਜ਼ਾਰਾਂ ਭਾਰਤੀ ਸੈਨਿਕ ਮਾਰੇ ਗਏ ਸਨ। ਇਹ ਸੈਨਿਕ ਕਿਸੇ ਦੇ ਪਤੀ, ਭਰਾ, ਪਿਤਾ ਅਤੇ ਕਿਸੇ ਦੇ ਪੁੱਤਰ ਸਨ। ਇਹ ਯੁੱਧ ਸ਼ਹੀਦ ਹੋਣ ਵਾਲੇ ਸਾਰੇ ਸੈਨਿਕਾਂ ਦੇ ਵਿਹੜਿਆਂ ਦੀ ਰੌਣਕ ਅਲੋਪ ਕਰ ਦਿੰਦਾ ਹੈ। ਇਨ੍ਹਾਂ ਯੁੱਧਾਂ ਦਾ ਸਭ ਤੋਂ ਵੱਧ ਫਾਇਦਾ ਕਾਰਪੋਰੇਟ ਦੇ ਲੋਕਾਂ ਨੂੰ ਹੁੰਦਾ ਹੈ ਪਰ ਇਸ ਵਿੱਚ ਸਭ ਤੋਂ ਨੁਕਸਾਨ ਆਮ ਲੋਕਾ ਦੀ ਹੁੰਦਾ ਹੈ। ਸ਼ਿਵ ਕੁਮਾਰ ਵਾਰ ਵਾਰ ਆਪਣੀ ਕਵਿਤਾ ਵਿੱਚ ਇਹੀ ਚਰਚਾ ਕਰਦਾ ਹੈ। ਉਹ ਸਾਹਿਤਕਾਰਾਂ ਅਤੇ ਸੂਝਵਾਨਾਂ ਨਾਲ ਆਪਣੀ ਗੱਲ ਸਾਂਝੀ ਕਰਦਾ ਹੈ ਕਿ ਆਪਣੀ ਧਰਤੀ ਉੱਪਰ ਕੋਈ ਟੂਣਾ ਹੋ ਗਿਆ ਹੈ। ਸਾਰੀ ਧਰਤੀ ਉੱਪਰ ਅਣਖ ਅਤੇ ਲਿਆਕਤ ਖਤਮ ਹੋ ਗਈ ਹੈ। ਕੋਈ ਸੱਪ ਆਪਣੀ ਸਾਰੀ ਧਰਤੀ ਜ਼ਹਿਰ ਨਾਲ ਭਰ ਗਿਆ ਹੈ। ਐਟਮ ਬੰਬਾਂ ਦਾ ਕਾਢ, ਪਰਮਾਣੂ ਹਥਿਆਰ ਅਤੇ ਹੋਰ ਵੀ ਬਹੁਤ ਸਾਰਾ ਕੁਝ ਹੈ ਜਿਸ ਦਾ ਸਿੱਧਾ ਸੰਬੰਧ ਮਨੁੱਖ ਦੀ ਤਬਾਹੀ ਨਾਲ ਹੈ। ਇਹ ਸਾਰੇ ਹਥਿਆਰ ਕਾਰਪੋਰੇਟ ਦੀ ਰਾਖੀ ਲਈ ਬਣੇ ਹੋਏ ਹਨ। ਕਾਰਪੋਰੇਟ ਆਪਣੇ ਸਾਮਾਨ ਦੀ ਵਿਕਰੀ ਲਈ ਮੰਡੀਆਂ ਵਧਾਉਣਾ ਚਾਹੁੰਦੇ ਹਨ। ਇਹ ਕਾਰਨ ਹੀ ਇਨ੍ਹਾਂ ਯੁੱਧਾਂ ਦਾ ਮੁੱਖ ਕਾਰਨ ਹੁੰਦਾ ਹੈ। ਸ਼ਿਵ ਕੁਮਾਰ ਆਪਣੀ ਕਵਿਤਾ ਵਿੱਚ ਇਨ੍ਹਾਂ ਹਥਿਆਰਾਂ ਦੇ ਵਪਾਰੀਆਂ ਨੂੰ ਬੇਨਤੀ ਕਰਦਾ ਹੈ ਕਿ ਹੁਣ ਆਮ ਲੋਕਾਈ ਦਾ ਖ਼ੂਨ ਵਹਾਉਣਾ ਬੰਦ ਕਰ ਦਿਓ। ਧਰਤੀ ਨੂੰ ਸਵਰਗ ਬਣਾਉਣ ਦੀ ਕੋਸ਼ਿਸ਼ ਕਰੋ ਨਾ ਕਿ ਕੋਈ ਕਬਰਸਤਾਨ।

.3.26 ਜਖ਼ਮ ਕਵਿਤਾ ਦਾ ਕਲਾਤਮਕ ਅਧਿਐਨ :ਆਧੁਨਿਕ ਪੰਜਾਬੀ ਕਵਿਤਾ ਵਿਚ ਸ਼ਿਵ ਕੁਮਾਰ ਬਟਾਲਵੀ ਸਭ ਤੋਂ ਵੱਧ ਹਰਮਨ ਪਿਆਰਾ ਅਤੇ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਕਵੀ ਹੈ। ਸ਼ਿਵ ਕੁਮਾਰ ਦੀ ਕਵਿਤਾ' ਜ਼ਖ਼ਮ 'ਦੇ

ਕਲਾਤਮਕ ਪੱਖ ਦੀ ਗੱਲ ਕਰੀਏ ਤਾ ਤਾਂ ਇਹ ਕਵਿਤਾ ਉੱਚ ਪੱਧਰ ਦੀ ਕਵਿਤਾ ਹੈ। ਇਸ ਕਵਿਤਾ ਦੇ ਪ੍ਰਮੁੱਖ ਗੁਣ ਹੇਠ ਲਿਖੇ ਅਨੁਸਾਰ ਹਨ:

ਭਾਸ਼ਾ ਅਤੇ ਸ਼ੈਲੀ :ਇਸ ਕਵਿਤਾ ਵਿੱਚ ਵਰਤੀ ਗਈ ਭਾਸ਼ਾ ਵਿੱਚ ਬਹੁਤ ਸਾਰੇ ਸ਼ਬਦ ਪੇਂਡੂ ਜੀਵਨ ਨਾਲ ਜੁੜੇ ਹੋਏ ਹਨ। ਸ਼ਿਵ ਕੁਮਾਰ ਆਪ ਵੀ ਪਟਵਾਰੀ ਲੱਗਿਆ ਹੋਇਆ ਸੀ ਜਿਸ ਕਰਕੇ ਉਸ ਦੀਆਂ ਰਚਨਾਵਾਂ ਵਿੱਚ ਪੇਂਡੂ ਜੀਵਨ ਅਤੇ ਖੇਤਾਂ ਸੰਬੰਧੀ ਸ਼ਬਦਾਵਲੀ ਆਮ ਵੇਖੀ ਜਾ ਸਕਦੀ ਹੈ। ਉਸ ਦੁਆਰਾ ਵਰਤੇ ਗਏ ਸ਼ਬਦ ਸਾਂਝਾਂ ,ਲੋਗੜ ,ਥੋਹਰ , ਡੋਹਲ ,ਮੌਲੀ ,ਬਿਸੀਅਰ ,ਰੋਟ ,ਮਾਂਦਰੀ ਆਦਿ ਪੇਂਡੂ ਖੇਤਰ ਨਾਲ ਜੁੜੇ ਹੋਏ ਹਨ। ਉਹ ਬਹੁਤ ਨਿਵੇਕਲੀ ਸ਼ੈਲੀ ਰਾਹੀਂ ਆਪਣੀ ਕਵਿਤਾ ਸਿਰਜਣ ਵਾਲਾ ਸ਼ਾਇਰ ਹੈ।

ਲੈਅ :ਸ਼ਿਵ ਕੁਮਾਰ ਬਟਾਲਵੀ ਦੀ ਇਹ ਕਵਿਤਾ ਇੱਕ ਲੈਅ ਵਿੱਚ ਮਿਲਦੀ ਹੈ। ਕਵਿਤਾ ਵਿੱਚ ਕਈ ਥਾਵਾਂ ਉੱਤੇ ਹਰ ਸਤਰ ਦਾ ਅੰਤ ਵਿੱਚ ਆਪਸੀ ਮੇਲ ਹੁੰਦਾ ਹੈ ਅਤੇ ਬਹੁਤ ਵਾਰ ਇਹ ਮੇਲ ਇੱਕ ਸਤਰ ਤੋ ਬਾਅਦ ਹੁੰਦਾ ਹੈ। ਕਵਿਤਾ ਦੇ ਵਿੱਚ ਚਾਰ ਹਿੱਸੇ ਹਨ। ਪਹਿਲੇ ਹਿੱਸੇ ਵਿੱਚ ਨੌ ਸਤਰਾਂ ,ਦੂਜੇ ਵਿੱਚ ਨੌ ,ਤੀਜੇ ਵਿੱਚ ਚੌਦਾ ਅਤੇ ਚੌਥੇ ਹਿੱਸੇ ਵਿੱਚ ਗਿਆਰਾਂ ਸਤਰਾਂ ਹਨ। ਇਹ ਕਵਿਤਾ ਗੀਤ ਸਾਹਿਤ ਰੂਪ ਦੇ ਵੀ ਬਹੁਤ ਨੇੜੇ ਹੈ। ਸ਼ਿਵ ਕੁਮਾਰ ਨੂੰ ਗੀਤ ਲਿਖਣ ਵਿੱਚ ਵੀ ਮੁਹਾਰਤ ਹਾਸਿਲ ਸੀ। ਇਸ ਕਰਕੇ ਇਹ ਕਵਿਤਾ ਥੋੜ੍ਹੀ ਥੋੜ੍ਹੀ ਗੀਤ ਵਰਗੀ ਹੈ। ਇਸ ਤਰ੍ਹਾਂ ਦੀ ਵਿਲੱਖਣ ਕਾਵਿ ਸ਼ੈਲੀ ਸ਼ਿਵ ਕੁਮਾਰ ਕੋਲ ਹੀ ਹੈ।

ਪ੍ਰਗੀਤਕ ਸ਼ੈਲੀ :ਸ਼ਿਵ ਕੁਮਾਰ ਬਟਾਲਵੀ ਆਪਣੇ ਇਸ ਗੀਤ ਵਿੱਚ ਪ੍ਰਗੀਤਕ ਸ਼ੈਲੀ ਦੀ ਵਰਤੋਂ ਕਰਦਾ ਹੈ। ਜਿਸ ਵਿਚ ਸੰਬੋਧਨ ਰਾਹੀਂ ਉਹ ਆਪਣੀ ਗੱਲ ਕਹਿੰਦਾ ਹੈ ਜਿਵੇ:

ਸੁਣਿਉਂ ਵੇ ਕਲਮਾਂ ਵਾਲਿਉ

ਸੁਣਿਉਂ ਵੇ ਅਕਲਾਂ ਵਾਲਿਉ

ਸੁਣਿਉਂ ਵੇ ਹੁਨਰਾਂ ਵਾਲਿਉ

ਹੈ ਅੱਖ ਚੁੱਭੀ ਅਮਨ ਦੀ

ਆਇਉ ਵੇ ਫੂਕਾਂ ਮਾਰਿਉ

ਵਾਤਾਵਰਣ ਅਤੇ ਸੰਕੇਤਕਤਾ' :ਜ਼ਖ਼ਮ 'ਕਵਿਤਾ ਦੇ ਜੇਕਰ ਵਾਤਾਵਰਣ ਅਤੇ ਸਮੇਂ-ਸਥਾਨ ਦੀ ਗੱਲ ਕਰੀਏ ਤਾਂ ਇਸ ਦਾ ਵਾਤਾਵਰਣ ਇੱਕ ਸਿਪਾਹੀ ਦੇ ਘਰ ਅਤੇ ਸਮਾਜ ਦੁਆਲੇ ਕੇਂਦਰਿਤ ਹੈ। ਇਸ ਕਵਿਤਾ ਦਾ ਸਮਾਂ ਭਾਰਤ-ਚੀਨ ਯੁੱਧ ਵਾਲਾ ਹੈ ਜਦੋਂ ਦੋ ਦੇਸ਼ਾਂ ਵਿੱਚ ਲੜਾਈ ਹੋ ਰਹੀ ਸੀ। ਇਸ ਵਿੱਚ ਅੱਗੇ ਹੋਰ ਬਹੁਤ ਕੁੱਝ ਸੰਕੇਤਕ ਸਿਰਜਿਆ ਗਿਆ ਹੈ ਜਿਸ ਨੂੰ ਸਮਝਣ ਲਈ ਪਾਠਕ ਨੂੰ ਸ਼ਿਵ ਕੁਮਾਰ ਦੀ ਮਾਨਸਿਕਤਾ ਸਮਝਣੀ ਪੈਂਦੀ ਹੈ।

## 3.3 ਪਾਠ ਦੀ ਰੂਪ-ਰੇਖਾ ਕਵਿਤਾ‘ :ਕੰਮਿਆਂ ਦਾ ਵਿਹੜਾ :’ਸੰਤ ਰਾਮ ਉਦਾਸੀ

### 3.3.1 ਕਵਿਤਾ ਦਾ ਮੂਲ ਪਾਠ

ਕੰਮੀਆਂ ਦਾ ਵਿਹੜਾ

ਮਾਂ ਧਰਤੀਏ ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ

ਤੂੰ ਮਘਦਾ ਰਈਂ ਵੇ ਸੂਰਜਾ ਕੰਮੀਆਂ ਦੇ ਵੇਹੜੇ

ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ

ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ

ਜਿੱਥੇ ਵਾਲ ਤਰਸਦੇ ਕੰਘੀਆਂ ਨੂੰ

ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ

ਤੂੰ ਮਘਦਾ ਰਈਂ ਵੇ ਸੂਰਜਾ......

ਜਿੱਥੇ ਰੂਹ ਬਣਗੀ ਇੱਕ ਹਾਵਾ ਹੈ

ਜਿੱਥੇ ਜ਼ਿੰਦਗੀ ਇੱਕ ਪਛਤਾਵਾ ਹੈ

ਜਿੱਥੇ ਕੈਦ ਅਣਖ ਦਾ ਲਾਵਾ ਹੈ

ਜਿੱਥੇ ਅਕਲ ਮਸੋਸੀ ਮੁੜ ਪਈ ਖਾ ਰੋਜ਼ ਥਪੇੜੇ

ਤੂੰ ਮਘਦਾ ਰਈਂ ਵੇ ਸੂਰਜਾ......

ਜਿੱਥੇ ਲੋਕ ਬੜੇ ਮਜਬੂਰ ਜਿਹੇ

ਦਿੱਲੀ ਦੇ ਦਿਲ ਤੋਂ ਦੂਰ ਜਿਹੇ

ਤੇ ਭੁੱਖਾਂ ਵਿਚ ਮਸ਼ਹੂਰ ਜਿਹੇ

ਜਿੱਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ

ਤੂੰ ਮਘਦਾ ਰਈਂ ਵੇ ਸੂਰਜਾ......

ਜਿੱਥੇ ਬੰਦਾ ਜੰਮਦਾ ਸੀਰੀ ਹੈ

ਟਕਿਆਂ ਦੀ ਮੀਰੀ ਪੀਰੀ ਹੈ

ਜਿੱਥੇ ਕਰਜ਼ੇ ਹੇਠ ਪੰਜੀਰੀ ਹੈ

ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ

ਤੂੰ ਮਘਦਾ ਰਈਂ ਵੇ ਸੂਰਜਾ......

ਜੇ ਸੋਕਾ ਇਹ ਹੀ ਸੜਦੇ ਨੇ

ਜੇ ਡੋਬਾ ਇਹ ਹੀ ਮਰਦੇ ਨੇ

ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ

ਜਿੱਥੇ ਫ਼ਸਲਾਂ ਨੇ ਛੱਡ ਜਾਂਦੀਆਂ ਅਰਮਾਨ ਤ੍ਰੇੜੇ

ਤੂੰ ਮੱਘਦਾ ਰਈਂ ਵੇ ਸੂਰਜਾ......

ਜਿੱਥੇ ਹਾਰ ਮੰਨ ਲਈ ਚਾਵਾਂ ਨੇ

ਜਿੱਥੇ ਕੂੰਜ ਘੇਰ ਲਈ ਕਾਵਾਂ ਨੇ

ਜਿੱਥੇ ਅਣਵਿਆਹੀਆਂ ਹੀ ਮਾਵਾਂ ਨੇ

ਜਿੱਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜਡੇਰੇ

ਤੂੰ ਮੱਘਦਾ ਰਈਂ ਵੇ ਸੂਰਜਾ......

ਜਿੱਥੇ ਰੋਟੀ ਵਿੱਚ ਮਨ ਘੁੱਟਿਆ ਹੈ

ਜਿੱਥੇ ਨ੍ਹੇਰਾ ਦੱਬ ਕੇ ਜੁੱਟਿਆ ਹੈ

ਜਿੱਥੇ ਗ਼ੈਰਤ ਦਾ ਤਗ ਟੁੱਟਿਆ ਹੈ

ਜਿੱਥੇ ਆ ਕੇ ਵੋਟਾਂ ਵਾਲਿਆਂ ਟਟਵੈਰ ਸਹੇੜੇ

ਤੂੰ ਮੱਘਦਾ ਰਈਂ ਵੇ ਸੂਰਜਾ......

ਤੂੰ ਆਪਣਾ ਆਪ ਮਚਾਂਦਾ ਹੈਂ

ਪਰ ਆਪਾ ਹੀ ਰੁਸ਼ਨਾਂਦਾ ਹੈਂ

ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ

ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ

ਤੂੰ ਮੱਘਦਾ ਰਈਂ ਵੇ ਸੂਰਜਾ...

3.3.2ਲੇਖਕ ਨਾਲ ਜਾਣ-ਪਛਾਣ :ਸੰਤ ਰਾਮ ਉਦਾਸੀ ਦਾ ਜਨਮ 20 ਐਪ੍ਰਲ, 1939 ਨੂੰ ਮਾਤਾ ਧੰਨ ਕੌਰ ਅਤੇ ਪਿਤਾ ਮਿਹਰ ਸਿੰਘ ਦੇ ਘਰ ਗਰੀਬ ਦਲਿਤ ਜਾਤੀ ਵਿੱਚ ਹੋਇਆ। ਉਹ ਬਹੁਤ ਸਖ਼ਤ ਮਿਹਨਤ ਕਰਕੇ ਪੜ੍ਹਿਆ ਅਤੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਰਿਹਾ। ਕਾਵਿ ਪੁਸਤਕਾਂ ਲਹੂ ਭਿੱਜੇ ਬੋਲ' (1971), ਸੈਨਤਾਂ') 1976), ਚੌ ਨੁਕਰੀਆਂ ਸੀਖਾਂ') 1978), ਲਹੂ ਤੋਂ ਲੋਹੇ ਤੱਕ) 1979) ਅਤੇ ਇਸ ਤੋਂ ਇਲਾਵਾ ਉਹਨਾਂ ਦੀ ਸਮੁੱਚੀ ਕਾਵਿ ਰਚਨਾ ਛਪੀ। ਡਾ .ਰਜਿੰਦਰਪਾਲ ਸਿੰਘ ਬਰਾੜ ਅਨੁਸਾਰ, "ਸੰਤ ਰਾਮ ਉਦਾਸੀ ਨਕਸਲਬਾੜੀ ਦੌਰ ਦਾ ਲੋਕ ਪ੍ਰਿਯ ਗੀਤਕਾਰ ਸੀ। ਉਸ ਦੀ ਕਵਿਤਾ ਦੀ ਮੁੱਖ ਖਾਸੀਅਤ ਇਹ ਹੈ ਕਿ ਉਹ ਨਕਸਲਬਾੜੀ ਲਹਿਰ ਦੇ ਵਿਚਾਰਾਂ ਨੂੰ ਲੋਕ ਮੁਹਾਵਰੇ ਅਨੁਸਾਰ ਢਾਲ ਕੇ ਗੀਤਾਂ ਵਿੱਚ ਪੇਸ਼ ਕਰਦਾ ਸੀ। "ਸੰਤ ਰਾਮ ਉਦਾਸੀ ਪੰਜਾਬੀ ਕਾਵਿ-ਖੇਤਰ ਦਾ ਜੁਝਾਰਵਾਦੀ ਕਵੀ ਹੈ। ਉਹ ਆਪਣੀ ਸਾਦੀ ਅਤੇ ਸੁਘੜ ਕਾਵਿ-ਭਾਸ਼ਾ ਰਾਹੀਂ ਸਮਾਜ ਵਿਚਲੀ ਨਿਮਨ ਅਤੇ ਕਿਸਾਨ ਸ਼੍ਰੇਣੀ ਦੀਆਂ ਅਟੁੱਟ ਸਾਂਝਾਂ ਦੇ ਕਾਵਿ ਚਿੱਤਰ ਉਘਾੜਦਾ ਹੈ। ਉਹ ਆਪਣੀ ਸਾਦਗੀ ਭਰੀ ਲੋਕਧਾਰਕ ਸ਼ਬਦਾਵਲੀ ਨਾਲ ਆਮ ਸਾਧਾਰਨ ਲੋਕਾਂ ਤੱਕ ਪੁੱਜਦਾ ਹੈ।

.3.33‘ ਕੰਮਿਆਂ ਦਾ ਵਿਹੜਾ ’ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ:

ਜਿੱਥੇ ਰੂਹ ਬਣਗੀ ਇੱਕ ਹਾਵਾ ਹੈ

ਜਿੱਥੇ ਜ਼ਿੰਦਗੀ ਇੱਕ ਪਛਤਾਵਾ ਹੈ

ਜਿੱਥੇ ਕੈਦ ਅਣਖ ਦਾ ਲਾਵਾ ਹੈ

ਜਿੱਥੇ ਅਕਲ ਮਸੋਸੀ ਮੁੜ ਪਈ ਖਾ ਰੋਜ਼ ਥਪੇੜੇ

ਤੂੰ ਮਘਦਾ ਰਈਂ ਵੇ ਸੂਰਜਾ......

ਪ੍ਰਸੰਗ :ਇਹ ਕਾਵਿ-ਟੋਟਾ ਸੰਤ ਰਾਮ ਉਦਾਸੀ ਦੀ ਕਵਿਤਾ 'ਕੰਮੀਆਂ ਦੇ ਵਿਹੜੇ' ਵਿੱਚੋਂ ਲਿਆ ਗਿਆ ਹੈ। ਜਿਸ ਵਿੱਚ ਉਹ ਆਰਥਿਕ, ਸਮਾਜਿਕ ਤੇ ਰਾਜਨੀਤਕ ਗੁਲਾਮੀ ਤੋਂ ਪੀੜਿਤ ਲੋਕਾਂ ਦੀ ਗੱਲ ਕਰਦਾ ਹੈ। ਇਸ ਗੀਤ ਵਿੱਚ ਵੀ ਦੇਖਦੇ ਹਾਂ ਕਿ ਇਨਕਲਾਬੀ ਜ਼ਿੰਦਗੀ ਨੂੰ ਪਰਣਾਏ ਉਦਾਸੀ ਦੀ ਲੰਮੀ ਹੇਕ ਵਿਚ ਏਨਾ ਦਰਦ ਹੈ ਕਿ ਉਸ ਦੇ ਬੋਲ ਧੁਰ ਅੰਦਰ ਤੱਕ ਲਹਿ ਜਾਂਦੇ ਹਨ। ਉਦਾਸੀ ਨੇ ਇਸ ਕਵਿਤਾ ਵਿੱਚ ਮਜਦੂਰ ਵਰਗ ਦੇ ਦਰਦ ਨੂੰ ਬਿਆਨ ਕੀਤਾ ਹੈ।

ਵਿਆਖਿਆ :ਸੰਤ ਰਾਮ ਉਦਾਸੀ ਦੀਆਂ ਉਪਰੋਕਤ ਸਤਰਾਂ ਦਿਲ ਨੂੰ ਹਲੂਣ ਦੇ ਵਾਲੀਆਂ ਹਨ। ਇਸ ਤੋਂ ਵੱਡਾ ਸੰਤਾਪ ਹੋਰ ਕੀ ਹੋ ਸਕਦਾ ਹੈ ਜਿੱਥੇ ਜ਼ਿੰਦਗੀ ਹੀ ਇੱਕ ਪਛਤਾਵਾ ਹੋ ਨਿਬੜੇ। ਇਹਨਾਂ ਸਤਰਾਂ ਵਿੱਚ ਉਦਾਸੀ ਉਸ ਮਜਦੂਰ ਵਰਗ ਦੀ ਗੱਲ ਕਰਦਾ ਹੈ ਜਿਨ੍ਹਾਂ ਦੀ ਜ਼ਿੰਦਗੀ ਵਿੱਚ ਕੋਈ ਖ਼ੁਸ਼ੀ ਖੇੜਾ ਕੋਈ ਸੁੱਖ ਅਰਾਮ ਨਹੀਂ ਮਹਿਜ਼ ਪਛਤਾਵਾ ਹੈ ਜੋ ਉਹਨਾਂ ਨਾਲ ਹੀ ਦਫ਼ਨ ਹੋ ਜਾਂਦਾ ਹੈ ਆਪਣੀਆਂ ਅਧੂਰੀਆਂ ਸੱਧਰਾਂ ਨਾ ਪੂਰੀਆਂ ਕਰ ਸਕਣ ਦਾ। ਉਹਨਾਂ ਅੰਦਰ ਅਣਖ ਤਾਂ ਹੈ ਪਰ ਗਰੀਬੀ ਦੀ ਮਜਬੂਰੀ ਕਾਰਨ ਉਹ ਅਣਖ ਵੀ ਕੈਦ ਹੈ। ਜਿਸ ਦਾ ਲਾਵਾ ਉਹਨਾਂ ਦਾ ਅੰਦਰ ਹੀ ਧੁਖਦਾ ਹੈ।

3.3.4 'ਕੰਮੀਆਂ ਦਾ ਵਿਹੜਾ' ਕਵਿਤਾ ਦਾ ਵਿਸ਼ਾ-ਵਸਤੂ :ਸ਼ਿਵ ਕੁਮਾਰ ਬਟਾਲਵੀ ਤੋਂ ਬਾਅਦ ਸੰਤ ਰਾਮ ਉਦਾਸੀ ਹੀ ਪੰਜਾਬੀ ਦਾ ਇਕੋ ਇਕ ਕਵੀ ਸੀ ਜਿਹੜਾ ਬਹੁਤ ਹੀ ਮਕਬੂਲ ਹੋਇਆ। ਉਸਦੇ ਗੀਤਾਂ ਵਿੱਚ ਹਮੇਸ਼ਾ ਸਰਮਾਏਦਾਰੀ ਅਤੇ ਜਗੀਰਦਾਰੀ ਨਿਜ਼ਾਮ ਵਿਰੁੱਧ ਬਗਾਵਤ ਦਾ ਸੁਨੇਹਾ ਹੁੰਦਾ ਸੀ। ਜਿਵੇਂ ਅਸੀਂ 'ਮਘਦਾ ਰਹੀਂ ਵੇ ਸੂਰਜਾ' ਗੀਤ ਵਿੱਚ ਵੀ ਦੇਖਦੇ ਹਾਂ ਕਿ ਇਨਕਲਾਬੀ ਜ਼ਿੰਦਗੀ ਨੂੰ ਪਰਣਾਏ ਉਦਾਸੀ ਦੀ ਲੰਮੀ ਹੇਕ ਵਿਚ ਏਨਾ ਦਰਦ ਹੈ ਕਿ ਉਸ ਦੇ ਬੋਲ ਧੁਰ ਅੰਦਰ ਤੱਕ ਲਹਿ ਜਾਂਦੇ ਹਨ। ਉਦਾਸੀ ਨੇ ਇਸ ਕਵਿਤਾ ਵਿੱਚ ਮਜਦੂਰ ਵਰਗ ਦੇ ਦਰਦ ਨੂੰ ਬਿਆਨ ਕੀਤਾ ਹੈ। ਉਦਾਸੀ ਦਾ ਇਹ ਗੀਤ ਦਲਿਤ ਸਮਾਜ ਦੀ ਪੀੜ ਨਾਲ ਪਰੁੰਨਿਆਂ ਹੋਇਆ ਹੈ। ਜਿਵੇਂ ਗੀਤ ਦੇ ਬੋਲਾਂ ਰਾਹੀਂ ਦੇਖ ਸਕਦੇ ਹਾਂ।

ਜਿਥੇ ਲੋਕ ਬੜੇ ਮਜਬੂਰ ਜਿਹੇ

ਦਿੱਲੀ ਦੇ ਦਿਲ ਤੋਂ ਦੂਰ ਜਿਹੇ

ਤੇ ਭੁੱਖਾਂ ਵਿੱਚ ਮਸ਼ਹੂਰ ਜਿਹੇ

ਜਿਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ

ਤੂੰ ਮਘਦਾ ਰਹੀਂ ਵੇ ਸੂਰਜਾ...

ਉਦਾਸੀ ਗੀਤ ਰਾਹੀਂ ਉਹਨਾਂ ਲੋਕਾਂ ਦੀ ਗੱਲ ਕਰਦਾ ਹੈ ਜਿਨ੍ਹਾਂ ਲਈ ਜ਼ਿੰਦਗੀ ਇੱਕ ਪਛਤਾਵਾ ਹੋ ਨਿਬੜਦੀ ਹੈ। ਉਹਨਾਂ ਦੀ ਜ਼ਿੰਦਗੀ ਜੋ ਉਹਨਾਂ ਦੀਆਂ ਮੂਲ ਲੋੜਾਂ ਪੂਰੀਆਂ ਕਰਨ ਤੋਂ ਵੀ ਅਸੱਮਰਥ ਹੈ। ਇਸ ਤੰਗੀਆਂ ਤੁਰਸ਼ੀਆਂ ਭਰੀ ਜ਼ਿੰਦਗੀ ਅੰਦਰ ਉਹਨਾਂ ਦੇ ਸਾਰੇ ਚਾਅ ਦਫ਼ਨ ਹੋ ਜਾਂਦੇ ਹਨ। ਇਸ ਗੀਤ ਵਿੱਚ ਉਹ ਜਗੀਰਦਾਰੀ ਵਰਗ ਵਲੋਂ

ਮਜਦੂਰ ਵਰਗ ਦੇ ਹੁੰਦੇ ਸੋਸ਼ਣ, ਉਹਨਾਂ ਦੀਆਂ ਧੀਆਂ ਦੀਆਂ ਬੇਪਤ ਹੁੰਦੀਆਂ ਇੱਜ਼ਤਾਂ, ਉਹਨਾਂ ਦੇ ਸਾਰੇ ਚਾਵਾਂ ਨੂੰ ਜੋ ਮਰਦੇ ਦਮ ਤੱਕ ਪੂਰੇ ਹੋਣ ਲਈ ਤੜਪਦੇ ਰਹਿੰਦੇ ਹਨ ਨੂੰ ਬੇਪਰਦ ਕਰਦਾ ਹੈ।

ਜਿੱਥੇ ਹਾਰ ਮੰਨ ਲਈ ਚਾਵਾਂ ਨੇ

ਜਿੱਥੇ ਕੂੰਜ ਘੇਰ ਲਈ ਕਾਵਾਂ ਨੇ

ਜਿੱਥੇ ਅਣਵਿਆਹੀਆਂ ਹੀ ਮਾਵਾਂ ਨੇ

ਜਿੱਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜਠੇਰੇ

ਤੂੰ ਮਘਦਾ ਰਹੀਂ ਵੇ ਸੂਰਜਾ...

ਇਸ ਗੀਤ ਵਿੱਚ ਸੰਤ ਰਾਮ ਉਦਾਸੀ ਜਿੱਥੇ ਇਕ ਪਾਸੇ ਮਜਦੂਰ ਵਰਗ ਦੀ ਹਾਲਤ ਬਿਆਨ ਕਰਦਾ ਹੈ ਉਥੇ ਦੂਜੇ ਪਾਸੇ ਲੁਕਵੇਂ ਰੂਪ 'ਚ ਇਸ ਸਭ ਕੁੱਝ ਲਈ ਜਿੰਮੇਵਾਰ ਧਿਰਾਂ, ਉਸ ਸਾਰੇ ਨਿਜ਼ਾਮ ਦੀਆਂ ਬਦਨੀਤੀਆਂ ਉੱਤੋਂ ਵੀ ਪਰਦਾ ਚੁੱਕਦਾ ਹੈ। ਉਸਨੇ ਸਿੱਧੇ ਰੂਪ 'ਚ ਕਿਰਤੀ ਵਰਗ ਦੀ ਹੋ ਰਹੀ ਲੁੱਟ ਨੂੰ ਬਿਆਨ ਕੀਤਾ ਹੈ।

3.3.5 ਕੰਮਿਆਂ ਦਾ ਵਿਹੜਾ 'ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ :ਸੰਤ ਰਾਮ ਉਦਾਸੀ ਦੀ ਕਵਿਤਾ ਸ਼ਾਧਾਰਨ ਮਨੁੱਖਾਂ ਦੇ ਦੁੱਖਾਂ ਦਰਦਾ ਨੂੰ ਬਿਆਨ ਕਰਦੀ ਹੈ। ਇਸ ਕਵਿਤਾ ਵਿੱਚ ਉਦਾਸੀ ਉਸ ਮਜਦੂਰ ਵਰਗ ਦੀ ਗੱਲ ਕਰਦਾ ਹੈ ਜਿਨ੍ਹਾਂ ਦੀ ਜ਼ਿੰਦਗੀ ਵਿੱਚ ਕੋਈ ਖੁਸ਼ੀ ਖੇੜਾ ਕੋਈ ਸੁੱਖ ਅਰਾਮ ਨਹੀਂ ਮਹਿਜ਼ ਪਛਤਾਵਾ ਹੈ ਜੋ ਉਹਨਾਂ ਨਾਲ ਹੀ ਦਫ਼ਨ ਹੋ ਜਾਂਦਾ ਹੈ ਆਪਣੀਆਂ ਅਧੂਰੀਆਂ ਸੱਧਰਾਂ ਨਾ ਪੂਰੀਆਂ ਕਰ ਸਕਣ ਦਾ। ਉਹਨਾਂ ਅੰਦਰ ਅਣਖ ਤਾਂ ਹੈ ਪਰ ਗਰੀਬੀ ਦੀ ਮਜਬੂਰੀ ਕਾਰਨ ਉਹ ਅਣਖ ਵੀ ਕੈਦ ਹੈ। ਜਿਸ ਦਾ ਲਾਵਾ ਉਹਨਾਂ ਦਾ ਅੰਦਰ ਹੀ ਧੁਖਦਾ ਹੈ। ਇਸ ਵਿਚ ਕਵਿਤਾ ਵਿਚ ਉਸਨੇ ਸਮਾਜਿਕ ਨਾ-ਬਰਾਬਰੀ ,ਕਰਜ਼ਈ ਲੋਕਾਂ ਦੇ ਜੀਵਨ ,ਨਿਮਨ ਸ਼੍ਰੇਣੀ ਦੇ ਦੁਖਾਂਤ ,ਤੰਗੀਆਂ-ਤੁਰਸ਼ੀਆਂ ਦਾ ਸੰਤਾਪ ਭੋਗਦੇ ਲੋਕਾਂ ਦੀ ਗੱਲ ਕੀਤੀ ਹੈ।

3.3.6 ਕੰਮਿਆਂ ਦਾ ਵਿਹੜਾ 'ਕਵਿਤਾ ਦਾ ਕਲਾ ਪੱਖ :ਸੰਤ ਰਾਮ ਉਦਾਸੀ ਦੀ ਕਵਿਤਾ ਸਾਧਾਰਨ ਜਨ ਮਾਨਸ ਦੀ ਪਹੁੰਚ ਵਿਚ ਆਉਣ ਵਾਲੀ ਹੈ। ਉਹ ਬਹੁਤ ਸਾਦੀ ਭਾਸ਼ਾ ਵਿਚ ਲੋਕ ਮਨਾ ਦੀ ਬਾਤ ਪਾਉਣ ਵਾਲਾ ਕਵੀ ਹੈ।

ਪ੍ਰਗੀਤਕ ਸ਼ੈਲੀ :ਸੰਤ ਰਾਮ ਉਦਾਸੀ ਆਪਣੇ ਇਸ ਗੀਤ ਵਿੱਚ ਪ੍ਰਗੀਤਕ ਸ਼ੈਲੀ ਦੀ ਵਰਤੋਂ ਕਰਦਾ ਹੈ। ਜਿਸ ਵਿਚ ਸੰਬੋਧਨ ਰਾਹੀਂ ਉਹ ਆਪਣੀ ਗੱਲ ਕਹਿੰਦਾ ਹੈ ਜਿਵੇ:

ਮਾਂ ਧਰਤੀਏ !ਤੇਰੀ ਗੋਦ ਨੂੰ ਚੰਨ ਹੋਰ ਬਥੇਰੇ

ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ...

ਕਾਵਿ ਸ਼ੈਲੀ :ਜਦੋਂ ਤੱਕ ਕਿਸੇ ਕਵੀ ਕੋਲ ਭਾਸ਼ਾ ਜਾਂ ਸ਼ਬਦਾਂ ਦੀ ਅਣਹੋਂਦ ਹੈ ਤਾਂ ਉਸਦੇ ਅਨੁਭਵ ਨੂੰ ਕਾਵਿ ਜਾਮਾ ਨਹੀਂ ਪਹਿਨਾਇਆ ਜਾ ਸਕਦਾ। ਸੰਤ ਰਾਮ ਉਦਾਸੀ ਨੇ ਆਪਣੇ ਗੀਤ ਵਿਚ ਸਾਡੇ ਪੰਜਾਬੀ ਸਮਾਜ ਅੰਦਰ ਆਮ ਵਰਤੇ ਜਾਂਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਹ ਆਮ ਲੋਕਾਂ ਦੇ ਵਧੇਰੇ ਨੇੜੇ ਤੇ ਸਮਝ ਆਉਣ ਵਾਲੀ ਭਾਸ਼ਾ ਹੈ।

ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ

ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ

ਜਿੱਥੇ ਵਾਲ ਤਰਸਦੇ ਕੰਘੀਆਂ ਨੂੰ

ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ

ਤੂੰ ਮਘਦਾ ਰਈਂ ਵੇ ਸੂਰਜਾ......

ਸੰਗੀਤਕ ਸ਼ੈਲੀ :ਸੰਤ ਰਾਮ ਉਦਾਸੀ ਵਾਰ ਵਾਰ ਆਪਣੀ ਕਵਿਤਾ ਵਿਚ ਸੰਗੀਤਕ ਸ਼ੈਲੀ ਦੀ ਵਰਤੋਂ ਕਰਦਾ ਹੈ ਹੈ। ਜਿਵੇਂ:

ਜਿੱਥੇ ਬੰਦਾ ਜੰਮਦਾ ਸੀਰੀ ਹੈ

ਟਕਿਆਂ ਦੀ ਮੀਰੀ ਪੀਰੀ ਹੈ

ਜਿੱਥੇ ਕਰਜ਼ੇ ਹੇਠ ਪੰਜੀਰੀ ਹੈ

ਵਿਅੰਗਆਤਮਕ ਸ਼ੈਲੀ :ਸੰਤ ਰਾਮ ਉਦਾਸੀ ਦੀ ਕਵਿਤਾ ਦਾ ਖਾਸ ਗੁਣ ਉਸਦੇ ਵਿਅੰਗਆਤਮਕ ਲਹਿਜ਼ੇ ਵਿਚ ਪਿਆ ਹੈ। ਉਹ ਵਿਅੰਗ ਨਾਲ ਆਪਣੀ ਕਵਿਤਾ ਨੂੰ ਹੋਰ ਵੀ ਗਹਿਰੇ ਅਰਥਾਂ ਤੱਕ ਲੈ ਜਾਂਦਾ ਹੈ।

ਤੂੰ ਆਪਣਾ ਆਪ ਮਚਾਂਦਾ ਹੈਂ

ਪਰ ਆਪਾ ਹੀ ਰੁਸ਼ਨਾਂਦਾ ਹੈਂ

ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ

ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ

ਤੂੰ ਮਘਦਾ ਰਈਂ ਵੇ ਸੂਰਜਾ..

3.5 ਅਭਿਆਸ ਲਈ ਸੰਖੇਪ ਪ੍ਰਸ਼ਨ:

1. 'ਜ਼ਖ਼ਮ' ਕਵਿਤਾ ਕਿਹੜੀ ਇਤਿਹਾਸਕ ਘਟਨਾ ਦਾ ਬਿਆਨ ਕਰਦੀ ਹੈ?

2. ਸ਼ਿਵ ਕੁਮਾਰ ਬਟਾਲਵੀ ਦੀਆਂ ਪ੍ਰਮੁੱਖ ਪੁਸਤਕਾਂ ਦੇ ਨਾਮ ਦੱਸੋ?

3.' ਜਖ਼ਮ' ਕਵਿਤਾ ਦਾ ਪ੍ਰਮੁੱਖ ਵਿਸ਼ਾ ਕੀ ਹੈ?

4.' ਜਖ਼ਮ 'ਕਵਿਤਾ ਵਿਚ ਕਵੀ ਸਾਹਿਤਕਾਰਾਂ ਨੂੰ ਕੀ ਸੁਨੇਹਾ ਦਿੰਦਾ ਹੈ?

5. ਪ੍ਰਸੰਗ ਸਹਿਤ ਵਿਆਖਿਆ ਕਰੋ:

ਹਾੜਾ ਜੇ ਦੇਸ਼ਾਂ ਵਾਲਿਓ

ਹਾੜਾ ਜੇ ਕੌਮਾਂ ਵਾਲਿਓ

ਓ ਐਟਮਾਂ ਦਿਉ ਤਾਜਰੋ

ਬਾਰੂਦ ਦੇ ਵਣਜਾਰਿਉ

ਹੁਣ ਹੋਰ ਨਾ ਮਨੁੱਖ ਸਿਰ

ਲਹੂਆਂ ਦਾ ਕਰਜ਼ਾ ਚਾੜ੍ਹਿਉ

ਹੈ ਅੱਖ ਚੁੱਭੀ ਅਮਨ ਦੀ

ਆਇਉ ਵੇ ਫੂਕਾਂ ਮਾਰਿਉ

6.' ਕੰਮਿਆਂ ਦਾ ਵਿਹੜਾ 'ਕਵਿਤਾ ਦਾ ਮੁੱਖ ਵਿਸ਼ਾ ਕੀ ਹੈ?

7. ਸੰਤ ਰਾਮ ਉਦਾਸੀ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਚਰਚਾ ਕਰੋ।

8.ਕੰਮਿਆਂ ਦਾ ਵਿਹੜਾ 'ਕਵਿਤਾ ਵਿਚ ਕਵੀ ਕਿਹੜੀ ਸ਼੍ਰੇਣੀ ਦੇ ਦੁੱਖਾਂ ਦਾ ਬਿਆਨ ਕਰਦਾ ਹੈ?

9.ਜਿੱਥੇ ਬੰਦਾ ਜੰਮਦਾ ਸੀਰੀ ਹੈ 'ਇਸ ਕਾਵਿ ਸਤਰ ਵਿਚ ਕਵੀ ਕੀ ਕਹਿਣਾ ਚਾਹੁੰਦਾ ਹੈ।

10.ਪ੍ਰਸੰਗ ਸਹਿਤ ਵਿਆਖਿਆ ਕਰੋ:

ਜਿੱਥੇ ਲੋਕ ਬੜੇ ਮਜਬੂਰ ਜਿਹੇ

ਦਿੱਲੀ ਦੇ ਦਿਲ ਤੋਂ ਦੂਰ ਜਿਹੇ

ਤੇ ਭੁੱਖਾਂ ਵਿਚ ਮਸ਼ਹੂਰ ਜਿਹੇ

ਜਿੱਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ

ਤੂੰ ਮਘਦਾ ਰਈਂ ਵੇ ਸੂਰਜਾ......

3.6ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


1.ਡਾ .ਰਜਿੰਦਰਪਾਲ ਸਿੰਘ ਬਰਾੜ ,ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ,ਸਾਹਿਤ ਅਕਾਦਮੀ, ਦਿੱਲੀ

2.ਡਾ .ਕਰਮਜੀਤ ਸਿੰਘ ,ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ ,ਗੁਰੂ ਨਾਨਕ ਦੇਵ ਯੂਨੀਵਰਸਿਟੀ ,ਅੰਮ੍ਰਿਤਸਰ

3. ਜਸਵਿੰਦਰ ਸਿੰਘ ,ਨਵੀਂ ਪੰਜਾਬੀ ਕਵਿਤਾ :ਪਛਾਣ ਚਿੰਨ੍ਹ ,ਚੇਤਨਾ ਪ੍ਰਕਾਸ਼ਨ ਲੁਧਿਆਣਾ।

4.ਖੋਜ ਪੱਤ੍ਰਿਕਾ) ,ਆਧੁਨਿਕ ਕਾਵਿ ਵਿਸ਼ੇਸ਼ ਅੰਕ ,(ਪੰਜਾਬੀ ਯੂਨੀਵਰਸਿਟੀ ,ਪਟਿਆਲਾ

5.ਸੁਖਦੇਵ ਸਿੰਘ ,ਪੰਜਾਬੀ ਕਵਿਤਾ :ਪੁਨਰ ਸੰਵਾਦ ,ਲੋਕਗੀਤ ਪ੍ਰਕਾਸ਼ਨ ,ਚੰਡੀਗੜ੍ਹ

6.ਡਾ .ਯੋਗਰਾਜ ,ਨਵੀਂ ਪੰਜਾਬੀ ਸ਼ਾਇਰ :ਸਮਕਾਲੀ ਸੰਦਰਭ ,ਚੇਤਨਾ ਪ੍ਰਕਾਸ਼ਨ ਲੁਧਿਆਣਾ।

# B.A(Liberal Arts)

## SEMESTAR-III

### ਕੋਰਸ–ਜਰਨਲ ਪੰਜਾਬੀ

| | |
|---|---|
| ਯੂਨਿਟ– 4 | ਪੰਜਾਬੀ ਕਵਿਤਾ:‘ ਮੈਂ ਰਾਹਾਂ ਤੇ ਨਹੀਂ ਤੁਰਦਾ ,’ਅਤੇ‘ ਨਾਨਕ ’ਕਵਿਤਾਵਾਂ ਦਾ ਵਿਸ਼ਾ ,ਸਾਰ ,ਪ੍ਰਸੰਗ ਸਹਿਤ ਵਿਆਖਿਆ ਅਤੇ ਕਲਾਤਮਕ ਅਧਿਐਨ |

4.1 ਪਾਠ ਚੌਥਾ :ਪੰਜਾਬੀ ਕਵਿਤਾ

1.2.1 ਭੂਮਿਕਾ

2.1.2 ਪਾਠ ਦਾ ਮੰਤਵ

2.1.3 ਕਵਿਤਾ ਕੀ ਹੈ?

2.1.4 ਆਧੁਨਿਕ ਪੰਜਾਬੀ ਕਵਿਤਾ ਦਾ ਨਿਕਾਸ ਤੇ ਵਿਕਾਸ

4.2 ਪਾਠ ਦੀ ਰੂਪ-ਰੇਖਾ ਕਵਿਤਾ‘ :ਮੈਂ ਰਾਹਾਂ ਤੇ ਨਹੀਂ ਤੁਰਦਾ :’ਸੁਰਜੀਤ ਪਾਤਰ

4.2.1 ਕਵਿਤਾ ਦਾ ਮੂਲ ਪਾਠ

4.2.2 ਲੇਖਕ ਨਾਲ ਜਾਣ-ਪਛਾਣ

4.2.3 ਮੈਂ ਰਾਹਾਂ ਤੇ ਨਹੀਂ ਤੁਰਦਾ ’ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

4.2.4 ਮੈਂ ਰਾਹਾਂ ਤੇ ਨਹੀਂ ਤੁਰਦਾ ’ਕਵਿਤਾ ਦਾ ਵਿਸ਼ਾ

4.2.5 ਮੈਂ ਰਾਹਾਂ ਤੇ ਨਹੀਂ ਤੁਰਦਾ ’ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ

4.2.6 ਮੈਂ ਰਾਹਾਂ ਤੇ ਨਹੀਂ ਤੁਰਦਾ ’ਕਵਿਤਾ ਦਾ ਕਲਾਤਮਕ ਅਧਿਐਨ

4.3 ਪਾਠ ਦੀ ਰੂਪ-ਰੇਖਾ) ਕਵਿਤਾ‘ :ਨਾਨਕ ਹਰਮਨਜੀਤ

4.3.1 ਕਵਿਤਾ ਦਾ ਮੂਲ ਪਾਠ

4.3.2 ਲੇਖਕ ਨਾਲ ਜਾਣ-ਪਛਾਣ

4.3.3 ਨਾਨਕ ਕਵਿਤਾ ਦਾ ਵਿਸ਼ਾ-ਵਸਤੂ

4.3.4 ਨਾਨਕ ਦੀ ਸੰਖੇਪ ਚਰਚਾ ਅਤੇ ਸਾਰ

4.3.5 ਨਾਨਕ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ

4.3.6 ਨਾਨਕ ਕਵਿਤਾ ਦਾ ਕਲਾਤਮਕ ਅਧਿਐਨ

4.4 ਅਭਿਆਸ ਲਈ ਪ੍ਰਸ਼ਨ

4.5 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

4.0 ਭੂਮਿਕਾ :ਪਿਆਰੇ ਵਿਦਿਆਰਥੀਓ ਤੁਹਾਡੇ ਸਿਲੇਬਸ ਦੇ ਇਸ ਹਿੱਸੇ ਵਿਚ ਪੰਜਾਬੀ ਕਵਿਤਾਵਾਂ ਪੜ੍ਹਾਈਆਂ ਜਾ ਰਹੀਆਂ ਹਨ। ਇਸ ਪਾਠ ਵਿਚ ਮੈਂ ਰਾਹਾਂ ਤੇ ਨਹੀਂ ਤੁਰਦਾ, ਸੁਰਜੀਤ ਪਾਤਰ ਅਤੇ ਨਾਨਕ ਹਰਮਨਜੀਤ ਆਦਿ ਕਵਿਤਾਵਾਂ ਪੜ੍ਹਾਈਆਂ ਜਾਣਗੀਆਂ। ਇਸ ਪਾਠ ਵਿਚ ਇਹਨਾਂ ਕਵਿਤਾਵਾਂ ਦਾ ਮੂਲ ਪਾਠ ,ਇਸਦੀ ਪ੍ਰਸੰਗ ਸਹਿਤ

ਵਿਆਖਿਆ ,ਲੇਖਕ ਬਾਰੇ ਜਾਣਕਾਰੀ ,ਵਿਸ਼ਾ-ਵਸਤੂ ,ਸਾਰ ਅਤੇ ਕਵਿਤਾ ਦੇ ਕਲਾ ਪੱਖ ਆਦਿ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਇਸ ਪਾਠ ਵਿਚ ਦਿੱਤੀ ਗਈ ਹਰ ਕਵਿਤਾ ਦਾ ਮੂਲ ਪਾਠ ਪੜ੍ਹ ਲੈਣ। ਇਕ ਵਾਰ ਪਾਠ ਪੜ੍ਹ ਲੈਣ ਉਪਰੰਤ ਵਿਦਿਆਰਥੀਆਂ ਆਪ ਵੀ ਪ੍ਰਸੰਗ ਸਹਿਤ ਵਿਆਖਿਆ ,ਵਿਸ਼ਾ-ਵਸਤੂ ਅਤੇ ਸਾਰ ਅਤੇ ਕਲਾ ਪੱਖ ਬਾਰੇ ਲਿਖਣ ਦਾ ਅਭਿਆਸ ਜ਼ਰੂਰ ਕਰਨ।

4.1 ਪਾਠ ਦਾ ਮੰਤਵ :ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਕਵਿਤਾ ਨੂੰ ਪੜ੍ਹਨ ਅਤੇ ਸਮਝਣ/ ਸਮਝਾਉਣ ਦੇ ਸਮਰੱਥ ਬਣਾਉਣਾ ਹੈ। ਕਵਿਤਾ ਸਭ ਤੋਂ ਪੁਰਾਤਨ ਸਾਹਿਤ ਰੂਪ ਹੈ। ਕਵਿਤਾ ਦੇ ਜ਼ਰੀਏ ਜਿੱਥੇ ਮਨੁੱਖ ਦੀਆਂ ਸੂਖ਼ਮ ਭਾਵਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ,ਉੱਥੇ ਨਾਲ਼ੋ-ਨਾਲ਼ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਵੀ ਕਵਿਤਾ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ। ਕਵਿਤਾ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ' ਮੈਂ ਰਾਹਾਂ ਤੇ ਨਹੀਂ ਤੁਰਦਾ ,'ਅਤੇ' ਨਾਨਕ 'ਆਦਿ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ ,ਲੇਖਕ ਬਾਰੇ ਜਾਣਕਾਰੀ ,ਵਿਸ਼ਾ-ਵਸਤੂ ,ਸਾਰ ਅਤੇ ਕਲਾ ਪੱਖ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਪੰਜਾਬੀ ਕਵਿਤਾ ਨੂੰ ਸਮਝਣ ਦੇ ਕਾਬਿਲ ਹੋ ਸਕਣ।

3.1.3 ਕਵਿਤਾ ਕੀ ਹੈ :ਕਵਿਤਾ ਸਾਹਿਤ ਦਾ ਪੁਰਾਤਨ ਕਾਵਿ ਰੂਪ ਹੈ। ਕਵਿਤਾ ਮਨੁੱਖ ਦੀਆਂ ਸੂਖ਼ਮ ਭਾਵਨਾਵਾਂ ਨੂੰ ਇੱਕ ਖਾਸ ਤਰ੍ਹਾਂ ਦੀ ਲੈਅ ਵਿਚ ਪੇਸ਼ ਕਰਦੀ ਹੈ। ਕਵਿਤਾ ਵਿਚ ਜਜ਼ਬੇ ,ਕਲਪਨਾ ,ਲੈਅ ,ਖ਼ਿਆਲ ਆਦਿ ਦਾ ਸੁਮੇਲ ਹੁੰਦਾ ਹੈ। ਕਵਿਤਾ ਮਨੁੱਖ ਦੇ ਸੂਖ਼ਮ ਭਾਵਾਂ ਦਾ ਕਲਾਤਮਕ ਢੰਗ ਨਾਲ਼ ਕੀਤਾ ਗਿਆ ਪ੍ਰਗਟਾਵਾ ਹੈ। ਇਹ ਮਨੁੱਖੀ ਵਲਵਲਿਆਂ ਦਾ ਬੇਰੋਕ ਉਛਾਲਾ ਹੈ ਜੋ ਆਪ-ਮੁਹਾਰੇ ਬਾਹਰ ਨਿੱਕਲਦਾ ਹੈ।

3.1.4 ਆਧੁਨਿਕ ਪੰਜਾਬੀ ਕਵਿਤਾ ਦਾ ਨਿਕਾਸ ਤੇ ਵਿਕਾਸ :ਪੰਜਾਬੀ ਕਵਿਤਾ ਦਾ ਇਤਿਹਾਸ ਬਹੁਤ ਪੁਰਾਤਨ ਹੈ। ਭਾਸ਼ਾ ਵਿਗਿਆਨੀ ਏਥੋਂ ਤੱਕ ਵੀ ਦਾਅਵਾ ਕਰਦੇ ਹਨ ਕਿ ਵੇਦਾਂ ਵਿਚਲੀ ਸੰਸਕ੍ਰਿਤ ਪੁਰਾਤਨ ਪੰਜਾਬੀ ਦਾ ਹੀ ਰੂਪ ਹੈ। ਇਸ ਤਰ੍ਹਾਂ ਪੰਜਾਬੀ ਕਵਿਤਾ ਦਾ ਇਤਿਹਾਸ ਵੇਦਾਂ ਦੀ ਕਵਿਤਾ ਤੱਕ ਜਾ ਪਹੁੰਚਦਾ ਹੈ। ਪੰਜਾਬੀ ਕਵਿਤਾ ਦੀ ਇਸ ਕਾਲ ਲੰਮੀ ਪਰੰਪਰਾ ਦਾ ਉੱਭਰਵਾਂ ਰੂਪ ਅੱਠਵੀਂ-ਨੌਵੀਂ ਸਦੀ ਵਿਚ ਜਾ ਕੇ ਨਾਥ-ਜੋਗੀਆਂ ਦੀ ਕਵਿਤਾ ਵਿਚ ਦਿਖਦਾ ਹੈ। ਇਸ ਤੋਂ ਬਾਅਦ ਪੰਜਾਬੀ ਕਵਿਤਾ ਪਹਿਲੀ ਵਾਰ ਆਪਣੇ ਨਿੱਖਰਵੇਂ ਰੂਪ ਵਿਚ ਬਾਰ੍ਹਵੀਂ-ਤੇਰ੍ਹਵੀਂ ਸਦੀ ਵਿਚ ਬਾਬਾ ਫ਼ਰੀਦ ਦੀ ਬਾਣੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਬਾਬਾ ਫ਼ਰੀਦ ਦੀ ਰਚਨਾ ਵਿਚ ਪਹਿਲੀ ਵਾਰ ਦੁਨਿਆਵੀ ਬਿੰਬ ਪ੍ਰਤੀਕ ,ਆਮ ਲੋਕਾਂ ਦਾ ਕਾਰ-ਵਿਹਾਰ ਸ਼ਾਮਿਲ ਹੁੰਦਾ ਹੈ। ਅਗਲ਼ਾ ਦੌਰ ਗੁਰਮਤਿ ਕਾਲ ਦਾ ਹੈ। ਜਿਸ ਵਿਚ ਪੰਜਾਬ ਅਤੇ ਪੰਜਾਬੀ ਭਾਸ਼ਾ ਜਿੱਥੇ ਗੁਰਮੁਖੀ ਵਰਗੀ ਲਿਪੀ ਦੀ ਯੋਗ ਵਰਤੋਂ ਕਰਨ ਵਰਗੇ ਵਡੇਰੇ ਕਾਰਜ ਵਿਚੋਂ ਲੰਘਦੀ ਹੈ ਓਥੇ ਹੀ ਅਧਿਆਤਮਿਕਤਾ ਦੇ ਵਿਸ਼ਾਲ ਮੰਡਲਾਂ ਦੀ ਯਾਤਰਾ ਵੀ ਕਰਦੀ ਹੈ। ਗੁਰਮਤਿ ਕਾਲ ਦੀ ਰਚਨਾ ਵਿਚਲਾ ਅਧਿਆਤਮ ਮਨੁੱਖ ਦੇ ਅੰਦਰ ਵੱਲ ਦਾ ਯਾਤਰਾ ਕਰਨ ਵੱਲ ਅਗਰਸਰ ਹੈ। ਇਸ ਮੱਧਕਾਲ ਦੇ ਸਮੇਂ ਦੌਰਾਨ ਸੂਫ਼ੀ ਸਾਹਿਤ ,ਕਿੱਸਾ ਸਾਹਿਤ ,ਬੀਰ ਸਾਹਿਤ ਆਦਿ ਦਾ ਦੌਰ ਵੀ ਚਲਦਾ ਰਿਹਾ। ਇਹ ਸਾਰੀ ਰਚਨਾ ਲੌਕਿਕ ਦੁਨਿਆਵੀ ਹੁੰਦਿਆਂ ਹੋਇਆਂ ਵੀ ਪਰਾਲੌਕਿਕਤਾ ਦਾ ਪ੍ਰਭਾਵ ਕਬੂਲਦੀ ਰਹੀ ਹੈ। ਇਸ ਤਰ੍ਹਾਂ ਦੇ ਅਸਾਰ ਸਾਨੂੰ ਵੀਹਵੀਂ

ਸਦੀ ਦੇ ਸ਼ੁਰੂਆਤੀ ਦਹਾਕੇ ਤੱਕ ਦੀ ਕਵਿਤਾ ਤੱਕ ਨਜ਼ਰ ਆਉਂਦੇ ਹਨ। ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਉਨ੍ਹੀਵੀਂ ਭਾਈ ਵੀਰ ਸਿੰਘ ,ਧਨੀ ਰਾਮ ਚਾਤ੍ਰਿਕ ਆਦਿ ਦੀ ਕਵਿਤਾ ਵਿਚੋਂ ਇਹ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦੇ ਹਨ। ਵੀਹਵੀਂ ਸਦੀ ਦੇ ਦੂਸਰੇ ਅਤੇ ਤੀਸਰੇ ਦਹਾਕੇ ਵਿਚ ਪ੍ਰੋ .ਪੂਰਨ ਸਿੰਘ ਪੰਜਾਬੀ ਕਵਿਤਾ ਨੂੰ ਇਕ ਨਵੀਂ ਲੀਹੇ ਪਾਉਂਦਾ ਹੈ। ਉਸਦੀ ਕਵਿਤਾ ਵਿਚ ਰਾਸ਼ਟਰ ਪ੍ਰੇਮ ਸੱਭਿਅਤਾ ਦੇ ਪ੍ਰੇਮ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਜਿਸ ਨੂੰ ਉਹ ਉਸ ਸਮੇਂ ਦੀ ਰਾਜਨੀਤਿਕ ਸਥਿਤੀ ਦੇ ਟਕਰਾਅ ਵਿਚੋਂ ਉਭਾਰਦਾ ਹੈ। ਵੀਹਵੀਂ ਸਦੀ ਵਿਚਲਾ ਇਹ ਪ੍ਰਗਟਾ ਰੂਪ ਮੱਧਕਾਲ ਵਿਚਲੀ ਉਸੇ ਰਾਜਨੀਤਿਕ ਚੇਤਨਾ ਦਾ ਵਰ ਮੇਚਵਾਂ ਰੂਪ ਹੈ। ਜਿਹੜਾ ਫੇਰ ਉਸ ਸਮੇਂ ਤੋਂ ਅਗਲੀ ਕਵਿਤਾ ਦਾ ਖਾਸਾ ਬਣ ਜਾਂਦਾ ਹੈ। ਇਸ ਪਾਠ ਵਿਚ ਅਧੁਨਿਕ ਕਵੀਆਂ ਦੀ ਕਵਿਤਾ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਉਹਨਾਂ ਦੀ ਕਵਿਤਾ ਦੇ ਪ੍ਰਮੁੱਖ ਸਰੋਕਾਰਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

### 4.2 ਕਵਿਤਾ-ਮੈਂ ਰਾਹਾਂ ਤੇ ਨਹੀਂ ਤੁਰਦਾ-ਸੁਰਜੀਤ ਪਾਤਰ

#### 4.2.1 ਕਵਿਤਾ ਦਾ ਮੂਲ ਪਾਠ

ਮੈਂ ਰਾਹਾਂ ਤੇ ਨਹੀਂ ਤੁਰਦਾ

ਮੈਂ ਰਾਹਾਂ ਤੇ ਨਹੀਂ ਤੁਰਦਾ ਮੈਂ ਤੁਰਦਾ ਹਾਂ ਤਾਂ ਰਾਹ ਬਣਦੇ
ਯੁਗਾਂ ਤੋਂ ਕਾਫਲੇ ਆਉਂਦੇ ਇਸੇ ਸੱਚ ਦੇ ਗਵਾਹ ਬਣਦੇ

ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਠੀਕ ਹੈ ਮੇਰਾ
ਇਹ ਸੜਦੇ ਪੈਰ, ਠਰਦੇ ਦਿਲ, ਮੇਰੇ ਸੱਚ ਦੇ ਗਵਾਹ ਬਣਦੇ

ਜੁ ਲੋ ਮੱਥੇ 'ਚੋਂ ਫੁੱਟਦੀ ਹੈ, ਉਹ ਅਸਲੀ ਤਾਜ ਹੁੰਦੀ ਹੈ
ਤਵੀ ਦੇ ਤਖਤ 'ਤੇ ਬਹਿ ਕੇ ਹੀ ਸੱਚੇ ਪਾਤਸ਼ਾਹ ਬਣਦੇ

ਇਹ ਪੰਡਤ ਰਾਗ ਦੇ ਤਾਂ ਪਿੱਛੋਂ ਸਦੀਆਂ ਬਾਅਦ ਆਉਂਦੇ ਨੇ
ਮੇਰੇ ਹਉਕੇ ਹੀ ਪਹਿਲਾਂ ਤਾਂ ਮੇਰੀ ਵੰਝਲੀ ਦੇ ਸਾਹ ਬਣਦੇ

ਅਸਾਨੂੰ ਰੀਤ ਤੋਂ ਵੱਧ ਕੇ ਕਿਸੇ ਦੀ ਪਰੀਤ ਪਿਆਰੀ ਹੈ

ਤੂੰ ਲਿਖ ਲੇਖਾ ਤੇ ਲਿਖ ਜਿੰਨੇ ਵੀ ਨੇ ਸਾਡੇ ਗੁਨਾਹ ਬਣਦੇ

ਰਾਂਝੇ ਨਾ ਵੀ ਹੁੰਦੇ ਤਾਂ ਵੀ ਨਾ ਬਣਦੇ ਅਸੀਂ ਕੈਦੋਂ

ਅਸੀਂ ਜਾਂ ਨਾਥ ਹੁੰਦੇ ਜਾਂ ਅਸੀਂ ਲੁੱਡਣ ਮਲਾਹ ਬਣਦੇ

ਉਦੋਂ ਤਕ ਤੂੰ ਹੈਂ ਸਾਡੀ ਹਿੱਕ ਦੇ ਵਿਚ ਮਹਿਫ਼ੂਜ਼ ਮਰ ਕੇ ਵੀ

ਜਦੋਂ ਤਕ ਜਿਸਮ ਸਾਡੇ ਹੀ ਨਹੀਂ ਸੜ ਕੇ ਸੁਆਹ ਬਣਦੇ

ਫ਼ਕੀਰਾਂ ਦੇ ਸੁਖਨ ਕੁਛ ਯਾਰ, ਕੁਛ ਤਾਰੀਖ ਦੇ ਮੰਜ਼ਰ

ਜਦੋਂ ਮੈਂ ਜ਼ਖਮ ਖਾ ਲੈਨਾਂ ਮੇਰੀ ਖ਼ਾਤਰ ਪਨਾਹ ਬਣਦੇ

ਮੈਂ ਇਕ ਗੱਲ ਜਾਣਦਾਂ ਕਿ ਹੈ ਕੋਈ ਸ਼ੈ ਇਸ ਵਜੂਦ ਅੰਦਰ

ਉਹ ਜਿਹੜੀ ਲਿਸ਼ਕ ਉਠਦੀ ਹੈ ਜਦੋਂ ਸਭ ਰੁਖ ਸਿਆਹ ਬਣਦੇ

ਕਦੀ ਦਰਿਆ ਇੱਕਲਾ ਤੈਹ ਨਹੀਂ ਕਰਦਾ ਦਿਸ਼ਾ ਆਪਣੀ

ਜ਼ਮੀਂ ਦੀ ਢਾਲ, ਜਲ ਦਾ ਵੇਗ ਹੀ ਰਲ ਮਿਲ ਕੇ ਰਾਹ ਬਣਦੇ

ਅਚਨਚੇਤੀ ਕਿਸੇ ਬਿੰਦੂ 'ਚੋਂ ਚਸ਼ਮਾ ਫੁੱਟ ਪੈਂਦਾ ਹੈ

ਇਹ ਦਾਅਵੇਦਾਰ ਦਾਅਵੇਦਾਰ ਐਵੇਂ ਖਾਹਮਖਾਹ ਬਣਦੇ

ਮੈਂ ਕੁਝ ਨਾਦਾਂ ਤੇ ਬਿੰਦਾਂ ਦਾ ਮਿਲਣ-ਬਿੰਦੂ ਹਾਂ ਮੈਂ ਕੀ ਹਾਂ

ਜੇ ਮੈਂ ਆਖਾਂ ਕਿ ਮੈਂ ਕੁਝ ਹਾਂ ਕਥਨ ਮੇਰੇ ਗੁਨਾਹ ਬਣਦੇ

ਇਹ ਤੁਰਦਾ ਕੌਣ ਹੈ ਮੈਂ ਕੌਣ ਹਾਂ ਤੇ ਕੌਣ ਪੁੱਛਦਾ ਹੈ

ਇਹ ਸੋਚਾਂ ਦਾ ਸਫਰ ਹੈ ਜਿਸ ਲਈ ਸੀਨੇ ਹੀ ਰਾਹ ਬਣਦੇ

ਜਦੋਂ ਤਕ ਲਫਜ਼ ਜਿਉਂਦੇ ਨੇ ਸੁਖਨਵਰ ਜਿਓਣ ਮਰ ਕੇ ਵੀ

ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ

ਹਮੇਸ਼ਾ ਲੋਚਿਆ ਬਣਨਾ ਤੁਹਾਡੇ ਪਿਆਰ ਦੇ 'ਪਾਤਰ'

ਕਦੇ ਨਾ ਸੋਚਿਆ ਆਪਾਂ ਕਿ ਅਹੁ ਬਣਦੇ ਜਾਂ ਆਹ ਬਣਦੇ

4.2.2 ਲੇਖਕ ਨਾਲ ਜਾਣ-ਪਛਾਣ :ਸੁਰਜੀਤ ਪਾਤਰ ਦਾ ਜਨਮ 14 ਜਨਵਰੀ, 1945 ਨੂੰ ਮਾਤਾ ਗੁਰਬਖਸ਼ ਕੌਰ ਅਤੇ ਪਿਤਾ ਹਰਭਜਨ ਸਿੰਘ ਦੇ ਘਰ ਪਿੰਡ ਪੱਤੜ ਕਲਾਂ, ਜਿਲ੍ਹਾ ਜਲੰਧਰ ਵਿੱਚ ਹੋਇਆ। ਸੁਰਜੀਤ ਪਾਤਰ ਦੀ ਉੱਤਮਤਾ ਬਾਰੇ ਸਾਰਿਆਂ ਵਿੱਚ ਸਹਿਮਤੀ ਹੈ। ਮੁਹੱਬਤ, ਪੰਜਾਬ ਸੰਕਟ, ਇਨਸਾਫ਼ ਦੀ ਮੰਗ, ਦੋਗਲੇ ਕਿਰਦਾਰ ਪੰਜਾਬੀ ਗਜ਼ਲ ਦੇ ਪੁਰਾਣੇ ਵਿਸ਼ੇ ਹਨ। ਪੁਰਾਣੇ ਵਿਸ਼ਿਆਂ ਪ੍ਰਤੀ ਪਾਤਰ ਦਾ ਦ੍ਰਿਸ਼ਟੀਕੋਣ ਵੱਖਰਾ ਹੈ। ਉਹ ਮੱਧਵਰਗੀ ਵਿਅਕਤੀ ਦੀ ਦੁਬਿਧਾਗ੍ਰਸਤ ਤੁਛਤਾ ਨੂੰ ਦਰਸਾਉਂਦਾ ਹੈ। ਡਾ .ਐਸ ਤਰਸੇਮ ਅਨੁਸਾਰ" ,ਆਧੁਨਿਕ ਪੰਜਾਬੀ ਗ਼ਜ਼ਲ ਦੀ ਇਤਿਹਾਸ ਰੇਖਾ ਵਿੱਚ ਸੁਰਜੀਤ ਪਾਤਰ ਦੇ ਨਿਵੇਕਲੇ ਤੇ ਵਿਲੱਖਣ ਕਾਵਿਕ ਹਸਤਾਖ਼ਰ ਨੂੰ ਵਿਆਪਕ ਪ੍ਰਵਾਨਗੀ ਮਿਲੀ ਹੈ। ਪੰਜਾਬੀ ਗਜ਼ਲ ਵਿੱਚ ਇਸ ਸ਼ਾਇਰ ਦਾ ਬੋਲ ਆਪਣੀ ਪਹਿਚਾਣ ਆਪ ਹੈ। "ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪਾਤਰ ਸਾਡੇ ਸਮਕਾਲ ਦਾ ਵੱਡਾ ਸ਼ਾਇਰ ਹੈ। ਉਸ ਕੋਲ ਗੱਲ ਕਹਿਣ ਦੀ ਵਿਧੀ ਤੇ ਵਿਚਾਰਧਾਰਾ ਦੋਨੋ ਹਨ। 'ਹਵਾ ਵਿੱਚ ਲਿਖੇ ਹਰਫ਼) '1979), 'ਬਿਰਖ ਅਰਜ਼ ਕਰੇ) '1992), 'ਹਨੇਰੇ ਵਿੱਚ ਸੁਲਗਦੀ ਵਰਣਮਾਲਾ) '1992), 'ਲਫ਼ਜ਼ਾਂ ਦੀ ਦਰਗਾਹ) '1999), 'ਪੱਤਝੜ ਦੀ ਪਾਜੇਬ ,'ਚੰਨ ਸੂਰਜ ਦੀ ਵਹਿੰਗੀ ਆਦਿ ਉਸਦੀਆਂ ਪ੍ਰਮੁੱਖ ਕਾਵਿਕ ਪੁਸਤਕਾਂ ਹਨ।

4.2.3 ਮੈਂ ਰਾਹਾਂ ਤੇ ਨਹੀਂ ਤੁਰਦਾ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ:

ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਠੀਕ ਹੈ ਮੇਰਾ

ਇਹ ਸੜਦੇ ਪੈਰ, ਠਰਦੇ ਦਿਲ, ਮੇਰੇ ਸੱਚ ਦੇ ਗਵਾਹ ਬਣਦੇ

ਜੁ ਲੋ ਮੱਥੇ 'ਚੋਂ ਫੁੱਟਦੀ ਹੈ, ਉਹ ਅਸਲੀ ਤਾਜ ਹੁੰਦੀ ਹੈ

ਤਵੀ ਦੇ ਤਖਤ 'ਤੇ ਬਹਿ ਕੇ ਹੀ ਸੱਚੇ ਪਾਤਸ਼ਾਹ ਬਣਦੇ

ਪ੍ਰਸੰਗ :ਉਪਰੋਕਤ ਗਜ਼ਲ ਦੀਆਂ ਸਤਰਾਂ ਸੁਰਜੀਤ ਪਾਤਰ ਦੀ ਗਜ਼ਲ ਮੈਂ ਰਾਹਾਂ ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ' ਵਿੱਚੋਂ ਲਈਆਂ ਗਈਆਂ ਹਨ। ਇਸ ਗ਼ਜ਼ਲ ਵਿਚ ਸੁਰਜੀਤ ਪਾਤਰ ਦਾ ਮੁੱਖ ਫ਼ੋਕਸ ਇਸ ਗੱਲ ਤੇ ਹੈ ਕਿ ਨਵੀਂਆਂ ਪੈੜਾਂ ਪਾਉਣ ਲਈ ਨਵੇਂ ਰਾਹਾਂ ਦਾ ਪਾਂਧੀ ਬਣਨਾ ਪੈਂਦਾ ਹੈ। 'ਮੈਂ ਰਾਹਾਂ ਤੇ ਨਹੀਂ ਤੁਰਦਾ' ਦਾ ਅਰਥ ਉਹ ਰਾਹ ਜਿਹਨਾਂ ਤੇ ਯੁੱਗਾਂ ਤੋਂ ਕਾਫ਼ਲੇ ਤੁਰੇ ਆਉਂਦੇ ਹਨ ਜਿੱਥੇ ਨਵ ਸਿਰਜਤ ਕੁੱਝ ਨਹੀਂ। ਇਕ ਚੀਜ਼) ਰਾਹ (ਪਿਛੇ ਤੁਰਨਾ ਬੰਦਿਆਂ ਵਿਚਲੀ ਮਾਨਸਿਕ ਖੜੋਤ ਦੀ ਨਿਸ਼ਾਨੀ ਹੁੰਦੀ ਹੈ। ਜਿੱਥੇ ਬਦਲਾਅ ਦੀ ਕੋਈ ਸੰਭਾਵਨਾ ਨਹੀਂ ਹੁੰਦੀ, ਬਸ ਜ਼ਿੰਦਗੀ ਦੇ ਅਕਾਊ ਪੈਂਡਿਆਂ ਨੂੰ ਤੈਅ ਕਰਦੇ ਲੋਕ ਨੇ। ਪਰ ਪਾਤਰ ਇਹਨਾਂ ਨਾਲੋਂ ਵੱਖਰੀ ਸੋਚ ਦਾ ਧਾਰਣੀ ਹੈ। ਉਹ ਉਹਨਾਂ ਵੱਖਰੇ ਰਾਹਾਂ ਤੇ ਤੁਰਨ ਦਾ ਜੇਰਾ ਕਰਦਾ ਹੈ ਤਾਂ ਰਾਹ ਅਪਣੇ ਆਪ ਬਣਦੇ ਜਾਂਦੇ ਨੇ।

ਵਿਆਖਿਆ :ਸੁਰਜੀਤ ਪਾਤਰ ਦੀਆਂ ਉਪਰੋਕਤ ਗਜ਼ਲ ਦੀਆਂ ਸਤਰਾਂ ਵਿੱਚ ਦੱਸਿਆ ਗਿਆ ਹੈ ਕਿ ਜਿਹੜੇ ਰਾਹ ਤੇ ਮੈਂ ਤੁਰਿਆਂ ਉਹ ਰਸਤਾ ਸੱਚ ਦਾ ਤਾਂ ਹੈ ਪਰ ਉਸ ਵਿੱਚ ਔਕੜਾਂ ਬਹੁਤ ਨੇ। ਪਰ ਜਿਥੇ ਇਹਨਾਂ ਸਾਰੀਆਂ ਮੁਸੀਬਤਾਂ ਨੂੰ ਮੈਂ ਆਪਣੇ ਪਿੰਡੇ ਤੇ ਹੰਢਾਉਣਾ ਹੈ। ਜ਼ਿੰਦਗੀ ਦੀਆਂ ਉਹਨਾਂ ਸਾਰੀਆਂ ਦੁਸ਼ਵਾਰੀਆਂ ਨੂੰ ਝੱਲਣਾ ਹੈ। ਨਾਲ ਹੀ ਮੈਨੂੰ ਇਸ ਗੱਲ ਦਾ ਸਕੂਨ ਹੈ ਕਿ ਇਹ ਸਾਰੀਆਂ ਚੀਜ਼ਾਂ ਮੇਰੇ ਰਸਤੇ ਮੇਰੇ ਸੱਚ ਦੀਆਂ ਗਵਾਹ ਨੇ। ਇਹਨਾਂ ਰਾਹਾਂ ਤੇ ਚੱਲਦਿਆਂ ਜੋ ਸਿਰਜਣਾ ਤੁਹਾਡਾ ਮਨ ਕਰਦਾ ਹੈ ਉਹ ਤੁਹਾਡਾ ਅਸਲੀ ਤਾਜ ਹੁੰਦੀ ਹੈ। ਜਦੋਂ ਤੱਕ ਤੁਸੀਂ ਉਨ੍ਹਾਂ ਔਖੇ ਪੈਂਡਿਆਂ ਵਿੱਚੋਂ ਨਹੀਂ ਲੰਘਦੇ ਉਦੋਂ ਤੱਕ ਸੱਚੇ ਹੋਣ ਦਾ ਖਿਤਾਬ ਤੁਹਾਡੇ ਹਿੱਸੇ ਨਹੀਂ ਆਉਂਦਾ।

4.2.4 ਮੈਂ ਰਾਹਾਂ ਤੇ ਨਹੀਂ ਤੁਰਦਾ 'ਕਵਿਤਾ ਦਾ ਵਿਸ਼ਾ :ਸੁਰਜੀਤ ਪਾਤਰ ਦੀ ਗਜ਼ਲ 'ਮੈਂ ਰਾਹਾਂ ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ' ਦਾ ਸਭ ਤੋਂ ਪਹਿਲਾਂ ਸਿਰਲੇਖ ਹੀ ਪਾਠਕ ਨੂੰ ਆਪਣੇ ਵੱਲ ਖਿੱਚਦਾ ਹੈ। 'ਮੈਂ ਰਾਹਾਂ ਤੇ ਨਹੀਂ ਤੁਰਦਾ' ਦਾ ਅਰਥ ਉਹ ਰਾਹ ਜਿਹਨਾਂ ਤੇ ਯੁਗਾਂ ਤੋਂ ਕਾਫ਼ਲੇ ਤੁਰੇ ਆ ਉਂਦੇ ਹਨ ਜਿੱਥੇ ਨਵ ਸਿਰਜਤ ਕੁੱਝ ਨਹੀਂ। ਇਕ ਚੀਜ਼) ਰਾਹ (ਪਿਛੇ ਤੁਰਨਾ ਬੰਦਿਆਂ ਵਿਚਲੀ ਮਾਨਸਿਕ ਖੜੋਤ ਦੀ ਨਿਸ਼ਾਨੀ ਹੁੰਦੀ ਹੈ। ਜਿਥੇ ਬਦਲਾਅ ਦੀ ਕੋਈ ਸੰਭਾਵਨਾ ਨਹੀਂ ਹੁੰਦੀ, ਬਸ ਜ਼ਿੰਦਗੀ ਦੇ ਅਕਾਊ ਪੈਂਡਿਆਂ ਨੂੰ ਤੈਅ ਕਰਦੇ ਲੋਕ ਨੇ। ਪਰ ਪਾਤਰ ਇਹਨਾਂ ਨਾਲੋਂ ਵੱਖਰੀ ਸੋਚ ਦਾ ਧਾਰਣੀ ਹੈ। ਉਹ ਉਹਨਾਂ ਵੱਖਰੇ ਰਾਹਾਂ ਤੇ ਤੁਰਨ ਦਾ ਜੇਰਾ ਕਰਦਾ ਹੈ ਤਾਂ ਰਾਹ ਅਪਣੇ ਆਪ ਬਣਦੇ ਜਾਂਦੇ ਨੇ। ਜਦੋਂ ਤੁਸੀਂ ਆਪ ਕੁਝ ਕਰਨ ਦੀ ਸੋਚਦੇ ਹੋ ਤਾਂ ਤਹਾਡਾ ਪੈਂਡਾ ਬਾਕੀ ਲੋਕਾਂ ਨਾਲੋਂ ਵੱਖਰਾ ਹੀ ਹੁੰਦਾ ਹੈ। ਉਥੇ ਨਵੀਆਂ ਚੀਜ਼ਾਂ, ਨਵੀਂ ਸੋਚ ਦੇ ਜਨਮ ਲੈਣ ਦੀਆਂ ਸੰਭਾਵਨਾਵਾਂ ਹੁੰਦੀਆਂ ਨੇ। ਸੱਚ ਦੇ ਰਾਹ ਤੇ ਤੁਰਨ ਵਾਲਿਆਂ ਦਾ ਪੈਂਡਾ ਹਮੇਸ਼ਾ ਹੀ ਔਖਾ ਹੁੰਦਾ। ਉਹ ਲੋਕ ਜੋ ਕੁੱਝ ਕਰਦੇ ਨੇ , ਕੁੱਝ ਨਵਾਂ ਸਿਰਜਦੇ ਨੇ ਉਹ ਲੋਕ ਸਦੀਆਂ ਤੀਕ ਤੁਹਾਡੇ ਅੰਦਰ ਜਿਉਂਦੇ ਰਹਿੰਦੇ ਨੇ। ਬਾਕੀ ਜਿਸਮ ਨੇ ਤਾਂ ਸਾਰਿਆਂ ਦੇ ਨੇ ਸੜ ਕੇ ਸੁਆਹ ਹੋ ਜਾਣਾ ਹੁੰਦਾ ਹੈ। ਜਿਵੇਂ ਪਾਤਰ ਆਪਣੀ ਗਜ਼ਲ ਵਿੱਚ ਲਿਖਦੇ ਹਨ:

ਜਦੋਂ ਤਕ ਲਫਜ਼ ਜਿਊਂਦੇ ਨੇ ਸੁਖਨਵਰ ਜਿਓਣ ਮਰ ਕੇ ਵੀ

ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ

ਸੁਰਜੀਤ ਪਾਤਰ ਅਨੁਸਾਰ ਲਫ਼ਜ਼ ਕਦੇ ਮਰਿਆ ਨਹੀਂ ਕਰਦੇ। ਬੰਦੇ ਲਈ ਕੁੱਝ ਕਰਨ ਤੋਂ ਪਹਿਲਾਂ ਆਪਣੇ ਆਪ ਬਾਰੇ ਜਾਨਣਾ ਜ਼ਰੂਰੀ ਹੁੰਦਾ ਹੈ ਮਸਲਨ:

ਇਹ ਤੁਰਦਾ ਕੌਣ ਹੈ ਮੈਂ ਕੌਣ ਹਾਂ ਤੇ ਕੌਣ ਪੁੱਛਦਾ ਹੈ

ਇਹ ਸੋਚਾਂ ਦਾ ਸਫਰ ਹੈ ਜਿਸ ਲਈ ਸੀਨੇ ਹੀ ਰਾਹ ਬਣਦੇ

ਇਸ ਤੋਂ ਭਾਵਅਰਥ ਇਹ ਹੈ ਕਿ ਸਵੈ ਤਲਾਸ਼ ਹੀ ਨਿਰਧਾਰਿਤ ਕਰਦੀ ਹੈ ਕਿ ਤੁਸੀਂ ਕਿਸ ਚੀਜ਼ ਲਈ ਬਣੇ ਹੋ। ਜਦੋਂ ਤੁਸੀਂ ਆਪਣੀ ਹੋਂਦ ਦੀ ਤਲਾਸ਼ ਕਰ ਲਈ ਤਾਂ ਤੁਸੀਂ ਆਪਣੇ ਜਿਉਣ ਦੇ ਕਾਰਨਾਂ ਦੀ ਤਲਾਸ਼ ਕਰਦੇ ਹੋ ਕਿ ਮੈਂ ਕੀ ਕਰਨਾ ਹੈ ਜੋ ਮੈਂ ਕਰਦਾ ਕਿ ਇਹ ਰਾਹ ਮੇਰਾ ਹੈ। ਇਸਦੇ ਨਾਲ ਹੀ ਉਹ ਰਾਂਝੇ ਅਤੇ ਲੁੱਡਣ ਮਲਾਹ ਦੇ ਪ੍ਰਤੀਕਾਂ ਜ਼ਰੀਏ ਪੰਜਾਬੀ ਭਾਈਚਾਰੇ ਦੇ ਮੂਲ ਗੁਣਾ ਦੀ ਗੱਲ ਕਰਦਾ ਹੈ ਜਿਸ ਵਿਚ ਤਿਆਗ ਅਤੇ ਦੂਜੇ ਲਈ ਅਥਾਹ ਪਿਆਰ ਭਾਵਨਾ ਹੈ।

4.2.5 ਮੈਂ ਰਾਹਾਂ ਤੇ ਨਹੀਂ ਤੁਰਦਾ ਕਵਿਤਾ ਦੀ ਸੰਖੇਪ ਚਰਚਾ ਅਤੇ ਸਾਰ :ਇਸ ਗ਼ਜ਼ਲ ਵਿਚ ਸੁਰਜੀਤ ਪਾਤਰ ਦਾ ਮੁੱਖ ਫ਼ੋਕਸ ਇਸ ਗੱਲ ਤੇ ਹੈ ਕਿ ਨਵੀਆਂ ਪੈੜਾਂ ਪਾਉਣ ਲਈ ਨਵੇਂ ਰਾਹਾਂ ਦਾ ਪਾਂਧੀ ਬਣਨਾ ਪੈਂਦਾ ਹੈ। ਸੱਚ ਦੇ ਰਾਹ ਤੇ ਤੁਰਨ ਵਾਲਿਆਂ ਦਾ ਪੈਂਡਾ ਹਮੇਸ਼ਾ ਹੀ ਔਖਾ ਹੁੰਦਾ। ਉਹ ਲੋਕ ਜੋ ਕੁੱਝ ਕਰਦੇ ਨੇ , ਕੁੱਝ ਨਵਾਂ ਸਿਰਜਦੇ ਨੇ ਉਹ ਲੋਕ ਸਦੀਆਂ ਤੀਕ ਤੁਹਾਡੇ ਅੰਦਰ ਜਿਉਂਦੇ ਰਹਿੰਦੇ ਹਨ ਜਿਵੇਂ:

ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਠੀਕ ਹੈ ਮੇਰਾ

ਇਹ ਸੜਦੇ ਪੈਰ, ਠਰਦੇ ਦਿਲ, ਮੇਰੇ ਸੱਚ ਦੇ ਗਵਾਹ ਬਣਦੇ

ਇਸ ਗ਼ਜ਼ਲ 'ਮੈਂ ਰਾਹਾਂ ਤੇ ਨਹੀਂ ਤੁਰਦਾ' ਦਾ ਅਰਥ ਉਹ ਰਾਹ ਜਿਹਨਾਂ ਤੇ ਯੁੱਗਾਂ ਤੋਂ ਕਾਫ਼ਲੇ ਤੁਰੇ ਆਉਂਦੇ ਹਨ ਜਿੱਥੇ ਨਵ ਸਿਰਜਤ ਕੁੱਝ ਨਹੀਂ। ਇਕ ਚੀਜ਼ ਰਾਹ ਪਿਛੇ ਤੁਰਨਾ ਬੰਦਿਆਂ ਵਿਚਲੀ ਮਾਨਸਿਕ ਖੜੋਤ ਦੀ ਨਿਸ਼ਾਨੀ ਹੁੰਦੀ ਹੈ। ਜਿੱਥੇ ਬਦਲਾਅ ਦੀ ਕੋਈ ਸੰਭਾਵਨਾ ਨਹੀਂ ਹੁੰਦੀ, ਬਸ ਜ਼ਿੰਦਗੀ ਦੇ ਅਕਾਊ ਪੈਂਡਿਆਂ ਨੂੰ ਤੈਅ ਕਰਦੇ ਲੋਕ ਨੇ। ਪਰ ਪਾਤਰ ਇਹਨਾਂ ਨਾਲੋਂ ਵੱਖਰੀ ਸੋਚ ਦਾ ਧਾਰਣੀ ਹੈ। ਉਹ ਉਹਨਾਂ ਵੱਖਰੇ ਰਾਹਾਂ ਤੇ ਤੁਰਨ ਦਾ ਜੇਰਾ ਕਰਦਾ ਹੈ ਤਾਂ ਰਾਹ ਅਪਣੇ ਆਪ ਬਣਦੇ ਜਾਂਦੇ ਨੇ।

4.2.6 ਮੈਂ ਰਾਹਾਂ ਤੇ ਨਹੀਂ ਤੁਰਦਾ 'ਕਵਿਤਾ ਦਾ ਕਲਾਤਮਕ ਅਧਿਐਨ :ਸੁਰਜੀਤ ਪਾਤਰ ਸਾਡੇ ਸਮਿਆਂ ਦਾ ਵੱਡਾ ਸ਼ਾਇਰ ਹੈ। ਉਸ ਕੋਲ ਗੱਲ ਕਹਿਣ ਦੀ ਵਿਧੀ ਤੇ ਵਿਚਾਰਧਾਰਾ ਦੋਨੋ ਹਨ। ਉਸਦੀ ਗ਼ਜ਼ਲ 'ਮੈਂ ਰਾਹਾਂ ਤੇ ਨਹੀਂ ਤੁਰਦਾ' ਦਾ ਕਲਾਤਮਕ ਪੱਖ ਹੇਠ ਲਿਖੇ ਅਨੁਸਾਰ ਹੈ:

ਸੰਵਾਦ ਸ਼ੈਲੀ :ਸੁਰਜੀਤ ਪਾਤਰ ਇਸ ਗ਼ਜ਼ਲ ਦੇ ਜਰੀਏ ਆਪਣੇ ਪੰਜਾਬੀ ਲੋਕਾਈ ਨਾਲ ਸੰਵਾਦ ਰਚਾਉਂਦਾ ਹੈ। ਉਹ ਇਸ ਸੰਵਾਦ ਜਰੀਏ ਉਹਨਾਂ ਸਾਹਵੇਂ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।

ਮੈਂ ਰਾਹਾਂ ਤੇ ਨਹੀਂ ਤੁਰਦਾ ਮੈਂ ਤੁਰਦਾ ਹਾਂ ਤਾਂ ਰਾਹ ਬਣਦੇ

ਯੁਗਾਂ ਤੋਂ ਕਾਫਲੇ ਆਉਂਦੇ ਇਸੇ ਸੱਚ ਦੇ ਗਵਾਹ ਬਣਦੇ

ਅਸਾਨੂੰ ਰੀਤ ਤੋਂ ਵੱਧ ਕੇ ਕਿਸੇ ਦੀ ਪਰੀਤ ਪਿਆਰੀ ਹੈ

ਤੂੰ ਲਿਖ ਲੇਖਾ ਤੇ ਲਿਖ ਜਿੰਨੇ ਵੀ ਨੇ ਸਾਡੇ ਗੁਨਾਹ ਬਣਦੇ

ਪ੍ਰਤੀਕ :ਸੁਰਜੀਤ ਪਾਤਰ ਇਸ ਗ਼ਜ਼ਲ ਵਿਚ ਅਨੇਕਾਂ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਉਹ ਇਹਨਾਂ ਪ੍ਰਤੀਕਾਂ ਨਾਲ ਆਪਣੀ ਕਵਿਤਾ ਦੇ ਅਰਥਾਂ ਨੂੰ ਹੋਰ ਗਹਿਰਾ ਕਰਦੀ ਹੈ:

ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਠੀਕ ਹੈ ਮੇਰਾ

ਇਹ ਸੜਦੇ ਪੈਰ, ਠਰਦੇ ਦਿਲ, ਮੇਰੇ ਸੱਚ ਦੇ ਗਵਾਹ ਬਣਦੇ

ਦ੍ਰਿਸ਼ ਬਿੰਬ :ਸੁਰਜੀਤ ਪਾਤਰ ਇਸ ਗ਼ਜ਼ਲ ਦੀ ਇਸ ਗ਼ਜ਼ਲ ਵਿਚ ਬਹੁਤ ਸਾਰੇ ਬਿੰਬ ਦੇਖਣ ਨੂੰ ਮਿਲਦੇ ਹਨ। ਜਿਵੇ:

ਮੈਂ ਇਕ ਗੱਲ ਜਾਣਦਾਂ ਕਿ ਹੈ ਕੋਈ ਸ਼ੈ ਇਸ ਵਜੂਦ ਅੰਦਰ

ਉਹ ਜਿਹੜੀ ਲਿਸ਼ਕ ਉਠਦੀ ਹੈ ਜਦੋਂ ਸਭ ਰੁਖ ਸਿਆਹ ਬਣਦੇ ।

ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਸੁਰਜੀਤ ਪਾਤਰ ਗ਼ਜ਼ਲ ਵਿਧਾ ਵਿਚ ਆਪਣਾ ਇੱਕ ਖ਼ਾਸ ਮੁਕਾਮ ਹਾਸਿਲ ਕੀਤਾ ਹੈ।

## 4.3 ਪਾਠ ਦੀ ਰੂਪ-ਰੇਖਾ ਕਵਿਤਾ-ਨਾਨਕ ਹਰਮਨਜੀਤ

### 4.3.1ਕਵਿਤਾ ਦਾ ਮੂਲ ਪਾਠ

ਨਾਨਕ

ਪ੍ਰਥਮ ਉਦਾਸੀ ਦੇ ਆਰੰਭ ਵੇਲੇ, ਭਾਈ ਮਰਦਾਨੇ ਦੀ ਨਜ਼ਰੋਂ

ਅੱਜ ਵਣਖੰਡਾਂ ਨੇ ਟਹਿਕੀਆਂ

ਕੁੱਲ ਧਰਤ ਨੂੰ ਚੜ੍ਹਿਆ ਚਾਅ

ਅੱਜ ਮੇਘ ਧੂਸਰੇ ਛਟ ਗਏ

ਤੇ ਛਤਰ ਗਿਆ ਨਿੰਬਲਾ

ਅੱਜ ਸੁੱਤੀ ਮਿੱਟੀ ਜਾਗ ਪਈ

ਤੇ ਜਾਗ ਪਏ ਦਰਿਆ

ਅੱਜ ਰੱਕੜਾਂ ਦੀ ਕੋਈ ਹਿੱਕ 'ਤੇ

ਗਿਆ ਮਹਿਕ ਦਾ ਅੱਖਰ ਵਾਹ ।

ਅੱਜ ਸੱਭੋ ਚਸ਼ਮੇ ਬਹੁਲੀਆਂ

ਸਭ ਝਰਨੇ ਰਹੇ ਮਸਤਾ

ਗਏ ਪਰਬਤ ਗਿਰੀਆਂ ਚੋਟੀਆਂ

ਹੋ ਗਿੱਠ ਗਿੱਠ ਹੋਰ ਉਤਾਂਹ

ਅੱਜ ਵਣ ਵਿੱਚ ਹਿਰਨੀ ਸੂ ਪਈ

ਤੇ ਲਿਸ਼ਕਣ ਲੱਗ ਪਏ ਘਾਹ

ਅੱਜ ਨਿੱਖਰ ਆਉਣਾ ਖਿੱਤੀਆਂ

ਤੇ ਚੜ੍ਹਨਾ ਚੰਦ ਨਵਾਂ।

ਅੱਜ ਅੱਡੀਆਂ ਨੱਚਣ ਲੱਗੀਆਂ

ਤੇ ਨੈਣ ਗਏ ਸੁਲਫ਼ਾ

ਅੱਜ ਜਟਾਂ ਜਟੂਰੇ ਬੋਦੜੇ

ਗਏ ਬਿਨ ਤੇਲੋਂ ਥਿੰਦਿਆ

ਅੱਜ ਪਵਨੀਂ ਖੁਰੀਆਂ ਮਿਸ਼ਰੀਆਂ

ਤੇ ਮਿੱਠਤ ਵਧਦੀ ਜਾ

ਅੱਜ ਰੋਹੀਆਂ ਹੋ ਕੇ ਬੌਰੀਆਂ

ਲਿਆ ਚੋਗ ਸਰਾਇਰਾ ਪਾ ।

ਅੱਜ ਧੁੱਪਾਂ ਧਿਆਨ ਧਰੇਂਦੀਆਂ

ਪੜ੍ਹ ਵਰਤਮਾਨ ਗੁਟਕਾ

ਅੱਜ ਮੌਸਮ ਨੇ ਮਿਜ਼ਰਾਬੜੇ

ਲਏ ਉਂਗਲਾਂ ਦੇ ਵਿੱਚ ਪਾ

ਅੱਜ ਪੌਣ ਸ਼ਰੀਂਹ ਦੀ ਡਾਲੀਏ

ਰਹੀ ਫਲੀਆਂ ਨੂੰ ਛਣਕਾ

ਪਏ ਅੱਡੀਆਂ ਚੁੱਕ ਚੁੱਕ ਵੇਖਦੇ

ਅੱਜ ਕਿੱਕਰਾਂ ਤੇ ਫਰਮਾਂਹ ।

ਕਹਿੰਦੇ ਵਾਟ ਲੰਮੇਰੀ ਮਾਰਦਾ

ਇੱਕ ਸਾਧੂ ਲੰਘ ਰਿਹਾ

ਜੀਹਦੇ ਮਣੀਆਂ ਮੱਥੜੇ ਸਾਹਮਣੇ

ਗਏ ਸੂਰਜ ਵੀ ਕਚਿਆ

ਜੀਹਦੀ ਪਾਣੀ ਬਣ ਗਏ ਆਰਸੀ

ਕੀ ਆਰਸੀਆਂ ਦੀ ਥਾਹ

ਜੋ ਬ੍ਰਹਮ-ਜਨੇਊ ਪਹਿਨਦਾ

ਸੂਤਰ ਨੂੰ ਦੂਰ ਵਗਾਹ ।

ਜੋ ਲੱਲੀ ਉਮਰੇ ਚੱਲਿਆ

ਪਾਂਧੇ ਨੂੰ ਪੜ੍ਹਨੇ ਪਾ

ਜੋ ਅੱਥਰਾ ਹੀ ਅਲਬੇਲੜਾ

ਜੀਹਦੇ ਸੀਸ ਭੁਜੰਗੀ ਛਾਂ

ਓਹ ਬੇਦੜੀਆਂ ਦਾ ਛੋਕਰਾ

ਜੋ ਡਾਢਾ ਬੇਪਰਵਾਹ

ਜੋ ਚੁਗਦਾ ਰੱਬ ਕੀਆਂ ਰੋੜੀਆਂ

ਜੀਹਦਾ ਨਾਨਕ ਨਾਮ ਪਿਆ ।

ਅੱਜ ਤੁਰਿਆ ਸਿਦਕੀ ਜੋਗੜਾ

ਚਾਨਣ ਦਾ ਦੀਪ ਜਗਾ

ਓਹਦੇ ਉੱਡਣੇ ਪੈਰ ਛਬੀਲੜੇ

ਤੇ ਪਿੰਜਣੀਆਂ ਨੂੰ ਚਾਅ

ਕੀ ਆਖਾਂ ਓਹਦੇ ਬਾਬਤਾਂ

ਮੇਰਾ ਤਨ ਜਾਵੇ ਕੰਡਿਆ

ਤੇ ਮਨ ਦੀ ਡੂੰਘੀ ਧਰਤ 'ਤੇ

ਇੱਕ ਮੋਰ ਜਿਹਾ ਨੱਚਦਾ।

ਅੱਜ ਪਰਮ-ਦੁਲਾਰੀ ਨਾਨਕੀ

ਖ਼ੁਦ ਮੋਢਾ ਥਾਪੜਿਆ

ਅੱਜ ਰੱਬੀ ਸਾਜ਼ ਰਬਾਬੜੀ ਚੋਂ

ਸ਼ਬਦਾਂ ਲੈਣੇ ਸਾਹ

ਹੁਣ ਸਭ ਤਰੇੜਾਂ ਲਿੱਪ ਕੇ

ਸਭ ਟਿੱਬੇ ਦੇਣੇ ਵਾਹ

ਅੱਜ ਭਰੇ ਪੰਜਾਬ ਦੀ ਵਲ਼ਗਣੋਂ

ਜਿਉਂ ਉੱਠਿਆ ਆਪ ਖ਼ੁਦਾ।

ਮੈਂ ਤੇਰੇ ਪੈਰੀਂ ਨਾਨਕਾ

ਕੁੱਲ ਜੀਵਨ ਰੱਖ ਲਿਆ

ਤੇ ਤੇਰੇ ਪੈਰੋਂ ਉੱਡੀਆਂ

ਧੂੜਾਂ ਨੂੰ ਚੱਖ ਲਿਆ

ਮੈਨੂੰ ਚਹੁੰ ਕੂਟੀਂ ਹੀ ਜਾਪਦਾ

ਬੱਸ ਤੇਰਾ ਅਕਸ ਜਿਹਾ

ਇੱਕ ਰੀਝ ਕਰੇ ਦਿਲ ਨਿੱਤਰੀ

ਤੇ ਲੈਂਦਾ ਇੱਕ ਸੁਪਨਾ ।

ਜਿੱਥੇ ਯਸ਼ਬ ਮਿਲੇਂਦੇ ਸੁੱਚੜੇ

ਤੇ ਕੁਰਮ ਵਗੇ ਦਰਿਆ

ਤੇਰੀ ਬੁੱਕਲ ਦੇ ਵਿੱਚ ਪਾਤਿਸ਼ਾਹ

ਮੇਰੇ ਨਿੱਕਲ ਜਾਵਣ ਸਾਹ

ਮੇਰੇ ਤਨ ਦਾ ਚੋਲਾ ਉੱਡ ਕੇ

ਜਦ ਰਲ ਜਾਏ ਵਿੱਚ ਹਵਾ

ਤਾਂ ਹਵਾ 'ਚੋਂ ਉੱਠੇ ਗੂੰਜ ਵੇ

ਨਾਨਕਵਾ ! ਨਾਨਕਵਾ!

ਨਾਨਕਵਾ ! ਨਾਨਕਵਾ!

4.3.2 ਲੇਖਕ ਨਾਲ ਜਾਣ-ਪਛਾਣ :ਹਰਮਨਜੀਤ ਸਿੰਘ (ਜਨਮ :27 ਜੂਨ 1991) ਪੰਜਾਬੀ ਦਾ ਨੌਜਵਾਨ ਕਵੀ ਅਤੇ ਗੀਤਕਾਰ ਹੈ। ਉਸਨੂੰ 22 ਜੂਨ 2017 ਨੂੰ ਉਸਦੀ ਪਲੇਠੀ ਕਿਤਾਬ' ਰਾਣੀ ਤੱਤ 'ਲਈ ਸਾਹਿਤ ਅਕਾਦਮੀ ਯੁਵਾ ਪੁਰਸਕਾਰ ਮਿਲਿਆ ਹੈ। ਹਰਮਨ ਦਾ ਜਨਮ 27 ਜੂਨ, 1991 ਨੂੰ ਪਿੰਡ ਖਿਆਲ਼ਾ ਕਲਾਂ ਵਿਚ ਹੋਇਆ ਇਹ ਪਿੰਡ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ ਪੈਂਦਾ ਹੈ। ਬਚਪਨ ਵਿੱਚ ਹੀ ਉਸਨੂੰ ਸਾਹਿਤਿਕ ਮਾਹੌਲ ਮਿਲ ਗਿਆ ਸੀ। ਉਸ ਦੇ ਵਡੇਰੇ ਵੀ ਸਾਹਿਤ ਵਿੱਚ ਰੁਚੀ ਰੱਖਦੇ ਸਨ। 10ਵੀਂ ਤੱਕ ਹਰਮਨ ਬਾਬਾ ਜੋਗੀ ਪੀਰ ਪਬਲਿਕ ਸਕੂਲ, ਰੱਲਾ ਵਿੱਚ ਪੜ੍ਹਿਆ ਹੈ ਅਤੇ 12ਵੀਂ ਪਿੰਡ ਦੇ ਸਰਕਾਰੀ ਸਕੂਲ ਤੋਂ ਕੀਤੀ ਹੈ। ਇਸ ਤੋਂ ਇਲਾਵਾ ਉਸਨੇ 2 ਸਾਲ ਮਾਡਰਨ ਇੰਸਟੀਚਿਊਟ ਆਫ਼ ਐਜੂਕੇਸ਼ਨ, ਬੀਰ ਕਲਾਂ) ਸੰਗਰੂਰ ਵਿੱਚ ਈ.ਟੀ.ਟੀ .ਦਾ ਕੋਰਸ ਕੀਤਾ ਹੈ। ਉਸਨੇ ਆਪਣੀ ਗ੍ਰੈਜੂਏਸ਼ਨ ਗੁਰੂ ਨਾਨਕ ਕਾਲਜ ਬੁਢਲਾਢਾ ਤੋਂ ਪੂਰੀ ਕੀਤੀ ਹੈ।ਇਸ ਸਮੇਂ ਉਹ ਬਤੌਰ ਪ੍ਰਾਇਮਰੀ ਸਕੂਲ ਅਧਿਆਪਕ ਆਪਣੀ ਸੇਵਾ ਨਿਭਾ ਰਿਹਾ ਹੈ। ਰਾਣੀ ਤੱਤ ਕਿਤਾਬ ਹਰਮਨ ਦੁਆਰਾ ਲਿਖੀ ਗਈ ਪਹਿਲੀ ਕਿਤਾਬ ਹੈ, ਜੋ ਕਿ 19 ਅਗਸਤ, 2015 ਨੂੰ ਰਿਲੀਜ਼ ਕੀਤੀ ਗਈ ਸੀ। ਇਸ ਵਿੱਚ ਲੇਖਕ ਨੇ ਕੁਦਰਤ, ਪੰਜਾਬ ਪੁਰਾਤਨ ਜੀਵਨ ਬਾਰੇ

ਲਿਖਿਆ ਹੈ। ਇਸ ਕਿਤਾਬ ਦਾ ਅੱਧਾ ਭਾਗ ਕਾਵਿ ਹੈ ਅਤੇ ਅੱਧਾ ਭਾਗ ਵਾਰਤਕ ਹੈ। ਕਿਤਾਬ ਦੀ ਸ਼ੁਰੂਆਤ ਵਿਚ ਸਿਰਲੇਖ 'ਸੋਭਾ ਸਗਣ' ਹੇਠ ਹਰਮਨਜੀਤ ਦੁਆਰਾ ਲਿਖਿਆ ਗਿਆ ਕਿਤਾਬ ਦਾ ਮੁੱਖਬੰਧ ਹੈ। ਮੁੱਖ ਬੰਧ ਵਿਚ ਹੀ ਕਵੀ ਨੇ ਆਪਣੀ ਕਵਿਤਾ ਆਪਣੇ ਵਿਸ਼ੇ ਅਤੇ ਕਵਿਤਾ ਬਾਰੇ ਆਪਣੀ ਸਮਝ ਨੂੰ ਪੇਸ਼ ਕੀਤਾ ਹੈ। ਕਵੀ ਦਾ ਮੰਨਣਾ ਹੈ ਕਿ ਇਸ ਸਦੀ ਦੀ ਕਵਿਤਾ ਉਹਨਾਂ ਰਾਹਾਂ/ਥਾਂਵਾਂ ਦੀ ਕਵਿਤਾ ਹੈ, ਜਿਸ ਵਿਚ ਵਣਾਂ ਦੇ ਸਿੱਲ੍ਹੇ ਤੇ ਘੋਰ ਹਨੇਰੇ ਵਿਚ ਸਾਡੀਆਂ ਪੈੜਾਂ ਅਜੇ ਵੀ ਜਗਦੀਆਂ ਹਨ ,ਯੁੱਗਾਂ ਪੁਰਾਣੇ ਦਰੱਖ਼ਤਾਂ ਦੀਆਂ ਛਾਵਾਂ ਅੱਜ ਵੀ ਸਾਡਾ ਪਿੱਛਾ ਕਰਦੀਆਂ ਹਨ। ਇਸ ਤਰ੍ਹਾਂ ਕਵੀ ਕੁਦਰਤ ਦਾ ਗੁਣਗਾਣ ਕਰਦਾ ਹੋਇਆ, ਪੁਰਾਣੇ ਪੰਜਾਬ ਦਾ ਨਕਸ਼ਾ ਉਲੀਕਦਾ ਹੈ, ਜਿਸ ਵਿਚੋਂ ਉਹ ਆਪਣੀ ਕਵਿਤਾ ਉੱਗਦੀ ਮੰਨਦਾ ਹੈ। ਹਰਮਨਜੀਤ ਦੀ ਕਵਿਤਾ ਅਤੇ ਵਾਰਤਕ ਵਿਚਲਾ ਇਹੋ ਪ੍ਰਭਾਵ ਉਸਨੂੰ ਉਸਦੇ ਸਮਕਾਲੀ ਕਵੀਆਂ ਤੋਂ ਨਿਖੇੜਦਾ ਹੈ। ਰਾਣੀ ਤੱਤ ਕਿਤਾਬ ਦਾ ਕਾਵਿ ਅਤੇ ਵਾਰਤਕ ਦੋਵਾਂ ਵਿਧਾਵਾਂ ਵਿਚ ਹੋਣਾ ਵੀ ਇਸ ਕਿਤਾਬ ਨੂੰ ਵੱਖਰੀ ਨੁਹਾਰ ਦਿੰਦਾ ਹੈ ,ਜਿਸ ਨਾਲ਼ ਸਾਨੂੰ ਕਵੀ ਅਤੇ ਵਾਰਤਕਕਾਰ ਦੋਵਾਂ ਥਾਂਵਾਂ ਤੇ ਖੜ੍ਹੋਏ ਲੇਖਕ ਨੂੰ ਵੇਖਣ ਸਮਝਣ ਵਿਚ ਅਸਾਨੀ ਹੁੰਦੀ ਹੈ।

### 4.3.3 ਨਾਨਕ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ:

ਅੱਜ ਤੁਰਿਆ ਸਿਦਕੀ ਜੋਗੜਾ

ਚਾਨਣ ਦਾ ਦੀਪ ਜਗਾ

ਓਹਦੇ ਉੱਡਣੇ ਪੈਰ ਛਬੀਲੜੇ

ਤੇ ਪਿੰਜਣੀਆਂ ਨੂੰ ਚਾਅ

ਕੀ ਆਖਾਂ ਓਹਦੇ ਬਾਬਤਾਂ

ਮੇਰਾ ਤਨ ਜਾਵੇ ਕੰਡਿਆ

ਤੇ ਮਨ ਦੀ ਡੂੰਘੀ ਧਰਤ 'ਤੇ

ਇੱਕ ਮੋਰ ਜਿਹਾ ਨੱਚਦਾ ।

ਪ੍ਰਸੰਗ :ਇਹ ਕਾਵਿ ਸਤਰਾਂ ਹਰਮਨਜੀਤ ਦੀ ਕਵਿਤਾ‘ ਨਾਨਕ ’ਵਿੱਚੋਂ ਲਈਆਂ ਗਈਆਂ ਹਨ। ਇਹ ਕਵਿਤਾ ਉਸਦੀ ਪੁਸਤਕ‘ ਰਾਣੀ ਤੱਤ ’ਵਿਚ ਸ਼ਾਮਿਲ ਹੈ। ਇਸ ਕਵਿਤਾ ਨਾਨਕ ਵਿਚ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਪਹਿਲੀ ਉਦਾਸੀ ਵੇਲ਼ੇ ਜਾਣ ਸਮੇਂ ਦਾ ਦ੍ਰਿਸ਼ ਵਰਣਨ ਕਰ ਰਿਹਾ ਹੈ। ਉਸ ਅਨੁਸਾਰ ਗੁਰੂ ਜੀ ਦੇ ਰਸਤਿਆਂ ਤੇ ਆਉਣ ਨਾਲ਼ ਸਗ਼ਲ ਪ੍ਰਕਿਰਤੀ ਹੀ ਨਸ਼ਿਆ ਗਈ ਹੈ। ਕੁਦਰਤ ਦਾ ਜਿਹੜਾ ਵੀ ਕਣ ਗੁਰੂ ਜੀ ਦੀ ਹੋਂਦ ਨੂੰ ਮਹਿਸੂਸ ਕਰਦਾ ਹੈ ਉਹ ਖ਼ੁਦ ਨੂੰ ਪਵਿੱਤਰ ਹੋਇਆ ਜਾਣਦਾ ਹੈ।

ਵਿਆਖਿਆ :ਇਹਨਾਂ ਕਾਵਿ ਸਤਰਾਂ ਵਿਚਲਾ ਵਰਣਨ ਭਾਈ ਮਰਦਾਨੇ ਦੀ ਗੁਰੂ ਨਾਨਕ ਦੇਵ ਜੀ ਪ੍ਰਤੀ ਸ਼ਰਧਾ ਵਿਚੋਂ ਪੈਦਾ ਹੋਇਆ ਮਨੋਭਾਵ ਹੈ। ਜਿਸ ਵਿਚ ਗੁਰੂ ਜੀ ਦੀ ਕਿਸੇ ਇਲਾਹੀ ਮਨੁੱਖ ,ਰੱਬੀ ਸਿਦਕੀ ਜੋਗੜਾ ਆਦਿ ਲਕਬਾਂ ਨਾਲ਼ ਤੁਲਨਾਇਆ ਗਿਆ ਹੈ। ਉਸ ਅਨੁਸਾਰ ਗੁਰੂ ਜੀ ਦੇ ਰਸਤਿਆਂ ਤੇ ਆਉਣ ਨਾਲ਼ ਸਗ਼ਲ ਪ੍ਰਕਿਰਤੀ ਹੀ ਨਸ਼ਿਆ ਗਈ ਹੈ। ਰੋਹੀਆਂ ਜੰਗਲਾਂ ਬੇਲਿਆਂ ਵਿਚ ਰੋਣਕਾਂ ਲੱਗ ਗਈਆਂ ਹਨ। ਗੁਰੂ ਨਾਨਕ ਦੇ ਤੁਰਨ ਨਾਲ ਸਭ ਪਾਸੇ ਚਾਨਣ ਹੈ ,ਉਸਦੀਆਂ ਪਿੰਜਣੀਆਂ ਨੂੰ ਚਾਅ ਚੜ੍ਹਿਆ ਹੋਇਆ ਹੈ। ਕੁਦਰਤ ਦਾ ਜਿਹੜਾ ਵੀ ਕਣ ਗੁਰੂ ਜੀ ਦੀ ਹੋਂਦ ਨੂੰ ਮਹਿਸੂਸ ਕਰਦਾ ਹੈ ਉਹ ਖ਼ੁਦ ਨੂੰ ਪਵਿੱਤਰ ਹੋਇਆ ਜਾਣਦਾ ਹੈ। ਮਰਦਾਨੇ ਅਨੁਸਾਰ ਗੁਰੂ ਜੀ ਦਾ ਆਗਮਨ ਅਤੇ ਉਦਾਸੀਆਂ ਵੱਲ ਦਾ ਆਰੰਭਨ ਇਕ ਧੁਰੋਂ ਲਿਖਿਆ ਕਾਰਜ ਹੈ।

4.3.4 ਨਾਨਕ ਕਵਿਤਾ ਦਾ ਵਿਸ਼ਾ-ਵਸਤੂ :ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਗੁਰੂ ਹਨ। ਗੁਰੂ ਨਾਨਕ ਦੇਵ ਜੀ ਜਿੱਥੇ ਅਧਿਆਤਮਕ ਫ਼ਿਲਾਸਫ਼ਰ ਦੇ ਤੌਰ' ਤੇ ਵਿਚਰੇ ਓਥੇ ਹੀ ਓਨਾਂ ਨੇ ਇਕ ਯਾਤਰੀ) ਉਦਾਸੀਆਂ (ਵਜੋਂ ਵਿਚ ਵੱਖ ਵੱਖ ਦੇਸ਼ਾਂ ਦਾ ਭ੍ਰਮਣ ਕੀਤਾ। ਇਹ ਉਦਾਸੀਆਂ ਦੀ ਪਰੰਪਰਾ ਨਾਲ਼ ਜਿੱਥੇ ਉਹਨਾਂ ਨੇ ਵੱਖ-ਵੱਖ ਲੋਕਾਂ ਨਾਲ਼ ਸੰਪਰਕ ਸਾਧਿਆ ਓਥੇ ਹੀ ਵਿਕੋਲਿਤਰੇ ਸੱਭਿਆਚਾਰਾਂ ਦੇ ਲੋਕਾਂ ਦੇ ਸੰਪਰਕ ਵਿਚ ਆਉਣ ਨਾਲ਼ ਉਹਨਾਂ ਨੇ ਆਪਣੀ ਰਚਨਾ ਵਿਚ ਵੀ ਵੱਖ-ਵੱਖ ਤਰ੍ਹਾਂ ਦੇ ਪ੍ਰਯੋਗ ਕੀਤੇ।

ਗੁਰੂ ਨਾਨਕ ਦੇਵ ਜੀ ਸਾਡੇ ਸਮਕਾਲ ਤੱਕ ਇਕ ਇਤਿਹਾਸਿਕ/ਦਾਰਸ਼ਨਿਕ ਵਿਅਕਤੀ ਵਜੋਂ ਨਾ ਰਹਿ ਕੇ ਇਕ ਮਹਾਂਬਿੰਬ ਦੇ ਰੂਪ ਵਿਚ ਸਥਾਪਿਤ ਹੋ ਚੁੱਕੇ ਹਨ ਜਾਂ ਕਰ ਦਿੱਤੇ ਗਏ ਹਨ। ਅਜਿਹਾ ਕਰਨ ਨਾਲ਼ ਆਮ ਜਨ ਮਾਨਸ ਉਹਨਾਂ ਤੋਂ ਦੂਰੀ ਜਿਹੀ ਅਨੁਭਵ ਕਰਦਾ ਹੈ ਜਦਕਿ ਗੁਰੂ ਜੀ ਦਾ ਉਦੇਸ਼ ਆਪਣੇ ਫ਼ਲਸਫ਼ੇ ਰਾਹੀਂ ਆਮ ਸਧਾਰਨ ਜੀਵ ਦੇ ਨਾਲ਼ ਜੁੜਣਾ ਸੀ। ਅਜਿਹੇ ਵਿਚ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਬਾਰੇ ਵਰਤੇ ਗਏ ਸਾਰੇ ਲਕਬ ਨਾਨਕ ਸ਼ਬਦ ਤੋਂ ਹਮੇਸ਼ਾ ਛੋਟੇ ਰਹਿੰਦੇ ਹਨ। ਨਾਨਕ ਇਕ ਅਜਿਹੇ ਨਾਮ ਹੈ ਕਿ ਸਾਡਾ ਸਾਰਾ ਸਤਿਕਾਰ ਅਤੇ ਸ਼ਰਧਾ ਭਾਵਨਾ ਇਸ ਇਕੋ ਸ਼ਬਦ ਨਾਲ਼ ਜੁੜੀ ਹੋਈ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਵੱਖ ਵੱਖ ਸਮੇਂ ਤੇ ਵੱਖ ਵੱਖ ਲਿਖਾਰੀਆਂ ਨੇ ਵੱਖ-ਵੱਖ ਪ੍ਰਭਾਵ ਵਾਲੀਆਂ ਰਚਨਾਵਾਂ ਦੀ ਰਚਨਾ ਕੀਤੀ ਹੈ। ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਹੀ ਆਖਦੇ ਹਨ ਸਤਿਗੁਰ ਨਾਨਕ ਪ੍ਰਗਟਿਆ , ਮਿਟੀ ਧੁੰਧ ਜੱਗ ਚਾਨਣ ਹੋਆ। ਇਸ ਤੋਂ ਬਾਅਦ ਸਾਡੇ ਕੋਲ ਜਨਮਸਾਖੀ ਦੀ ਇਕ ਲੰਮੀ ਪ੍ਰੰਪਰਾ ਹੈ ,ਜਿਸ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਵੱਖਰੀ ਤਰ੍ਹਾਂ ਦਾ ਬਿੰਬ ਸਾਡੇ ਸਾਹਮਣੇ ਘੜਿਆ ਗਿਆ ਹੈ। ਇਸੇ ਹੀ ਪਰੰਪਰਾ ਵਿਚ ਅਸੀਂ ਪ੍ਰੋ .ਮੋਹਨ ਸਿੰਘ ਦੇ ਮਹਾਂਕਾਵਿ ਨਨਕਾਇਣ ਤੱਕ ਪਹੁੰਚਦੇ ਹਾਂ। ਪੰਜਾਬੀ ਕਵੀ ਜਸਵੰਤ ਸਿੰਘ ਜਫ਼ਰ ਆਪਣੀ ਕਵਿਤਾ ਅਸੀਂ ਨਾਨਕ ਦੇ ਕੀ ਲਗਦੇ ਹਾਂ ਰਾਹੀਂ ਨਾਨਕ ਦਾ ਸਾਡੇ ਸਾਹਮਣੇ ਬਣਿਆ ਬਿੰਬ ਤੋੜਦਾ ਹੈ। ਉਹ ਗੁਰੂ ਨਾਨਕ ਦੇਵ ਜੀ ਨੂੰ ਨਾਨਕ ਆਖ ਕੇ ਸੰਬੋਧਿਤ ਹੁੰਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਨੂੰ ਉਦਾਸੀਆਂ ਕਰ ਰਹੇ ਯਾਤਰੂ ਵਜੋਂ ,ਵੱਖ-ਵੱਖ ਧਰਮਾਂ ਅਤੇ ਧਾਰਾਵਾਂ ਦੇ ਲੋਕਾਂ ਨਾਲ਼ ਸੰਬਾਦ ਰਚਾ ਰਹੇ ਜਿਗਿਆਸੂ ਵਜੋਂ ਪੇਸ਼ ਕਰਦਾ ਹੈ। ਇਸ ਤਰ੍ਹਾਂ ਮੱਧਕਾਲ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦਾ ਬਣਿਆ ਮਹਾਂਬਿੰਬ ਟੁੱਟਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਆਮ ਜਨ ਸਧਾਰਨ

ਦੇ ਨੇੜੇ ਹੋਏ ਮਹਿਸੂਸ ਹੁੰਦੇ ਹਨ। ਪਰ ਹਰਮਨਜੀਤ ਆਪਣੀ ਕਵਿਤਾ ਨਾਨਕ ਦਾ ਵਿਸ਼ਾ ਅਜਿਹਾ ਚੁਣਦਾ ਹੈ ਜਿਸ ਨਾਲ਼ ਨਾਨਕ ਦਾ ਬਿੰਬ ਇਕ ਵਾਰ ਫ਼ਿਰ ਤੋਂ ਪਰਮਾਤਮਾ ਰੂਪੀ ਉੱਘੜਦਾ ਹੈ। ਜਦਕਿ ਗੁਰੂ ਨਾਨਕ ਦੇਵ ਜੀ ਪਰਮਾਤਮਾ ਨਹੀਂ ਪਰਮ ਮਨੁੱਖ ਵਜੋਂ ਵਿਚਾਰੇ ਜਾ ਸਕਦੇ ਹਨ।

ਇਸ ਕਵਿਤਾ ਨਾਨਕ ਵਿਚ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਪਹਿਲੀ ਉਦਾਸੀ ਵੇਲ਼ੇ ਜਾਣ ਸਮੇਂ ਦਾ ਦ੍ਰਿਸ਼ ਵਰਣਨ ਕਰ ਰਿਹਾ ਹੈ। ਉਸ ਅਨੁਸਾਰ ਗੁਰੂ ਜੀ ਦੇ ਰਸਤਿਆਂ ਤੇ ਆਉਣ ਨਾਲ਼ ਸਗ਼ਲ ਪ੍ਰਕਿਰਤੀ ਹੀ ਨਸ਼ਿਆ ਗਈ ਹੈ। ਰੋਹੀਆਂ ਜੰਗਲਾਂ ਬੇਲਿਆਂ ਵਿਚ ਰੋਣਕਾਂ ਲੱਗ ਗਈਆਂ ਹਨ। ਕੁਦਰਤ ਦਾ ਜਿਹੜਾ ਵੀ ਕਣ ਗੁਰੂ ਜੀ ਦੀ ਹੋਂਦ ਨੂੰ ਮਹਿਸੂਸ ਕਰਦਾ ਹੈ ਉਹ ਖ਼ੁਦ ਨੂੰ ਪਵਿੱਤਰ ਹੋਇਆ ਜਾਣਦਾ ਹੈ। ਕਵਿਤਾ ਵਿਚ ਗੁਰੂ ਜੀ ਦੇ ਬਚਪਨ ਦਾ ਵੀ ਜ਼ਿਕਰ ਹੁੰਦਾ ਹੈ ਜਿਸ ਵਿਚ ਗੁਰੂ ਜੀ ਨਾਲ਼ ਜੋੜੀਆਂ ਗਈਆਂ ਕਰਮਾਤਾਂ ਨੂੰ ਵੀ ਬਿਆਨ ਕੀਤਾ ਹੈ:

ਜੋ ਲੱਲੀ ਉਮਰੇ ਚੱਲਿਆ

ਪਾਂਧੇ ਨੂੰ ਪੜ੍ਹਨੇ ਪਾ

ਜੋ ਅੱਥਰਾ ਹੀ ਅਲਬੇਲੜਾ

ਜੀਹਦੇ ਸੀਸ ਭੁਜੰਗੀ ਛਾਂ

ਅਜਿਹਾ ਵਰਣਨ ਕਵਿਤਾ ਨੂੰ ਬਿਰਤਾਂਤਕ ਰੰਗਤ ਵੀ ਦਿੰਦਾ ਹੈ ਅਤੇ ਮੱਧਕਾਲ ਵਿਚਲੀ ਲੋਕ ਪ੍ਰਵਿਰਤੀ ਨੂੰ ਵੀ ਪੇਸ਼ ਕਰਦਾ ਹੈ। ਕਵਿਤਾ ਵਿਚਲਾ ਵਰਣਨ ਭਾਈ ਮਰਦਾਨੇ ਦੀ ਗੁਰੂ ਨਾਨਕ ਦੇਵ ਜੀ ਪ੍ਰਤੀ ਸ਼ਰਧਾ ਵਿਚੋਂ ਪੈਦਾ ਹੋਇਆ ਮਨੋਭਾਵ ਹੈ। ਜਿਸ ਵਿਚ ਗੁਰੂ ਜੀ ਦੀ ਕਿਸੇ ਇਲਾਹੀ ਮਨੁੱਖ ,ਰੱਬੀ ਸਿਦਕੀ ਜੋਗੜਾ ਆਦਿ ਲਕਬਾਂ ਨਾਲ਼ ਤੁਲਨਾਇਆ ਗਿਆ ਹੈ। ਮਰਦਾਨੇ ਅਨੁਸਾਰ ਗੁਰੂ ਜੀ ਦਾ ਆਗਮਨ ਅਤੇ ਉਦਾਸੀਆਂ ਵੱਲ ਦਾ ਆਰੰਭਨ ਇਕ ਧੁਰੋਂ ਲਿਖਿਆ ਕਾਰਜ ਹੈ। ਜਿਸ ਵਿਚ ਜ਼ਰਾਅ ਜ਼ਰਾਅ ਝੂੰਮ-ਝੂੰਮ ਸਾਥ ਨਿਭਾਅ ਰਿਹਾ ਹੈ। ਬੇਬੇ ਨਾਨਕੀ ਨੇ ਵੀ ਗੁਰੂ ਜੀ ਨੂੰ ਥਾਪੜਾ ਦੇ ਕੇ ਤੋਰਿਆ ਹੈ:

ਅੱਜ ਪਰਮ ਦੁਲਾਰੀ ਨਾਨਕੀ

ਖ਼ੁਦ ਮੋਢਾ ਥਾਪੜਿਆ

ਅੱਜ ਰੱਬੀ ਸਾਜ਼ ਰਬਾਬੜੀ ਚੋਂ

ਸ਼ਬਦਾਂ ਲੈਣੇ ਸਾਹ

ਇਸ ਤੋਂ ਅੱਗੇ ਮਰਦਾਨੇ ਦਾ ਆਪਾ ਸਮਰਪਨ ਦਾ ਭਾਵ ਹੈ ਜਿਸ ਵਿਚ ਮਰਦਾਨਾ ਆਖਦਾ ਹੈ ਕਿ ਉਸਨੇ ਆਪਣਾ ਸਾਰਾ ਜੀਵਨ ਗੁਰੂ ਜੀ ਦੇ ਚਰਨਾਂ ਵਿਚ ਅਰਪਿਤ ਕਰ ਦਿੱਤਾ ਹੈ। ਕਿਉਂਕਿ ਉਸਨੂੰ ਅਜੇ ਤੱਕ ਗੁਰੂ ਜੀ ਜਿਹਾ ਕੋਈ ਹੋਰ ਨਹੀਂ ਲੱਭਿਆ ਜਿਸ ਤੇ ਉਹ ਭਰੋਸਾ ਕਰ ਸਕਦਾ ਅਤੇ ਹੁਣ ਉਸਨੂੰ ਚਾਰੇ ਪਾਸੇ ਨਾਨਕ ਦਾ ਹੀ ਅਕਸ ਵਿਖਾਈ

ਦੇ ਰਿਹਾ ਹੈ। ਭਾਈ ਮਰਦਾਨਾ ਗੁਰੂ ਜੀ ਦੇ ਹੱਥਾਂ ਵਿਚ ਪ੍ਰਾਣ ਤਿਆਗ ਜਾਣ ਦੀ ਲੋਚਾ ਰੱਖਦਾ ਹੈ। ਇਸ ਤਰ੍ਹਾਂ ਸਮੁੱਚੀ ਕਵਿਤਾ ਦਾ ਵਿਸ਼ਾ ਭਾਈ ਮਰਦਾਨੇ ਦੀ ਗੁਰੂ ਨਾਨਕ ਦੇਵ ਜੀ ਪ੍ਰਤੀ ਸ਼ਰਧਾ ਹੀ ਬਣਿਆ ਹੈ।

4.3.5 ਨਾਨਕ ਦੀ ਸੰਖੇਪ ਚਰਚਾ ਅਤੇ ਸਾਰ :ਇਸ ਕਵਿਤਾ ਨਾਨਕ ਵਿਚ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਪਹਿਲੀ ਉਦਾਸੀ ਵੇਲ਼ੇ ਜਾਣ ਸਮੇਂ ਦਾ ਦ੍ਰਿਸ਼ ਵਰਣਨ ਕਰ ਰਿਹਾ ਹੈ। ਉਸ ਅਨੁਸਾਰ ਗੁਰੂ ਜੀ ਦੇ ਰਸਤਿਆਂ ਤੇ ਆਉਣ ਨਾਲ਼ ਸਗ਼ਲ ਪ੍ਰਕਿਰਤੀ ਹੀ ਨਸ਼ਿਆ ਗਈ ਹੈ। ਕੁਦਰਤ ਦਾ ਜਿਹੜਾ ਵੀ ਕਣ ਗੁਰੂ ਜੀ ਦੀ ਹੋਂਦ ਨੂੰ ਮਹਿਸੂਸ ਕਰਦਾ ਹੈ ਉਹ ਖ਼ੁਦ ਨੂੰ ਪਵਿੱਤਰ ਹੋਇਆ ਜਾਣਦਾ ਹੈ।

ਅੱਜ ਪਵਨੀਂ ਖੁਰੀਆਂ ਮਿਸ਼ਰੀਆਂ

ਤੇ ਮਿੱਠਤ ਵਧਦੀ ਜਾ

ਅੱਜ ਰੋਹੀਆਂ ਹੋ ਕੇ ਬੌਰੀਆਂ

ਲਿਆ ਚੋਗ ਸਰਾਇਰਾ ਪਾ

ਇਸ ਕਵਿਤਾ ਵਿਚਲਾ ਵਰਣਨ ਭਾਈ ਮਰਦਾਨੇ ਦੀ ਗੁਰੂ ਨਾਨਕ ਦੇਵ ਜੀ ਪ੍ਰਤੀ ਸ਼ਰਧਾ ਵਿਚੋਂ ਪੈਦਾ ਹੋਇਆ ਮਨੋਭਾਵ ਹੈ। ਜਿਸ ਵਿਚ ਗੁਰੂ ਜੀ ਦੀ ਕਿਸੇ ਇਲਾਹੀ ਮਨੁੱਖ ,ਰੱਬੀ ਸਿਦਕੀ ਜੋਗੜਾ ਆਦਿ ਲਕਬਾਂ ਨਾਲ਼ ਤੁਲਨਾਇਆ ਗਿਆ ਹੈ। ਉਸ ਅਨੁਸਾਰ ਗੁਰੂ ਜੀ ਦੇ ਰਸਤਿਆਂ ਤੇ ਆਉਣ ਨਾਲ਼ ਸਗ਼ਲ ਪ੍ਰਕਿਰਤੀ ਹੀ ਨਸ਼ਿਆ ਗਈ ਹੈ। ਰੋਹੀਆਂ ਜੰਗਲਾਂ ਬੇਲਿਆਂ ਵਿਚ ਰੋਣਕਾਂ ਲੱਗ ਗਈਆਂ ਹਨ। ਗੁਰੂ ਨਾਨਕ ਦੇ ਤੁਰਨ ਨਾਲ ਸਭ ਪਾਸੇ ਚਾਨਣ ਹੈ ,ਉਸਦੀਆਂ ਪਿੰਜਣੀਆਂ ਨੂੰ ਚਾਅ ਚੜ੍ਹਿਆ ਹੋਇਆ ਹੈ।

ਅੱਜ ਤੁਰਿਆ ਸਿਦਕੀ ਜੋਗੜਾ

ਚਾਨਣ ਦਾ ਦੀਪ ਜਗਾ

ਓਹਦੇ ਉੱਡਣੇ ਪੈਰ ਛਬੀਲੜੇ

ਤੇ ਪਿੰਜਣੀਆਂ ਨੂੰ ਚਾਅ

ਕੁਦਰਤ ਦਾ ਜਿਹੜਾ ਵੀ ਕਣ ਗੁਰੂ ਜੀ ਦੀ ਹੋਂਦ ਨੂੰ ਮਹਿਸੂਸ ਕਰਦਾ ਹੈ ਉਹ ਖ਼ੁਦ ਨੂੰ ਪਵਿੱਤਰ ਹੋਇਆ ਜਾਣਦਾ ਹੈ। ਮਰਦਾਨੇ ਅਨੁਸਾਰ ਗੁਰੂ ਜੀ ਦਾ ਆਗਮਨ ਅਤੇ ਉਦਾਸੀਆਂ ਵੱਲ ਦਾ ਆਰੰਭਨ ਇਕ ਧੁਰੋਂ ਲਿਖਿਆ ਕਾਰਜ ਹੈ। ਉਸਨੇ ਆਪਣਾ ਸਾਰਾ ਜੀਵਨ ਗੁਰੂ ਜੀ ਦੇ ਚਰਨਾਂ ਵਿਚ ਅਰਪਿਤ ਕਰ ਦਿੱਤਾ ਹੈ। ਕਿਉਂਕਿ ਉਸਨੂੰ ਅਜੇ ਤੱਕ ਗੁਰੂ ਜੀ ਜਿਹਾ ਕੋਈ ਹੋਰ ਨਹੀਂ ਲੱਭਿਆ ਜਿਸ ਤੇ ਉਹ ਭਰੋਸਾ ਕਰ ਸਕਦਾ ਅਤੇ ਹੁਣ ਉਸਨੂੰ ਚਾਰੇ ਪਾਸੇ ਨਾਨਕ ਦਾ ਹੀ ਅਕਸ ਵਿਖਾਈ ਦੇ ਰਿਹਾ ਹੈ।

ਤੇਰੀ ਬੁੱਕਲ ਦੇ ਵਿੱਚ ਪਾਤਿਸ਼ਾਹ

ਮੇਰੇ ਨਿੱਕਲ ਜਾਵਣ ਸਾਹ

ਮੇਰੇ ਤਨ ਦਾ ਚੋਲਾ ਉੱਡ ਕੇ

ਜਦ ਰਲ ਜਾਏ ਵਿੱਚ ਹਵਾ

ਤਾਂ ਹਵਾ 'ਚੋਂ ਉੱਠੇ ਗੂੰਜ ਵੇ

ਨਾਨਕਵਾ ! ਨਾਨਕਵਾ!

ਨਾਨਕਵਾ ! ਨਾਨਕਵਾ!

4.3.6 ਨਾਨਕ ਕਵਿਤਾ ਦਾ ਕਲਾਤਮਕ ਅਧਿਐਨ :ਹਰਮਨਜੀਤ ਦੀ ਕਵਿਤਾ ਨਾਨਕ ਦੇ ਉਥਾਨ ਵਿਚ ਦਰਜ ਹੈ ਕਿ ਪ੍ਰਥਮ ਉਦਾਸੀ ਦੇ ਆਰੰਭ ਵੇਲ਼ੇ ,ਭਾਈ ਮਰਦਾਨੇ ਦੀ ਨਜ਼ਰੋਂ ,ਭਾਵ ਕਵੀ ਏਥੇ ਇਹ ਸਪੱਸ਼ਟ ਕਰ ਦਿੰਦਾ ਹੈ ਕਿ ਇਸ ਕਵਿਤਾ ਵਿਚ ਨਾਨਕ ਦਾ ਜਿਹੜਾ ਬਿੰਬ ਸਿਰਜਿਆ ਜਾਣਾ ਹੈ ਉਸਦਾ ਸਿਰਫ਼ ਵਰਨਣ ਹੈ ਜਦਕਿ ਸਿਰਜਣਹਾਰ ਭਾਈ ਮਰਦਾਨਾ ਹੈ। ਕਵੀ ਦਾ ਅਜਿਹਾ ਕਰਨਾ ਜਿੱਥੇ ਕਵਿਤਾ ਨੂੰ ਆਪੇ ਤੋਂ ਮੁਕਤ ਕਰਨਾ ਹੈ ਓਥੇ ਹੀ ਕਵਿਤਾ ਵਿਚਲੀ ਭਾਸ਼ਾ ਅਤੇ ਭਾਵ ਨੂੰ ਅਸਿੱਧੇ ਰੂਪ ਵਿਚ ਮੱਧਕਾਲ ਵਿਚ ਲੈ ਜਾਣ ਦਾ ਮਤਲਬ ਹੈ ਕਿ ਜਿਹੜਾ ਗੁਰੂ ਨਾਨਕ ਜੀ ਦਾ ਬਿੰਬ ਸਮਕਾਲ ਵਿਚ ਲੋਕਾਈ ਦੇ ਨੇੜ ਵਾਲ਼ਾ ਬਣ ਰਿਹਾ ਹੈ ਉਸਨੂੰ ਫੇਰ ਤੋਂ ਮਹਾਂਬਿੰਬ ਬਣਾਉਣਾ। ਕਵੀ ਦੁਆਰਾ ਅਜਿਹਾ ਕਰਨਾ ਜਿੱਥੇ ਸਮੇਂ ਨੂੰ ਪੁੱਠਾ ਗੇੜਾ ਦੇਣ ਤੁੱਲ ਹੈ ਓਥੇ ਹੀ ਨਾਨਕ ਨੂੰ ਉਸਦੀ ਫ਼ਿਲਾਸਫ਼ੀ ਤੋਂ ਦੂਰ ਕਰਨਾ ਵੀ ਹੈ। ਕਵੀ ਮਰਦਾਨੇ ਦਾ ਜ਼ਿਕਰ ਹੀ ਇਸ ਕਰਕੇ ਕਰਦਾ ਹੈ ਤਾਂ ਜੋ ਉਹ ਮਰਦਾਨੇ ਰਾਹੀਂ ਉਸ ਸਮੇਂ ਦੀ ਭਾਸ਼ਾ ਤੱਕ ਨੂੰ ਵਰਤ ਸਕੇ। ਕਵਿਤਾ ਵਿਚਲੇ ਸ਼ਬਦ ਜਿੱਥੇ ਸਾਨੂੰ ਪੁਰਾਤਨ ਪੰਜਾਬੀ ਸ਼ਬਦਾਵਲੀ ਵੱਲ ਲੈ ਕੇ ਜਾਂਦੇ ਹਨ ਓਥੇ ਹੀ ਓਹਨਾਂ ਸ਼ਬਦਾਂ ਦੀ ਵਰਤੋਂ ਅਤੇ ਉਸ ਸਮੇਂ ਦੌਰਾਨ ਉਹਨਾਂ ਸ਼ਬਦਾਂ ਦਾ ਭਾਵ ਸਾਡੀ ਸਮਝ ਨੂੰ ਵੀ ਮੱਧਕਾਲ ਵਾਂਗ ਸੋਚਣ ਲਈ ਮਜ਼ਬੂਰ ਕਰਦਾ ਹੈ। ਕਵਿਤਾ ਵਿਚ ਕਵੀ ਮੱਧਕਾਲ ਵਿਚ ਗੁਰੂ ਨਾਨਕ ਦੇਵ ਜੀ ਨਾਲ ਜੋੜੀਆਂ ਗਈਆਂ ਕਰਾਮਾਤਾਂ ਨੂੰ ਉਵੇਂ ਹੀ ਵਰਤਦਾ ਹੈ ਜਿਸ ਪ੍ਰਕਾਰ ਪਰੰਪਰਾ ਵਿਚ ਇਹ ਸਾਨੂੰ ਪ੍ਰਾਪਤ ਹੋਈਆਂ ਹਨ। ਇਸ ਤਰ੍ਹਾਂ ਉਹ ਸਾਡੀ ਸਾਰੀ ਆਧੁਨਿਕਤਾ ਨੂੰ ਮੱਧਕਾਲੀ ਪਰੰਪਰਾ) ਆਸਥਾ/ਸ਼ਰਧਾ (ਦੇ ਆਸਰੇ ਟਾਹੁਣਾ ਚਾਹੁੰਦਾ ਹੈ।

ਜੇਕਰ ਕਵਿਤਾ ਨੂੰ ਕਲਾਤਮਕ ਪੱਖ ਤੋਂ ਵੇਖਿਆ ਜਾਵੇ ਤਾਂ ਭਾਸ਼ਾ ਸ਼ੈਲੀ ਪੱਖੋਂ ਇਹ ਕਵਿਤਾ ਮੱਧਕਾਲ ਵਿਚਲੀਆਂ ਕਵਿਤਾਵਾਂ ਨਾਲ਼ ਮੇਲ਼ ਖਾਂਦੀ ਰਚਨਾ ਹੈ। ਸ਼ਬਦ ਚੋਣ ਮੱਧਕਾਲ ਦੀਆਂ ਰਚਨਾਵਾਂ ਵਿਚੋਂ ਕੀਤੀ ਗਈ ਹੈ। ਪਰ ਲੱਛੇਦਾਰ ਭਾਸ਼ਾ ਦੀ ਵਰਤੋਂ ਕਰਦਿਆਂ ਇਸ ਨੂੰ ਬਾਖੂਬੀ ਨਿਭਾਇਆ ਹੈ। ਕਵਿਤਾ ਵਿਚ ਲੈਅ ਪੈਦਾ ਕੀਤੀ ਗਈ ਹੈ ਜਦਕਿ ਵਜਨ ਅਤੇ ਤੋਲ ਦੇ ਪੱਖ ਤੋਂ ਕਿਸੇ ਛੰਦ ਪ੍ਰਬੰਧ ਵਿਚ ਨਹੀਂ ਬੱਝਦੀ। ਆਲੰਕਾਰਾਂ ਦਾ ਭਰਪੂਰ ਪ੍ਰਯੋਗ ਕੀਤਾ ਗਿਆ ਹੈ। ਲੁਪਤ ਉਪਮਾ ਆਲੰਕਾਰ ਦੀ ਉਦਾਹਰਨ ਦੇਖੋ ਜਿਵੇਂ:

ਜੀਹਦੇ ਮਣੀਆਂ ਮੱਥੜੇ ਸਾਹਮਣੇ

ਗਏ ਸੂਰਜ ਵੀ ਕਚਿਆ

ਇਸੇ ਤਰ੍ਹਾਂ ਮਾਨਵੀਕਰਨ ਦੀ ਵਰਤੋਂ ਵੀ ਵੇਖੀ ਜਾ ਸਕਦੀ ਹੈ:

ਅੱਜ ਸੁੱਤੀ ਮਿੱਟੀ ਜਾਗ ਪਈ

ਤੇ ਜਾਗ ਗਏ ਦਰਿਆ

ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਹਰਮਨਜੀਤ ਪੰਜਾਬੀ ਕਵਿਤਾ ਵਿਚ ਆਪਣੀ ਕਿਤਾਬ' ਰਾਣੀ ਤੱਤ 'ਨਾਲ ਸ਼ਾਮਿਲ ਹੁੰਦਾ ਹੈ ਅਤੇ ਅਚਾਨਕ ਚਾਰੇ ਪਾਸੇ ਕਿਸੇ ਹੰਗਾਮੇ ਵਾਂਗ ਫੈਲ ਜਾਂਦਾ ਹੈ। ਹਰਮਨ ਦੀ ਇਸ ਲੋਕਪ੍ਰਿਯਤਾ ਕਾਰਨ ਉਸਦਾ ਸਮਕਾਲੀ ਸਮੇਂ ਵਿਚ ਲਿਖੀ ਜਾ ਰਹੀ ਕਵਿਤਾ ਤੋਂ ਵੱਖਰੀ ਗੱਲ ਕਰਨਾ ਹੈ। ਹਰਮਨਜੀਤ ਦੁਆਰਾ ਕੀਤਾ ਗਿਆ ਉਪਰਾਲਾ ਕਾਵਿਕ ਤੌਰ ਤੇ ਠੀਕ ਹੈ ,ਪਰ ਜੇਕਰ ਕਵਿਤਾ ਨੂੰ ਕਲਾਤਮਿਕ ਉੱਚਤਾ ਦੇ ਤੌਰ ਤੇ ਵੇਖਿਆ ਜਾਵੇ ਜਾਂ ਵਿਸ਼ੇ ਅਤੇ ਭਾਵ ਦੇ ਤੌਰ ਤੇ ਵੇਖਿਆ ਜਾਵੇ ਤਾਂ ਇਸ ਵਿਚ ਕੁਝ ਵੀ ਨਵਾਂ ਨਹੀਂ ਹੈ ਇਹ ਮੱਧਕਾਲ ਵਿਚ ਗੁਰੂ ਨਾਨਕ ਦੇਵ ਜੀ ਬਾਰੇ ਲਿਖੀਆਂ ਗਈਆਂ ਰਚਨਾਵਾਂ ਦਾ ਦੁਹਰਾਅ ਹੀ ਹੈ। ਉਸਦਾ ਵਿਸ਼ਾ ਵੱਖਰਾ ਹੈ ,ਉਸਦੀ ਭਾਸ਼ਾ ਵੱਖਰੀ ਹੈ ,ਉਸਦੀ ਰਾਜਨੀਤੀ ਵੱਖਰੀ ਹੈ। ਵੱਖਰੀ ਤੋਂ ਭਾਵ ਨਿਵੇਕਲੀ ਨਹੀਂ ਨਾ ਹੀ ਮੌਲਿਕ ਬਲਕਿ ਸਮਕਾਲ ਤੋਂ ਵੱਖਰੀ ਹੋਣਾ ਹੈ। ਹਰਮਨਜੀਤ ਦੀ ਕਾਵਿ ਭਾਸ਼ਾ ਅਤੇ ਵਿਸ਼ਾ ਮੱਧਕਾਲ ਦੀ ਕਾਵਿ ਭਾਸ਼ਾ ਦਾ ਦੁਹਰਾਅ ਹੈ। ਇਸ ਕਵਿਤਾ ਦਾ ਉਦੇਸ਼ ਸਮਕਾਲ ਵਿਚ ਵੱਖਰੀ ਤਰ੍ਹਾਂ ਦੇ ਮੁਹਾਵਰੇ ਵਿਚ ਆਪਣੀ ਗੱਲ ਆਖ ਕੇ ਸਥਾਪਿਤ ਹੋਣ ਦੀ ਹੈ ਜਿਸ ਵਿਚ ਇਹ ਕਾਮਯਾਬ ਵੀ ਰਹਿੰਦੀ ਹੈ।

4.5 ਅਭਿਆਸ ਲਈ ਸੰਖੇਪ ਪ੍ਰਸ਼ਨ:

1. 'ਮੈਂ ਰਾਹਾਂ ਤੇ ਨਹੀਂ ਤੁਰਦਾ 'ਗ਼ਜ਼ਲ ਕਿਹੜੇ ਨਵੇਂ ਰਾਹਾਂ ਦੀ ਗੱਲ ਕਰਦੀ ਹੈ?

2. ਸੁਰਜੀਤ ਪਾਤਰ ਦੀਆਂ ਪ੍ਰਮੁੱਖ ਪੁਸਤਕਾਂ ਦੇ ਨਾਮ ਦੱਸੋ?

3.' ਮੈਂ ਰਾਹਾਂ ਤੇ ਨਹੀਂ ਤੁਰਦਾ 'ਗ਼ਜ਼ਲ ਦਾ ਪ੍ਰਮੁੱਖ ਵਿਸ਼ਾ ਕੀ ਹੈ?

4.' ਮੈਂ ਰਾਹਾਂ ਤੇ ਨਹੀਂ ਤੁਰਦਾ 'ਗ਼ਜ਼ਲ' ਚ ਕਵੀ ਰਾਂਝੇ ਅਤੇ ਲੁੱਡਣ ਮਲਾਹ ਰਾਹੀਂ ਸਾਨੂੰ ਕੀ ਸੁਨੇਹਾ ਦਿੰਦਾ ਹੈ?

5. ਪ੍ਰਸੰਗ ਸਹਿਤ ਵਿਆਖਿਆ ਕਰੋ:

ਕਦੀ ਦਰਿਆ ਇੱਕਲਾ ਤੈਹ ਨਹੀਂ ਕਰਦਾ ਦਿਸ਼ਾ ਆਪਣੀ

ਜ਼ਮੀਂ ਦੀ ਢਾਲ, ਜਲ ਦਾ ਵੇਗ ਹੀ ਰਲ ਮਿਲ ਕੇ ਰਾਹ ਬਣਦੇ

ਅਚਨਚੇਤੀ ਕਿਸੇ ਬਿੰਦੂ 'ਚੋਂ ਚਸ਼ਮਾ ਫੁੱਟ ਪੈਂਦਾ ਹੈ

ਇਹ ਦਾਅਵੇਦਾਰ ਦਾਅਵੇਦਾਰ ਐਵੇਂ ਖਾਹਮਖਾਹ ਬਣਦੇ

6. ਨਾਨਕ  ਕਵਿਤਾ ਦਾ ਮੁੱਖ ਵਿਸ਼ਾ ਕੀ ਹੈ?

7. ਹਰਮਨਜੀਤ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਚਰਚਾ ਕਰੋ।

8.ਨਾਨਕ 'ਕਵਿਤਾ ਵਿਚ ਕਵੀ ਬਾਬੇ ਨਾਨਕ ਦੇ ਉਦਾਸੀ ਤੇ ਜਾਣ ਸਮੇਂ ਕੁਦਰਤ ਦਾ ਕਿਹੋ ਜਿਹਾ ਵਰਨਣ ਕਰਦਾ ਹੈ?

9.ਜੋ ਲੱਲੀ ਉਮਰੇ ਚੱਲਿਆ ਪਾਂਧੇ ਨੂੰ ਪੜ੍ਹਨੇ ਪਾ 'ਇਸ ਕਾਵਿ ਸਤਰ ਵਿਚ ਕਵੀ ਕੀ ਕਹਿਣਾ ਚਾਹੁੰਦਾ ਹੈ।

10.ਪ੍ਰਸੰਗ ਸਹਿਤ ਵਿਆਖਿਆ ਕਰੋ:

ਤੇਰੀ ਬੁੱਕਲ ਦੇ ਵਿੱਚ ਪਾਤਿਸ਼ਾਹ
ਮੇਰੇ ਨਿੱਕਲ ਜਾਵਣ ਸਾਹ
ਮੇਰੇ ਤਨ ਦਾ ਚੋਲਾ ਉੱਡ ਕੇ
ਜਦ ਰਲ ਜਾਏ ਵਿੱਚ ਹਵਾ
ਤਾਂ ਹਵਾ 'ਚੋਂ ਉੱਠੇ ਗੂੰਜ ਵੇ
ਨਾਨਕਤਾ ! ਨਾਨਕਤਾ!
ਨਾਨਕਤਾ!  ਨਾਨਕਤਾ!

### 4.6 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


1ਡਾ .ਰਜਿੰਦਰਪਾਲ ਸਿੰਘ ਬਰਾੜ ,ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ,ਸਾਹਿਤ ਅਕਾਦਮੀ, ਦਿੱਲੀ

2.ਡਾ .ਕਰਮਜੀਤ ਸਿੰਘ ,ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ ,ਗੁਰੂ ਨਾਨਕ ਦੇਵ ਯੂਨੀਵਰਸਿਟੀ ,ਅੰਮ੍ਰਿਤਸਰ

3. ਜਸਵਿੰਦਰ ਸਿੰਘ ,ਨਵੀਂ ਪੰਜਾਬੀ ਕਵਿਤਾ :ਪਛਾਣ ਚਿੰਨ੍ਹ ,ਚੇਤਨਾ ਪ੍ਰਕਾਸ਼ਨ ਲੁਧਿਆਣਾ।

4.ਹਰਿਭਜਨ ਸਿੰਘ ,ਪੂਰਨ ਸਿੰਘ :ਰਚਨਾ-ਵਿਰਚਨਾ ,ਨਵਚੇਤਨ ਪਬਲਿਸ਼ਰਜ਼ ,ਅੰਮ੍ਰਿਤਸਰ

5.ਖੋਜ ਪੱਤ੍ਰਿਕਾ) ,ਆਧੁਨਿਕ ਕਾਵਿ ਵਿਸ਼ੇਸ਼ ਅੰਕ ,(ਪੰਜਾਬੀ ਯੂਨੀਵਰਸਿਟੀ ,ਪਟਿਆਲਾ

6.ਸੁਖਦੇਵ ਸਿੰਘ ,ਪੰਜਾਬੀ ਕਵਿਤਾ :ਪੁਨਰ ਸੰਵਾਦ ,ਲੋਕਗੀਤ ਪ੍ਰਕਾਸ਼ਨ ,ਚੰਡੀਗੜ੍ਹ

7.ਡਾ .ਯੋਗਰਾਜ ,ਨਵੀਂ ਪੰਜਾਬੀ ਸ਼ਾਇਰ :ਸਮਕਾਲੀ ਸੰਦਰਭ ,ਚੇਤਨਾ ਪ੍ਰਕਾਸ਼ਨ ਲੁਧਿਆਣਾ।

# B.A(Liberal Arts)

**SEMESTAR-III**

ਕੋਰਸ-ਜਰਨਲ ਪੰਜਾਬੀ

| ਯੂਨਿਟ-5 ‘ਪੱਤਣ ਦੀ ਬੇੜੀ’, ‘ਬੰਦ ਕਮਰੇ’ ਅਤੇ ‘ਬਗਾਨੇ ਬੋਹੜ ਦੀ ਛਾਂ’ ਇਕਾਂਗੀਆਂ ਦਾ ਆਲੋਚਨਾਤਕ ਵਿਸ਼ਲੇਸ਼ਣ |
|---|

## ਪਾਠ ਦੀ ਰੂਪ-ਰੇਖਾ

5.0. ਮਨੋਰਥ

5.1. ਭੂਮਿਕਾ

5.2. ਇਕਾਂਗੀ (One Act Play) ਵੰਨਗੀ ਬਾਰੇ ਸਿਧਾਂਤਕ ਜਾਣ-ਪਛਾਣ

5.3. ਬਲਵੰਤ ਗਾਰਗੀ ਰਚਿਤ ਇਕਾਂਗੀ ‘ਪੱਤਣ ਦੀ ਬੇੜੀ’ ਦਾ ਆਲੋਚਨਾਤਮਕ ਅਧਿਐਨ

- 5.3.1. ਇਕਾਂਗੀਕਾਰ ਬਲਵੰਤ ਗਾਰਗੀ ਨਾਲ਼ ਜਾਣ-ਪਛਾਣ
- 5.3.2. ‘ਪੱਤਣ ਦੀ ਬੇੜੀ’ ਇਕਾਂਗੀ ਦਾ ਵਿਸ਼ਾ-ਵਸਤੂ
- 5.3.3. ਕਥਾਨਕ/ਪਲਾਟ/ਗੋਂਦ
- 5.3.4. ਪਾਤਰ ਅਤੇ ਪਾਤਰ ਚਿਤਰਨ
- 5.3.5. ਭਾਸ਼ਾ ਅਤੇ ਵਾਰਤਾਲਾਪ/ਸੰਵਾਦ
- 5.3.6. ਵਾਤਾਵਰਨ ਅਤੇ ਰੰਗਮੰਚਤਾ
- 5.3.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼
- 5.3.8. ਅਭਿਆਸ ਲਈ ਪ੍ਰਸ਼ਨ

5.4. ਗੁਰਸ਼ਰਨ ਸਿੰਘ ਰਚਿਤ ਇਕਾਂਗੀ ‘ਬੰਦ ਕਮਰੇ’ ਦਾ ਆਲੋਚਨਾਤਮਕ ਅਧਿਐਨ

- 5.4.1. ਇਕਾਂਗੀਕਾਰ ਗੁਰਸ਼ਰਨ ਸਿੰਘ ਨਾਲ਼ ਜਾਣ-ਪਛਾਣ
- 5.4.2. ‘ਬੰਦ ਕਮਰੇ’ ਇਕਾਂਗੀ ਦਾ ਵਿਸ਼ਾ-ਵਸਤੂ
- 5.4.3. ਕਥਾਨਕ/ਪਲਾਟ/ਗੋਂਦ
- 5.4.4. ਪਾਤਰ ਅਤੇ ਪਾਤਰ ਚਿਤਰਨ
- 5.4.5. ਭਾਸ਼ਾ ਅਤੇ ਵਾਰਤਾਲਾਪ/ਸੰਵਾਦ
- 5.4.6. ਵਾਤਾਵਰਨ ਅਤੇ ਰੰਗਮੰਚਤਾ
- 5.4.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼
- 5.4.8. ਅਭਿਆਸ ਲਈ ਪ੍ਰਸ਼ਨ

5.5. ਅਜਮੇਰ ਔਲਖ ਰਚਿਤ ਇਕਾਂਗੀ ‘ਬਗਾਨੇ ਬੋਹੜ ਦੀ ਛਾਂ’ ਦਾ ਆਲੋਚਨਾਤਮਕ ਅਧਿਐਨ

5.5.1. ਇਕਾਂਗੀਕਾਰ ਅਜਮੇਰ ਸਿੰਘ ਔਲਖ ਨਾਲ ਜਾਣ-ਪਛਾਣ

5.5.2. 'ਬਗਾਨੇ ਬੋਹੜ ਦੀ ਛਾਂ' ਇਕਾਂਗੀ ਦਾ ਵਿਸ਼ਾ-ਵਸਤੂ

5.5.3. ਕਥਾਨਕ/ਪਲਾਟ/ਗੋਂਦ

5.5.4. ਪਾਤਰ ਅਤੇ ਪਾਤਰ ਚਿਤਰਨ

5.5.5. ਭਾਸ਼ਾ ਅਤੇ ਵਾਰਤਾਲਾਪ/ਸੰਵਾਦ

5.5.6. ਵਾਤਾਵਰਨ ਅਤੇ ਰੰਗਮੰਚਤਾ

5.5.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼

5.5.8. ਅਭਿਆਸ ਲਈ ਪ੍ਰਸ਼ਨ

5.6. ਪਾਠ ਦਾ ਸਾਰ

5.7. ਸਹਾਇਕ ਪੁਸਤਕਾਂ ਅਤੇ ਹੋਰ ਪੜ੍ਹਨ-ਸਮੱਗਰੀ

## 5.0. ਮਨੋਰਥ

ਸਾਹਿਤਕ ਵਿਧਾਵਾਂ (ਜਿਵੇਂ ਕਿ ਕਾਵਿ, ਗਲਪ, ਨਾਟਕ, ਵਾਰਤਕ ਆਦਿ) ਨੂੰ ਸਮਝਣ ਲਈ, ਕਿਸੇ ਵਿਸ਼ੇਸ਼ ਟੈਕਸਟ ਦੇ ਰੂਪ (Form) ਅਤੇ ਵਿਸ਼ਾ-ਵਸਤੂ (Subject) ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ, ਸ਼ਬਦਾਂ ਪਿੱਛੇ ਲੁਕੇ ਅਰਥਾਂ ਨੂੰ ਉਜਾਗਰ ਕਰਨ ਹਿੱਤ ਕਿਸੇ ਵਿਸ਼ੇਸ਼ ਟੈਕਸਟ ਉੱਤੇ ਜੋ ਜੁਗਤ ਵਰਤੀ ਜਾਂਦੀ ਹੈ, ਉਸਨੂੰ ਸਾਹਿਤਕ/ਕਲਾਤਮਕ/ਅਲਾਚੋਨਾਤਕ ਵਿਸ਼ਲੇਸ਼ਣ ਕਿਹਾ ਜਾਂਦਾ ਹੈ। ਵੱਖ-ਵੱਖ ਸਾਹਿਤਕ ਵਿਧਾਵਾਂ ਦਾ ਸਾਹਿਤਕ/ਕਲਾਤਮਕ/ਆਲੋਚਨਾਮਕ ਵਿਸ਼ਲੇਸ਼ਣ ਕਰਨ ਲਈ ਵੱਖ-ਵੱਖ ਤਰ੍ਹਾਂ ਦੀਆਂ ਵਿਧੀਆਂ, ਜੁਗਤਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਪਾਠ ਦਾ ਮਨੋਰਥ ਵਿਦਿਆਰਥੀਆਂ ਨੂੰ ਇਕਾਂਗੀ ਨਾਟ-ਵਿਧਾ ਦੇ ਸਿਧਾਂਤਕ ਅਤੇ ਵਿਹਾਰਕ ਪੱਖ ਬਾਰੇ ਜਾਣੂ ਕਰਵਾਉਂਦੇ ਹੋਏ, ਇਹ ਸਿਖਾਉਣਾ ਹੈ ਕਿ ਇਕਾਂਗੀ ਦਾ ਸਾਹਿਤਕ/ਕਲਾਤਮਕ ਅਧਿਐਨ ਜਾਂ ਵਿਸ਼ਲੇਸ਼ਣ ਜਾਂ ਆਲੋਚਨਾਤਮਕ ਅਧਿਐਨ ਕਿਸ ਵਿਧੀ ਜਾਂ ਢੰਗ ਰਾਹੀਂ ਕਰਨਾ ਹੈ। ਇਸ ਦੇ ਨਾਲ ਇਹ ਮਨੋਰਥ ਵੀ ਸ਼ਾਮਿਲ ਹੈ ਕਿ ਵਿਦਿਆਰਥੀ ਇਸ ਵੱਖਰਤਾ ਬਾਰੇ ਵੀ ਸਮਝ ਸਕਣ ਕਿ ਇਕਾਂਗੀ ਦਾ ਵਿਸ਼ਲੇਸ਼ਣ ਬਾਕੀ ਸਾਹਿਤਕ ਰੂਪਾਂ ਦੇ ਵਿਸ਼ਲੇਸ਼ਣ ਤੋਂ ਕਿਵੇਂ ਵੱਖਰਾ ਹੁੰਦਾ ਹੈ !

## 5.1. ਭੂਮਿਕਾ

ਪਿਆਰੇ ਵਿਦਿਆਰਥੀਓ, ਬਾਕੀ ਹੋਰ ਸਾਹਿਤਕ ਰੂਪਾਂ ਨਾਲੋਂ ਇਕਾਂਗੀ (ਨਾਟ-ਰੂਪ) ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਲਿਖਤ ਰੂਪ ਸਮੇਤ ਦ੍ਰਿਸ਼ਕ ਮਾਧਿਅਮ ਵੀ ਹੁੰਦਾ ਹੈ, ਇਸੇ ਵਜ੍ਹਾ ਇਸ ਨੂੰ ਦੂਹਰੀ ਕਲਾ ਹੋਣ ਦਾ ਮਾਣ ਪ੍ਰਾਪਤ ਹੈ। ਆਧੁਨਿਕ ਪੰਜਾਬੀ ਇਕਾਂਗੀ ਪੱਛਮੀ ਇਕਾਂਗੀ ਤੋਂ ਪ੍ਰਭਾਵਿਤ/ਪ੍ਰੇਰਿਤ ਨਾਟ-ਵੰਨਗੀ ਹੈ। ਆਈ.ਸੀ. ਨੰਦਾ ਦੁਆਰਾ 1913 ਵਿੱਚ ਰਚਿਤ ਇਕਾਂਗੀ 'ਦੁਲਹਨ/ਸੁਹਾਗ' ਨੂੰ ਪਹਿਲੀ ਆਧੁਨਿਕ ਪੰਜਾਬੀ ਇਕਾਂਗੀ ਮੰਨਿਆ ਜਾਂਦਾ ਹੈ। ਇਸ ਪਰਿਥਾਇ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਪੰਜਾਬੀ ਇਕਾਂਗੀ ਨੇ 100 ਸਾਲ ਤੋਂ ਵੀ ਵੱਧ ਸਮੇਂ ਦਾ ਸਫ਼ਰ ਤੈਅ

ਕਰ ਲਿਆ ਹੈ। ਆਧੁਨਿਕ ਪੰਜਾਬੀ ਇਕਾਂਗੀ ਪਿਛਲੇ ਕਾਫ਼ੀ ਸਮੇਂ ਤੋਂ ਅਕਾਦਮਿਕਤਾ ਦਾ ਹਿੱਸਾ ਬਣਦੀ ਆ ਰਹੀ ਹੈ। ਤੁਹਾਡੇ ਸਿਲੇਬਸ ਵਿੱਚ ਵੀ 6 ਇਕਾਂਗੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹ ਸਾਰੀਆਂ ਇਕਾਂਗੀਆਂ ਹੀ ਭਾਰਮਿਕ ਪ੍ਰਤੀਨਿਧਾਨ ਸ਼ੈਲੀ (illusionistic Representational Style) ਦੀ ਯਥਾਰਥਵਾਦੀ ਸ਼ੈਲੀ (Realistic Style) ਵਿੱਚ ਰਚੀਆਂ ਗਈਆਂ ਹਨ। ਇਸ ਪਹਿਲੇ ਪਾਠ ਵਿੱਚ, ਤੁਹਾਡੇ ਸਿਲੇਬਸ ਲਈ ਨਿਰਧਾਰਤ 6 ਇਕਾਂਗੀਆਂ ਵਿੱਚੋਂ ਪਹਿਲੀਆਂ ਤਿੰਨ ਇਕਾਂਗੀਆਂ (ਪੱਤਣ ਦੀ ਬੇੜੀ, ਬੰਦ ਕਮਰੇ, ਬਗਾਨੇ ਬੋਹੜ ਦੀ ਛਾਂ) ਦਾ ਸਾਹਿਤਕ/ਕਲਾਤਮਕ/ਆਲੋਚਨਾਤਮਕ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਵਿਸ਼ਲੇਸ਼ਣ ਲਈ ਇਕਾਂਗੀ ਦੇ ਤੱਤਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ, ਜਿਸ ਨੂੰ ਨਿਮਨਲਿਖਿਤ ਅਨੁਸਾਰ ਤਰਤੀਬ ਦਿੱਤੀ ਗਈ ਹੈ :

- ਵਿਸ਼ਾ–ਵਸਤੂ : ਭਾਵ ਪ੍ਰਸਤੁਤ ਇਕਾਂਗੀ ਵਿੱਚ ਪੇਸ਼ ਘਟਨਾ ਅਤੇ ਉਸ ਘਟਨਾ ਰਾਹੀਂ ਦਿੱਤਾ ਗਿਆ ਸੁਨੇਹਾ।
- ਕਥਾਨਕ/ਪਲਾਟ/ਗੋਂਦ : ਭਾਵ ਘਟਨਾਵਾਂ ਦੇ ਵਾਪਰਨ ਦੀ ਤਰਤੀਬ ਅਤੇ ਬੁਣਤੀ।
- ਪਾਤਰ ਅਤੇ ਪਾਤਰ ਚਿਤਰਨ : ਪ੍ਰਸਤੁਤ ਘਟਨਾ ਨੂੰ ਜਿਨ੍ਹਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ।
- ਭਾਸ਼ਾ ਅਤੇ ਵਾਰਤਾਲਾਪ/ਸੰਵਾਦ : ਪਾਤਰ, ਪ੍ਰਸਤੁਤ ਘਟਨਾ ਨੂੰ ਇੱਕ–ਦੂਜੇ ਨਾਲ਼ ਜਿਹੜੀ ਗੱਲਬਾਤ ਕਰ ਕੇ ਹੀ ਅੱਗੇ ਤੋਰਦੇ ਹਨ।
- ਵਾਤਾਵਰਨ ਅਤੇ ਰੰਗਮੰਚਤਾ : ਭਾਵ ਕਿਸ ਸਮੇਂ ਤੇ ਕਿਸ ਜਗ੍ਹਾ ਦੀ ਘਟਨਾ ਹੈ ਅਤੇ ਉਸ ਸਮੇਂ, ਉਸ ਸਥਾਨ ਦਾ ਚੌਗਿਰਦਾ ਕਿਹੋ ਜਿਹਾ ਹੈ। ਮੰਚ ਉੱਤੇ ਖੇਡੇ ਜਾਣ ਲਈ ਇਕਾਂਗੀਕਾਰ ਜਿਨ੍ਹਾਂ ਜੁਗਤਾਂ ਦਾ ਇਸਤੇਮਾਲ ਕਰਦਾ ਹੈ।
- ਇਕਾਂਗੀ ਲਿਖਣ ਦਾ ਉਦੇਸ਼ : ਉਸ ਘਟਨਾ ਨੂੰ ਇਕਾਂਗੀ ਰਾਹੀਂ ਪ੍ਰਸਤੁਤ ਕਰਨ ਪਿੱਛੇ ਇਕਾਂਗੀਕਾਰ ਦੀ ਭਾਵਨਾ।

### 5.2. ਇਕਾਂਗੀ ਕੀ ਹੈ ?

ਇਕਾਂਗੀ ਅੰਗਰੇਜ਼ੀ ਦੇ ਸ਼ਬਦ One Act Play ਦਾ ਪੰਜਾਬੀ ਅਨੁਵਾਦ ਹੈ। Act ਦਾ ਅਰਥ ਹੈ ਅੰਕ ਜਾਂ ਅੰਗ। ਇਸ ਤਰ੍ਹਾਂ ਇਕਾਂਗੀ (ਇੱਕ+ਅੰਗੀ) ਤੋਂ ਭਾਵ ਹੈ, ਇੱਕ ਅੰਕ/ਅੰਗ/Act ਵਾਲ਼ੀ ਨਾਟ–ਕ੍ਰਿਤੀ। ਇਕਾਂਗੀ ਇੱਕ ਅਜਿਹਾ ਸਾਹਿਤ ਰੂਪ ਹੈ ਜੋ ਜ਼ਿੰਦਗੀ ਦੇ ਕਿਸੇ ਇੱਕ ਭਾਗ/ਖੰਡ ਨੂੰ, ਸੀਮਿਤ ਗਿਣਤੀ ਦੇ ਪਾਤਰਾਂ ਰਾਹੀਂ ਨਾਟਕੀ ਰੂਪ ਵਿੱਚ, ਸਮਾਂ–ਸਥਾਨ–ਕਾਰਜ ਦੀ ਏਕਤਾ ਨੂੰ ਕਾਇਮ ਰਖਦਿਆਂ ਥੋੜ੍ਹੇ ਜਿਹੇ ਸਮੇਂ ਵਿੱਚ ਰੰਗਮੰਚ ਉੱਤੇ ਸਾਕਾਰ ਹੁੰਦਾ ਹੈ। ਭਾਵੇਂ ਇਕਾਂਗੀ ਇੱਕ ਅੰਕ/ਅੰਗ ਵਾਲ਼ਾ ਨਾਟਕ ਹੈ ਪਰ ਇਹ ਅੰਕ/ਅੰਗ ਪੂਰੇ ਨਾਟਕ ਦਾ ਅੰਕ ਨਹੀਂ ਹੁੰਦਾ। ਜਿੱਥੇ ਪੂਰੇ ਨਾਟਕ ਦਾ ਇੱਕ ਅੰਕ/ਅੰਗ ਉਸ ਸਮੁੱਚੇ ਨਾਟਕ ਦਾ ਇੱਕ ਭਾਗ ਹੁੰਦਾ ਹੈ, ਉੱਥੇ ਇਕਾਂਗੀ ਆਪਣੇ ਆਪ ਵਿੱਚ ਸੰਪੂਰਨ ਕ੍ਰਿਤ ਹੁੰਦੀ ਹੈ। ਸੰਖੇਪਤਾ, ਤੀਖਣਤਾ, ਤੀਬਰਤਾ, ਇਕਾਗਰਤਾ ਤੇ ਸੰਪੂਰਨ ਨਾਟਕੀ ਕਾਰਜ ਇਸ ਨੂੰ ਵੱਖਰੀ ਨਾਟਕੀ ਵੰਨਗੀ ਬਣਾਉਂਦੇ ਹਨ। ਇਕਾਂਗੀ–ਨਾਟ ਦਾ ਕਥਾਨਕ ਸੰਜਮ ਭਰਪੂਰ, ਪ੍ਰਭਾਵਪੂਰਨ, ਇੱਕੋ ਘਟਨਾ–ਵਿਚਾਰ–ਪ੍ਰਸਥਿਤੀ–ਸਮੱਸਿਆ ਵਾਲ਼ਾ ਹੁੰਦਾ ਹੈ। ਇਸ ਵਿੱਚ ਵਿਸ਼ੇ, ਪ੍ਰਭਾਵ ਅਤੇ ਵਾਤਾਵਰਣ ਦੀ ਏਕਤਾ ਲਾਜ਼ਮੀ ਹੈ।

## 5.3. ਬਲਵੰਤ ਗਾਰਗੀ ਰਚਿਤ ਇਕਾਂਗੀ 'ਪੱਤਣ ਦੀ ਬੇੜੀ' ਦਾ ਆਲੋਚਨਾਤਮਕ ਅਧਿਐਨ

### 5.3.1. ਇਕਾਂਗੀਕਾਰ ਬਲਵੰਤ ਗਾਰਗੀ ਨਾਲ਼ ਜਾਣ-ਪਛਾਣ

ਬਲਵੰਤ ਗਾਰਗੀ ਪੰਜਾਬੀ ਨਾਟਕਕਾਰਾਂ ਦੀ ਪਹਿਲੀ ਪੀੜ੍ਹੀ ਵਿੱਚੋਂ ਸਿਰ–ਕੱਢਵਾਂ ਨਾਟਕਕਾਰ ਹੈ। ਨਾਟਕਕਾਰ ਵਜੋਂ ਗਾਰਗੀ ਨੇ ਦੋ ਦਰਜਨ ਤੋਂ ਜ਼ਿਆਦਾ ਨਾਟਕਾਂ ਅਤੇ ਇਕਾਂਗੀਆਂ ਦੀ ਸਿਰਜਣਾ ਕੀਤੀ ਹੈ, ਜਿਨ੍ਹਾਂ ਵਿੱਚੋਂ – ਲੋਹਾ ਕੁੱਟ, ਧੂਣੀ ਦੀ ਅੱਗ, ਸੁਲਤਾਨ ਰਜ਼ੀਆ, ਮਿਰਜ਼ਾ ਸਾਹਿਬਾਂ, ਕਣਕ ਦੀ ਬੱਲੀ, ਕੁਆਰੀ ਟੀਸੀ, ਪੈਂਤੜੇਬਾਜ਼, ਅਭਿਸਾਰਿਕਾ ਆਦਿ ਪ੍ਰਮੁੱਖ ਨਾਟ–ਲਿਖਤਾਂ ਹਨ। ਬਲਵੰਤ ਗਾਰਗੀ ਨੂੰ 'ਰੰਗਮੰਚ' ਪੁਸਤਕ ਲਈ 1962 ਵਿੱਚ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਬਲਵੰਤ ਗਾਰਗੀ ਨੇ ਸਾਲ 1964–66 ਦੌਰਾਨ ਦੋ ਸਾਲ ਯੂਨੀਵਰਸਿਟੀ ਆਫ਼ ਵਾਸ਼ਿੰਗਟਨ, ਸੀਆਟਲ (ਅਮਰੀਕਾ) ਵਿੱਚ ਭਾਰਤੀ ਨਾਟਕ ਪੜ੍ਹਾਏ। ਸਾਲ 1968–77 ਦੌਰਾਨ ਉਸ ਨੇ ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਦੇ 'ਇੰਡੀਅਨ ਥੀਏਟਰ' ਵਿੱਚ ਬਤੌਰ ਪ੍ਰੋਫ਼ੈਸਰ ਅਤੇ ਮੁਖੀ ਕਾਰਜ ਕੀਤਾ। ਬਲਵੰਤ ਗਾਰਗੀ ਨਾਟਕਕਾਰ, ਰੰਗਕਰਮੀ ਅਤੇ ਨਾਟ–ਮੰਚ ਅਧਿਆਪਕ ਤੋਂ ਇਲਾਵਾ ਇੱਕ ਸਫ਼ਲ ਨਿਰਦੇਸ਼ਕ, ਵਾਰਤਕਕਾਰ, ਗਲਪਕਾਰ ਅਤੇ ਪੱਤਰਕਾਰ ਵੀ ਸੀ।

### 5.3.2. 'ਪੱਤਣ ਦੀ ਬੇੜੀ' ਇਕਾਂਗੀ ਦਾ ਵਿਸ਼ਾ ਵਸਤੂ

ਇਹ ਇਕਾਂਗੀ 1950 ਦੇ ਆਲ ਇੰਡੀਆ ਰੇਡੀਓ ਦੇ ਨਾਟਕ ਮੁਕਾਬਲੇ ਵਿੱਚ ਪਹਿਲੇ ਨੰਬਰ ' ਤੇ ਆਇਆ ਸੀ। ਇਹ ਸ਼ੱਕ ਤੋਂ ਉਪਜਿਆ ਦੁਖਾਂਤ ਹੈ। ਦੀਪੋ ਨੇ ਆਪ ਚੁਣ ਕੇ ਸੁਰਜੀਤ ਨਾਲ਼ ਵਿਆਹ ਕਰਵਾਇਆ ਸੀ। ਦੀਪੋ ਚਾਹੁੰਦੀ ਹੋਈ ਵੀ ਸੁੰਦਰ ਦੇ ਪਿਆਰ ਨੂੰ ਵਿਸਾਰ ਨਾ ਸਕੀ ਅਤੇ ਇਹੋ ਉਸ ਦਾ ਦੁਖਾਂਤ ਹੈ। ਇਹ ਭੁਲੇਖੇ ਦਾ ਨਹੀਂ ਸਗੋਂ ਮਾਨਸਿਕ ਦਵੰਦ ਦਾ ਦੁਖਾਂਤ ਹੈ।

### 5.3.3. ਕਥਾਨਕ

ਇਸ ਇਕਾਂਗੀ ਵਿੱਚ ਇਕਾਂਗੀਕਾਰ ਨੇ ਕਥਾਨਕ ਵਜੋਂ ਦਰਿਆ ਕੰਢੇ ਵਸਣ ਵਾਲ਼ੇ ਮੁਹਾਣਿਆਂ ਦੇ ਪਰਿਵਾਰ ਵਿੱਚੋਂ 'ਦੀਪੋ ਤੇ ਸੁਰਜੀਤ' ਦੇ ਪਰਿਵਾਰ ਦੇ ਦੁਖਾਂਤ ਨੂੰ ਚਿਤਰਿਆ ਹੈ। ਸੁਰਜੀਤ ਨੂੰ ਸ਼ੱਕ ਹੈ ਕਿ ਉਸਦੇ ਦੋਸਤ ਸੁੰਦਰ ਦੇ ਉਸਦੀ ਬੀਵੀ ਨਾਲ਼ ਨਜਾਇਜ਼ ਤਾਲੁਕਾਤ ਹਨ। ਇਹ ਸ਼ੱਕ ਉਨ੍ਹਾਂ ਦੇ ਵਿਆਹੁਤਾ ਰਿਸ਼ਤੇ ਨੂੰ ਤਬਾਹ ਕਰ ਦਿੰਦਾ ਹੈ। ਦੀਪੋ ਦੇ ਮਨ ਅੰਦਰ ਸੁੰਦਰ ਪ੍ਰਤੀ ਲੁਕੀ–ਦਬੀ ਇੱਕ ਅਦਿੱਖ ਖਿੱਚ ਜ਼ਰੂਰ ਹੈ ਪਰ ਉਸਦੇ ਸੁੰਦਰ ਨਾਲ਼ ਉਹੋ ਜਿਹੇ ਨਜਾਇਜ਼ ਤਾਲੁਕਾਤ ਨਹੀਂ ਹਨ ਜਿਸਨੂੰ ਆਪਣੇ ਰਿਸ਼ਤੇ ਪ੍ਰਤੀ ਬੇਵਫ਼ਾਈ ਸਮਝ ਕੇ, ਉਸ ਦਾ ਪਤੀ ਸੁਰਜੀਤ ਉਸ ਨੂੰ ਤਿਆਗ ਕੇ ਚਲਾ ਜਾਂਦਾ ਹੈ।

ਇਕਾਂਗੀ ਦਾ ਆਰੰਭ ਦੀਪੋ ਅਤੇ ਉਸਦੀ ਨਨਾਣ ਲਾਜੋ ਦੇ ਆਪਸੀ ਵਾਰਤਾਲਪ ਤੋਂ ਹੁੰਦਾ ਹੈ, ਜਿਸ ਤੋਂ ਸੂਚਨਾ ਪ੍ਰਾਪਤ ਹੁੰਦੀ ਹੈ ਕਿ ਉਨ੍ਹਾਂ ਦੀ ਝੁੱਗੀ ਦਰਿਆ ਕਿਨਾਰੇ ਹੈ, ਤੇਜ਼ ਝੱਖੜ੍ਹ ਦੀ ਵਜ੍ਹਾ ਕਰਕੇ ਦਰਿਆ ਵਿੱਚ ਹੜ੍ਹ ਆਇਆ ਹੋਇਆ ਹੈ ਜਿਸ ਕਾਰਨ ਨੇੜੇ ਵਸੇ ਪਿੰਡ ਦੇ ਝੁੱਗੀਆਂ–ਘਰਾਂ ਵਾਲੇ ਬਾਸ਼ਿੰਦੇ ਉਹ ਥਾਂ ਛੱਡ ਕੇ ਕਿਸੇ ਉੱਚੀ ਸੁਰੱਖਿਅਤ ਥਾਂ ’ਤੇ ਚਲੇ ਗਏ ਹਨ। ਲਾਜੋ ਦੇ ਆਖਣ ‘ਤੇ ਵੀ ਦੀਪੋ ਉਹ ਝੁੱਗੀ ਛੱਡ ਕੇ ਨਹੀਂ ਜਾਣਾ ਚਾਹੁੰਦੀ ਕਿਉਂਕਿ ਉਹ ਇੱਥੇ ਹੀ ਵਿਆਹ ਕੇ ਆਈ ਸੀ। ਇਸੇ ਝੁੱਗੀ ਵਿੱਚ ਉਸ ਦੇ ਇੱਕ ਬਾਲ ਹੋਇਆ ਸੀ, ਜਿਹੜਾ ਕਿ ਛੇਤੀ ਹੀ ਮਰ ਗਿਆ ਸੀ ਤੇ ਜਿਸ ਨੂੰ ਝੁੱਗੀ ਦੇ ਨੇੜੇ ਹੀ ਦਫ਼ਨਾ ਦਿੱਤਾ ਗਿਆ ਸੀ। ਭਾਵੁਕ ਹੋਈ ਦੀਪੋ ਅਕਸਰ ਹੀ ਆਪਣੇ ਨਵਜੰਮੇ ਬਾਲ ਦੀ ਕਬਰ ਕੋਲ਼ ਚਲੀ ਜਾਂਦੀ ਹੈ। ਦੀਪੋ ਨੂੰ ਇਹ ਵੀ ਆਸ ਹੈ ਕਿ ਨਾਰਾਜ਼ ਹੋ ਕੇ ਗਿਆ ਉਸ ਦਾ ਪਤੀ ਸੁਰਜੀਤ ਮੁੜ ਕੇ ਜ਼ਰੂਰ ਆਵੇਗਾ, ਇਸ ਲਈ ਉਹ ਇਸ ਝੁੱਗੀ ਵਿੱਚ ਰਹਿ ਕੇ ਉਸ ਦਾ ਇੰਤਜ਼ਾਰ ਕਰਨਾ ਚਾਹੁੰਦੀ ਹੈ।

ਇਸ ਇਕਾਂਗੀ ਵਿੱਚ ਅਗਲਾ ਨਾਟਕੀ ਮੋੜ ਉਦੋਂ ਆਉਂਦਾ ਹੈ ਜਦੋਂ ਉਹ (ਦੀਪੋ ਤੇ ਲਾਜੋ) ਖੰਘ ਨਾਲ਼ ਬੇਹਾਲ ਹੋਈ ਭੂਆ ਬਾਰੇ ਚਿੰਤਾ ਪਰਗਟਾਉਂਦੇ ਹਨ ਜਿਹੜੀ ਕਿ ਝੁੱਗੀ ਦੇ ਅੰਦਰਲੇ ਪਾਸੇ ਮੰਜੇ ਉੱਤੇ ਪਈ ਦਰਦ ਨਾਲ਼ ਬੁਰੀ ਤਰ੍ਹਾਂ ਕਰਾਹ ਰਹੀ ਹੈ। ਵੈਦ ਦਾ ਘਰ ਕਾਫ਼ੀ ਦੂਰ ਹੈ ਅਤੇ ਰਾਹ ਵਿੱਚ ਦਰਿਆ ਦੇ ਚੜ੍ਹਨ ਕਰਕੇ ਪਾਣੀ ਬਹੁਤ ਜ਼ਿਆਦਾ ਹੈ। ਤੇਜ਼ ਝੱਖੜ, ਦਰਿਆ ਦੇ ਹੜ੍ਹ ਕਰਕੇ, ਉਸ ਵੈਦ ਤੋਂ ਦਵਾਈ–ਬੂਟੀ ਲੈ ਕੇ ਆਉਣ ਦੀ ਹਿੰਮਤ ਦੋਹਾਂ ਤ੍ਰੀਮਤਾਂ ਵਿੱਚੋਂ ਕਿਸੇ ਵਿੱਚ ਵੀ ਨਹੀਂ।

ਇਕਾਂਗੀ ਵਿੱਚ ਅਗਲੀ ਨਿਰਣਾਇਕ ਘਟਨਾ ਇਹ ਵਾਪਰਦੀ ਹੈ ਕਿ ਸੁੰਦਰ ਨੂੰ ਆਪਣੀ ਝੁੱਗੀ ਨੇੜੇ ਆਇਆ ਵੇਖ ਕੇ ਲਾਜੋ ਉਸ ਨੂੰ ਵੈਦ ਕੋਲ਼ ਦਵਾਈ ਲੈਣ ਭੇਜ ਦਿੰਦੀ ਹੈ। ਸੁੰਦਰ ਦਵਾਈ ਲੈ ਕੇ ਆਉਂਦਾ ਹੈ ਤੇ ਦਵਾਈ ਲਾਜੋ ਨੂੰ ਫੜਾ ਕੇ ਆਪ ਦੀਪੋ ਨਾਲ਼ ਗੱਲੀਂ ਲੱਗ ਜਾਂਦਾ ਹੈ। ਸੁੰਦਰ ਦੀਪੋ ਨੂੰ ਆਖਦਾ ਹੈ ਕਿ ਹੁਣ ਸੁਰਜੀਤ ਦਾ ਖ਼ਿਆਲ ਮਨੋਂ ਕੱਢ ਕੇ ਉਸ ਨੂੰ ਅਪਣਾ ਲਵੇ। ਦੀਪੋ ਇਸ ਗੱਲ ਤੋਂ ਇਨਕਾਰ ਕਰ ਦਿੰਦੀ ਹੈ। ਤਦੇ ਚਮਤਕਾਰੀ ਰੂਪ ਵਿੱਚ ਸੁਰਜੀਤ ਉੱਥੇ ਆ ਖਲੋਂਦਾ ਹੈ। ਅੱਜ ਉਹ ਫੇਰ ਆਪਣੀ ਬੀਵੀ ਦੀਪੋ ਨੂੰ ਸੁੰਦਰ ਨਾਲ਼ ਖੜ੍ਹਿਆਂ ਵੇਖਦਾ ਹੈ ਤੇ ਉਸ ਨੂੰ ਲਗਦਾ ਹੈ ਕਿ ਦੀਪੋ ਉਸਦੇ ਜਾਣ ਤੋਂ ਬਾਅਦ ਵੀ ਇਸੇ ਤਰ੍ਹਾਂ ਰੋਜ਼ ਹੀ ਸੁੰਦਰ ਨੂੰ ਮਿਲਦੀ ਰਹੀ ਹੋਵੇਗੀ। ਉਹ ਇਸ ਗੱਲ ਤੋਂ ਖ਼ਫ਼ਾ ਹੋ ਜਾਂਦਾ ਹੈ। ਦੀਪੋ ਉਸ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਸ਼ੱਕ ਦੇ ਅੰਧਰਾਤੇ ਨਾਲ਼ ਅੰਨ੍ਹਾ ਹੋਇਆ ਸੁਰਜੀਤ ਉਸਦੀ ਇੱਕ ਨਹੀਂ ਸੁਣਦਾ ਤੇ ਇੱਕ ਵਾਰ ਫੇਰ ਵਾਪਸ ਮੁੜ ਜਾਂਦਾ ਹੈ। ਸੁਰਜੀਤ ਦੇ ਜਾਣ ਮਗਰੋਂ ਦੀਪੋ ਕਠੋਰ ਰੂਪ ਵਿੱਚ ਸੁੰਦਰ ਨੂੰ ਵੀ ਜਾਣ ਲਈ ਆਖਦੀ ਹੈ।

ਉਪਰੋਕਤ ਕਥਾਨਕ ਨੂੰ ਜੇ ਸਮਾਂ, ਸਥਾਨ ਤੇ ਸਥਿਤੀ/ਕਾਰਜ ਦੀ ਏਕਤਾ ਦੀ ਦ੍ਰਿਸ਼ਟੀ ਤੋਂ ਵਾਚਿਆ ਜਾਵੇ ਤਾਂ ਇਹ ਇਕਾਂਗੀ ਇਸ ਨਿਅਮ ਉੱਤੇ ਖਰੀ ਉਤਰਦੀ ਹੈ। ਸਾਰੀ ਘਟਨਾ ਇੱਕੋ ਸਮੇਂ ਦੌਰਾਨ ਵਾਪਰਦੀ ਹੈ ਭਾਵ ਕਿ ਇੱਕੋ ਰਾਤ ਵਿੱਚ। ਇੱਕੋ ਸਥਾਨ ਉੱਤੇ ਵਾਪਰਦੀ ਹੈ ਭਾਵ ਕਿ ਦਰਿਆ ਦਾ ਕੰਢਾ, ਦੀਪੋ ਹੁਰਾਂ ਦੀ ਝੁੱਗੀ ਦੇ ਅੰਦਰ–ਬਾਹਰ। ਕਾਰਜ ਪੱਖੋਂ ਵਾਚੀਏ ਤਾਂ ਇਕਾਂਗੀ ਜਿਸ ਪੜਾਅ ਤੋਂ ਸ਼ੁਰੂ ਹੁੰਦੀ ਹੈ, ਉਸੇ ਮੁਕਾਮ ਉੱਤੇ ਪਹੁੰਚ ਕੇ ਸੰਪੂਰਨ ਹੋ ਜਾਂਦੀ ਹੈ।

ਸਾਰੀਆਂ ਘਟਨਾਵਾਂ ਇੱਕੋ ਸੂਤਰ/ਲੜੀ ਵਿੱਚ ਪਰੋਈਆਂ ਹੋਈਆਂ ਹਨ। ਇੱਕ ਤੋਂ ਬਾਅਦ ਇੱਕ ਨਾਟਕੀ ਮੋੜ ਉਤਸੁਕਤਾ ਨੂੰ ਕਾਇਮ ਰਖਦੇ ਹਨ। ਪਾਠਕ/ਦਰਸ਼ਕ ਰੌਚਕਤਾ ਸਹਿਤ ਸਾਹ ਰੋਕੀਂ ਅਗਲੀ ਘਟਨਾ ਦੇ ਵਾਪਰਨ ਦਾ ਬੇਸਬਰੀ ਨਾਲ਼ ਇੰਤਜ਼ਾਰ ਕਰਦੇ ਰਹਿੰਦੇ ਹਨ। ਕਥਾਨਕ ਦੀ ਬੁਣਤੀ ਸੰਘਣੀ ਹੈ। ਕਥਾਨਕ ਦੀ ਬੁਣਤ ਪੱਖੋਂ ਇਸ ਇਕਾਂਗੀ ਨੂੰ ਇੱਕ ਸਫ਼ਲ ਇਕਾਂਗੀ ਕਿਹਾ ਜਾ ਸਕਦਾ ਹੈ।

### 5.3.4. ਪਾਤਰ ਅਤੇ ਪਾਤਰ ਚਿਤਰਨ

ਇਸ ਇਕਾਂਗੀ ਵਿੱਚ ਕੁੱਲ 5 ਪਾਤਰ ਹਨ। ਦੀਪੋ ਇਸ ਇਕਾਂਗੀ ਦੇ ਮੁੱਖ ਪਾਤਰ ਵਜੋਂ ਉਭਰਦੀ ਹੈ ਅਤੇ ਬਾਕੀ ਪਾਤਰ ਉਸ ਦੇ ਸਹਾਇਕ ਪਾਤਰ ਵਜੋਂ ਕਾਰਜਸ਼ੀਲ ਰਹਿੰਦੇ ਹਨ।

ਦੀਪੋ ਇੱਕ ਦੁਖੀ ਪਾਤਰ ਵਜੋਂ ਸਥਾਪਿਤ ਹੁੰਦੀ ਹੈ। ਦੀਪੋ ਦਾ ਦੁਖਾਂਤ ਉਦੋਂ ਹੋਰ ਵੀ ਗੂੜ੍ਹਾ ਹੋ ਜਾਂਦਾ ਹੈ ਜਦੋਂ 4 ਸਾਲਾਂ ਬਾਅਦ ਪਰਤਿਆ ਉਸ ਦਾ ਪਤੀ ਸੁਰਜੀਤ, ਇੱਕ ਵਾਰ ਫੇਰ ਓਸੇ ਸ਼ੱਕ ਦੀ ਵਜ੍ਹਾ ਕਰਕੇ ਉਸਨੂੰ ਤਿਆਗ ਕੇ ਵਾਪਸ ਤੁਰ ਜਾਂਦਾ ਹੈ, ਜਿਸ ਸ਼ੱਕ ਕਾਰਨ ਉਹ 4 ਸਾਲ ਪਹਿਲਾਂ ਉਸਨੂੰ ਛੱਡ ਕੇ ਗਿਆ ਸੀ। ਸੁਰਜੀਤ, ਪ੍ਰਮੁੱਖ ਭਾਰਤੀ ਮਰਦ ਮਾਨਸਿਕਤਾ ਦੀ ਪ੍ਰਤੀਨਿਧਤਾ ਕਰਨ ਵਾਲ਼ਾ ਪਾਤਰ ਹੈ। ਸਾਨੂੰ ਭਾਰਤੀ ਇਤਿਹਾਸ, ਮਿਥਿਹਾਸ ਅਤੇ ਵਰਤਮਾਨ ਵਿੱਚ ਅਜਿਹੀਆਂ ਢੇਰ ਸਾਰੀਆਂ ਉਦਾਹਰਨਾਂ ਲੱਭ ਪੈਂਦੀਆਂ ਹਨ ਜਿਨ੍ਹਾਂ ਵਿੱਚ ਪਤੀ, ਸਿਰਫ਼ ਸ਼ੱਕ ਦੀ ਵਜ੍ਹਾ ਕਰਕੇ ਹੀ ਪਤਨੀ ਨੂੰ ਤਿਆਗ ਦਿੰਦੇ ਹਨ। ਸੁਰਜੀਤ ਉਨ੍ਹਾਂ ਸਾਰੇ ਮਰਦਾਂ ਦੀ ਮਾਨਸਿਕਤਾ ਦਾ ਲਖਾਇਕ ਬਣਦਾ ਹੈ। ਸੁੰਦਰ ਪਾਤਰ, ਮਨੁੱਖੀ ਆਸ ਦੇ ਪ੍ਰਤੀਕ ਵਜੋਂ ਉਭਰਦਾ ਹੈ ਜਿਸਨੂੰ ਸਦਾ ਇਹ ਆਸ ਰਹਿੰਦੀ ਹੈ ਕਿ ਉਸ ਦੀਆਂ ਆਸਾਂ ਨੂੰ ਬੂਰ ਜ਼ਰੂਰ ਪਵੇਗਾ। ਲਾਜੋ ਸਮਾਜ ਦੇ ਪ੍ਰਤੀਕ ਵਜੋਂ ਉਭਰਦੀ ਹੈ। ਅਜਿਹਾ ਸਮਾਜ ਜਿਹੜਾ ਔਰਤ–ਮਰਦ ਸਬੰਧਾਂ ਵਿੱਚ ਆਈ ਖਟਾਸ ਲਈ ਸਦਾ ਔਰਤ 'ਤੇ ਵੱਲ੍ਹ ਹੀ ਉਂਗਲ਼ ਕਰਦਾ ਹੈ। ਭੂਆ ਪਾਤਰ, ਪਲ–ਪਲ ਮੁੱਕ ਰਹੀ ਆਸ ਤੇ ਧਰਵਾਸ ਦੇ ਚਿੰਨ੍ਹ ਦੇ ਰੂਪ ਵਿੱਚ ਨਜ਼ਰੀਂ ਪੈਂਦੀ ਹੈ, ਜਿਸਨੂੰ ਨਾ ਛੱਡਿਆ ਜਾ ਸਕਦਾ ਹੈ ਤੇ ਨਾ ਹੀ ਪਰਣਾਇਆ ਜਾ ਸਕਦਾ ਹੈ।

### 5.3.5. ਭਾਸ਼ਾ ਤੇ ਵਾਰਤਾਲਾਪ/ਸੰਵਾਦ

ਬਲਵੰਤ ਗਾਰਗੀ ਭਾਸ਼ਾ ਦਾ ਉਸਤਾਦ ਕਲਾਕਾਰ ਹੈ। ਇਸ ਇਕਾਂਗੀ ਵਿੱਚ ਵੀ ਉਹ ਵਾਰਤਾਲਾਪ ਵਿੱਚ ਕਾਵਿਕਤਾ, ਪ੍ਰਤੀਕਾਤਮਕਤਾ, ਲੈਆਤਮਕਤਾ ਨੂੰ ਗੁੰਦ ਕੇ ਪਾਠਕਾਂ/ਦਰਸ਼ਕਾਂ ਉੱਤੇ ਜਾਦੂ ਜਿਹਾ ਧੂੜ ਦਿੰਦਾ ਹੈ। ਸ਼ਬਦਾਂ ਦੀ ਢੁਕਵੀਂ ਚੋਣ ਅਤੇ ਜੜਤ ਇਸ ਇਕਾਂਗੀ ਦੇ ਵਾਰਤਾਲਾਪਾਂ ਨੂੰ ਕਲਾਤਮਕ ਤੇ ਸੁਹਜਾਤਮਕ ਬਣਾ ਦਿੰਦੀ ਹੈ। ਵਾਰਤਾਲਾਪ ਰਾਹੀਂ ਹੀ ਇਕਾਂਗੀਕਾਰ ਸਮੁੱਚੀ ਘਟਨਾ, ਸਥਾਨ, ਸਥਿਤੀ, ਅਤੀਤੀ ਕਾਰਜ ਆਦਿ ਸਭ ਕਾਸੇ ਦੀ ਸੂਚਨਾ ਦੇ ਦਿੰਦਾ ਹੈ। ਪਾਤਰ ਵਾਰਤਾਲਾਪ ਰਾਹੀਂ ਹੀ ਕਥਾ ਨੂੰ ਅਗਾਂਹ ਤੋਰਦੇ ਜਾਂਦੇ ਹਨ। ਇਕਾਂਗੀਕਾਰ ਗਾਰਗੀ ਦੀ ਭਾਸ਼ਾ ਦੀ ਜਾਦੂਗਰੀ ਦਾ ਨਮੂਨਾ ਨਿਮਨਲਿਖਤ ਵਾਰਤਾਲਾਪ ਵਿੱਚੋਂ ਵੇਖਿਆ ਜਾ ਸਕਦਾ ਹੈ :

ਦੀਪੋ : ਹਾਏ, ਮੈਂ ਇਸ ਮਨ ਦਾ ਕੀ ਕਰਾਂ !! ਮੈਂ ਇਸ ਨੂੰ ਬੰਨ੍ਹ ਕੇ ਰੱਖਿਆ ਏ – ਨੂੜ ਕੇ, ਤੂਫ਼ਾਨਾਂ ਤੋਂ ਬਚਾ ਕੇ, ਛੱਲਾਂ ਤੋਂ ਹਟਾ ਕੇ। ਪੱਤਣ ਦੇ ਕੰਢੇ ਇੱਕ ਥਾਂ ਉਸ ਬੇੜੀ ਵਾਂਗ ਜਿਸ ਨੂੰ ਦਰਿਆ ਦੀਆਂ ਛੱਲਾਂ ਛੂੰਹਦੀਆਂ ਹਨ, ਪਰ ਠੇਲ੍ਹ ਨਹੀਂ ਸਕਦੀਆਂ।

### 5.3.6. ਵਾਤਾਵਰਣ ਅਤੇ ਰੰਗਮੰਚਤਾ

ਇਕਾਂਗੀਕਾਰ ਨੇ ਇਸ ਇਕਾਂਗੀ ਵਿੱਚ ਸੰਵਾਦਾਂ ਰਾਹੀਂ ਹੀ ਸਮੁੱਚੇ ਵਾਤਾਵਰਣ ਦੀ ਉਸਾਰੀ ਕੀਤੀ ਹੈ। ਸੰਵਾਦ ਰਾਹੀਂ ਹੀ ਦੱਸਿਆ ਜਾਂਦਾ ਹੈ ਕਿ ਦਰਿਆ ਦੇ ਕਿਨਾਰੇ ਇੱਕ ਝੁੱਗੀ ਹੈ, ਦਰਿਆ ਵਿੱਚ ਹੜ੍ਹ ਆਇਆ ਹੋਇਆ ਹੈ, ਝੱਖੜ ਝੁੱਲ੍ਹ ਰਿਹਾ ਹੈ, ਕਾਲ਼ੀ ਰਾਤ ਹੈ, ਬਾਹਰ ਤੇਜ਼ ਹਵਾ ਸ਼ੂਕ ਰਹੀ ਹੈ। ਸ਼ੁਰੂਆਤੀ ਡਿਸਕ੍ਰਿਪਸ਼ਨ ਰਾਹੀਂ ਪਾਠਕ/ਦਰਸ਼ਕ ਨੂੰ ਸਟੇਜੀ ਵਾਤਾਵਰਨ ਦੀ ਸੂਹ ਮਿਲਦੀ ਹੈ।

ਕਿਉਂਕਿ ਇਹ ਇਕਾਂਗੀ ਰੇਡੀਓ ਇਕਾਂਗੀ ਦੇ ਰੂਪ ਵਿੱਚ ਸਿਰਜੀ ਗਈ ਸੀ, ਇਸੇ ਲਈ ਇਸ ਦੇ ਵਾਰਤਾਲਾਪ ਰਾਹੀਂ ਹੀ ਸਾਰੇ ਕਾਰਜਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਸਟੇਜੀ ਨਾਟਕ ਵਿੱਚ ਦਰਸ਼ਕਾਂ ਨੂੰ ਅੱਖਾਂ ਰਾਹੀਂ ਦੇਖ ਕੇ ਪਤਾ ਲਗ ਜਾਂਦਾ ਹੈ ਕਿ – ਕਿੱਥੇ, ਕਦੋਂ, ਕਿਵੇਂ, ਕਿਹਦੇ ਨਾਲ਼ ਕੀ ਵਾਪਰ ਰਿਹਾ ਹੈ ਜਦਕਿ ਰੇਡੀਓ ਨਾਟਕ ਵਿੱਚ ਪਾਤਰ ਸੰਵਾਦਾਂ ਰਾਹੀਂ ਸਰੋਤਿਆਂ ਨੂੰ ਉਪਰੋਕਤ ਸੂਚਨਾ ਦਿੰਦੇ ਹਨ, ਜਿਸ ਦੇ ਆਧਾਰ 'ਤੇ ਸਰੋਤੇ ਆਪਣੇ ਮਨ ਦੇ ਮੰਚ ਉੱਤੇ ਖੇਡ–ਪਾਠ ਨੂੰ ਅਭਿਨੀਤ ਹੋਇਆ ਮਹਿਸੂਸਦੇ ਹਨ। ਇਸ ਇਕਾਂਗੀ ਦੇ ਬਹੁਤੇ ਵਾਰਤਾਲਾਪ ਸੂਚਨਾਤਮਕ ਹਨ।

ਇਸ ਇਕਾਂਗੀ ਦਾ ਸਮੁੱਚਾ ਵਾਤਾਵਰਨ External Aids (ਰੋਸ਼ਨੀ, ਪਿਠਵਰਤੀ ਸੰਗੀਤ, ਸੈੱਟ, ਪ੍ਰੋਪਸ ਆਦਿ) ਦੀ ਮਦਦ ਨਾਲ਼ ਹੀ ਸਿਰਜਿਆ ਜਾ ਸਕਦਾ ਹੈ।

### 5.3.7 ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼

ਇਸ ਇਕਾਂਗੀ ਨੂੰ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼ ਮਨੁੱਖੀ ਰਿਸ਼ਤਿਆਂ ਵਿੱਚ ਆਪਸੀ ਸਮਝ ਨੂੰ ਬਰਕਰਾਰ ਰੱਖਣ ਅਤੇ ਸ਼ੱਕ ਦੀ ਤਿਕੋਣ ਨਾ ਸਿਰਜਣ ਵਿੱਚ ਨਿਹਿਤ ਹੈ। ਇਕਾਂਗੀਕਾਰ ਇਹ ਸਮਝਾਉਣਾ ਚਾਹੁੰਦਾ ਹੈ ਕਿ ਸ਼ੱਕ ਦੀ ਘੁਣ ਰਿਸ਼ਤਿਆਂ ਦੇ ਹਰਿਆਲੇ ਰੁੱਖ ਨੂੰ ਖਾ ਜਾਂਦੀ ਹੈ, ਇਸ ਲਈ ਰਿਸ਼ਤਿਆਂ ਵਿੱਚ ਪਕੇਰਾ ਵਿਸ਼ਵਾਸ ਬਹੁਤ ਜ਼ਰੂਰੀ ਹੈ।

### 5.3.8 ਅਭਿਆਸ ਲਈ ਪ੍ਰਸ਼ਨ

1. ਇਕਾਂਗੀ ਕੀ ਹੁੰਦੀ ਹੈ ? ਇਹ ਬਾਕੀ ਹੋਰ ਨਾਟ–ਵੰਨਗੀਆਂ (ਵੱਡਾ ਨਾਟਕ, ਲਘੂ–ਨਾਟਕ ਆਦਿ) ਤੋਂ ਕਿਵੇਂ ਵੱਖਰੀ ਹੈ ?

2. ਕਿਸੇ ਵੀ ਸਾਹਿਤਕ ਕ੍ਰਿਤੀ ਦੇ ਵਿਸ਼ਾ–ਵਸਤੂ ਅਤੇ ਕਥਾਨਕ ਵਿੱਚ ਕੀ ਅੰਤਰ ਹੁੰਦਾ ਹੈ ?

3. ਕੀ ਬਲਵੰਤ ਗਾਰਗੀ ਦੀ ਇਕਾਂਗੀ 'ਪੱਤਣ ਦੀ ਬੇੜੀ' ਦੇ ਕਥਾਨਕ ਵਿੱਚ ਤਿੰਨੇ ਏਕਤਾਵਾਂ ਦੇ ਨਿਯਮ ਦਾ ਪਾਲਣ ਕੀਤਾ ਗਿਆ ਮਿਲਦਾ ਹੈ ?

4. ਬਲਵੰਤ ਗਾਰਗੀ ਨੂੰ 'ਨਾਟਕੀ ਭਾਸ਼ਾ ਦਾ ਜਾਦੂਗਰ' ਕਿਹਾ ਜਾਂਦਾ ਹੈ। ਕਿਉਂ ? ਉਦਾਹਰਨ ਸਹਿਤ ਦੱਸੋ।

5. ਇਕਾਂਗੀ 'ਪੱਤਣ ਦੀ ਬੇੜੀ' ਦੇ ਪਾਤਰਾਂ ਨਾਲ਼ ਜਾਣ–ਪਛਾਣ ਕਰਵਾਓ।

## 5.4. ਗੁਰਸ਼ਰਨ ਸਿੰਘ ਰਚਿਤ ਇਕਾਂਗੀ 'ਬੰਦ ਕਮਰੇ' ਦਾ ਆਲੋਚਨਾਤਮਕ ਅਧਿਐਨ

### 5.4.1. ਇਕਾਂਗੀਕਾਰ ਗੁਰਸ਼ਰਨ ਸਿੰਘ ਨਾਲ਼ ਜਾਣ-ਪਛਾਣ

ਗੁਰਸ਼ਰਨ ਸਿੰਘ ਪੇਸ਼ੇ ਵਜੋਂ ਇੱਕ ਇੰਜੀਨੀਅਰ ਸੀ ਅਤੇ ਭਾਖੜਾ ਪ੍ਰੋਜੈਕਟ ਵਿੱਚ ਸ਼ਾਮਿਲ ਸੀ। ਭਾਖੜਾ ਨੂੰ ਵੇਖ ਕੇ ਉਸਨੇ ਮਹਿਸੂਸ ਕੀਤਾ ਕਿ ਜੇ ਮਨੁੱਖ ਦਰਿਆਵਾਂ ਦੇ ਵਹਿਣ ਮੋੜ ਸਕਦਾ ਹੈ ਤਾਂ ਮਨੁੱਖ ਸਰਕਾਰਾਂ ਤੇ ਹਕੂਮਤਾਂ ਦੇ ਵਹਿਣ ਮੋੜ ਕੇ ਉਨ੍ਹਾਂ ਨੂੰ ਲੋਕ–ਪੱਖੀ ਬਣਨ ਲਈ ਮਜਬੂਰ ਕਿਉਂ ਨਹੀਂ ਕਰ ਸਕਦਾ। ਗੁਰਸ਼ਰਨ ਸਿੰਘ ਨੇ ਪੰਜਾਬੀ ਨਾਟ–ਜਗਤ ਨੂੰ 80 ਦੇ ਕਰੀਬ ਨਾਟ–ਲਿਖਤਾਂ ਦਿੱਤੀਆਂ। ਉਨ੍ਹਾਂ ਦੀਆਂ ਪ੍ਰਮੁੱਖ ਨਾਟ–ਲਿਖਤਾਂ ਹਨ : ਜਦੋਂ ਰੌਸ਼ਨੀ ਹੁੰਦੀ ਹੈ, ਨਵਾਂ ਜਨਮ, ਧਮਕ ਨਗਾਰੇ ਦੀ, ਬਾਬਾ ਬੋਲਦਾ ਹੈ, ਲੀਰਾਂ, ਲਾਰੇ, ਬੇਗਮੋ ਦੀ ਧੀ, ਕਾਮਰੇਡ, ਵੰਗਾਰ ਆਦਿ। ਉਨ੍ਹਾਂ ਨੇ ਆਪਣੀਆਂ ਨਾਟ–ਲਿਖਤਾਂ ਵਿੱਚ ਸਮਕਾਲੀ ਰਾਜਨੀਤਿਕ ਸਥਿਤੀਆਂ ਦੀ ਰਾਜਸੀ ਵਿਆਖਿਆ ਕੀਤੀ।

### 5.4.2. 'ਬੰਦ ਕਮਰੇ' ਇਕਾਂਗੀ ਦਾ ਵਿਸ਼ਾ-ਵਸਤੂ

ਇਕਾਂਗੀਕਾਰ ਨੇ ਇਸ ਇਕਾਂਗੀ ਵਿੱਚ ਕਈ ਵਿਸ਼ਿਆਂ ਨੂੰ ਛੋਹਿਆ ਹੈ। ਉਹ ਉਨ੍ਹਾਂ ਰਵਾਇਤਾਂ, ਕਦਰਾਂ–ਕੀਮਤਾਂ, ਜੀਵਨ ਮੁੱਲਾਂ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ ਜਿਹੜੇ ਕਿ ਵੇਲ਼ਾ ਵਿਹਾ ਗਏ ਹਨ। ਸਮਾਜ ਦੀਆਂ ਵੇਲ਼ਾ ਵਿਹਾ ਚੁੱਕੀਆਂ ਰੀਤਾਂ–ਰਵਾਇਤਾਂ ਬੰਦ ਕਮਰਿਆਂ ਵਰਗੀਆਂ ਹਨ, ਜਿੱਥੇ ਮੁਰਦਾ ਰੂਹਾਂ ਰਹਿੰਦੀਆਂ ਹਨ। ਮੁਰਦਾ ਵਿਚਾਰ ਜਿਉਂਦੇ ਲੋਕਾਂ 'ਤੇ ਰਾਜ ਕਰਦੇ ਹਨ। ਅਜਿਹੀ ਹਾਲਤ ਵਿੱਚ ਜ਼ਿੰਦਗੀ ਕਬਰਿਸਤਾਨ ਵਰਗੀ ਬਣ ਜਾਂਦੀ ਹੈ। ਇਸ ਦੇ ਨਾਲ਼ ਹੀ ਇਕਾਂਗੀਕਾਰ ਆਜ਼ਾਦੀ ਦੇ ਨਾਂ ਉੱਤੇ ਬੇਲੋੜੀ ਖੁੱਲ੍ਹ ਅਤੇ ਅਨੁਸ਼ਾਸਨ ਦੇ ਨਾਂ ਉੱਤੇ ਬੇਲੋੜੀ ਬੰਦਿਸ਼ ਦੋਹਾਂ ਦੀ ਹੀ ਖ਼ਿਲਾਫ਼ਤ ਕਰਦਾ ਹੈ।

### 5.4.3. ਕਥਾਨਕ

ਇਹ ਇਕਾਂਗੀ ਹੈਨਰੀ ਗ੍ਰਾਹਮ ਗਰੀਕ ਦੀ ਕਹਾਣੀ 'ਦਾ ਲਿਵਿੰਗ ਰੂਮ' ਦਾ ਨਾਟਕੀ–ਰੂਪਾਂਤਰਣ ਹੈ। ਇਕਾਂਗੀ ਵਿੱਚ ਅਨੁਸ਼ਾਸਨ ਦੇ ਨਾਂ ' ਤੇ ਬੰਦਿਸ਼ਾਂ ਲਾਉਣ ਵਾਲੀ ਬੀਵੀ, ਆਜ਼ਾਦੀ ਦੇ ਓਹਲੇ ਬੇਲੋੜੀ ਖੁੱਲ੍ਹ ਲੈ ਕੇ, ਹੋਰਾਂ ਰਾਹੀਂ ਆਪਣੀਆਂ ਅਧੂਰੀਆਂ ਖ਼ਾਹਸ਼ਾਂ ਦੀ ਪੂਰਤੀ ਕਰਨ ਵਾਲੇ ਅਪਾਹਜ ਖਾਵੰਦ ਨਾਲ ਖ਼ਫ਼ਾ ਰਹਿੰਦੀ ਹੈ। ਦੋਵੇਂ ਹੀ ਆਪੋ–ਆਪਣੇ ਪੱਖਾਂ (ਆਜ਼ਾਦੀ ਦੀਆਂ ਖੁੱਲ੍ਹਾਂ ਅਤੇ ਅਨੁਸ਼ਾਸਨ ਦੀਆਂ ਬੰਦਿਸ਼ਾਂ) ਨੂੰ ਸਹੀ ਅਤੇ ਜਾਇਜ਼ ਠਹਿਰਾਉਣ ਲਈ ਬਹਿਸਦੇ ਰਹਿੰਦੇ ਹਨ। ਇਕਾਂਗੀ ਦਸਦੀ ਹੈ ਕਿ ਕਿਵੇਂ ਇੱਕ ਚਲਾਕ ਮਰਦ (ਪ੍ਰੋਫ਼ੈਸਰ ਨਾਗੀ), ਜਿਹੜਾ ਕਿ ਪਹਿਲਾਂ ਹੀ ਵਿਆਹਿਆ ਹੋਇਆ ਹੈ, ਕੇਵਲ ਦੇਹਿਕ ਸੁਖ ਪ੍ਰਾਪਤ ਕਰਨ ਲਈ ਮਾਸੂਮ ਕੁੜੀ (ਰਾਜੀ) ਨਾਲ ਸਬੰਧ ਬਣਾਉਂਦਾ ਹੈ। ਅਖ਼ੀਰ ਮਰਦ (ਪ੍ਰੋਫ਼ੈਸਰ) ਦਾ ਕੁੜੀ (ਰਾਜੀ) ਨੂੰ ਵਿਆਹ ਤੋਂ ਇਨਕਾਰ, ਉਸ ਮਾਸੂਮ ਕੁੜੀ ਨੂੰ ਮੌਤ ਦੇ ਮੂੰਹ ਵੱਲ੍ਹ ਧੱਕ ਦਿੰਦਾ ਹੈ।

ਇਕਾਂਗੀ ਦੇ ਕਥਾਨਕ ਵਿੰਚ ਤਿੰਨੇ ਏਕਤਾਵਾਂ (ਸਮਾਂ, ਸਥਾਨ ਤੇ ਸਥਿਤੀ/ਕਾਰਜ) ਦਾ ਨਿਭਾਅ ਬਾਖ਼ੂਬੀ ਹੋਇਆ ਹੈ ਪਰ ਕਿਤੇ–ਕਿਤੇ ਇਨ੍ਹਾਂ ਏਕਤਾਵਾਂ ਤੋਂ ਬਾਹਰਾ ਹੋ ਕੇ ਖੁੱਲ੍ਹ ਵੀ ਲਈ ਹੈ ਜਿਵੇਂ ਕਿ ਕਹਾਣੀ ਦਾ ਸਮਾਂ ਵਰਤਮਾਨ ਦਾ ਹੈ ਪਰ ਇਸ ਸਮੇਂ ਨੂੰ ਇੱਕੋ ਦਿਨ ਦੇ ਕੁਝ ਇੱਕ ਘੰਟਿਆਂ ਤੱਕ ਨਹੀਂ ਸਮੇਟਿਆ ਹੋਇਆ। ਤਿੰਨ ਝਾਕੀਆਂ, ਅਲੱਗ–ਅਲੱਗ ਸਮੇਂ ਵਾਪਰੀਆਂ ਘਟਨਾਵਾਂ ਦੇ ਸਮੇਂ–ਅੰਤਰਾਲ (Time Lap) ਵਿਚਕਾਰ ਵਖਰੇਵਾਂ ਦਿਖਾਉਣ ਲਈ ਘੜ੍ਹੀਆਂ ਗਈਆਂ ਹਨ। ਸਥਾਨ ਦੀ ਏਕਤਾ ਦੇ ਪੱਖੋਂ ਦੇਖੀਏ ਤਾਂ ਇਸ ਦਾ ਪੂਰਾ ਪਾਲਣ ਕੀਤਾ ਗਿਆ ਹੈ। ਅਖ਼ੀਰ 'ਤੇ ਜਦੋਂ ਇਕਾਂਗੀ ਸੰਪੂਰਨ ਹੁੰਦੀ ਹੈ ਤੇ ਪਰਦਾ ਡਿੱਗਦਾ ਹੈ ਤਾਂ ਆਖ਼ਰੀ ਝਾਕੀ ਉਸੇ ਕਮਰੇ ਦੀ ਦਿਖਾਈ ਦਿੰਦੀ ਹੈ, ਜਿਹੜਾ ਕਮਰਾ ਇਕਾਂਗੀ ਦੀ ਪਹਿਲੀ ਝਾਕੀ ਦਾ ਪਰਦਾ ਉੱਠਣ ਤੋਂ ਬਾਅਦ ਨੁਮਾਇਆ ਹੋਇਆ ਸੀ। ਕਾਰਜ ਦੀ ਏਕਤਾ ਦੇ ਪੱਖੋਂ ਵੇਖੀਏ ਤਾਂ ਇਹ ਵੀ ਸਾਰੀ ਇਕਾਂਗੀ ਵਿੱਚ ਬਰਕਰਾਰ ਰਹਿੰਦੀ ਹੈ। ਇਕਾਂਗੀ ਦੀ ਸ਼ੁਰੂਆਤ ਸਮੇਂ ਖਾਵੰਦ–ਬੀਵੀ ਦੀ ਆਜ਼ਾਦੀ ਅਤੇ ਅਨੁਸ਼ਾਸਨ/ਬੰਦਿਸ਼ ਨੂੰ ਲੈ ਕੇ ਤਕਰਾਰ ਚੱਲ ਰਹੀ ਹੈ। ਉਸ ਪਿੱਛੋਂ ਭਾਣਜੀ ਰਾਜੀ ਦਾ ਵਿਆਹੇ ਪ੍ਰੋਫ਼ੈਸਰ ਨਾਲ ਇਸ਼ਕ, ਪ੍ਰੋਫ਼ੈਸਰ ਦਾ ਰਾਜੀ ਨੂੰ ਵਿਆਹ ਤੋਂ ਇਨਕਾਰ, ਰਾਜੀ ਵੱਲੋਂ ਆਤਮ-ਹੱਤਿਆ ਆਦਿ ਘਟਨਾਵਾਂ ਵਾਪਰਦੀਆਂ ਹਨ ਪਰ ਅਖ਼ੀਰ 'ਤੇ ਜਦੋਂ ਪਰਦਾ ਡਿੱਗਦਾ ਹੈ ਤਾਂ ਖਾਵੰਦ–ਬੀਵੀ ਦੀ ਆਜ਼ਾਦੀ ਅਤੇ ਅਨੁਸ਼ਾਸਨ/ਬੰਦਿਸ਼ ਨੂੰ ਲੈ ਕੇ ਤਕਰਾਰ ਜਾਰੀ ਰਹਿੰਦੀ ਹੈ।

### 5.4.4. ਪਾਤਰ ਅਤੇ ਪਾਤਰ ਚਿਤਰਨ

ਇਸ ਇਕਾਂਗੀ ਵਿੱਚ ਕੁੱਲ 4 ਪਾਤਰ ਹਨ। ਸਾਰੇ ਪਾਤਰ ਹੀ ਇਕਾਂਗੀ ਦੇ ਕਾਰਜ ਨੂੰ ਗਤੀਸ਼ੀਲਤਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ।

ਖਾਵੰਦ ਪਾਤਰ ਅਪਾਹਜ ਹੈ, ਵੀਲ੍ਹ ਚੇਅਰ ਉੱਤੇ ਹੈ ਪਰ ਉਸਦਾ ਅਪਾਹਜਪੁਣਾ ਪ੍ਰਤੀਕਮਈ ਹੈ ਭਾਵ ਜੋ ਉਸ ਦੀ ਚਾਹਨਾ ਹੈ, ਉਹ ਉਸਨੂੰ ਆਪ ਪੂਰਿਆਂ ਨਹੀਂ ਕਰ ਸਕਦਾ। ਉਹ ਆਜ਼ਾਦੀ ਦੇ ਨਾਂ 'ਤੇ ਖੁੱਲ੍ਹ ਦਾ ਪ੍ਰਚਾਰ ਕਰਦਾ ਹੈ

ਅਤੇ ਆਪਣੀਆਂ ਅਧੂਰੀਆਂ ਖ਼ਾਹਸ਼ਾਂ ਦੀ ਪੂਰਤੀ ਹਿੱਤ, ਆਪਣੀ ਬੀਵੀ ਦੀ ਭਾਣਜੀ ਰਾਜੀ ਨੂੰ ਉਸ ਪ੍ਰੋਫ਼ੈਸਰ ਨਾਲ਼ ਇਸ਼ਕ ਕਰਨ ਦੀ ਖੁੱਲ੍ਹ ਦਿੰਦਾ ਹੈ, ਜਿਹੜਾ ਕਿ ਪਹਿਲੋਂ ਹੀ ਵਿਆਹਿਆ ਹੋਇਆ ਹੈ।

ਬੀਵੀ, ਪੁਰਾਤਨ ਖ਼ਿਆਲਾਂ ਤੇ ਵਿਚਾਰਾਂ ਵਾਲ਼ੀ ਔਰਤ ਹੈ, ਜਿਹੜੀ ਕਿ ਅਨੁਸ਼ਾਸਨ ਦੇ ਨਾਂ 'ਤੇ ਬੰਦਿਸ਼ਾਂ ਲਾਉਣਾ ਚਾਹੁੰਦੀ ਹੈ। ਉਹ ਸੁਭਾਅ ਪੱਖੋਂ ਅਡੰਬਰੀ ਹੈ ਇਸੇ ਲਈ ਆਪਣੇ ਪਤੀ ਨੂੰ ਜ਼ਿਹਨੀ ਅਪਾਹਜ ਬਣਾਉਣ ਤੋਂ ਬਾਅਦ ਵੀ ਉਸ ਦੀ ਸਿਹਤ ਪ੍ਰਤੀ ਫ਼ਿਕਰਮੰਦੀ ਦਾ ਪਖੰਡ ਕਰਦੀ ਹੈ। ਉਹ ਸਮਾਜ ਦੇ ਉਨ੍ਹਾਂ ਬਹੁ-ਗਿਣਤੀ ਲੋਕਾਂ ਦੀ ਮਾਨਸਿਕਤਾ ਦੀ ਪ੍ਰਤੀਨਿਧਤਾ ਕਰਦੀ ਹੈ, ਜਿਹੜੇ ਥੋਥੀਆਂ ਕਦਰਾਂ–ਕੀਮਤਾਂ, ਸਾਮੰਤੀ ਜੀਵਨ–ਮੁੱਲਾਂ ਨੂੰ ਕਾਇਮ ਰੱਖਣਾ ਚਾਹੁੰਦੇ ਹਨ ਭਾਵੇਂ ਇਸ ਨਾਲ਼ ਸਮਾਜ ਦੀ ਜਿੰਨੀ ਮਰਜ਼ੀ ਦੁਰਦਸ਼ਾ ਹੋ ਜਾਵੇ।

ਸਾਇਕੋਲੋਜੀ ਦਾ ਪ੍ਰੋਫ਼ੈਸਰ ਨਾਗੀ ਇੱਕ ਕਾਮੀ ਪੁਰਸ਼ ਹੈ, ਜਿਹੜਾ ਸਾਡੇ ਸਮਾਜ ਦੇ ਅਜਿਹੇ ਮਰਦਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹੜੇ ਲੋਕ ਕੁੜੀ/ਔਰਤ ਨੂੰ ਕੇਵਲ ਇੱਕ ਦੇਹ ਵਜੋਂ ਹੀ ਦੇਖਦੇ ਹਨ ਅਤੇ ਉਸ ਤੋਂ ਦੇਹਿਕ ਸੁਖ ਪ੍ਰਾਪਤ ਕਰਨ ਲਈ ਆਪਣੇ ਵਿਆਹੁਤਾ ਰਿਸ਼ਤਿਆਂ ਨਾਲ਼ ਬੇਈਮਾਨੀ ਕਰਦੇ ਹਨ।

ਰਾਜੀ ਇੱਕ ਮਾਸੂਮ ਕੁੜੀ ਹੈ ਜਿਹੜੀ ਕਿ ਜਵਾਨੀ ਦੇ ਜੋਸ਼ ਵਿੱਚ ਹੋਸ਼ ਗੰਵਾ ਕੇ ਇੱਕ ਵਿਆਹੇ ਮਰਦ ਨਾਲ਼ ਸਬੰਧ ਕਾਇਮ ਕਰ ਲੈਂਦੀ ਹੈ। ਉਹ ਇਸ਼ਕ ਤੇ ਰਿਸ਼ਤਿਆਂ ਨੂੰ ਲੈ ਕੇ ਅੱਤ ਦੀ ਭਾਵੁਕ ਵੀ ਹੈ, ਇਸੇ ਲਈ ਪ੍ਰੋਫ਼ੈਸਰ ਦੀ ਬੀਵੀ ਵੱਲੋਂ ਖਾਧੀਆਂ ਜਾਣ ਵਾਲ਼ੀਆਂ ਨੀਂਦ ਦੀਆਂ ਗੋਲ਼ੀਆਂ ਆਪ ਖਾ ਕੇ, ਇਸ ਪਥਰੀਲੇ ਸਮਾਜ ਨੂੰ ਅਲਵਿਦਾ ਆਖ ਜਾਂਦੀ ਹੈ।

### 5.4.5. ਭਾਸ਼ਾ ਅਤੇ ਵਾਰਤਾਲਾਪ/ਸੰਵਾਦ

ਨਾਟਕਕਾਰ ਗੁਰਸ਼ਰਨ ਸਿੰਘ ਬਾਰੇ ਇਹ ਧਾਰਨਾ ਬਣੀ ਰਹੀ ਹੈ ਕਿ ਉਹ ਨਾਟਕੀ ਸ਼ਿਲਪ ਉੱਪਰ ਬਹੁਤਾ ਧਿਆਨ ਨਹੀਂ ਸਨ ਦਿੰਦੇ ਪਰ ਇਹ ਇਕਾਂਗੀ ਇਸ ਧਾਰਨਾ ਨੂੰ ਰੱਦ ਕਰਦੀ ਹੈ। ਇਸ ਇਕਾਂਗੀ ਵਿੱਚ ਗੁਰਸ਼ਰਨ ਸਿੰਘ ਨੇ ਬਹੁਤ ਮਾਂਜ–ਸੁਆਰ ਕੇ ਵਾਰਤਾਲਾਪ ਲਿਖੇ ਹਨ। ਵਾਰਤਾਲਾਪ ਬਹੁਤ ਸੰਜਮੀ, ਤਰਾਸ਼ੇ ਹੋਏ, ਗੰਭੀਰ, ਪ੍ਰਪੱਕ ਵਿਚਾਰਧਾਰਾ ਦੀ ਪੇਸ਼ਕਾਰੀ ਕਰਦੇ ਹਨ। ਉਦਾਹਰਨ ਵੇਖੋ :

> ਖਾਵੰਦ : ਹਾਂ ਕਬਰਿਸਤਾਨ, ਜਿੱਥੇ ਮਨੁੱਖੀ ਕੀਮਤਾਂ ਦੀ ਕਦਰ ਨਹੀਂ ਰੀਤਾਂ ਦੀ ਕਦਰ ਹੈ, ਜਿੱਥੇ ਜੀਂਦੀ–ਜਾਗਦੀ ਜ਼ਿੰਦਗੀ ਦੀ ਨਹੀਂ, ਸਗੋਂ ਜ਼ਿੰਦਗੀ ਦੇ ਪਥਰਾਏ ਰੂਪ ਦੀ ਕਦਰ ਕੀਤੀ ਜਾਂਦੀ ਹੈ, ਜਿੱਥੇ ਜ਼ਿੰਦਗੀ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਕਿਸੇ ਦੇ ਇਸ਼ਾਰੇ 'ਤੇ ਚੱਲੇ, ਮੈਨੂੰ ਜ਼ਿੰਦਗੀ ਦੀ ਇਸ ਚਾਲ ਨਾਲ਼ ਨਫ਼ਰਤ ਹੈ।

ਭਾਸ਼ਾਈ ਰੂਪ ਵਿੱਚ ਇਹ ਇਕਾਂਗੀ ਪ੍ਰਤੀਕਾਂ ਨਾਲ਼ ਭਰੀ ਪਈ ਹੈ। ਬੰਦ ਕਮਰੇ (ਖੜ੍ਹੋਤ, ਖੋਖਲੇ ਆਦਰਸ਼, ਬੰਦ ਸੋਚਾਂ), ਅਪਾਹਜ (ਕੁਝ ਨਾ ਕਰ ਸਕਣ ਦੀ ਅਸਮਰਥਾ), ਢੀਠ ਬੂਟੀ (ਜਿਹੜੀ ਹਰੇਕ ਹਾਲਾਤ ਦਾ ਸਾਹਮਣੇ ਕਰ ਕੇ ਵੀ ਵਧਦੀ–ਫੁਲਦੀ ਰਹਿੰਦੀ ਹੈ), ਜੰਦਰੇ (ਰੋਕ), ਕਬਰਿਸਤਾਨ (ਜ਼ਿੰਦਗੀ ਜਿਊਣ ਦੀ ਉਮੰਗ ਦਾ ਖ਼ਾਤਮਾ), ਬੁੱਢੀ ਡੈਣ (ਬੁਰੀ ਤਾਕਤ), ਖਾਵੰਦ ਦਾ ਵੀਲ੍ਹ ਚੇਅਰ ਤੋਂ ਥੱਲੇ ਡਿੱਗ ਕੇ ਕੁਰਸੀ ਨੂੰ ਫੜ ਕੇ ਪਤਨੀ ਪਿੱਛੇ ਨਾ ਜਾਣ ਦੀ ਜਦੋਜਹਿਦ (ਪੁਰਾਤਨ ਰਵਾਇਤਾਂ ਨੂੰ ਰੱਦਣ ਦਾ ਹੌਸਲਾ) ਆਦਿ ਕਿੰਨੇ ਹੀ ਪ੍ਰਤੀਕ ਹਨ, ਜੋ ਇਸ ਇਕਾਂਗੀ ਦੇ ਵਾਰਤਾਲਾਪ ਅਤੇ ਵਾਰਤਾਲਾਪਾਂ ਪਿਛਲੇ ਅਰਥਾਂ ਨੂੰ ਬਹੁ–ਅਰਥੀ, ਬਹੁ–ਦਿਸ਼ਾਵੀ ਤੇ ਬਹੁ–ਪਰਤੀ ਬਣਾ ਦਿੰਦੇ ਹਨ।

### 5.4.6. ਵਾਤਾਵਰਨ ਅਤੇ ਰੰਗਮੰਚਤਾ

'ਬੰਦ ਕਮਰੇ' ਯਥਾਰਥਕ ਰੰਗਤ ਵਾਲ਼ਾ ਇਕਾਂਗੀ ਹੈ। ਇਸ ਦਾ ਸਾਰਾ ਕਾਰਜ ਇੱਕ ਕਮਰੇ ਵਿੱਚ ਹੀ ਵਾਪਰਦਾ ਹੈ। ਇੱਕ ਮਧਵਰਗੀ ਪਰਿਵਾਰ ਦੇ ਇੱਕ ਕਮਰੇ ਨੂੰ ਸਧਾਰਨ ਸੈੱਟ ਰਾਹੀਂ ਦਿਖਾਇਆ ਜਾ ਸਕਦਾ ਹੈ। ਵੀਲ੍ਹ ਚੇਅਰ ਤੋਂ ਇਲਾਵਾ ਹੋਰ ਥੋੜ੍ਹੀਆਂ–ਬਹੁਤੀਆਂ ਪ੍ਰੋਪਸ ਹਨ ਜਿਨ੍ਹਾਂ ਨਾਲ਼ ਯਥਾਰਥਕ ਰੰਗਤ ਨੂੰ ਹੋਰ ਗੂੜ੍ਹਿਆਂ ਕੀਤਾ ਜਾ ਸਕਦਾ ਹੈ। ਸ਼ੁਰੂਆਤੀ ਡਿਸਕ੍ਰਿਪਸ਼ਨ ਵਿੱਚ ਵਾਤਾਵਰਨ–ਸਿਰਜਣ ਲਈ ਇਸ਼ਾਰਾ ਕੀਤਾ ਗਿਆ ਹੈ :

> ਇੱਕ ਕਮਰਾ ਜਿਸ ਵਿੱਚ ਫਰਨੀਚਰ ਬੇਢੰਗੇ ਤਰੀਕੇ ਨਾਲ਼ ਤੁੰਨਿਆ ਪਿਆ ਹੈ। ਦੋ ਦੀਵਾਨ ਹਨ, ਜਿਹੜੇ ਸੌਣ ਵਾਲ਼ੇ ਮੰਜੇ ਦਾ ਵੀ ਕੰਮ ਦੇਂਦੇ ਹਨ।

ਸਾਰਾ ਕਾਰਜ ਵਰਤਮਾਨ ਵਿੱਚ ਹੀ ਵਾਪਰਦਾ ਹੈ ਅਤੇ ਤਿੰਨੇ ਭਾਗਾਂ ਵਿੱਚ ਸਮਾਂ ਦਿਨ ਦਾ ਹੈ। ਬਹੁਤ ਘੱਟ ਪਾਤਰਾਂ ਨਾਲ਼ ਖੇਡਿਆ ਜਾਣ ਵਾਲ਼ਾ ਇਹ ਇਕਾਂਗੀ ਇੱਕੋ ਸਥਾਨ ਅਤੇ ਇੱਕੋ ਜਿਹੇ ਵਾਤਾਵਰਨ ਦੀ ਉਪਜ ਹੈ ਇਸ ਲਈ ਵਾਤਾਵਰਨ ਸਿਰਜਣ ਲਈ ਬਹੁਤਾ ਯਤਨ ਨਹੀਂ ਕਰਨਾ ਪੈਂਦਾ। ਪੂਰੇ ਇਕਾਂਗੀ ਵਿੱਚ ਕਾਰਜ ਦੀ ਘਾਟ ਰੜਕਦੀ ਹੈ, ਜਿਸ ਨੂੰ ਕਿ ਤਿੱਖੇ ਵਾਰਤਾਲਾਪ ਰਾਹੀਂ ਪੂਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜ਼ਿਆਦਾਤਰ ਵਾਰਤਾਲਾਪ ਫ਼ਿਲਾਸਫ਼ੀਕਲ ਬਹਿਸ ਦੇ ਰੂਪ ਵਿੱਚ ਹਨ, ਇਸ ਲਈ ਮੰਚ ਉੱਤੇ ਤੁਰਨ–ਫਿਰਨ (Movments) ਦੀ ਗਤੀਵਿਧੀ ਕਾਫ਼ੀ ਮੱਠੀ ਹੈ। ਇੱਕ ਪਾਤਰ (ਖਾਵੰਦ) ਤਾਂ ਵੀਲ੍ਹ ਚੇਅਰ ਉੱਤੇ ਹੈ ਜਿਸ ਕਰਕੇ ਦੂਸਰੇ ਪਾਤਰ (ਬੀਵੀ) ਨੂੰ ਹੀ ਮੰਚ 'ਤੇ ਨਾਟਕੀ ਕਾਰਜ ਨੂੰ ਭਖਾਈ ਰੱਖਣ ਲਈ ਮਿਹਨਤ ਕਰਨੀ ਪੈਂਦੀ ਹੈ। ਰੋਸ਼ਨੀ ਲਈ ਵੀ ਉਚੇਚ ਕਰਨ ਦੀ ਲੋੜ ਨਹੀਂ ਪੈਂਦੀ। ਵਿਸ਼ੇਸ਼ ਪਿੱਠਵਰਤੀ ਸੰਗੀਤ ਵੀ ਨਹੀਂ ਵਰਤਿਆ ਜਾ ਸਕਦਾ ਹੈ, ਸੋ ਦਰਸ਼ਕ ਨੂੰ ਬੰਨ੍ਹੀ ਰੱਖਣ ਦਾ ਭਾਰ ਅਦਾਕਾਰਾਂ ਦੇ ਮੋਢਿਆਂ 'ਤੇ ਆ ਖਲੋਂਦਾ ਹੈ।

### 5.4.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼

ਇਕਾਂਗੀਕਾਰ ਇਸ ਇਕਾਂਗੀ ਰਾਹੀਂ ਜੜ ਹੋਏ ਮਨੁੱਖੀ ਮਨ ਨੂੰ ਸੰਵੇਦਨਸ਼ੀਲ ਬਣਾਉਣਾ ਚਾਹੁੰਦਾ ਹੈ ਤਾਂ ਕਿ ਸੰਵੇਦਨਸ਼ੀਲਤਾ ਨਾਲ਼ ਉਨ੍ਹਾਂ ਥੋਥੀਆਂ ਰਵਾਇਤਾਂ, ਅਡੰਬਰੀ ਵਿਖਾਵੇ ਨੂੰ ਮਨਫ਼ੀ ਕੀਤਾ ਜਾ ਸਕੇ। ਮਨੁੱਖ ਨੂੰ ਬੇਲੋੜੀ ਆਜ਼ਾਦੀ ਅਤੇ ਬੰਦਿਸ਼ ਦੋਹਾਂ ਤੋਂ ਤੌਬਾ ਕਰ ਕੇ ਮੱਧਮ ਮਾਰਗ ਨੂੰ ਤਲਾਸ਼ਣ ਦਾ ਯਤਨ ਕਰਨਾ ਚਾਹੀਦਾ ਹੈ। ਇਸਦੇ

ਨਾਲ਼ ਹੀ ਇਕਾਂਗੀਕਾਰ ਇਹ ਸੁਨੇਹਾ ਵੀ ਸਿਰਜਦਾ ਹੈ ਕਿ ਕੁੜੀ/ਔਰਤ ਨੂੰ ਕੇਵਲ ਦੇਹਿਕ ਸੰਦਰਭ ਵਿੱਚ ਹੀ ਨਹੀਂ ਵੇਖਣਾ ਚਾਹੀਦਾ ਬਲਕਿ ਉਸ ਦੇ ਮਨ, ਮਨ ਵਿਚਲੀਆਂ ਕੋਮਲ ਭਾਵਨਾਵਾਂ ਤੇ ਜ਼ਜਬਿਆਂ ਨੂੰ ਵੀ ਫੜਨਾ ਚਾਹੀਦਾ ਹੈ।

### 5.4.8 ਅਭਿਆਸ ਲਈ ਪ੍ਰਸ਼ਨ

1. ਗੁਰਸ਼ਰਨ ਸਿੰਘ ਰਚਿਤ ਇਕਾਂਗੀ 'ਬੰਦ ਕਮਰੇ' ਦਾ ਵਿਸ਼ਾ–ਵਸਤੂ ਆਪਣੇ ਸ਼ਬਦਾਂ ਵਿੱਚ ਲਿਖੋ।
2. ਇਕਾਂਗੀ 'ਬੰਦ ਕਮਰੇ' ਲਿਖਣ ਪਿੱਛੇ ਗੁਰਸ਼ਰਨ ਸਿੰਘ ਦਾ ਕੀ ਉਦੇਸ਼ ਦਿਖਾਈ ਦਿੰਦਾ ਹੈ ?
3. ਇਕਾਂਗੀ 'ਬੰਦ ਕਮਰੇ' ਦੇ ਪਾਤਰਾਂ ਦੀ ਚਰਿਤ੍ਰਕ ਵਿਸ਼ੇਸ਼ਤਾ ਉੱਤੇ ਰੋਸ਼ਨੀ ਪਾਓ।

## 5.5. ਅਜਮੇਰ ਔਲਖ ਰਚਿਤ ਇਕਾਂਗੀ 'ਬਗਾਨੇ ਬੋਹੜ ਦੀ ਛਾਂ' ਦਾ ਆਲੋਚਨਾਤਮਕ ਅਧਿਐਨ

### 5.5.1. ਇਕਾਂਗੀਕਾਰ ਅਜਮੇਰ ਸਿੰਘ ਔਲਖ ਨਾਲ਼ ਜਾਣ-ਪਛਾਣ

ਅਜਮੇਰ ਸਿੰਘ ਔਲਖ ਪੰਜਾਬੀ ਨਾਟਕਕਾਰਾਂ ਦੀ ਤੀਜੀ ਪੀੜ੍ਹੀ ਵਿੱਚੋਂ ਪ੍ਰਮੁੱਖ ਹਸਤਾਖ਼ਰ ਹੈ। ਉਸ ਨੇ ਡੇਢ ਦਰਜਨ ਤੋਂ ਵਧੇਰੇ ਨਾਟ–ਲਿਖਤਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾਈਆਂ। ਅਜਮੇਰ ਔਲਖ ਦੀਆਂ ਪ੍ਰਮੁੱਖ ਨਾਟ–ਲਿਖਤਾਂ ਹਨ : ਅਰਬਦ ਨਰਬਦ ਧੁੰਧੂਕਾਰਾ, ਬਗਾਨੇ ਬੋਹੜ ਦੀ ਛਾਂ, ਸੱਤ ਬੇਗਾਨੇ, ਸਲਵਾਨ, ਗਾਨੀ, ਇੱਕ ਸੀ ਦਰਿਆ, ਝਨਾਂ ਦੇ ਪਾਣੀ, ਕਿਹਰ ਸਿੰਘ ਦੀ ਮੌਤ, ਨਿੱਕੇ ਸੂਰਜਾਂ ਦੀ ਲੜਾਈ ਆਦਿ। ਅਜਮੇਰ ਸਿੰਘ ਔਲਖ ਨੂੰ ਉਨ੍ਹਾਂ ਦੇ ਇਕਾਂਗੀ–ਸੰਗ੍ਰਹਿ 'ਇਸ਼ਕ ਬਾਝ ਨਮਾਜ ਦਾ ਹੱਜ ਨਾਹੀਂ' ਲਈ ਭਾਰਤੀ ਸਾਹਿਤ ਅਕਾਦਮੀ ਵੱਲੋਂ ਸਾਲ 2006 ਵਿੱਚ ਪੁਰਸਕਾਰ ਦਿੱਤਾ ਗਿਆ।

### 5.5.2. 'ਬਗਾਨੇ ਬੋਹੜ ਦੀ ਛਾਂ' ਇਕਾਂਗੀ ਦਾ ਵਿਸ਼ਾ-ਵਸਤੂ

ਇਕਾਂਗੀ 'ਬਗਾਨੇ ਬੋਹੜ ਦੀ ਛਾਂ' ਵਿੱਚ ਇਕਾਂਗੀਕਾਰ ਔਲਖ ਇੱਕ ਅਜਿਹੇ ਪੇਂਡੂ ਕਿਸਾਨ ਪਰਿਵਾਰ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ, ਜਿਹੜਾ ਥੋੜ੍ਹੀ ਜ਼ਮੀਨ ਕਾਰਨ ਜਾਂ ਜ਼ਮੀਨ ਦੇ ਵੰਡੇ ਜਾਣ ਕਾਰਨ ਆਪਣੀ ਕਬੀਲਦਾਰੀ ਨੂੰ ਸਾਵੀਂ ਤੋਰ ਤੋਰਨ ਤੋਂ ਅਸਮਰਥ ਹੋ ਜਾਂਦਾ ਹੈ। ਇਕਾਂਗੀਕਾਰ ਨੇ ਇਸ ਇਕਾਂਗੀ ਵਿੱਚ ਜਿੱਥੇ ਆਰਥਿਕ ਮੰਦਹਾਲੀ, ਛੋਟੀ ਕਿਸਾਨੀ ਦੀ ਥੋੜ੍ਹੀ ਜ਼ਮੀਨ ਨੂੰ ਵਿਸ਼ਾ ਬਣਾਇਆ ਹੈ, ਉੱਥੇ ਹੀ ਸ਼ਾਹੂਕਾਰਾਂ 'ਤੇ ਨਿਰਭਰਤਾ ਤੇ ਉਨ੍ਹਾਂ ਵੱਲੋਂ ਕੀਤੀ ਜਾਂਦੀ ਲੁੱਟ–ਖਸੁੱਟ, ਕਾਮਾ ਸ਼ਰੇਣੀ ਦੇ ਕਰਜ਼ਈ ਹੋਣ ਕਾਰਨ ਉਨ੍ਹਾਂ ਵੱਲੋਂ ਆਪਣੇ ਬੱਚਿਆਂ ਨੂੰ ਸੀਰੀ ਰਲ਼ਾਉਣਾ, ਸ਼ਰੀਕਾਂ ਦੇ ਝਗੜੇ, ਸ਼ਾਹੂਕਾਰੀ ਸਿਸਟਮ ਦੀਆਂ ਇਕਾਈਆਂ ਦੁਆਰਾ ਕੀਤੇ ਜਾਂਦੇ ਘਾਲ਼ੇ–ਮਾਲ਼ੇ ਅਤੇ ਕਿਸਾਨੀ ਦੇ ਨਿਘਾਰ ਦੀ ਤਸਵੀਰ ਨੂੰ ਉਜਾਗਰ ਕੀਤਾ ਹੈ।

### 5.5.3. ਕਥਾਨਕ

ਇਕਾਂਗੀਕਾਰ ਅਜਮੇਰ ਔਲਖ ਨੇ ਇਸ ਇਕਾਂਗੀ ਦੇ ਕਥਾਨਕ ਵਿੱਚ ਪੇਸ਼ਕਾਰੀਆਂ ਅਨੁਸਾਰ ਕਾਫ਼ੀ ਵਾਰ ਵਾਧਾ–ਘਾਟਾ, ਸੋਧ–ਸੁਧਾਈ ਕੀਤੀ ਹੈ। ਉਸ ਨੇ ਘਟਨਾ–ਕ੍ਰਮ ਦੇ ਚੌਖਟੇ ਨੂੰ ਜਿਉਂ ਦਾ ਤਿਉਂ ਰੱਖ ਕੇ ਇਸ ਵਿੱਚ ਪਾਤਰਾਂ ਦੀ ਗਿਣਤੀ ਘਟਾਈ–ਵਧਾਈ ਹੈ। ਬਿਸ਼ਨੀ ਬੁੜ੍ਹੀ ਅਤੇ ਸੀਰੀ ਦੌਲੇ ਦਾ ਪਾਤਰ ਬਾਅਦ ਵਿੱਚ ਜੋੜਿਆ ਹੈ।

ਮੱਧਵਰਗੀ ਕਿਰਸਾਨ ਗੱਜਣ ਸਿੰਘ ਲੱਤ ‘ਤੇ ਸੱਟ ਵੱਜਣ ਕਾਰਨ ਤੁਰ–ਫਿਰ ਕੇ ਕੰਮ ਕਰਨ ਤੋਂ ਅਸਮਰਥ ਹੈ। ਉਹ ਆਰਾਮ ਕਰਨ ਹਿੱਤ, ਸਰਦੇ–ਪੁਜਦੇ ਜ਼ਿਮੀਦਾਰ ਗੁਆਂਢੀਆਂ ਦੇ ਵਿਹੜੇ ਵਿੱਚ ਲੱਗੇ ਬੋਹੜ ਦੀ, ਉਸਦੇ ਘਰ ਵੱਲ੍ਹ ਆਉਂਦੀ ਛਾਂ ਹੇਠ ਮੰਜੀ ਡਾਹ ਕੇ ਬੈਠਾ ਹੈ ਪਰ ਗੱਜਣ ਨੂੰ ਉਹ ਆਰਾਮ ਨਸੀਬ ਨਹੀਂ ਹੁੰਦਾ, ਜਿਸ ਕਰਕੇ ਉਹ ਮਾਨਸਿਕ ਤੇ ਸਰੀਰਕ ਰੂਪ ਵਿੱਚ ਬੇਆਰਾਮ ਹੈ। ਉਸ ਦੀ ਬੇਆਰਾਮੀ ਦਾ ਸਬੱਬ ਉਸਦੇ ਆਪਣੇ ਘਰ ਦੀਆਂ ਨਿੱਜੀ ਸਮੱਸਿਆਵਾਂ ਨੇ ਜਿਹੜੀਆਂ ਕਿ ਬਹੁਤੀਆਂ ਆਰਥਿਕਤਾ ਨਾਲ਼ ਜੁੜੀਆਂ ਹੋਈਆਂ ਹਨ। ਇਸ ਤੋਂ ਇਲਾਵਾ ਹੋਰਨਾਂ ਲੋਕਾਂ (ਪੀਤਾ ਅਮਲੀ, ਭਰਾ ਗੇਲਾ, ਦੌਲਾ ਅਤੇ ਬਿਸ਼ਨੀ ਬੁੜ੍ਹੀ) ਦੀਆਂ ਸਮੱਸਿਆਵਾਂ ਵੀ ਉਸ ਦੀ ਬੇਆਰਾਮੀ ਵਿੱਚ ਵਾਧਾ ਕਰਦੀਆਂ ਹਨ। ਕੋਠੇ ਜਿੱਡੀ ਧੀ ਦਾ ਥੁੜ੍ਹੀ ਆਰਥਿਕਤਾ ਕਰਕੇ ਹੱਥ ਪੀਲ਼ੇ ਨਾ ਕਰ ਸਕਣ ਦੀ ਅਸਮਰੱਥਾ, ਆੜਤੀਏ ਕਾਸ਼ੀ ਰਾਮ ਤੋਂ ਉਧਾਰ ਫੜੇ ਪੈਸੇ ਵਾਪਸ ਨਾ ਕਰਨ ਦਾ ਸੰਤਾਪ, ਛੋਟੇ ਮੁੰਡੇ ਵੱਲੋਂ ਕੀਤੀ ਜਾ ਰਹੀ ਐਸ਼/ਅੱਯਾਸ਼ੀ ਆਦਿ ਉਸ ਨੂੰ ਬੇਆਰਾਮ ਕਰ ਕੇ ਤਲਖ਼ੀ ਪੈਦਾ ਕਰਦੇ ਹਨ।

ਇਸ ਇਕਾਂਗੀ ਵਿੱਚ ਤਿੰਨੇ ਏਕਤਾਵਾਂ (ਸਮਾਂ, ਸਥਾਨ, ਸਥਿਤੀ/ਕਾਰਜ) ਦਾ ਪਾਲਣ ਬਾਖ਼ੂਬੀ ਕੀਤਾ ਗਿਆ ਹੈ। ਸਮਾਂ ਵਰਤਮਾਨ, ਹਾੜ੍ਹ ਦੀ ਇੱਕ ਦੁਪਹਿਰ, ਸਵੇਰ ਦੇ ਦਸ ਕੁ ਵਜੇ ਦਾ ਹੈ। ਸਾਰਾ ਕਾਰਜ–ਕ੍ਰਮ ਅੱਧੇ–ਪੌਣੇ ਘੰਟੇ ਵਿੱਚ ਹੀ ਸੰਪੂਰਨ ਹੋ ਜਾਂਦਾ ਹੈ। ਸਥਾਨ ਮਾਲਵੇ ਦੇ ਇੱਕ ਪਿੰਡ ਵਿੱਚ ਗੱਜਣ ਸਿੰਘ ਦੇ ਘਰ ਦਾ ਵਿਹੜਾ ਹੈ ਜਿੱਥੇ ਗੁਆਂਢੀਆਂ ਦੇ ਬੋਹੜ ਦੀ ਛਾਂ ਆ ਰਹੀ ਹੈ, ਜਿਹੜਾ ਪਰਦਾ ਉੱਠਣ ਤੋਂ ਲੈ ਕੇ ਪਰਦਾ ਡਿੱਗਣ ਤੱਕ ਸਥਾਪਤ ਰਹਿੰਦਾ ਹੈ, ਨਹੀਂ ਬਦਲਦਾ। ਕਾਰਜ ਦੀ ਏਕਤਾ ਦੇ ਨਜ਼ਰੀਏ ਤੋਂ ਵਾਚੀਏ ਤਾਂ ਇਹ ਏਕਤਾ ਵੀ ਕਾਇਮ ਰਹਿੰਦੀ ਹੈ। ਗੱਜਣ ਸਿੰਘ ਆਰਾਮ ਕਰਨ ਲਈ ਮੰਜੇ ਉੱਤੇ ਬੈਠਦਾ ਹੈ ਪਰ ਅਖ਼ੀਰ ਤੱਕ ਉਸਨੂੰ ਆਰਾਮ ਨਸੀਬ ਨਹੀਂ ਹੁੰਦਾ। ਇਕਾਂਗੀ ਦੇ ਸਿਖਰ ’ਤੇ ਪਹੁੰਚ ਕੇ ਉਸਨੂੰ ਉਹ ਆਰਾਮ ਤਿਆਗ ਕੇ ਉੱਠਣਾ ਪੈਂਦਾ ਹੈ।

ਹਾਲਾਂਕਿ ਸਾਰੀਆਂ ਘਟਨਾਵਾਂ ਵੱਖੋ–ਵੱਖਰੀਆਂ ਹਨ ਪਰ ਜਿਹੜਾ ਸੂਤਰ ਸਾਰੀਆਂ ਖਿੱਲਰੀਆਂ–ਪੁੱਲਰੀਆਂ ਘਟਨਾਵਾਂ ਨੂੰ ਇੱਕ ਸੂਤਰ ਵਿੱਚ ਪਰੋਂਦਾ ਹੈ, ਉਹ ਹੈ ਥੁੜ੍ਹੀ ਆਰਥਿਕਤਾ, ਜਿਸ ਕਰਕੇ ਸਭ ਨੂੰ ਸੰਤਾਪ ਭੋਗਣਾ ਪੈ ਰਿਹਾ ਹੈ।

### 5.5.4. ਪਾਤਰ ਅਤੇ ਪਾਤਰ ਚਿਤਰਨ

ਇਸ ਇਕਾਂਗੀ ਵਿੱਚ ਲਗਭਗ 11–12 ਪਾਤਰ ਹਨ, ਜਿਨ੍ਹਾਂ ਵਿੱਚੋਂ 7 ਪਾਤਰ ਗੱਜਣ ਸਿੰਘ ਦੇ ਆਪਣੇ ਪਰਿਵਾਰ ਨਾਲ਼ ਸਬੰਧਤ ਹਨ ਅਤੇ ਬਾਕੀ ਉਸ ਦੇ ਪਿੰਡ–ਵਾਸੀ ਹਨ। ਇਹ ਆਮ ਜੀਵਨ ਵਿੱਚ, ਸਧਾਰਨ ਹਾਲਤਾਂ ਵਿੱਚ ਜਿਉਂਦੇ–ਜਾਗਦੇ ਹੱਡ–ਮਾਸ ਦੇ ਪਾਤਰ ਹਨ।

ਇਸ ਇਕਾਂਗੀ ਦੇ ਪਾਤਰ, ਇਕਾਂਗੀ ਦੇ ਮੁੱਖ ਵਿਸ਼ੇ ਨੂੰ ਉਭਾਰਨ ਵਿੱਚ ਅਤੇ ਸਥਿਤੀ ਨੂੰ ਸਿਖਰ ਉੱਤੇ ਲਿਜਾਉਣ ਵਿੱਚ ਸਹਾਈ ਹੁੰਦੇ ਹਨ। ਇਕਾਂਗੀਕਾਰ ਮਾਲਵੇ ਇਲਾਕੇ ਦੇ ਦਰਮਿਆਨੇ ਕਿਸਾਨਾਂ ਦੀ ਥੁੜ੍ਹੀ ਆਰਥਿਕਤਾ ਨੂੰ ਪ੍ਰਸਤੁਤ ਕਰਨ ਲਈ ਪਾਤਰਾਂ ਨੂੰ Tool ਵਾਂਗ ਵਰਤਦਾ ਹੈ। ਪਾਤਰਾਂ ਦੇ ਵਿਹਾਰ ਵਿੱਚੋਂ ਯਥਾਰਥਕਤਾ ਝਲਦੀ ਹੈ ਅਤੇ ਸਾਰੇ ਪਾਤਰ ਮੰਚ ਉੱਤੇ ਅਸਲ ਜ਼ਿੰਦਗੀ ਵਾਂਗ ਹੀ ਵਿਹਾਰ (Behave) ਕਰਦੇ ਨਜ਼ਰੀਂ ਪੈਂਦੇ ਹਨ।

### 5.5.5. ਭਾਸ਼ਾ ਤੇ ਵਾਰਤਾਲਾਪ/ਸੰਵਾਦ

ਇਕਾਂਗੀਕਾਰ ਨੇ ਪਾਤਰਾਂ ਦੇ ਆਪਸੀ ਸੰਵਾਦ ਹਿੱਤ ਮਲਵਈ ਭਾਸ਼ਾ ਵਰਤੀ ਹੈ, ਜਿਸ ਨਾਲ਼ ਇਕਾਂਗੀ ਦੀ ਰੰਗਤ ਪ੍ਰਕ੍ਰਿਤਕ ਯਥਾਰਥਮਈ ਹੋ ਨਿੱਬੜਦੀ ਹੈ। ਇਕਾਂਗੀਕਾਰ ਨੇ ਵਾਰਤਾਲਾਪ ਦੀ ਘਾੜ੍ਹਤ ਲਈ ਕਿਸੇ ਤਰ੍ਹਾਂ ਦਾ ਉਚੇਚ ਨਹੀਂ ਵਰਤਿਆ ਗਿਆ ਬਲਕਿ ਮਾਲਵੇ ਦੀ ਆਮ ਲੋਕਾਈ ਵੱਲੋਂ ਬੋਲੀ ਜਾਣ ਵਾਲ਼ੀ, ਲੋਕ ਰੰਗਤ ਵਾਲ਼ੀ ਅਤੇ ਲੋਕ–ਮੁਹਾਵਰੇ ਵਾਲ਼ੀ ਠੇਠ ਭਾਸ਼ਾ ਨੂੰ ਹੀ ਵਰਤਿਆ ਹੈ। ਵਾਰਤਾਲਾਪ ਸੰਜਮਮਈ, ਸਰਲ ਅਤੇ ਚੁਸਤ ਹਨ ਜਿਸ ਤੋਂ ਪਿੰਡ ਦੀ ਕਿਸਾਨੀ ਦੇ ਪਾਤਰਾਂ ਦੀ ਤਸਵੀਰ ਉਘੜਦੀ ਹੈ :

ਗੱਜਣ : ਓ ਕਿੱਥੇ ਪੀਤਾ ਸਿਆਂ ? ਮਹੀਨਾ ਹੋ ਗਿਆ ਨੂੜੀ ਫਿਰਦੇ ਨੂੰ ਉੱਤੋਂ ਕੰਮ ਦਾ ਰੁੱਤ ਐ, ਬੜਾ ਕਸੂਤਾ ਹੋਇਐ ਪਿਐ, ਕੀ ਕਰੀਏ ?

ਪੀਤਾ : ਓ ਐਵੇਂ ਨ ਤੂੰ ਫਿਕਰ ਕਰਿਆ ਕਰ ਚਾਚਾ ਸਿਆਂ। ਸੁਖ ਨਾਲ਼ ਮੁੰਡਾ ਤੇਰਾ ਕਮਾਊ। ਛੋਟਾ ਵੀ ਸਾਲ–ਛੀ ਮਹੀਨਿਆਂ ਨੂੰ ਕਿਸੇ ਹੁੱਦੇ 'ਤੇ ਲੱਗਿਆ ਲੈ.... ਫਿਰ ਭਾਈ, ਰੱਬ ਤੇਰਾ ਭਲਾ ਕਰੇ, ਬੋਹੜ ਦੀ ਛਾਂ ਤੇਰੇ ਬਾਰ ਮੂਹਰੇ। ਛਾਵੇਂ ਬੈਠਾ ਆਵਦੀ ਭਜਣ ਬੰਦਗੀ ਕਰਦੈਂ , ਤੇਰੇ ਅਰਗਾ ਤਾਂ ਐਸ ਵਖਤ ਬਾਦਸ਼ਾਂ ਨੀ, ਕੀ ਕਹਿੰਦੈਂ ?

ਵਾਰਤਾਲਾਪ ਰਾਹੀਂ ਪਾਤਰ ਉਸਾਰੀ ਲਈ ਇਕਾਂਗੀਕਾਰ ਨੇ ਪਾਤਰਾਂ ਦੀ ਸਵੈ–ਕਥਨੀ, ਸਹਾਇਕ ਪਾਤਰਾਂ ਦੀ ਆਪਸੀ ਗੱਲਬਾਤ ਅਤੇ ਇੱਕ–ਦੋ ਥਾਈਂ ਮੰਚ–ਬਾਹਰੀ ਆਵਾਜ਼ਾਂ ਦੀ ਵੀ ਸਹਾਇਤਾ ਲਈ ਗਈ ਹੈ। ਲੋਕ–ਨਾਟ ਜੁਗਤਾਂ, ਪੇਂਡੂ ਲੋਕ–ਮੁਹਾਵਰਾ ਅਤੇ ਤਕੀਆ ਕਲਾਮ ਇਕਾਂਗੀ ਦੀ ਰੌਚਕਤਾ ਨੂੰ ਵਧਾਉਂਦੇ ਹਨ। ਲੋਕ–ਕਾਵਿ ਅਤੇ ਕਾਵਿ–ਟੋਟਿਆਂ ਦੀ ਵਰਤੋਂ ਨਾਟਕ ਦੇ ਰਸ ਨੂੰ ਦੁੱਗਣਾ ਕਰਦੀ ਹੈ।

### 5.5.6. ਵਾਤਾਵਰਨ ਅਤੇ ਰੰਗਮੰਚਤਾ

ਦਿੱਖਤ ਰੂਪ ਵਿੱਚ ਮੰਚ 'ਤੇ ਸੰਕੇਤਕ ਰੂਪ ਵਿੱਚ, ਬੋਹੜ ਦੀ ਇੱਕ ਟਾਹਣੀ ਦਿਖਾਈ ਦਿੰਦੀ ਹੈ। ਧੁੱਪ–ਛਾਂ ਨੂੰ ਰੋਸ਼ਨੀ ਜਾਂ ਕਿਸੇ ਵੀ ਹੋਰ ਸਹਾਇਤਾ ਰਾਹੀਂ ਦਰਸਾਇਆ ਜਾ ਸਕਦਾ ਹੈ। ਜਿਵੇਂ ਕਿ ਪਾਤਰ ਪੀਤੇ ਦੇ ਸੰਵਾਦ ਵਾਤਾਵਰਨ ਸਿਰਜਣਾ ਕਰਨ ਵਿੱਚ ਸਹਾਈ ਹੁੰਦੇ ਹਨ :

ਪੀਤਾ : (ਆਉਂਦਾ ਆਉਂਦਾ ਹੀ) ਅੱਗ ਕੀ ਵਰ੍ਹਦੀ ਐ ਚਾਚਾ ਸਿਆਂ, ਬੱਸ ਪੁੱਛ–ਈ ਕੁਸ਼ ਨਾ। (ਖੁੰਢ ਵੱਲ੍ਹ ਅਹੁਲਦਾ ਹੋਇਆ) ਆਹ ਬੋਹੜ ਦੀ ਛਾਂ ਥੱਲੇ ਕੁਸ਼ ਰਾਮਦਾਰੀ ਐ।

'ਬਗਾਨੇ ਬੋਹੜ ਦੀ ਛਾਂ' ਇੱਕ ਯਥਾਰਥਵਾਦੀ ਸ਼ੈਲੀ ਵਾਲ਼ੀ ਇਕਾਂਗੀ ਹੈ। ਸਥਾਨ ਵਜੋਂ ਇੱਕ ਪਿੰਡ ਦੇ ਘਰ ਦੇ ਬਾਹਰਲੇ ਵਿਹੜੇ ਨੂੰ ਸਿਰਜਿਆ ਗਿਆ ਹੈ। ਇਸ ਸਿਰਜਣਾ ਲਈ ਭਾਰੀ–ਭਰਕਮ ਸੈੱਟ ਦੀ ਲੋੜ ਨਹੀਂ, ਸਿਰਫ਼ ਕੁਝ–ਇੱਕ ਫ਼ਲੈਟ ਲਗਾ ਕੇ ਹੀ ਪ੍ਰਭਾਵ ਸਿਰਜਿਆ ਜਾ ਸਕਦਾ ਹੈ। ਸਧਾਰਨ ਵੇਸ–ਭੂਸ਼ਾ ਅਤੇ ਸਟਰੇਟ ਮੇਕਅੱਪ ਨਾਲ਼ ਹੀ ਇਸ ਇਕਾਂਗੀ ਨੂੰ ਖੇਡਿਆ ਜਾ ਸਕਦਾ ਹੈ। ਪਿੱਠਵਰਤੀ ਸੰਗੀਤ ਦੀ ਬਹੁਤੀ ਗੁੰਜਾਇਸ਼ ਤਾਂ ਨਹੀਂ ਪਰ ਫੇਰ ਵੀ ਸ਼ੁਰੂਆਤੀ ਤੇ ਆਖ਼ਰੀ ਗੀਤ ਦੀ ਪੇਸ਼ਕਾਰੀ ਲਈ, ਗੱਜਣ ਸਿੰਘ ਦੀ ਪਲ–ਪਲ ਵਧ ਰਹੀ ਬੇਆਰਾਮੀ ਜਾਂ ਤਲਖ਼ੀ ਨੂੰ ਦਰਸਾਉਣ ਲਈ, ਗੇਲੇ ਤੇ ਉਸ ਦੀ ਪਤਨੀ ਦੀ ਲੜਾਈ ਦੀ ਤੀਬਰਤਾ ਨੂੰ ਵਧਾਉਣ ਲਈ ਅਤੇ ਇਕਾਂਗੀ ਦੇ ਅੰਤ 'ਤੇ ਲੜਾਈ ਦਾ ਮਾਹੌਲ ਬੰਨ੍ਹਣ ਲਈ ਪਿੱਠਵਰਤੀ ਸੰਗੀਤ ਵਰਤਿਆ ਜਾ ਸਕਦਾ ਹੈ, ਜਿਸ ਨਾਲ਼ ਕਿ ਯਥਾਰਥਕ ਪ੍ਰਭਾਵ ਹੋਰ ਗੂੜ੍ਹਾ ਹੋ ਜਾਵੇਗਾ। ਭਾਵੇਂ ਕਿ ਨਾਟਕ ਦਾ ਮੁੱਖ ਪਾਤਰ ਗੱਜਣ ਸਿੰਘ ਤੋਰਾ–ਫੇਰਾ ਨਹੀਂ ਕਰਦਾ ਪਰ ਇਕਾਂਗੀ ਦੇ ਹੋਰ ਪਾਤਰ ਮੰਚ ਉੱਤੇ ਮੂਵਮੈਂਟਸ ਰਾਹੀਂ ਨਾਟਕੀ ਕਾਰਜ ਨੂੰ ਭਖਾਈ ਰਖਦੇ ਹਨ ਅਤੇ ਨਾਟਕੀਅਤਾ ਬਰਕਰਾਰ ਰਹਿੰਦੀ ਹੈ। ਪਾਤਰਾਂ ਦੀ ਤੋਰ, ਉਨ੍ਹਾਂ ਦੇ ਸੁਭਾਅ ਅਤੇ ਉਨ੍ਹਾਂ ਦੀ ਵਰਤਮਾਨੀ ਦਸ਼ਾ ਨੂੰ ਜ਼ਾਹਰ ਕਰਦੀ ਹੈ। ਹਰੇਕ ਪਾਤਰ ਹੀ ਕੋਈ ਨਾ ਕੋਈ ਗੁੰਝਲ ਪੈਦਾ ਕਰਦਾ ਹੈ, ਜਿਸ ਨਾਲ਼ ਇਕਾਂਗੀ ਤੇਜ਼ੀ ਨਾਲ਼ ਆਪਣੇ ਸਿਖਰ ਵੱਲ੍ਹ ਵਧਦੀ ਜਾਂਦੀ ਹੈ।

### 5.5.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼

ਇਕਾਂਗੀਕਾਰ ਅਨੁਸਾਰ ਬਗਾਨੇ ਸਹਾਰਿਆਂ ਨਾਲ਼ ਜੀਵਨ ਬਸਰ ਨਹੀਂ ਹੋ ਸਕਦਾ। ਚੰਗੇਰਾ ਜੀਵਨ ਬਸਰ ਕਰਨ ਲਈ ਆਪਣੀਆਂ ਲੋੜਾਂ ਤੇ ਥੁੜ੍ਹਾਂ ਦੀ ਪੂਰਤੀ ਆਪ ਕਰਨੀ ਪੈਂਦੀ ਹੈ।

### 5.5.8 ਅਭਿਆਸ ਲਈ ਪ੍ਰਸ਼ਨ

1. ਇਕਾਂਗੀਕਾਰ ਅਜਮੇਰ ਔਲਖ ਨਾਲ਼ ਜਾਣ–ਪਛਾਣ ਕਰਵਾਓ।
2. ਇਕਾਂਗੀ 'ਬਗਾਨੇ ਬੋਹੜ ਦੀ ਛਾਂ' ਦੇ ਵਾਤਾਵਰਨ ਅਤੇ ਰੰਗਮੰਚਤਾ ਬਾਰੇ ਜਾਣਕਾਰੀ ਦਿਓ।

3. ਇਕਾਂਗੀ 'ਬਗਾਨੇ ਬੋਹੜ ਦੀ ਛਾਂ' ਦੇ ਕਥਾਨਕ/ਪਲਾਟ/ਗੋਂਦ ਬਾਰੇ ਆਪਣੇ ਵਿਚਾਰ ਪਰਗਟ ਕਰੋ।

## 5.6. ਪਾਠ ਦਾ ਸਾਰ

ਉਪਰਕੋਰਤ ਸਾਰੇ ਵਿਸ਼ਲੇਸ਼ਣ ਉਪਰੰਤ ਕਿਹਾ ਜਾ ਸਕਦਾ ਹੈ ਕਿ ਇਕਾਂਗੀ (ਇੱਕ+ਅੰਗੀ) ਤੋਂ ਭਾਵ ਹੈ, ਇੱਕ ਅੰਕ/ਅੰਗ/Act ਵਾਲੀ ਨਾਟ–ਕ੍ਰਿਤੀ। ਸੰਖੇਪਤਾ, ਤੀਖਣਤਾ, ਤੀਬਰਤਾ, ਇਕਾਗਰਤਾ ਤੇ ਸੰਪੂਰਨ ਨਾਟਕੀ ਕਾਰਜ ਇਸ ਨੂੰ ਵੱਖਰੀ ਨਾਟਕੀ ਵੰਨਗੀ ਬਣਾਉਂਦੇ ਹਨ। ਆਧੁਨਿਕ ਪੰਜਾਬੀ ਇਕਾਂਗੀ ਪੱਛਮੀ ਇਕਾਂਗੀ ਤੋਂ ਪ੍ਰਭਾਵਿਤ/ਪ੍ਰੇਰਿਤ ਨਾਟ–ਵੰਨਗੀ ਹੈ ਅਤੇ ਇਹ ਆਪਣੀ 100 ਵਰ੍ਹੇ ਤੋਂ ਵੀ ਵੱਧ ਦੀ ਅਉਧ ਹੰਢਾ ਚੁੱਕੀ ਹੈ। ਇਕਾਂਗੀਕਾਰ ਬਲਵੰਤ ਗਾਰਗੀ ਨਾਟਕੀ ਭਾਸ਼ਾ ਰਾਹੀਂ ਤਲਿੱਸਮ ਸਿਰਜਣ ਵਾਲ਼ਾ ਇਕਾਂਗੀਕਾਰ ਹੈ, ਉਸ ਦੇ ਇਕਾਂਗੀ 'ਪੱਤਣ ਦੀ ਬੇੜੀ' ਦੀ ਪਾਤਰ ਦੀਪੋ ਪਿਆਰ ਤੇ ਵਿਆਹ ਦੋਹਾਂ ਬੇੜੀਆਂ ਵਿੱਚ ਸਵਾਰ ਹੋ ਕੇ ਦੋਚਿੱਤੀ ਦੀ ਜੂਨ ਹੰਢਾਉਂਦੀ ਹੈ ਅਤੇ ਸ਼ੱਕ ਦੇ ਅੰਧਰਾਤੇ ਨਾਲ਼ ਅੰਨ੍ਹਾ ਹੋਇਆ ਉਸਦਾ ਪਤੀ ਸੁਰਜੀਤ ਉਸਨੂੰ ਪੱਤਣ 'ਤੇ ਖੜ੍ਹੀ ਬੇੜੀ ਵਾਂਗ ਛੱਡ ਕੇ ਚਲਾ ਜਾਂਦਾ ਹੈ। ਗੁਰਸ਼ਰਨ ਸਿੰਘ ਇੱਕ ਮਿਸ਼ਨਰੀ ਨਾਟਕਕਾਰ ਹੈ, ਜਿਸਨੇ ਇਕਾਂਗੀ 'ਬੰਦ ਕਮਰੇ' ਵਿੱਚ ਥੋਥੀਆਂ ਰਵਾਇਤਾਂ ਉੱਤੇ ਵਿਅੰਗ ਸਿਰਜ ਕੇ, ਇਨ੍ਹਾਂ ਨੂੰ ਮਨੁੱਖੀ ਸਮਾਜ ਦੀ ਬਿਹਤਰੀ ਲਈ ਜੀਵਨ ਵਿੱਚੋਂ ਖਾਰਿਜ ਕਰਨ ਦਾ ਮਸ਼ਵਰਾ ਦਿੱਤਾ ਹੈ। ਅਜਮੇਰ ਸਿੰਘ ਔਲਖ ਮਾਲਵੇ ਦੀ ਥੁੜ੍ਹੀ ਕਿਰਸਾਨੀ ਦੇ ਦੁਖਾਂਤ ਦਾ ਚਿਤੇਰਾ ਨਾਟਕਕਾਰ ਹੈ। ਉਸਨੇ ਆਪਣੀ ਇਕਾਂਗੀ 'ਬਗਾਨੇ ਬੋਹੜ ਦੀ ਛਾਂ' ਵਿੱਚ ਆਰਥਿਕਤਾ ਖੁਣੋਂ ਥੁੜ੍ਹੇ ਇੱਕ ਕਿਸਾਨ ਦੇ ਬਿਰਤਾਂਤ ਰਾਹੀਂ ਮਾਲਵੇ ਦੀ ਕੁੱਲ ਨਿਮਨ ਕਿਰਸਾਨੀ ਦੇ ਦੁਖਾਂਤ ਨੂੰ ਜ਼ੁਬਾਨ ਦਿੱਤੀ ਹੈ।

## 5.7. ਸਹਾਇਕ ਪੁਸਤਕਾਂ ਅਤੇ ਹੋਰ ਪੜ੍ਹਨ-ਸਮੱਗਰੀ


- **ਅਜਮੇਰ ਸਿੰਘ ਔਲਖ, ਬਗਾਨੇ ਬੋਹੜ ਦੀ ਛਾਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1997**
- **ਸਰਬਜੀਤ ਸਿੰਘ, ਨਾਟ-ਰੰਗ (ਚੋਣਵਾਂ ਪੰਜਾਬੀ ਇਕਾਂਗੀ-ਨਾਟ ਸੰਗ੍ਰਹਿ), ਗ੍ਰੇਸ਼ੀਅਸ ਬੁਕਸ, ਪਟਿਆਲ਼ਾ, 2018**
- **ਹਰਚਰਨ ਸਿੰਘ (ਡਾ.), ਪੰਜਾਬ ਦੀ ਨਾਟ ਪਰੰਪਰਾ (ਹੜੱਪਾ ਤੋਂ ਹਰੀ ਕ੍ਰਾਂਤੀ ਤੱਕ), ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, ਮਿਤੀਹੀਣ**
- **ਗੁਰਦਿਆਲ ਸਿੰਘ ਫੁੱਲ, ਪੰਜਾਬੀ ਇਕਾਂਗੀ : ਸਰੂਪ, ਸਿਧਾਂਤ ਤੇ ਵਿਕਾਸ, ਪੰਜਾਬੀ ਯੂਨਵਰਸਿਟੀ, ਪਟਿਆਲ਼ਾ, 1987**
- **ਜਸਵਿੰਦਰ ਸਿੰਘ ਸੈਣੀ (ਮੁੱਖ ਸੰਪਾ.), ਨਾਟ-ਸਿਧਾਂਤ, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, 2017**
- **ਜਸਵਿੰਦਰ ਕੌਰ ਮਾਂਗਟ, ਰੰਗਮੰਚ ਦੇ ਬੁਨਿਆਦੀ ਨਿਯਮ, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, 2006**
- **ਪਾਲੀ ਭੁਪਿੰਦਰ ਸਿੰਘ, ਪੰਜਾਬੀ ਨਾਟ-ਸ਼ਾਸਤਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015**
- **ਮਨਜੀਤ ਪਾਲ ਕੌਰ ਅਤੇ ਸਤੀਸ਼ ਕੁਮਾਰ ਵਰਮਾ (ਸੰਪਾ.), ਨਾਟ ਧਾਰਾ (ਨਾਟ-ਸੰਗ੍ਰਹਿ), ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1998**
- **ਮਨਜੀਤ ਪਾਲ ਕੌਰ ਅਤੇ ਜਸਵਿੰਦਰ ਸਿੰਘ ਸੈਣੀ (ਸੰਪਾ.), ਸਮਕਾਲੀ ਪੰਜਾਬੀ ਨਾਟਕ (1960 ਤੋਂ ਪਿਛੋਂ ਦੇ ਇਕਾਂਗੀਆਂ ਦਾ ਸੰਗ੍ਰਹਿ), ਪੰਜਾਬੀ ਯੂਨੀ., ਪਟਿਆਲ਼ਾ, 2014**

# B.A(Liberal Arts)

## SEMESTAR-III

ਕੋਰਸ-ਜਰਨਲ ਪੰਜਾਬੀ

| ਯੂਨਿਟ-6 | 'ਚਿੜੀਆਂ', 'ਦੂਜਾ ਪਾਸਾ' ਅਤੇ 'ਪਰਤ ਆਉਣ ਤੱਕ' ਇਕਾਂਗੀਆਂ ਦਾ ਆਲੋਚਨਾਤਕ ਵਿਸ਼ਲੇਸ਼ਣ |
|---|---|

ਪਾਠ ਦੀ ਰੂਪ-ਰੇਖਾ

**6.0. ਮਨੋਰਥ**

**6.1. ਪਾਠ ਦੀ ਭੂਮਿਕਾ**

**6.2. ਇਕਾਂਗੀ (One Act Play) ਵੰਨਗੀ ਬਾਰੇ ਸਿਧਾਂਤਕ ਜਾਣ-ਪਛਾਣ**

**6.3. ਆਤਮਜੀਤ ਰਚਿਤ ਇਕਾਂਗੀ 'ਚਿੜੀਆਂ ਦਾ ਆਲੋਚਨਾਤਮਕ ਅਧਿਐਨ**

- **6.3.1. ਇਕਾਂਗੀਕਾਰ ਆਤਮਜੀਤ ਨਾਲ਼ ਜਾਣ-ਪਛਾਣ**
- **6.3.2. 'ਚਿੜੀਆਂ' ਇਕਾਂਗੀ ਦਾ ਵਿਸ਼ਾ-ਵਸਤੂ**
- **6.3.3. ਕਥਾਨਕ/ਪਲਾਟ/ਗੋਂਦ**
- **6.3.4. ਪਾਤਰ ਅਤੇ ਪਾਤਰ ਚਿਤਰਨ**
- **6.3.5. ਭਾਸ਼ਾ ਅਤੇ ਵਾਰਤਾਲਾਪ/ਸੰਵਾਦ**
- **6.3.6. ਵਾਤਾਵਰਨ ਅਤੇ ਰੰਗਮੰਚਤਾ**
- **6.3.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼**
- **6.3.8. ਅਭਿਆਸ ਲਈ ਪ੍ਰਸ਼ਨ**

**6.4. ਅਜਮੇਰ ਰੋਡੇ ਰਚਿਤ ਇਕਾਂਗੀ 'ਦੂਜਾ ਪਾਸਾ' ਦਾ ਆਲੋਚਨਾਤਮਕ ਅਧਿਐਨ**

- **6.4.1. ਇਕਾਂਗੀਕਾਰ ਅਜਮੇਰ ਰੋਡੇ ਨਾਲ਼ ਜਾਣ-ਪਛਾਣ**
- **6.4.2. 'ਦੂਜਾ ਪਾਸਾ ਇਕਾਂਗੀ ਦਾ ਵਿਸ਼ਾ-ਵਸਤੂ**
- **6.4.3. ਕਥਾਨਕ/ਪਲਾਟ/ਗੋਂਦ**
- **6.4.4. ਪਾਤਰ ਅਤੇ ਪਾਤਰ ਚਿਤਰਨ**
- **6.4.5. ਭਾਸ਼ਾ ਅਤੇ ਵਾਰਤਾਲਾਪ/ਸੰਵਾਦ**
- **6.4.6. ਵਾਤਾਵਰਨ ਅਤੇ ਰੰਗਮੰਚਤਾ**
- **6.4.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼**
- **6.4.8. ਅਭਿਆਸ ਲਈ ਪ੍ਰਸ਼ਨ**

**6.5. ਸਤੀਸ਼ ਕੁਮਾਰ ਵਰਮਾ ਰਚਿਤ ਇਕਾਂਗੀ 'ਪਰਤ ਆਉਣ ਤੱਕ' ਦਾ ਆਲੋਚਨਾਤਮਕ ਅਧਿਐਨ**

- **6.5.1. ਇਕਾਂਗੀਕਾਰ ਸਤੀਸ਼ ਕੁਮਾਰ ਵਰਮਾ ਨਾਲ਼ ਜਾਣ-ਪਛਾਣ**
- **6.5.2. 'ਪਰਤ ਆਉਣ ਤੱਕ' ਇਕਾਂਗੀ ਦਾ ਵਿਸ਼ਾ-ਵਸਤੂ**

6.5.3. **ਕਥਾਨਕ/ਪਲਾਟ/ਗੋਂਦ**

6.5.4. **ਪਾਤਰ ਅਤੇ ਪਾਤਰ ਚਿਤਰਨ**

6.5.5. **ਭਾਸ਼ਾ ਅਤੇ ਵਾਰਤਾਲਾਪ/ਸੰਵਾਦ**

6.5.6. **ਵਾਤਾਵਰਨ ਅਤੇ ਰੰਗਮੰਚਤਾ**

6.5.7. **ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼**

6.5.8. **ਅਭਿਆਸ ਲਈ ਪ੍ਰਸ਼ਨ**

6.6. **ਪਾਠ ਦਾ ਸਾਰ**

6.7. **ਸਹਾਇਕ ਪੁਸਤਕਾਂ ਅਤੇ ਹੋਰ ਪੜ੍ਹਨ-ਸਮੱਗਰੀ**

## 6.0. ਮਨੋਰਥ

ਸਾਹਿਤਕ ਵਿਧਾਵਾਂ (ਜਿਵੇਂ ਕਿ ਕਾਵਿ, ਗਲਪ, ਨਾਟਕ, ਵਾਰਤਕ ਆਦਿ) ਨੂੰ ਸਮਝਣ ਲਈ, ਕਿਸੇ ਵਿਸ਼ੇਸ਼ ਟੈਕਸਟ ਦੇ ਰੂਪ (Form) ਅਤੇ ਵਿਸ਼ਾ–ਵਸਤੂ (Subject) ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ, ਸ਼ਬਦਾਂ ਪਿੱਛੇ ਲੁਕੇ ਅਰਥਾਂ ਨੂੰ ਉਜਾਗਰ ਕਰਨ ਹਿੱਤ ਕਿਸੇ ਵਿਸ਼ੇਸ਼ ਟੈਕਸਟ ਉੱਤੇ ਜੋ ਜੁਗਤ ਵਰਤੀ ਜਾਂਦੀ ਹੈ, ਉਸਨੂੰ ਸਾਹਿਤਕ/ਕਲਾਤਮਕ/ਆਲੋਚਨਾਤਮਕ ਵਿਸ਼ਲੇਸ਼ਣ ਕਿਹਾ ਜਾਂਦਾ ਹੈ। ਵੱਖ–ਵੱਖ ਸਾਹਿਤਕ ਵਿਧਾਵਾਂ ਦਾ ਸਾਹਿਤਕ/ਕਲਾਤਮਕ/ਆਲੋਚਨਾਤਮਕ ਵਿਸ਼ਲੇਸ਼ਣ ਕਰਨ ਲਈ ਵੱਖ–ਵੱਖ ਤਰ੍ਹਾਂ ਦੀਆਂ ਵਿਧੀਆਂ, ਜੁਗਤਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਪਾਠ ਦਾ ਮਨੋਰਥ ਵਿਦਿਆਰਥੀਆਂ ਨੂੰ ਇਕਾਂਗੀ ਨਾਟ–ਵਿਧਾ ਦੇ ਸਿਧਾਂਤਕ ਅਤੇ ਵਿਹਾਰਕ ਪੱਖ ਬਾਰੇ ਜਾਣੂ ਕਰਵਾਉਂਦੇ ਹੋਏ, ਇਹ ਸਿਖਾਉਣਾ ਹੈ ਕਿ ਇਕਾਂਗੀ ਦਾ ਸਾਹਿਤਕ/ਕਲਾਤਮਕ ਅਧਿਐਨ ਜਾਂ ਵਿਸ਼ਲੇਸ਼ਣ ਜਾਂ ਆਲੋਚਨਾਤਮਕ ਅਧਿਐਨ ਕਿਸ ਵਿਧੀ ਜਾਂ ਢੰਗ ਰਾਹੀਂ ਕਰਨਾ ਹੈ। ਇਸ ਦੇ ਨਾਲ਼ ਇਹ ਮਨੋਰਥ ਵੀ ਸ਼ਾਮਿਲ ਹੈ ਕਿ ਵਿਦਿਆਰਥੀ ਇਸ ਵੱਖਰਤਾ ਬਾਰੇ ਵੀ ਸਮਝ ਸਕਣ ਕਿ ਇਕਾਂਗੀ ਦਾ ਵਿਸ਼ਲੇਸ਼ਣ ਬਾਕੀ ਸਾਹਿਤਕ ਰੂਪਾਂ ਦੇ ਵਿਸ਼ਲੇਸ਼ਣ ਤੋਂ ਕਿਵੇਂ ਵੱਖਰਾ ਹੁੰਦਾ ਹੈ !

## 6.1. ਪਾਠ ਦੀ ਭੂਮਿਕਾ

ਪਿਆਰੇ ਵਿਦਿਆਰਥੀਓ, ਬਾਕੀ ਹੋਰ ਸਾਹਿਤਕ ਰੂਪਾਂ ਨਾਲੋਂ ਇਕਾਂਗੀ (ਨਾਟ–ਰੂਪ) ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਲਿਖਤ ਰੂਪ ਸਮੇਤ ਦ੍ਰਿਸ਼ਕ ਮਾਧਿਅਮ ਵੀ ਹੁੰਦਾ ਹੈ, ਇਸੇ ਵਜ੍ਹਾ ਇਸ ਨੂੰ ਦੂਹਰੀ ਕਲਾ ਹੋਣ ਦਾ ਮਾਣ ਪ੍ਰਾਪਤ ਹੈ। ਆਧੁਨਿਕ ਪੰਜਾਬੀ ਇਕਾਂਗੀ ਪੱਛਮੀ ਇਕਾਂਗੀ ਤੋਂ ਪ੍ਰਭਾਵਿਤ/ਪ੍ਰੇਰਿਤ ਨਾਟ–ਵੰਨਗੀ ਹੈ। ਆਈ.ਸੀ. ਨੰਦਾ ਦੁਆਰਾ 1913 ਵਿੱਚ ਰਚਿਤ ਇਕਾਂਗੀ 'ਦੁਲਹਨ/ਸੁਹਾਗ' ਨੂੰ ਪਹਿਲੀ ਆਧੁਨਿਕ ਪੰਜਾਬੀ ਇਕਾਂਗੀ ਮੰਨਿਆ ਜਾਂਦਾ ਹੈ। ਇਸ ਪਰਿਥਾਇ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਪੰਜਾਬੀ ਇਕਾਂਗੀ ਨੇ 100 ਸਾਲ ਤੋਂ ਵੀ ਵੱਧ ਸਮੇਂ ਦਾ ਸਫ਼ਰ ਤੈਅ ਕਰ ਲਿਆ ਹੈ। ਆਧੁਨਿਕ ਪੰਜਾਬੀ ਇਕਾਂਗੀ ਪਿਛਲੇ ਕਾਫ਼ੀ ਸਮੇਂ ਤੋਂ ਅਕਾਦਮਿਕਤਾ ਦਾ ਹਿੱਸਾ ਬਣਦੀ ਆ ਰਹੀ ਹੈ। ਤੁਹਾਡੇ ਸਿਲੇਬਸ ਵਿੱਚ ਵੀ 6 ਇਕਾਂਗੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹ ਸਾਰੀਆਂ ਇਕਾਂਗੀਆਂ ਹੀ ਭਾਰਮਿਕ ਪ੍ਰਤੀਨਿਧਾਨ ਸ਼ੈਲੀ (illusionistic Representational Style) ਦੀ ਯਥਾਰਥਵਾਦੀ ਸ਼ੈਲੀ (Realistic Style)

ਵਿੱਚ ਰਚੀਆਂ ਗਈਆਂ ਹਨ। ਇਸ ਪਹਿਲੇ ਪਾਠ ਵਿੱਚ, ਤੁਹਾਡੇ ਸਿਲੇਬਸ ਲਈ ਨਿਰਧਾਰਤ 6 ਇਕਾਂਗੀਆਂ ਵਿੱਚੋਂ ਪਿਛਲੀਆਂ ਤਿੰਨ ਇਕਾਂਗੀਆਂ (ਚਿੜੀਆਂ, ਦੂਜਾ ਪਾਸਾ, ਪਰਤ ਆਉਣ ਤੱਕ) ਦਾ ਸਾਹਿਤਕ/ਕਲਾਤਮਕ/ਆਲੋਚਨਾਤਮਕ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਵਿਸ਼ਲੇਸ਼ਣ ਲਈ ਇਕਾਂਗੀ ਦੇ ਤੱਤਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ, ਜਿਸ ਨੂੰ ਨਿਮਨਲਿਖਿਤ ਅਨੁਸਾਰ ਤਰਤੀਬ ਦਿੱਤੀ ਗਈ ਹੈ :

- ਵਿਸ਼ਾ–ਵਸਤੂ : ਭਾਵ ਪ੍ਰਸਤੁਤ ਇਕਾਂਗੀ ਵਿੱਚ ਪੇਸ਼ ਘਟਨਾ ਅਤੇ ਉਸ ਘਟਨਾ ਰਾਹੀਂ ਦਿੱਤਾ ਗਿਆ ਸੁਨੇਹਾ।
- ਕਥਾਨਕ/ਪਲਾਟ/ਗੋਂਦ : ਭਾਵ ਘਟਨਾਵਾਂ ਦੇ ਵਾਪਰਨ ਦੀ ਤਰਤੀਬ ਅਤੇ ਬੁਣਤੀ।
- ਪਾਤਰ ਅਤੇ ਪਾਤਰ ਚਿਤਰਨ : ਪ੍ਰਸਤੁਤ ਘਟਨਾ ਨੂੰ ਜਿਨ੍ਹਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ।
- ਭਾਸ਼ਾ ਅਤੇ ਵਾਰਤਾਲਾਪ/ਸੰਵਾਦ : ਪਾਤਰ, ਪ੍ਰਸਤੁਤ ਘਟਨਾ ਨੂੰ ਇੱਕ–ਦੂਜੇ ਨਾਲ਼ ਜਿਹੜੀ ਗੱਲਬਾਤ ਕਰ ਕੇ ਹੀ ਅੱਗੇ ਤੋਰਦੇ ਹਨ।
- ਵਾਤਾਵਰਨ ਅਤੇ ਰੰਗਮੰਚਤਾ : ਭਾਵ ਕਿਸ ਸਮੇਂ ਤੇ ਕਿਸ ਜਗ੍ਹਾ ਦੀ ਘਟਨਾ ਹੈ ਅਤੇ ਉਸ ਸਮੇਂ, ਉਸ ਸਥਾਨ ਦਾ ਚੌਗਿਰਦਾ ਕਿਹੋ ਜਿਹਾ ਹੈ। ਮੰਚ ਉੱਤੇ ਖੇਡੇ ਜਾਣ ਲਈ ਇਕਾਂਗੀਕਾਰ ਜਿਨ੍ਹਾਂ ਜੁਗਤਾਂ ਦਾ ਇਸਤੇਮਾਲ ਕਰਦਾ ਹੈ।
- ਇਕਾਂਗੀ ਲਿਖਣ ਦਾ ਉਦੇਸ਼ : ਉਸ ਘਟਨਾ ਨੂੰ ਇਕਾਂਗੀ ਰਾਹੀਂ ਪ੍ਰਸਤੁਤ ਕਰਨ ਪਿੱਛੇ ਇਕਾਂਗੀਕਾਰ ਦੀ ਭਾਵਨਾ।

## 6.2. ਇਕਾਂਗੀ ਕੀ ਹੈ ?

ਇਕਾਂਗੀ ਅੰਗਰੇਜ਼ੀ ਦੇ ਸ਼ਬਦ One Act Play ਦਾ ਪੰਜਾਬੀ ਅਨੁਵਾਦ ਹੈ। Act ਦਾ ਅਰਥ ਹੈ ਅੰਕ ਜਾਂ ਅੰਗ। ਇਸ ਤਰ੍ਹਾਂ ਇਕਾਂਗੀ (ਇੱਕ+ਅੰਗੀ) ਤੋਂ ਭਾਵ ਹੈ, ਇੱਕ ਅੰਕ/ਅੰਗ/Act ਵਾਲ਼ੀ ਨਾਟ–ਕ੍ਰਿਤੀ। ਇਕਾਂਗੀ ਇੱਕ ਅਜਿਹਾ ਸਾਹਿਤ ਰੂਪ ਹੈ, ਜੋ ਜ਼ਿੰਦਗੀ ਦੇ ਕਿਸੇ ਇੱਕ ਭਾਗ/ਖੰਡ ਨੂੰ, ਸੀਮਿਤ ਗਿਣਤੀ ਦੇ ਪਾਤਰਾਂ ਰਾਹੀਂ ਨਾਟਕੀ ਰੂਪ ਵਿੱਚ, ਸਮਾਂ–ਸਥਾਨ–ਕਾਰਜ ਦੀ ਏਕਤਾ ਨੂੰ ਕਾਇਮ ਰਖਦਿਆਂ ਥੋੜ੍ਹੇ ਜਿਹੇ ਸਮੇਂ ਵਿੱਚ ਰੰਗਮੰਚ ਉੱਤੇ ਸਾਕਾਰ ਹੁੰਦਾ ਹੈ। ਭਾਵੇਂ ਇਕਾਂਗੀ ਇੱਕ ਅੰਕ/ਅੰਗ ਵਾਲ਼ਾ ਨਾਟਕ ਹੈ ਪਰ ਇਹ ਅੰਕ/ਅੰਗ ਪੂਰੇ ਨਾਟਕ ਦਾ ਅੰਕ ਨਹੀਂ ਹੁੰਦਾ। ਜਿੱਥੇ ਪੂਰੇ ਨਾਟਕ ਦਾ ਇੱਕ ਅੰਕ/ਅੰਗ ਉਸ ਸਮੁੱਚੇ ਨਾਟਕ ਦਾ ਇੱਕ ਭਾਗ ਹੁੰਦਾ ਹੈ, ਉੱਥੇ ਇਕਾਂਗੀ ਆਪਣੇ ਆਪ ਵਿੱਚ ਸੰਪੂਰਨ ਕ੍ਰਿਤ ਹੁੰਦੀ ਹੈ। ਸੰਖੇਪਤਾ, ਤੀਖਣਤਾ, ਤੀਬਰਤਾ, ਇਕਾਗਰਤਾ ਤੇ ਸੰਪੂਰਨ ਨਾਟਕੀ ਕਾਰਜ ਇਸ ਨੂੰ ਵੱਖਰੀ ਨਾਟਕੀ ਵੰਨਗੀ ਬਣਾਉਂਦੇ ਹਨ। ਇਕਾਂਗੀ–ਨਾਟ ਦਾ ਕਥਾਨਕ ਸੰਜਮ ਭਰਪੂਰ, ਪ੍ਰਭਾਵਪੂਰਨ, ਇੱਕੋ ਘਟਨਾ–ਵਿਚਾਰ–ਪ੍ਰਸਥਿਤੀ–ਸਮੱਸਿਆ ਵਾਲ਼ਾ ਹੁੰਦਾ ਹੈ। ਇਸ ਵਿੱਚ ਵਿਸ਼ੇ, ਪ੍ਰਭਾਵ ਅਤੇ ਵਾਤਾਵਰਣ ਦੀ ਏਕਤਾ ਲਾਜ਼ਮੀ ਹੈ।

## 6.3. ਆਤਮਜੀਤ ਰਚਿਤ ਇਕਾਂਗੀ 'ਚਿੜੀਆਂ' ਦਾ ਆਲੋਚਨਾਤਮਕ ਅਧਿਐਨ

### 6.3.1. ਇਕਾਂਗੀਕਾਰ ਆਤਮਜੀਤ ਨਾਲ਼ ਜਾਣ-ਪਛਾਣ

ਆਤਮਜੀਤ ਪੰਜਾਬੀ ਨਾਟਕਕਾਰਾਂ ਦੀ ਤੀਸਰੀ ਪੀੜ੍ਹੀ ਵਿੱਚੋਂ ਪ੍ਰਮੁੱਖ ਨਾਟਕਕਾਰ ਹੈ। ਉਸਨੇ ਆਪਣੀਆਂ ਸਾਰੀਆਂ ਨਾਟ–ਲਿਖਤਾਂ ਵਿੱਚ ਨਵੇਂ ਤੋਂ ਨਵੇਂ ਪ੍ਰਯੋਗ ਕੀਤੇ। ਉਸ ਦੀਆਂ ਸ਼ੁਰੂਆਤੀ ਨਾਟ–ਲਿਖਤਾਂ ਵਿੱਚੋਂ The Theatre of the Absurd ਦੀ ਝਲਕ ਵੀ ਮਿਲ ਪੈਂਦੀ ਹੈ। ਉਸ ਦੁਆਰਾ ਰਚਿਤ ਨਾਟ–ਲਿਖਤਾਂ ਵਿੱਚੋਂ ਪ੍ਰਮੁੱਖ ਹਨ : ਕਬਰਸਤਾਨ, ਚਾਬੀਆਂ ਤੇ ਹੋਰ ਇਕਾਂਗੀ, ਹਵਾ ਮਹਿਲ ਤੇ ਹੋਰ ਨਾਟਕ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਨਾਟਕ ਨਾਟਕ ਨਾਟਕ, ਸ਼ਹਿਰ ਬੀਮਾਰ ਹੈ, ਕੈਮਲੂਪਸ ਦੀਆਂ ਮੱਛੀਆਂ, ਪੂਰਨ, ਮੈਂ ਤਾਂ ਇੱਕ ਸਾਰੰਗੀ ਹਾਂ, ਪੰਚਨਦ ਦੇ ਪਾਣੀ ਆਦਿ। ਆਤਮਜੀਤ ਨੂੰ ਸਾਲ 2009 ਵਿੱਚ ਨਾਟ–ਪੁਸਤਕ 'ਤੱਤੀ ਤਵੀ ਦਾ ਸੱਚ' ਲਈ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਨਾਟ ਸਿਰਜਣਾ ਦੇ ਨਾਲ਼–ਨਾਲ਼ ਉਹ ਇੱਕ ਪ੍ਰਬੁੱਧ ਰੰਗਕਰਮੀ, ਨਿਰਦੇਸ਼ਕ, ਨਾਟ–ਸਮੀਖਿਕ ਅਤੇ ਅਧਿਆਪਕ ਵੀ ਹੈ।

### 6.3.2. ਇਕਾਂਗੀ 'ਚਿੜੀਆਂ' ਦਾ ਵਿਸ਼ਾ ਵਸਤੂ

ਇਕਾਂਗੀ 'ਚਿੜੀਆਂ' ਦੀ ਪਿੱਠਭੂਮੀ ਵਿੱਚ ਭਾਰਤ–ਪਾਕਿ ਬਟਵਾਰਾ (ਪੰਜਾਬ ਵੰਡ) ਪਿਆ ਹੈ, ਜਿਸ ਦਾ ਔਰਤ ਜ਼ਾਤ ਨੂੰ ਦੋਹਰਾ ਦੁਖਾਂਤ ਭੋਗਣਾ ਪਿਆ। ਇਕਾਂਗੀ ਵਿੱਚ ਆਤਮਜੀਤ ਨੇ ਹਿੰਦ–ਪਾਕ ਵੰਡੇ ਸਮੇਂ ਦੋਹਾਂ ਕੌਮਾਂ ਦੀਆਂ ਤ੍ਰੀਮਤਾਂ ਨਾਲ਼, ਜੋ ਕੁਝ ਵੀ ਅਣਹੋਣਾ ਵਾਪਰਿਆ, ਉਸਨੂੰ ਚਿਤਰਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਕਾਂਗੀਕਾਰ ਨੇ ਇਸਤਰੀ ਹੋਂਦ ਦੀ ਗੱਲ ਕਰਨ ਸਮੇਂ ਮਰਦ ਦੀ ਸਾਮੰਤੀ ਹਉਮੈ ਅਤੇ ਸਨਾਤਨੀ ਧਰਮ ਚੇਤਨਾ ਦੋਹਾਂ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ।

'ਚਿੜੀਆਂ' ਇਕਾਂਗੀ ਦੀ ਮੁੱਖ ਪਾਤਰ ਸਤਨਾਮ ਸੱਤੀ ਦਾ ਪਾਕਿਸਤਾਨ ਵਿੱਚ ਕੁਝ ਵੀ ਨਹੀਂ ਹੈ; ਨਾ ਪਿਆਰ ਹੈ, ਨਾ ਸੰਸਕਾਰ ਹਨ, ਨਾ ਸਤਿਕਾਰ ਪਰ ਉਹ ਫੇਰ ਵੀ ਓਥੇ ਹੀ ਵਸੇ ਰਹਿਣ ਦਾ ਫ਼ੈਸਲਾ ਕਰਦੀ ਹੈ ਅਤੇ ਆਪਣੇ ਮਾਪਿਆਂ ਨਾਲ਼ ਵਾਪਸ ਆਪਣੇ ਵਤਨ ਭਾਰਤ ਨਹੀਂ ਪਰਤਦੀ। ਉਸਨੇ ਆਪਣਾ ਪਹਿਲਾ ਪਤੀ ਜੰਗ ਵਿੱਚ ਗੁਆ ਲਿਆ ਅਤੇ ਦੂਸਰਾ 47 ਦੀ ਵੰਡ ਵੇਲੇ, ਹੁਣ ਉਹ ਆਪਣੇ ਤੀਸਰੇ ਪਤੀ ਨਾਲੋਂ ਵੱਖ ਨਹੀਂ ਹੋਣਾ ਚਾਹੁੰਦੀ ਕਿਉਂਕਿ ਉਸਨੂੰ ਲਗਦਾ ਹੈ ਕਿ ਔਰਤ ਦਾ ਅਸਲ ਘਰ ਉਹਦਾ ਸਹੁਰਾ ਘਰ ਹੀ ਹੁੰਦਾ ਹੈ। ਇਕਾਂਗੀਕਾਰ ਨੇ ਦੋ ਛੋਟੀਆਂ ਬੱਚੀਆਂ ਦੇ ਸੰਵਾਦ ਰਾਹੀਂ ਅਤੇ ਗੁੱਡੇ–ਗੁੱਡੀ ਦੇ ਦ੍ਰਿਸ਼ਗਤ ਪਾਸਾਰ ਰਾਹੀਂ ਇਕਾਂਗੀ ਦੇ ਅਰਥਮਈ ਰੂਪ ਨੂੰ ਹੋਰ ਗਹਿਰਾਈ ਅਤੇ ਪਾਸਾਰ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ।

### 6.3.3. ਕਥਾਨਕ

ਆਤਮਜੀਤ ਨੇ ਇਸ ਇਕਾਂਗੀ ਵਿੱਚ ਭਾਰਤ–ਪਾਕਿ ਬਟਵਾਰੇ ਤੋਂ ਬਾਅਦ ਉਧਾਲ਼ੀਆਂ ਮੁਸਲਮਾਨ ਤੇ ਪੰਜਾਬੀ ਕੁੜੀਆਂ/ਔਰਤਾਂ ਨੂੰ, ਜ਼ਬਰਦਸਤੀ ਵਿਆਹ ਕਰ ਕੇ, ਘਰਾਂ ਵਿੱਚ ਨੂੜ ਕੇ ਬੰਨ੍ਹ ਬਿਠਾਉਣ ਦੀ ਵਿੱਥਿਆ ਨੂੰ ਕਥਾਨਕ ਵਜੋਂ ਬੁਣਿਆ ਹੈ। ਸਤਨਾਮ ਨੂੰ ਪਾਕਿਸਤਾਨ ਵਿੱਚ ਇੱਕ ਮੁਸਲਮਾਨ ਪਰਿਵਾਰ ਨੇ ਧੱਕੇ ਨਾਲ਼ ਨਿਕਾਹ ਕਰ ਕੇ ਆਪਣੇ ਘਰ ਰੱਖਿਆ ਹੋਇਆ ਹੈ। ਸਤਨਾਮ ਦੀ ਗੁਆਂਢਣ ਜ਼ੈਨਬ ਨੂੰ ਕਿਸੇ ਸਰਦਾਰ ਨੇ ਭਾਰਤੀ ਪੰਜਾਬ ਵਿੱਚ ਵਿਆਹ ਕਰ ਕੇ ਰੱਖਿਆ ਹੋਇਆ ਸੀ ਪਰ ਜ਼ੈਨਬ ਦੇ ਮਾਪੇ ਹਿੰਮਤ ਕਰ ਕੇ, ਉਸਨੂੰ ਸਰਦਾਰ ਦੀ ਕੈਦ ਵਿੱਚੋਂ ਛੁਡਵਾ ਕੇ, ਮੁੜ ਆਪਣੇ ਘਰ ਪਾਕਿਸਤਾਨ ਲੈ ਆਏ। ਸਤਨਾਮ ਅਤੇ ਜ਼ੈਨਬ ਦੋਹਾਂ ਦੀ ਹੋਣੀ ਇੱਕੋ ਜਿਹੀ ਹੈ ਕਿਉਂਕਿ ਉਨ੍ਹਾਂ ਦੋਹਾਂ ਨੂੰ ਹੀ ਸਮਾਜ ਸਵੀਕਾਰ ਨਹੀਂ ਕਰਦਾ। ਸਤਨਾਮ ਨੂੰ ਗ਼ੈਰਧਰਮੀ ਹੋਣ ਕਰਕੇ ਸਵੀਕਾਰਿਆ ਨਹੀਂ ਜਾ ਰਿਹਾ ਜਦਕਿ ਜ਼ੈਨਬ ਨੂੰ 'ਉੱਧਲ਼ ਕੇ ਆਈ' ਆਖ ਕੇ ਤ੍ਰਿਸਕਾਰਿਆ ਜਾਂਦਾ ਹੈ।

ਸਤਨਾਮ ਦੀ ਸੱਸ ਬਹੁਤ ਕੁਪੱਤੀ ਹੈ, ਜਿਹੜੀ ਕਿ ਹਰ ਵੇਲ਼ੇ ਆਪਣੀ ਨੂੰਹ ਸਤਨਾਮ ਨੂੰ ਤਾਹਨੇ–ਮਿਹਣੇ ਦਿੰਦੀ ਰਹਿੰਦੀ ਹੈ ਪਰ ਸਤਨਾਮ ਇਹ ਸਭ ਕੁਝ ਚੁਪਚਾਪ ਸਹਿੰਦੀ ਰਹਿੰਦੀ ਹੈ ਅਤੇ ਉਸ ਘਰ ਵਿੱਚ ਜੀਅ ਲਾਉਣ ਦੀ ਕੋਸ਼ਿਸ਼ ਕਰਦੀ ਹੈ। ਇਸ ਤੋਂ ਪਹਿਲਾਂ ਸਤਨਾਮ ਦੋ ਵਾਰ ਵਿਆਹੀ ਗਈ ਸੀ ਪਰ ਉਸਦੇ ਦੋਵੇਂ ਖਾਵੰਦ ਵਾਰੋ–ਵਾਰੀ ਮੌਤ ਦੇ ਮੂੰਹ ਵਿੱਚ ਚਲੇ ਗਏ। ਇਸੇ ਲਈ ਜਦੋਂ ਹੁਣ ਉਸ ਦੀ ਮਾਂ ਪਾਕਿਸਤਾਨ ਵਿੱਚ ਉਸਨੂੰ ਵਾਪਸ ਲੈਣ ਲਈ ਆਉਂਦੀ ਹੈ ਤਾਂ ਉਹ ਆਪਣੇ ਪੇਕੇ ਘਰ ਜਾਣ ਤੋਂ ਇਨਕਾਰੀ ਹੋ ਜਾਂਦੀ ਹੈ ਅਤੇ ਪਾਕਿਸਤਾਨ ਵਿੱਚ ਉਸੇ ਮੁਸਲਿਮ ਘਰ ਨੂੰ ਆਪਣਾ ਪੱਕਾ ਸਹੁਰਾ ਆਖ ਕੇ ਉਥੇ ਹੀ ਵਸਣ ਦਾ ਐਲਾਨ ਕਰਦੀ ਹੈ, ਜਿੱਥੇ ਕੇ ਉਸਨੂੰ ਧੱਕੇ ਨਾਲ਼ ਨਿਕਾਹ ਕਰ ਕੇ ਵਸਾਇਆ ਗਿਆ ਸੀ। ਉਹ ਚਿੜੀਆਂ ਦੇ ਆਲ੍ਹਣੇ ਦੀ ਤਸ਼ਬੀਹ ਦੇ ਕੇ ਆਖਦੀ ਹੈ ਕਿ 'ਇੱਕ ਚਿੜੀ ਤੀਲ੍ਹਾ–ਤੀਲ੍ਹਾ ਜੋੜ ਕੇ, ਬਹੁਤ ਜ਼ਿਆਦਾ ਮਿਹਨਤ ਕਰ ਕੇ, ਆਪਣਾ ਆਲ੍ਹਣਾ ਬਣਾਉਂਦੀ ਹੈ। ਫੇਰ ਉਹ ਆਪਣੇ ਹੱਥੀਂ ਬਣਾਏ ਆਲ੍ਹਣੇ ਛੱਡ ਕੇ ਨਹੀਂ ਜਾਂਦੀ ਤਾਂ ਉਹ ਆਪਣਾ ਸਹੁਰਾ ਘਰ ਛੱਡ ਕੇ ਆਪਣੇ ਪੇਕੇ ਘਰ ਕਿਉਂ ਜਾਵੇ ?'

ਇਸ ਇਕਾਂਗੀ ਵਿੱਚ ਭਾਵੇਂ ਤਿੰਨੇ ਏਕਤਾਵਾਂ ਬਾਖ਼ੂਬੀ ਨਿਭਾਈਆਂ ਗਈਆਂ ਹਨ ਪਰ ਇਸ ਇਕਾਂਗੀ ਦੀ ਗੋਂਦ ਢੁੱਕਵੀਂ ਨਹੀਂ ਹੈ। ਇਕਾਂਗੀਕਾਰ ਨੇ ਸ਼ੁਰੂਆਤੀ ਵਾਤਾਵਰਨ ਸਿਰਜਣ ਉੱਤੇ ਹੀ ਸਾਰਾ ਜ਼ੋਰ ਲਗਾ ਦਿੱਤਾ ਹੈ ਅਤੇ ਨਾਟਕੀ–ਮੋੜ ਇਕਾਂਗੀ ਦਾ ਬਿਲਕੁਲ ਅੰਤ 'ਤੇ ਆਉਂਦਾ ਹੈ ਜਦ ਸਤਨਾਮ ਦੀ ਮਾਂ ਉਸ ਨੂੰ ਲੈਣ ਆ ਪਹੁੰਚਦੀ ਹੈ। ਪਹਿਲਾਂ ਹੀ ਇਕਾਂਗੀ ਵਿੱਚ ਜ਼ਿਆਦਾ ਵਿਸਥਾਰ ਹੋਣ ਕਰਕੇ ਇਸ ਸੀਨ ਨੂੰ ਬਹੁਤ ਛੇਤੀ ਸਮੇਟਿਆ ਗਿਆ ਹੈ, ਜਿਸ ਕਰਕੇ ਇਕਾਂਗੀ ਆਪਣੇ ਸਿਖਰ 'ਤੇ ਨਹੀਂ ਪਹੁੰਚਦੀ। ਇਕਾਂਗੀ ਵਿੱਚ ਜਿਹੜਾ ਭਾਵਨਾਤਮਕ ਹੜ੍ਹ ਅਖ਼ੀਰ 'ਤੇ ਆਉਣਾ ਚਾਹੀਦਾ ਸੀ, ਉਹ ਨਹੀਂ ਆਉਂਦਾ। ਇਸ ਲਈ ਇਕਾਂਗੀ ਦਾ ਅੰਤ ਉਹ ਪ੍ਰਭਾਵ ਨਹੀਂ ਛੱਡਦਾ ਜੋ ਉਹ ਛੱਡ ਸਕਦਾ ਸੀ ਜਾਂ ਜਿਹੜਾ ਉਸ ਨੂੰ ਛੱਡਣਾ ਚਾਹੀਦਾ ਸੀ।

### 6.3.4. ਪਾਤਰ ਅਤੇ ਪਾਤਰ ਚਿਤਰਨ

ਇਸ ਇਕਾਂਗੀ ਵਿੱਚ ਸਾਰੇ ਦੇ ਸਾਰੇ, ਦਸੇ ਦੇ ਦਸ ਪਾਤਰ ਮਾਦਾ (ਛੋਟੀਆਂ ਬੱਚੀਆਂ, ਨੌਜਵਾਨ ਅਣਵਿਆਹੀਆਂ ਕੁੜੀਆਂ, ਵਿਆਹੀਆਂ ਔਰਤਾਂ, ਅਧਖੜ ਔਰਤਾਂ ਅਤੇ ਬੁੱਢੀਆਂ ਔਰਤਾਂ) ਹਨ। ਇਕਾਂਗੀਕਾਰ ਨੇ 'ਉਮਰ, ਸੁਭਾਅ ਅਤੇ ਰਿਸ਼ਤਾ–ਨਾਤਾ ਪ੍ਰਣਾਲੀ ਵਿਧੀ' ਰਾਹੀਂ ਸਾਰੇ ਮਾਦਾ ਪਾਤਰਾਂ ਦੀ ਵੱਖੋਂ–ਵੱਖਰੀ ਪਛਾਣ ਸਥਾਪਿਤ ਕਰਨ ਦੀ ਕੋਸ਼ਿਸ਼ ਤਾਂ ਕੀਤੀ ਹੈ ਪਰ ਇਕਾਂਗੀਕਾਰ ਇਸ ਯਤਨ ਵਿੱਚ ਬਹੁਤਾ ਸਫ਼ਲ ਨਹੀਂ ਹੋ ਸਕਿਆ। ਕੇਵਲ ਸੱਸ, ਸਤਨਾਮ, ਜ਼ੈਨਬ ਤੇ ਜ਼ੀਨਤ ਆਦਿ ਪਾਤਰ ਹੀ ਆਪਣੀ ਵੱਖਰੀ ਪਛਾਣ ਸਥਾਪਿਤ ਕਰ ਸਕਣ ਵਿੱਚ ਸਫ਼ਲ ਰਹਿੰਦੇ ਹਨ; ਬਾਕੀ ਪਾਤਰਾਂ ਦਾ ਚਿਹਰਾ–ਮੋਹਰਾ ਇੱਕੋ ਜਿਹਾ ਜਾਪਦਾ ਹੈ।

### 6.3.5. ਭਾਸ਼ਾ ਅਤੇ ਵਾਰਤਾਲਾਪ/ਸੰਵਾਦ

ਇਕਾਂਗੀਕਾਰ ਆਤਮਜੀਤ ਇੱਕ ਮੰਝਿਆ ਹੋਇਆ ਤੇ ਪਰਪੱਕ ਨਾਟਕਕਾਰ ਹੈ, ਇਸ ਲਈ ਉਸ ਦੀਆਂ ਨਾਟ–ਲਿਖਤਾਂ ਦੀ ਭਾਸ਼ਾ ਪ੍ਰਤੀਕਾਤਮਕ/ਚਿਹਨਾਤਮਕ, ਕਲਾਤਮਕ ਅਤੇ ਸੁਹਜਾਤਮਕ ਹੁੰਦੀ ਹੈ। ਆਤਮਜੀਤ ਦੁਆਰਾ ਘੜ੍ਹੇ ਗਏ ਵਾਰਤਾਲਾਪ/ਸੰਵਾਦ ਮਾਂਜੇ, ਸੁਆਰੇ, ਤਰਾਸ਼ੇ ਹੋਏ, ਅਰਥ–ਭਰਪੂਰ, ਬਹੁ–ਅਰਥੀ, ਪਾਤਰਾਂ ਦੇ ਅਨੁਕੂਲ, ਗਹਿਰਾਈ ਅਤੇ ਗੰਭੀਰਤਾ ਨਾਲ਼ ਲਬਰੇਜ਼ ਅਤੇ ਤਨਜ਼ੀਆ ਹੁੰਦੇ ਹਨ। ਇਸ ਇਕਾਂਗੀ ਦੇ ਵਾਰਤਾਲਾਪ/ਸੰਵਾਦ ਵੀ ਕਲਾਤਮਕ, ਸੁਹਜ ਭਰੇ ਅਤੇ ਰਸ ਭਰਪੂਰ ਹਨ। ਇਕਾਂਗੀਕਾਰ ਨੇ ਵਾਰਤਾਲਾਪ ਦੇ ਮਾਧਿਅਮ ਰਾਹੀਂ ਬਟਵਾਰੇ ਵੇਲ਼ੇ, ਜੋ ਸੰਤਾਪ ਜਾਂ ਜਿਸ ਤਰ੍ਹਾਂ ਦਾ ਵੀ ਸੰਤਾਪ ਤ੍ਰੀਮਤਾਂ ਨੇ ਆਪਣੇ ਹੱਡੀਂ ਜਾਂ ਮਨਾਂ ਉੱਤੇ ਹੰਢਾਇਆ, ਉਸ ਨੂੰ ਹੂਬਹੂ ਪੇਸ਼ ਕੀਤਾ ਹੈ। ਇਸ ਇਕਾਂਗੀ ਦੇ ਬਹੁਤੇ ਵਾਰਤਾਲਾਪ ਗਹਿਰ–ਗੰਭੀਰ ਅਤੇ ਭਾਵਕੁਤਾ ਨਾਲ਼ ਭਿੱਜੇ ਹੋਏ ਹਨ। ਆਤਮਜੀਤ ਨੇ ਛੋਟੀਆਂ ਕੁੜੀਆਂ ਦੇ ਗੁੱਡਾ–ਗੁੱਡੀ ਦੇ ਵਿਆਹ ਨਾਲ਼ ਸਬੰਧਤ ਸੰਵਾਦਾਂ ਵਿੱਚ ਫ਼ਲਸਫ਼ੇ ਭਰੇ ਨਜ਼ਰੀਏ ਤੋਂ ਔਰਤ–ਮਰਦ ਦੇ ਰਿਸ਼ਤੇ ਨੂੰ ਚਿਤਰਿਆ ਹੈ।

### 6.3.6. ਵਾਤਾਵਰਨ ਅਤੇ ਰੰਗਮੰਚਤਾ

ਇਕਾਂਗੀ ਵਿੱਚ, ਪਾਕਿਤਸਾਨੀ ਪੰਜਾਬ ਦੇ ਇੱਕ ਮੁਸਲਮਾਨ ਪਰਿਵਾਰ ਦੇ ਘਰ ਦਾ ਵਿਹੜਾ ਦਿਖਾਇਆ ਗਿਆ ਹੈ। ਵਾਤਾਵਰਨ ਦੀ ਸਿਰਜਣਾ ਹਿੱਤ ਮੰਚ ਦੇ ਬਿਲਕੁਲ ਪਿੱਛੇ, ਫ਼ਲੈਟਸ ਰਾਹੀਂ ਘਰ ਦੀਆਂ ਕੰਧਾਂ ਉਸਾਰ ਕੇ, ਉਨ੍ਹਾਂ ਨੂੰ ਹਰੇ ਰੰਗਤ ਦੀ ਰੰਗਤ ਦੇ ਕੇ, ਮਿਹਰਾਬਦਾਰ ਦਰਵਾਜ਼ੇ ਅਤੇ ਮੁਸਲਮਾਨੀ ਰਵਾਇਤੀ ਢੰਗ ਦੀਆਂ ਜਾਲ਼ੀਦਾਰ ਤਾਕੀਆਂ ਆਦਿ ਬਣਾਈਆਂ ਜਾ ਸਕਦੀਆਂ ਹਨ। ਵਿਹੜੇ ਵਿੱਚ ਇੱਕ ਰੁੱਖ ਲੋੜੀਂਦਾ ਹੈ, ਜਿਸ ਉੱਤੇ ਚਿੜੀ ਦਾ ਆਲ੍ਹਣਾ ਦਿਖਾਇਆ ਜਾਵੇਗਾ। ਇਸ ਦੇ ਨਾਲ਼ ਹੀ ਕੁਝ–ਇਕ ਘਰੇਲੂ ਸਮਾਨ ਦੀਆਂ ਵਸਤਾਂ ਵੀ ਰੱਖੀਆਂ ਜਾ ਸਕਦੀਆਂ ਹਨ, ਜਿਸ ਨਾਲ਼ ਕਿ ਯਥਾਰਥਕਤਾ ਦੀ ਰੰਗਤ ਹੋਰ ਗੂੜ੍ਹੀ ਹੋ ਜਾਵੇਗੀ। ਰੂਪ–ਸੱਜਾ ਅਤੇ ਵੇਸ–ਭੂਸ਼ਾ ਰਾਹੀਂ ਮੁਸਲਿਮ ਔਰਤਾਂ ਦੇ ਦਿੱਖਤ ਕਿਰਦਾਰ ਘੜ੍ਹੇ ਜਾ ਸਕਦੇ ਹਨ। ਪਿੱਠਵਰਤੀ ਸੰਗੀਤ ਰਾਹੀਂ ਇਕਾਂਗੀ ਵਿਚਲੇ ਗੀਤਾਂ ਦੀ

ਖ਼ੂਬਸੂਰਤੀ ਵਿੱਚ ਹੋਰ ਵਾਧਾ ਕੀਤਾ ਜਾ ਸਕਦਾ ਹੈ ਅਤੇ ਭਾਵੁਕ ਦ੍ਰਿਸ਼ਾਂ ਦੇ ਸੁਹਜ ਨੂੰ ਹੋਰ ਵਧਾਇਆ ਜਾ ਸਕਦਾ ਹੈ। ਰੋਸ਼ਨੀ ਵਿਉਂਤ ਰਾਹੀਂ ਮੌਸਮ, ਸਮੇਂ ਅਤੇ ਪਾਤਰਾਂ ਦੀਆਂ ਚਰਿਤ੍ਰਕ ਵਿਸ਼ੇਸ਼ਤਾਵਾਂ ਨੂੰ ਉਭਾਰਿਆ ਜਾ ਸਕਦਾ ਹੈ।

### 6.3.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼

ਆਤਮਜੀਤ ਇਸ ਇਕਾਂਗੀ ਰਾਹੀਂ ਕਿਸੇ ਵੀ ਵੱਡੇ ਦੁਖਾਂਤ (ਯੁੱਧ, ਫ਼ਿਰਕੂ ਦੰਗੇ, ਬਟਵਾਰਾ, ਹਿਜਰਤ ਆਦਿ) ਦੇ ਵਾਪਰਨ ਸਮੇਂ ਔਰਤ ਵੱਲੋਂ ਭੋਗੇ ਜਾਂਦੇ ਦੋਹਰੇ ਸੰਤਾਪ ਦਾ ਵਰਨਣ ਕਰ ਕੇ ਅਤੇ ਰੰਗ, ਜਾਤ, ਨਸਲ, ਧਰਮ, ਰਾਜਨੀਤਿਕ ਵਿਚਾਰਧਾਰਾ ਦੇ ਨਾਮ ਉੱਤੇ ਸਦਾ ਦਿੱਤੀ ਜਾਂਦੀ ਇਸਤਰੀਆਂ ਦੀ ਬਲੀ ਤੇ ਪ੍ਰਸ਼ਨ ਚਿੰਨ੍ਹ ਲਗਾ ਕੇ ਮਨੁੱਖ/ਮਰਦ ਮਾਨਸਿਕਤਾ ਨੂੰ ਸੰਵੇਦਨਸ਼ੀਲ ਬਣਾਉਣਾ ਚਾਹੁੰਦਾ ਹੈ ਤਾਂ ਜੋ ਭਵਿੱਖ ਵਿੱਚ ਵਾਪਰਨ ਵਾਲੇ ਵੱਡੇ ਦੁਖਾਂਤਾਂ ਅਤੇ ਰੰਗ, ਜਾਤ, ਨਸਲ, ਧਰਮ, ਰਾਜਨੀਤਿਕ ਵਿਚਾਰਧਾਰਾ ਦੇ ਨਾਮ ਤੇ ਹੋਣ ਵਾਲੇ ਘਾਣਾਂ ਨੂੰ ਘਟਾਇਆ ਜਾ ਸਕੇ ਜਾਂ ਖ਼ਤਮ ਕੀਤਾ ਜਾ ਸਕੇ।

### 6.3.8. ਅਭਿਆਸ ਲਈ ਪ੍ਰਸ਼ਨ

1. 'ਚਿੜੀਆਂ' ਇਕਾਂਗੀ ਦੇ ਵਿਸ਼ਾ–ਵਸਤੂ ਸਬੰਧੀ ਲਿਖੋ।
2. 'ਚਿੜੀਆਂ' ਇਕਾਂਗੀ ਦੇ ਪਾਤਰਾਂ ਨਾਲ ਜਾਣ–ਪਛਾਣ ਕਰਵਾਉਂਦੇ ਹੋਏ, ਇਕਾਂਗੀਕਾਰ ਦੀ ਪਾਤਰ–ਚਿਤਰਨ ਸਮਰਥਾ ਬਾਰੇ ਸੰਖੇਪ ਵਿੱਚ ਚਰਚਾ ਕਰੋ।
3. ਇਕਾਂਗੀਕਾਰ ਆਤਮਜੀਤ ਬਾਰੇ ਜਾਣ–ਪਛਾਣ ਕਰਵਾਓ।
4. ਕੀ ਇਕਾਂਗੀ 'ਚਿੜੀਆਂ' ਦਾ ਸਿਰਲੇਖ ਇਕਾਂਗੀ ਅਨੁਸਾਰ ਢੁਕਵਾਂ ਹੈ ? ਚਰਚਾ ਕਰੋ।

## 6.4. ਅਜਮੇਰ ਰੋਡੇ ਰਚਿਤ ਇਕਾਂਗੀ 'ਦੂਜਾ ਪਾਸਾ' ਦਾ ਆਲੋਚਨਾਤਮਕ ਅਧਿਐਨ

### 6.4.1. ਇਕਾਂਗੀਕਾਰ ਅਜਮੇਰ ਰੋਡੇ ਨਾਲ ਜਾਣ-ਪਛਾਣ

ਅਜਮੇਰ ਰੋਡੇ, ਕੈਨੇਡਾ ਦੀ ਧਰਤੀ ਤੇ ਬਸਣ ਵਾਲਾ ਪੰਜਾਬੀ ਦਾ ਪਰਵਾਸੀ ਨਾਟਕਕਾਰ ਹੈ, ਭਾਵੇਂ ਕਿ ਪੰਜਾਬੀ ਸਾਹਿਤ ਜਗਤ ਵਿੱਚ ਅਜਮੇਰ ਰੋਡੇ ਪ੍ਰਮੁੱਖ ਕਵੀ ਵਜੋਂ ਜਾਣਿਆ–ਪਛਾਣਿਆ ਜਾਂਦਾ ਹੈ ਪਰ ਨਾਟਕਕਾਰ ਵਜੋਂ ਉਸ ਦੀਆਂ ਪ੍ਰਮੁੱਖ ਨਾਟ–ਲਿਖਤਾਂ – ਦੂਜਾ ਪਾਸਾ, ਕਾਮਾਗਾਟਾਮਾਰੂ, ਨਿਰਲੱਜ ਆਦਿ ਨੇ ਉਸਨੂੰ ਨਾਟਕਕਾਰਾਂ ਦੀ ਸ਼ਰੇਣੀ ਵਿੱਚ ਲਿਆ ਖੜ੍ਹਾ ਕਰਦੀਆਂ ਹਨ।

### 6.4.2. 'ਦੂਜਾ ਪਾਸਾ' ਇਕਾਂਗੀ ਦਾ ਵਿਸ਼ਾ ਵਸਤੂ

ਇਕਾਂਗੀ 'ਦੂਜਾ ਪਾਸਾ' ਦਾ ਵਿਸ਼ਾ–ਵਸਤੂ ਪੰਜਾਬੀਆਂ ਵੱਲੋਂ ਕੈਨੇਡਾ ਵਿੱਚ ਹੰਢਾਈ ਜਾ ਰਹੀ ਨਸਲੀ ਵਿਤਕਰੇ ਦੀ ਵਿਸੰਗਤੀ ਨਾਲ਼ ਜੁੜਿਆ ਹੋਇਆ ਹੈ। ਇਸ ਵਿੱਚ ਇਕਾਂਗੀਕਾਰ ਨੇ ਪਰਵਾਸ ਕਰ ਗਏ, ਉਨ੍ਹਾਂ ਪੰਜਾਬੀਆਂ ਦੀ ਵੇਦਨਾ ਨੂੰ ਪਰਗਟ ਕੀਤਾ ਹੈ, ਜਿਹੜੇ ਇੱਕ ਸੋਹਣੇ ਜੀਵਨ ਦੀ ਆਸ ਲੈ ਕੇ, ਆਪਣੀ ਮਿੱਟੀ ਛੱਡ ਕੇ ਬੇਗਾਨੀ ਧਰਤੀ ਉੱਤੇ ਜਾ ਵਸੇ ਸਨ। ਹਾਲਾਂਕਿ ਪੰਜਾਬੀ ਬਹੁਤ ਸਮਾਂ ਪਹਿਲਾਂ ਤੋਂ ਹੀ ਪਰਵਾਸ ਕਰ ਕੇ, ਵਿਦੇਸ਼ੀ ਧਰਤੀਆਂ ਉੱਤੇ ਵਸਦੇ ਰਹੇ ਹਨ ਪਰ ਉਹ ਅਜੇ ਤੱਕ ਵੀ ਆਵਾਸੀ ਲੋਕਾਂ (ਕਿਸੇ ਮੁਲਕ ਵਿੱਚ ਰਹਿਣ ਵਾਲ਼ੇ ਓਥੋਂ ਦੇ ਮੂਲ ਨਿਵਾਸੀ) ਲਈ ਪਰਵਾਸੀ ਲੋਕ ਹੀ ਹਨ। ਆਵਾਸੀ ਲੋਕ; ਪੰਜਾਬੀ ਲੋਕਾਂ ਦੇ ਧਰਮ, ਸੱਭਿਆਚਾਰ ਤੇ ਪਛਾਣ ਆਦਿ ਨੂੰ ਅਹਿਮੀਅਤ ਨਾ ਦੇ ਕੇ, ਉਨ੍ਹਾਂ ਨੂੰ ਦਿੱਖਤ ਰੂਪ ਵਿੱਚ ਆਪਣੇ ਜਿਹਾ ਬਣਾਉਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ। ਉਨ੍ਹਾਂ ਦੀਆਂ ਕੋਸ਼ਿਸ਼ਾਂ ਬਹੁਤੀ ਵਾਰ ਪੰਜਾਬੀਆਂ ਲਈ ਜ਼ਲਾਲਤ ਦੀ ਵਜ੍ਹਾ ਬਣਦੀਆਂ ਹਨ। ਪੰਜਾਬ ਵਿੱਚ ਸਰਦਾਰੀਆਂ ਛੱਡ ਕੇ ਗਏ ਪੰਜਾਬੀਆਂ ਲਈ ਅਜਿਹੀ ਜ਼ਲਾਲਤ, ਉਨ੍ਹਾਂ ਨੂੰ ਧੁਰ ਅੰਦਰ ਤੱਕ ਝੰਜੋੜ ਦਿੰਦੀ ਹੈ ਅਤੇ ਉਹ ਉਦਾਸ, ਨਿਰਾਸ਼, ਹਤਾਸ਼ ਹੁੰਦੇ ਚਲੇ ਜਾਂਦੇ ਹਨ। ਉਹ ਆਪਣੇ ਧਰਮ ਅਤੇ ਸੱਭਿਆਚਾਰਕ ਚਿੰਨ੍ਹਾਂ ਨੂੰ ਤਿਆਗੇ ਬਿਨਾਂ ਹੀ ਵਿਦੇਸ਼ੀ ਧਰਤੀ ਉੱਤੇ ਮਾਣ ਅਤੇ ਸਤਿਕਾਰ ਪ੍ਰਾਪਤ ਕਰਨ ਲਈ ਸੰਘਰਸ਼ਸ਼ੀਲ ਹਨ।

### 6.4.3. ਕਥਾਨਕ

ਇਕਾਂਗੀਕਾਰ ਨੇ ਕਥਾਨਕ ਦੀ ਬੁਣਤੀ ਲਈ ਵੈਨਕੂਵਰ/ਕੈਨੇਡਾ (ਪਰਦੇਸ) ਦੀ ਧਰਤੀ ਉੱਤੇ ਵਸਣ ਵਾਲ਼ੇ, ਇੱਕ ਪੱਗ ਬੰਨ੍ਹਣ ਵਾਲ਼ੇ ਸਿੱਖ ਪੰਜਾਬੀ ਹਰਨਾਮ ਸਿੰਘ ਨਾਲ਼, ਉਸਦੀ ਵੱਖਰੀ ਪਛਾਣ ਕਰਕੇ ਹੋਈ ਨਸਲੀ ਵਿਤਕਰੇ ਦੇ ਆਧਾਰ ਤੇ ਹਿੰਸਾ ਦੀ ਘਟਨਾ ਨੂੰ ਚੁਣਿਆ ਹੈ। ਕੁਝ ਗੋਰੇ ਮੁੰਡੇ ਹਰਨਾਮ ਸਿੰਘ ਨਾਲ਼ ਕੁੱਟਮਾਰ ਕਰ ਕੇ ਭੱਜ ਜਾਂਦੇ ਹਨ। ਤਨੋ–ਮਨੋ ਜ਼ਖ਼ਮੀ ਹਰਨਾਮ ਸਿੰਘ ਢੱਠੀ ਪੱਗ ਨਾਲ਼ ਆਪਣੇ ਘਰ ਆਉਂਦਾ ਹੈ ਤੇ ਆ ਕੇ ਆਪਣੀ ਪਤਨੀ ਜਸਵੰਤ ਕੌਰ ਸਾਹਵੇਂ ਵਾਲ਼ ਕਟਵਾ ਕੇ, ਪੱਗ ਸਦਾ ਲਈ ਲਾਹ ਕੇ ਰੱਖ ਦੇਣ ਦਾ ਐਲਾਨ ਕਰਦਾ ਹੈ। ਜਸਵੰਤ ਕੌਰ ਅਤੇ ਹਰਨਾਮ ਸਿੰਘ ਦਾ ਮਿੱਤਰ ਕਿਰਪਾਲ ਸਿੰਘ 'ਪੱਗ' ਨੂੰ ਸਿੱਖ ਧਰਮ ਨਾਲ਼ ਜੁੜਿਆ ਚਿੰਨ੍ਹ ਸਮਝਦੇ ਹਨ। ਉਨ੍ਹਾਂ ਦੋਹਾਂ (ਜਸਵੰਤ ਕੌਰ ਤੇ ਕਿਰਪਾਲ ਸਿੰਘ ) ਲਈ ਹਰਨਾਮ ਸਿੰਘ ਦੁਆਰਾ ਪੱਗ ਨਾ ਬੰਨ੍ਹਣ ਦੇ ਐਲਾਨ ਦਾ ਅਰਥ ਹੈ ਸਿੱਖ ਧਰਮ ਤੋਂ ਮੁਨਕਰ ਹੋਣਾ; ਇਸੇ ਕਰਕੇ ਉਹ ਹਰਨਾਮ ਸਿੰਘ ਦੇ ਵਾਲ਼ ਕਟਾਉਣ ਅਤੇ ਪੱਗ ਨਾ ਬੰਨ੍ਹਣ ਦੇ ਫ਼ੈਸਲੇ ਦਾ ਜ਼ੋਰਦਾਰ ਵਿਰੋਧ ਕਰਦੇ ਹਨ। ਦੂਜੇ ਪਾਸੇ ਹਰਨਾਮ ਸਿੰਘ ਦਾ ਚਚੇਰਾ ਭਾਈ ਬਲਵੰਤ, ਜਿਹੜਾ ਕਿ ਵਿਦੇਸ਼ੀ ਧਰਤੀ ਉੱਤੇ ਪਹੁੰਚ ਕੇ ਵਾਲ਼ ਕਟਵਾ ਕੇ ਕਲੀਨ ਸ਼ੇਵ ਹੋ ਗਿਆ ਸੀ, ਉਹ ਤਰਕ ਦਿੰਦਾ ਹੈ ਕਿ 'ਇਸ ਧਰਤੀ ਦਾ ਜਿਹੋ–ਜਿਹਾ ਸੱਭਿਆਚਾਰ ਹੈ, ਸਾਨੂੰ ਉਵੇਂ ਜੇ ਢਲ਼ ਜਾਣਾ ਚਾਹੀਦਾ ਹੈ ਤਾਂ ਕਿ ਇੱਥੋਂ ਦੇ ਰਹਿਣ ਵਾਲ਼ੇ ਪੱਕੇ ਲੋਕ (ਆਵਾਸੀ), ਸਾਡੇ ਵੱਖਰੇ ਸੱਭਿਆਚਾਰ ਕਰਕੇ ਸਾਨੂੰ ਪਰਦੇਸੀ ਤੇ ਪਰਵਾਸੀ ਸਮਝ ਕੇ ਨਫ਼ਰਤ ਨਾ ਕਰਨ।' ਉਹ ਹਰਨਾਮ ਸਿੰਘ ਨੂੰ ਵਾਲ਼ ਕਟਵਾ ਕੇ ਅੰਗਰੇਜ਼ਾਂ ਵਰਗਾ ਦਿਸਣ ਲਈ ਪ੍ਰੇਰਦਾ ਹੈ।

ਹਰਨਾਮ ਸਿੰਘ ਦੇ ਮੁੰਡੇ ਗੁਰਦੀਪ ਸਿੰਘ ਦਾ ਇਸ ਮਾਮਲੇ ਸਬੰਧੀ ਦ੍ਰਿਸ਼ਟੀਕੋਣ ਸਭ ਤੋਂ ਵੱਖਰਾ ਹੈ। ਹਾਲਾਂਕਿ ਉਹ ਆਪ ਮੋਨਾ ਹੈ, ਪੱਗ ਨਹੀਂ ਬੰਨ੍ਹਦਾ ਪਰ ਆਪਣੇ ਡੈਡੀ ਦੇ ਪੱਗ ਬੰਨ੍ਹੇ ਜਾਣ ਦੀ ਹਮਾਇਤ ਕਰਦਾ ਹੈ। ਗੁਰਦੀਪ ਦਾ ਪੱਗ ਸਬੰਧੀ ਦ੍ਰਿਸ਼ਟੀਕੋਣ ਧਾਰਮਿਕ ਨਹੀਂ ਸਮਾਜਿਕ-ਸੱਭਿਆਚਾਰਕ ਹੈ, ਨਾਲ਼ ਹੀ ਉਹ ਇਨਸਾਨ ਦੀ ਆਪਣੀ ਮਰਜ਼ੀ ਤੇ ਖ਼ੁਸ਼ੀ ਸਬੰਧੀ ਵੀ ਤਰਕ ਦਿੰਦਾ ਹੈ। ਅਖ਼ੀਰ 'ਤੇ ਸਭ ਕਾਸੇ ਤੋਂ ਕਣਤਾਇਆ ਹਰਨਾਮ ਸਿੰਘ ਜਦੋਂ ਬਾਥਰੂਮ ਵਿੱਚ ਵੜ ਜਾਂਦਾ ਹੈ ਤੇ ਕਾਫ਼ੀ ਸਮਾਂ ਬਾਹਰ ਨਹੀਂ ਨਿਕਲ਼ਦਾ ਤਾਂ ਸਾਰੇ ਇਸ ਗੱਲ ਨੂੰ ਲੈ ਕੇ ਚਿੰਤਾ ਕਰਦੇ ਹਨ ਕਿ ਗੁੱਸੇ ਹੋਇਆ ਹਰਨਾਮ ਸਿੰਘ ਬਾਥਰੂਮ ਵਿੱਚ ਵਾਲ਼ ਨਾ ਕੱਟ ਰਿਹਾ ਹੋਵੇ ਪਰ ਜਦੋਂ ਹਰਨਾਮ ਸਿੰਘ ਪੋਚਵੀਂ ਪੱਗ ਬੰਨ੍ਹ ਕੇ, ਹੱਥ ਵਿੱਚ ਡਾਂਗ ਫੜ ਕੇ ਬਾਹਰ ਆਉਂਦਾ ਹੈ ਤਾਂ ਸਾਰਿਆਂ ਨੂੰ ਸੌਖਾ ਸਾਹ ਆਉਂਦਾ ਹੈ। ਹਰਨਾਮ ਸਿੰਘ ਦੇ ਹੱਥ ਵਿੱਚ ਫੜੀ ਡਾਂਗ ਇਹ ਸੂਚਨਾ ਦਿੰਦੀ ਹੈ ਕਿ ਹਰਨਾਮ ਸਿੰਘ ਨੇ ਵਾਲ਼ ਕਟਾਉਣ ਦਾ ਇਰਾਦਾ ਤਿਆਗ ਦਿੱਤਾ ਹੈ ਅਤੇ ਹੁਣ ਆਪਣੀ ਵੱਖਰੀ ਸ਼ਖ਼ਸੀਅਤ ਦੇ ਵੱਖਰੇ ਚਿੰਨ੍ਹ 'ਪੱਗ' ਨੂੰ ਬਚਾਈ ਰੱਖਣ ਲਈ ਉਹ ਜ਼ੋਰ/ਬਲ ਦਾ ਆਸਰਾ ਲਵੇਗਾ।

ਇਸ ਇਕਾਂਗੀ ਵਿੱਚ ਤਿੰਨੇ ਏਕਤਾਵਾਂ ਦੇ ਨਿਯਮ ਨੂੰ ਪੂਰੀ ਕਰੜਾਈ ਤਹਿਤ ਨਿਭਾਇਆ ਗਿਆ ਹੈ। ਇਸ ਇਕਾਂਗੀ ਦਾ ਸਮਾਂ ਵਰਤਮਾਨ ਦਾ ਹੈ ਅਤੇ ਸਾਰਾ ਘਟਨਾਕ੍ਰਮ ਇੱਕ-ਅੱਧ ਘੰਟੇ ਵਿੱਚ ਹੀ ਸਿਮਟਿਆ ਹੋਇਆ ਹੈ। ਸਥਾਨ ਦੀ ਏਕਤਾ ਪੱਖੋਂ ਇਹ ਪਰਦੇਸੀ ਧਰਤੀ ਵੈਨਕੂਵਰ/ਕੈਨੇਡਾ ਦੇ ਇੱਕ ਪੰਜਾਬੀ ਪਰਿਵਾਰ ਦੇ ਡਰਾਇੰਗ ਰੂਮ ਵਿੱਚ ਵਾਪਰੀ ਘਟਨਾ ਹੈ। ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਦਾ ਸਾਰਾ ਕਾਰਜ-ਕ੍ਰਮ ਉਸੇ ਡਰਾਇੰਗ ਰੂਮ ਵਿੱਚ ਹੀ ਵਾਪਰਦਾ ਹੈ। ਸਥਿਤੀ ਜਾਂ ਕਾਰਜ ਦੀ ਏਕਤਾ ਦੀ ਤਾਂ ਮਿਸਾਲ ਦੇਣੀ ਬਣਦੀ ਹੈ। ਸਾਰਾ ਕਾਰਜ-ਕ੍ਰਮ 'ਪੱਗ' (ਨਿੱਜੀ ਆਜ਼ਾਦੀ ਦਾ ਪ੍ਰਤੀਕ) ਦੁਆਲ਼ੇ ਉਸਰਿਆ ਹੋਇਆ ਹੈ। ਇਕਾਂਗੀ ਦੀ ਸ਼ੁਰੂਆਤ ਪੱਗ ਦੇ ਮਸਲੇ ਨਾਲ਼ ਹੁੰਦੀ ਹੈ ਅਤੇ ਅੰਤ ਵੀ ਪੱਗ ਬੰਨ੍ਹਣ ਦੇ ਫ਼ੈਸਲੇ ਨਾਲ਼ ਹੀ ਹੁੰਦਾ ਹੈ।

### 6.4.4. ਪਾਤਰ ਅਤੇ ਪਾਤਰ ਚਿਤਰਨ

ਇਸ ਇਕਾਂਗੀ ਦੇ ਪਾਤਰ ਵੱਖੋ-ਵੱਖਰੇ ਦ੍ਰਿਸ਼ਟੀਕੋਣ ਦੇ ਧਾਰਨੀ ਹਨ, ਇਸ ਲਈ ਵਾਰਤਾਲਾਪ ਦੌਰਾਨ ਹਰੇਕ ਆਪਣੇ ਦ੍ਰਿਸ਼ਟੀਕੋਣ ਨੂੰ ਸਹੀ ਸਾਬਤ ਕਰਨ ਲਈ ਤਾਰਕਿਕ ਵਿਆਖਿਆ ਪੇਸ਼ ਕਰਦਾ ਹੈ, ਜਿਸ ਸਦਕਾ ਮੰਚ ਉੱਤੇ ਨਾਟਕੀ-ਕਾਰਜ ਭਖਦਾ ਰਹਿੰਦਾ ਹੈ।

ਜਸਵੰਤ ਕੌਰ ਅਤੇ ਕਿਰਪਾਲ ਸਿੰਘ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਪਰਣਾਏ ਹੋਏ ਸਿੱਖ ਹਨ। ਉਨ੍ਹਾਂ ਦੇ ਵਾਰਤਾਲਾਪਾਂ ਵਿੱਚੋਂ ਉਦੋਂ ਸਿੱਖ ਧਰਮ ਨੂੰ ਲੈ ਕੇ ਭਾਵੁਕਤਾ ਤੋਂ ਅਗਾਂਹ ਉਪਭਾਵੁਕਤਾ ਝਲਕਦੀ ਹੈ, ਜਦੋਂ ਉਹ ਧਾਰਮਿਕ ਚਿੰਨ੍ਹ ਪੱਗ ਨੂੰ ਬਚਾਈ ਰੱਖਣ ਲਈ ਹਰਨਾਮ ਸਿੰਘ ਨੂੰ ਹਰੇਕ ਤਰ੍ਹਾਂ ਦਾ ਤਸ਼ੱਦਦ ਸਹਿਣ ਲਈ ਪ੍ਰੇਰਿਤ ਕਰਦੇ ਹਨ।

ਬਲਵੰਤ, ਢਲਣ ਵਾਲ਼ੀ ਮਾਨਸਿਕਤਾ ਵਾਲ਼ਾ ਬੰਦਾ ਹੈ ਜਿਹੜਾ ਕਿ ਵਿਦੇਸ਼ੀ ਧਰਤੀ ਉੱਤੇ ਪੈਰ ਜਮਾਉਣ ਲਈ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਨ ਲਈ ਤਿਆਰ ਰਹਿੰਦਾ ਹੈ। ਇਸੇ ਲਈ ਉਹ ਹਰਨਾਮ ਸਿੰਘ ਨੂੰ ਪੱਗ ਤਿਆਗ ਕੇ

ਗੋਰਿਆਂ ਦੇ ਕਲਚਰ ਵਿੱਚ ਰੰਗ ਜਾਣ ਦੀ ਸਲਾਹ ਦਿੰਦਾ ਹੈ, ਜਿਸ ਕਰਕੇ ਉਸਦੀ ਬਾਕੀਆਂ ਨਾਲ਼ ਕਾਫ਼ੀ ਤਿੱਖੀ ਬਹਿਸ ਹੁੰਦੀ ਹੈ।

ਗੁਰਦੀਪ ਇੱਕ ਸੰਤੁਲਿਤ ਸੋਚ ਤੇ ਪਹੁੰਚ ਵਾਲ਼ਾ ਇਨਸਾਨ ਹੈ। ਪੱਗ ਉਸ ਲਈ ਸਿੱਖ ਧਰਮ ਦਾ ਨਹੀਂ ਬਲਕਿ ਵਿਅਕਤੀਗਤ ਆਜ਼ਾਦੀ ਦਾ ਪਰਵਾਨਾ ਹੈ। ਉਹ ਆਪਣੇ ਪਿਤਾ ਹਰਨਾਮ ਦੇ ਪੱਗ ਬੰਨ੍ਹੇ ਜਾਣ ਦੀ ਹਾਮੀ ਭਰਦਾ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ ਵਿਅਕਤੀ ਨੂੰ ਆਪਣੀ ਪਛਾਣ ਬਣਾਉਣ ਅਤੇ ਆਪਣੀ ਹੋਂਦ ਬਚਾਉਣ ਲਈ ਜੂਝਣਾ ਚਾਹੀਦਾ ਹੈ। ਨਸਲ, ਰੰਗ, ਧਰਮ, ਕੌਮ, ਜਾਤ ਆਦਿ ਦੂਜੈਲੇ ਵਿਸ਼ੇ ਹਨ, ਪ੍ਰਾਇਮਰੀ ਵਿਸ਼ਾ ਵਿਅਕਤੀਗਤ ਆਜ਼ਾਦੀ ਹੈ। ਜੇ ਵਿਅਕਤੀਗਤ ਆਜ਼ਾਦੀ ਹੀ ਖੁੱਸ ਗਈ ਤਾਂ ਆਜ਼ਾਦ ਬੰਦਾ ਆਪਣੇ ਆਪ ਨੂੰ ਇਸ ਸਮਾਜ ਦੀ ਖੁੱਲ੍ਹੀ ਜੇਲ੍ਹ ਦਾ ਕੈਦੀ ਸਮਝਣ ਲੱਗ ਪਵੇਗਾ।

### 6.4.5. ਭਾਸ਼ਾ ਅਤੇ ਵਾਰਤਾਲਾਪ/ਸੰਵਾਦ

ਇਕਾਂਗੀ ਵਿਚਲੇ ਸੰਵਾਦ ਯਥਾਰਥਕ ਸ਼ੈਲੀ ਵਾਲ਼ੇ ਹਨ, ਅਲੰਕਾਰਕ ਭਾਸ਼ਾ ਵਾਲ਼ੇ ਨਹੀਂ ਹਨ। ਸੰਵਾਦ ਪਾਤਰਾਂ ਮੁਤਾਬਕ ਢੁਕਵੇਂ ਹਨ। ਕਿਤੇ ਵੀ ਇਹ ਨਹੀਂ ਜਾਪਦਾ ਕਿ ਫਲਾਂ ਡਾਇਲਾੱਗ ਦੇ ਸ਼ਬਦ ਇਕਾਂਗੀਕਾਰ ਨੇ ਧੱਕੇ ਨਾਲ਼ ਫਲਾਂ ਪਾਤਰ ਦੇ ਮੂੰਹ ਵਿੱਚ ਪਾਏ ਹਨ। ਸਾਰੇ ਵਾਰਤਾਲਾਪਾਂ ਵਿੱਚ ਯਥਾਰਥਕ ਸਹਿਜਤਾ ਹੈ। ਪਾਤਰਾਂ ਦੇ ਸੁਭਾਅ ਅਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਆਧਾਰਤ ਸੰਵਾਦ, ਯਥਾਰਥਕਤਾ ਦੀ ਰੰਗਤ ਨੂੰ ਹੋਰ ਗੂੜ੍ਹਿਆਂ ਕਰ ਦਿੰਦੇ ਹਨ। ਕਿਤੇ–ਕਿਤੇ ਤਰਕਮਈ ਡਿਬੇਟ ਮੰਚੀ ਮੂਵਮੈਂਟਸ ਦੀ ਘਾਟ ਨੂੰ ਵੀ ਕੱਜ ਲੈਂਦੀ ਹੈ :

ਗੁਰਦੀਪ : ਪੱਗ ਦਾ ਤਾਂ ਸ਼ਾਇਦ ਕੋਈ ਫਾਇਦਾ ਹੋਊ... ਪਰ ਆਹ ਥੋਡੇ ਗਲ਼ 'ਚ ਲੱਗੀ ਟਾਈ ਦਾ ਕੀ ਫਾਇਦਾ ?

ਬਲਵੰਤ : ਟਾਈ ਦਾ ?

ਗੁਰਦੀਪ : ਜੇ ਇਹ ਫਜ਼ੂਲ ਜਿਹੀ ਲੀਰ ਤੁਹਾਡੀ ਡਰੈਸ ਦਾ ਹਿੱਸਾ ਬਣਦੀ ਸਕਦੀ ਹੈ ਤਾਂ ਪੱਗ ਨ੍ਹੀਂ ਬਣ ਸਕਦੀ ?

ਬਲਵੰਤ : ਟਾਈ ਦੀ ਗੱਲ ਹੋਰ ਐ।

ਗੁਰਦੀਪ : ਗੱਲ ਤਾਂ ਐਨੀ ਈ ਐ ਕਿ ਟਾਈ ਅੰਗਰੇਜ਼ ਨੇ ਲੈਣੀ ਸ਼ੁਰੂ ਕੀਤੀ ਸੀ ਤੇ ਪੱਗ ਅੰਗਰੇਜ਼ ਨੇ ਨਹੀਂ ਕੀਤੀ।

### 6.4.6. ਵਾਤਾਵਰਨ ਅਤੇ ਰੰਗਮੰਚਤਾ

ਇਸ ਇਕਾਂਗੀ ਦੀ ਦਿੱਖ ਯਥਾਰਥਕ ਰੰਗਤ ਵਾਲ਼ੀ ਹੈ। ਸੋ ਇਸ ਦਾ ਵਾਤਾਵਰਣ ਸਿਰਜਣ ਲਈ ਯਥਾਰਥ ਦਾ ਭੁਲਾਂਦਰਾ ਸਿਰਜਣ ਵਾਲ਼ੇ ਸੈੱਟ ਦੀ ਲੋੜ ਹੈ। ਇੱਕ ਮੱਧਵਰਗੀ ਪਰਿਵਾਰ ਦਾ ਡਰਾਇੰਗ ਰੂਮ ਹੈ, ਜਿਸ ਨੂੰ ਕਿ ਆਸਾਨੀ ਨਾਲ਼ ਸਿਰਜਿਆ ਜਾ ਸਕਦਾ ਹੈ ਪਰ ਦਿੱਖਤ ਡਰਾਇੰਗ ਰੂਮ ਦੇ ਸੈੱਟ ਤੋਂ ਇਹ ਕਿਸੇ ਵੀ ਤਰ੍ਹਾਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਕਿ ਉਹ ਡਰਾਇੰਗ ਰੂਮ ਕਿਹੜੀ ਧਰਤੀ ਉੱਤੇ ਸਥਿਤ ਹੈ। ਸੋ ਜਾਂ ਤਾਂ ਇਕਾਂਗੀ ਦੀ ਸ਼ੁਰੂਆਤ ਵਿੱਚ ਇਸ ਸਬੰਧੀ ਬੋਲ ਕੇ ਦੱਸਿਆ ਜਾ ਸਕਦਾ ਹੈ ਕਿ ਇਹ ਡਰਾਇੰਗ ਰੂਮ ਦਾ ਦ੍ਰਿਸ਼ ਕੈਨੇਡਾ ਦੀ ਧਰਤੀ ਦਾ ਹੈ। ਜਾਂ ਫਿਰ ਸੈੱਟ ਵਿੱਚ ਕੁਝ–ਇੱਕ ਛੋਹਾਂ ਅਜਿਹੀਆਂ ਦਿੱਤੀਆਂ ਜਾ ਸਕਦੀਆਂ ਹਨ ਜਿਸ ਤੋਂ ਦਿੱਖਤ ਡਰਾਇੰਗ ਰੂਮ ਜਾਂ ਸੈੱਟ ਕੈਨੇਡਾ ਦੀ ਧਰਤੀ ਦਾ ਜਾਪੇ। ਤੀਸਰਾ ਪਾਤਰਾਂ ਦੀ ਭਾਸ਼ਾ ਵਿੱਚ ਅੰਗਰੇਜ਼ੀ–ਫ੍ਰੈਂਚ ਸ਼ਬਦਾਂ ਦੀ ਵਰਤੋਂ ਨਾਲ਼ ਅਤੇ ਕੈਨੇਡਾ ਦੀ ਧਰਤੀ ‘ਤੇ ਵਸਦੇ ਲੋਕਾਂ ਦੇ ਬੋਲ–ਲਹਿਜੇ ਦੀ ਨਕਲ ਕਰ ਕੇ ਵੀ ਮਾਹੌਲ ਉਸਾਰਿਆ ਜਾ ਸਕਦਾ ਹੈ।

ਘਟਨਾ ਇੱਕੋ ਸਮੇਂ ਤੇ ਸਥਾਨ ਦੀ ਹੈ, ਸੋ ਰੋਸ਼ਨੀ–ਪ੍ਰਭਾਵ ਸਿਰਜਣ ਦਾ ਤਰੱਦਦ ਕਰਨ ਦੀ ਲੋੜ ਨਹੀਂ ਅਤੇ ਨਾ ਹੀ ਪਿੱਠਵਰਤੀ ਸੰਗੀਤ ਵਾਤਾਵਰਨ–ਸਿਰਜਣ ਵਿੱਚ ਸਹਾਈ ਹੋ ਸਕਦਾ ਹੈ। ਇਕਾਂਗੀਕਾਰ ਨੇ ਸ਼ੁਰੂਆਤੀ ਡਿਸਕ੍ਰਿਪਸ਼ਨ ਵਿੱਚ ਨਿਰਦੇਸ਼ਕੀ ਟਿੱਪਣੀ ਦਿੱਤੀ ਹੈ, ਜਿਸ ਰਾਹੀਂ ਕਿ ਵਾਤਾਵਰਨ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਅਦਾਕਾਰਾਂ ਦੀ ਯਥਾਰਥਕ ਅਦਾਕਾਰੀ ਹੀ ਯਥਾਰਥਕਤਾ ਦਾ ਭੁਲਾਂਦਰਾ ਸਿਰਜਣ ਲਈ ਸਹਾਈ ਹੋਵੇਗੀ। ਇਕਾਂਗੀ ਦੀ ਸ਼ੁਰੂਆਤ ਹਰਨਾਮ ਸਿੰਘ ਦੇ Aggressive Mood ਨਾਲ਼ ਹੁੰਦੀ ਹੈ ਤਾਂ ਸ਼ੁਰੂ ਤੋਂ ਹੀ ਮੰਚ ਉੱਤੇ ਨਾਟਕੀ ਕਾਰਜ ਭਖਣਾ ਸ਼ੁਰੂ ਹੋ ਜਾਂਦਾ ਹੈ। ਤਿੱਖੀ ਬਹਿਸਬਾਜ਼ੀ, ਕਾਟਵੇਂ ਸੰਵਾਦ ਇਕਾਂਗੀ ਦੀ ਤੋਰ ਨੂੰ ਮੱਠਾ ਨਹੀਂ ਪੈਣ ਦਿੰਦੇ ਬਲਕਿ ਤਿੱਖਾ ਬਣਾਈ ਰਖਦੇ ਹਨ।

### 6.4.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼

ਇਕਾਂਗੀਕਾਰ ਨੇ ਨਸਲੀ ਵਿਤਕਰੇ ਵਾਲ਼ੀ ਮਾਨਸਿਕਤਾ ਉੱਤੇ ਪ੍ਰਸ਼ਨ ਚਿੰਨH ਲਾਉਣ ਦਾ ਯਤਨ ਕੀਤਾ ਹੈ। ਉਹ ਵਿਅਕਤੀ–ਆਜ਼ਾਦੀ ਦੀ ਤਾਂਘ ਰਖਦਾ ਹੈ। ਗੁਰਦੀਪ ਸਿੰਘ ਇਕਾਂਗੀਕਾਰ ਦੀ ਸੋਚ ਅਤੇ ਪਹੁੰਚ ਦਾ ਲਖਾਇਕ ਪਾਤਰ ਹੈ। ਇਕਾਂਗੀਕਾਰ ਨੇ ਪਰਦੇਸੀ ਧਰਤੀ ਉੱਤੇ ਵੀ ਵਿਅਕਤੀ ਆਜ਼ਾਦੀ ਦੇ ਹੱਕ ਨੂੰ ਮੂਲ ਹੱਕ ਵਜੋਂ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ। ਅਖ਼ੀਰ ‘ਤੇ ਇਕਾਂਗੀਕਾਰ ਅਜਮੇਰ ਰੋਡੇ ਇਸ ਗੱਲ ਨੂੰ ਵੀ ਸਥਾਪਿਤ ਕਰਦਾ ਹੈ ਕਿ ਵਿਅਕਤੀਗਤ ਆਜ਼ਾਦੀ ਦੀ ਪ੍ਰਾਪਤੀ ਲਈ, ਆਪਣੇ ਹੱਕਾਂ ਲਈ ਜੂਝਣਾ ਪੈਂਦਾ ਹੈ। ਹੱਕ ਬਹੁਤੀ ਵਾਰ ਮੰਗਿਆ ਨਹੀਂ ਮਿਲਦੇ, ਉਨ੍ਹਾਂ ਨੂੰ ਖੋਹਣਾ ਪੈਂਦਾ ਹੈ।

### 6.4.8. ਅਭਿਆਸ ਲਈ ਪ੍ਰਸ਼ਨ

1. 'ਦੂਜਾ ਪਾਸਾ' ਇਕਾਂਗੀ ਵਿੱਚ ਕਿਸ ਪ੍ਰਮੁੱਖ ਵਰਤਾਰੇ/ਘਟਨਾ ਦੁਆਲੇ ਇਸ ਇਕਾਂਗੀ ਦਾ ਕਥਾਨਕ ਬੁਣਿਆ ਗਿਆ ਹੈ ?
2. ਇਕਾਂਗੀ 'ਦੂਜਾ ਪਾਸਾ' ਦੇ ਡਰਾਇੰਗ–ਰੂਮ ਨੂੰ ਕੈਨੇਡਾ ਦੀ ਧਰਤੀ ਵਿਖੇ ਸਥਿਤ ਦਿਖਾਉਣ ਲਈ ਕਿਸ–ਕਿਸ ਤਰ੍ਹਾਂ ਦੇ ਨਿਰਦੇਸ਼ਕੀ ਯਤਨ ਕੀਤੇ ਜਾ ਸਕਦੇ ਹਨ ?
3. ਇਕਾਂਗੀਕਾਰ ਅਜਮੇਰ ਰੋਡੇ ਬਾਰੇ ਜਾਣ–ਪਛਾਣ ਕਰਵਾਓ ।

## 6.5. ਸਤੀਸ਼ ਕੁਮਾਰ ਵਰਮਾ ਰਚਿਤ ਇਕਾਂਗੀ 'ਪਰਤ ਆਉਣ ਤੱਕ' ਦਾ ਆਲੋਚਨਾਤਮਕ ਅਧਿਐਨ

### 6.5.1. ਇਕਾਂਗੀਕਾਰ ਨਾਲ਼ ਜਾਣ-ਪਛਾਣ

ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕਕਾਰਾਂ ਦੀ ਚੌਥੀ ਪੀੜ੍ਹੀ ਨਾਲ਼ ਸਬੰਧ ਰਖਦੇ ਹਨ। ਡਾ. ਵਰਮਾ ਨਾਟਕਕਾਰ ਹੋਣ ਦੇ ਨਾਲ਼–ਨਾਲ਼ ਇੱਕ ਵਧੀਆ ਸਟੇਜ ਸੰਚਾਲਕ, ਅਧਿਆਪਕ ਅਤੇ ਨਾਟ–ਸਮੀਖਿਕ ਵੀ ਹਨ। ਨਾਟ–ਸਮੀਖਿਕ ਵਜੋਂ ਉਹ ਤਿੰਨ ਦਰਜਨ ਤੋਂ ਵੱਧ ਕਿਤਾਬਾਂ ਦੀ ਰਚਨਾ ਕਰ ਚੁੱਕੇ ਹਨ। ਇੱਕ ਨਾਟਕਕਾਰ ਵਜੋਂ ਉਨ੍ਹਾਂ ਨੇ – 'ਟਕੋਰਾਂ, ਮਸਲਾ ਪੰਜਾਬ ਦਾ, ਦਾਇਰੇ, ਲੋਕ ਮਨਾਂ ਦਾ ਰਾਜਾ, ਇੱਕ ਗੀਤ ਦੀ ਮੌਤ, ਘੁਟਦੇ ਸਾਹਾਂ ਦੀ ਕਹਾਣੀ, ਸੁਪਨਿਆਂ ਦੇ ਕਾਤਿਲ' ਆਦਿ ਨਾਟ–ਲਿਖਤਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾਈਆਂ ਹਨ। ਭਾਰਤੀ ਸਾਹਿਤ ਅਕਾਦਮੀ ਵੱਲੋਂ ਸਾਲ 2012 ਵਿੱਚ ਡਾ. ਵਰਮਾ ਨੂੰ ਪੁਸਤਕ 'ਰੰਗਮੰਚ ਦਾ ਕੋਹਿਨੂਰ : ਪ੍ਰਿਥਵੀਰਾਜ ਕਪੂਰ' ਦਾ ਹਿੰਦੀ ਤੋਂ ਪੰਜਾਬੀ ਅਨੁਵਾਦ ਕਰਨ ਲਈ ਪੁਰਸਕਾਰ ਦਿੱਤਾ ਗਿਆ।

### 6.5.2. ਇਕਾਂਗੀ 'ਪਰਤ ਆਉਣ ਤੱਕ' ਦਾ ਵਿਸ਼ਾ-ਵਸਤੂ

ਇਹ ਇਕਾਂਗੀ/ਲਘੂ–ਨਾਟ ਪੰਜਾਬ ਸਮੱਸਿਆ ਨਾਲ਼ ਸਬੰਧਤ ਹੈ। ਇਸ ਇਕਾਂਗੀ ਵਿੱਚ ਇਕਾਂਗੀਕਾਰ ਨੇ ਜ਼ਮੀਨ ਵੰਡੇ ਜਾਣ, ਸੰਯੁਕਤ ਪਰਿਵਾਰਾਂ ਦੇ ਟੁੱਟਣ ਅਤੇ ਇਸ ਟੁੱਟ–ਭੱਜ ਦਾ ਦੁਖਾਂਤ ਹੰਢਾ ਰਹੀ ਪੁਰਾਣੀ ਪੀੜ੍ਹੀ ਦੇ ਬਿਰਤਾਂਤ ਰਾਹੀਂ, ਪ੍ਰਤੀਕਾਤਮਕ ਤੌਰ 'ਤੇ ਭਾਰਤ ਅਤੇ ਪਾਕਿਸਤਾਨ ਦੇ ਬਟਵਾਰੇ ਬਾਰੇ ਸੰਬਾਦ ਰਚਾਇਆ ਹੈ। ਇਕਾਂਗੀਕਾਰ ਨੇ ਦਰਸਾਇਆ ਹੈ ਕਿ ਜਿਵੇਂ ਇੱਕ ਪਰਿਵਾਰ ਦੇ ਬਟਵਾਰੇ ਤੋਂ ਬਾਅਦ ਪਰਿਵਾਰਾਂ ਵਿੱਚ ਮੋਹ–ਪਿਆਰ ਨਹੀਂ ਰਹਿੰਦਾ, ਲੜਾਈ–ਝਗੜੇ ਵਧ ਜਾਂਦੇ ਹਨ ਅਤੇ ਵੱਡੇ–ਬਜ਼ੁਰਗ ਇਸ ਲੜਾਈ–ਝਗੜੇ ਕਾਰਨ ਆਪਣੇ ਮਨ ਦੀ ਸ਼ਾਂਤੀ ਖੋਹ ਬਹਿੰਦੇ ਹਨ; ਉਸੇ ਤਰ੍ਹਾਂ ਭਾਰਤ–ਪਾਕਿਸਤਾਨ ਦੀ ਵੰਡ ਤੋਂ ਬਾਅਦ ਭਰਾਵਾਂ ਵਾਂਗ ਵਿਚਰ ਰਹੇ ਹਿੰਦੂ/ਸਿੱਖ ਤੇ ਮੁਸਲਮਾਨਾਂ ਵਿਚਕਾਰ ਮੋਹ–ਪਿਆਰ ਦੀਆਂ ਤੰਦਾਂ ਟੁੱਟ ਗਈਆਂ, ਦੋਹੇਂ ਦੇਸ਼ ਕੋਈ ਨਾ ਕੋਈ ਬਹਾਨਾ ਬਣਾ ਕੇ ਲੜਾਈਆਂ–ਜੰਗਾਂ ਕਰਦੇ ਆ ਰਹੇ ਹਨ ਜਿਸ ਕਾਰਨ ਮਨੁੱਖਤਾ ਦੀ ਕਣੀ ਰੱਖਣ ਵਾਲ਼ੇ ਮਾਨਵਤਾਵਾਦੀ ਇਨਸਾਨਾਂ ਨੂੰ ਮਾਨਸਿਕ ਸੰਤਾਪ ਹੰਢਾਉਣਾ ਪੈ ਰਿਹਾ ਹੈ। ਉਪ–ਵਿਸ਼ੇ ਵਜੋਂ ਇਕਾਂਗੀਕਾਰ ਨੇ ਪੀੜ੍ਹੀ–ਦਰ–ਪੀੜ੍ਹੀ

ਕਲਾਕਾਰੀ ਦੇ ਕਿੱਤੇ ਨੂੰ ਪਰਣਾਏ ਮੀਰ–ਆਲਮਾਂ ਦੇ ਅਜੋਕੇ ਸਮੇਂ ਬੇਰੁਜ਼ਗਾਰ ਹੋਣ ਅਤੇ ਇਸੇ ਵਜ੍ਹਾ ਆਪਣਾ ਜੱਦੀ ਕਿੱਤਾ ਛੱਡ ਕੇ ਹੋਰ ਕਿੱਤੇ ਕਰਨ ਲਈ ਮਜਬੂਰ ਹੋਣ ਦੀ ਤੰਦ ਨੂੰ ਵੀ ਛੋਹਿਆ ਹੈ।

### 6.5.3. ਕਥਾਨਕ

ਲੋਕ–ਨਾਟ ਸ਼ੈਲੀ 'ਨਕਲ' ਨਾਲ਼ ਸੰਬਾਦ ਰਚਾਉਂਦਾ ਇਹ ਇਕਾਂਗੀ/ਲਘੂ–ਨਾਟਕ 'ਪਰਤ ਆਉਣ ਤੱਕ' ਯਥਾਰਥਵਾਦੀ ਸ਼ੈਲੀ ਅਤੇ ਬਰੈਖ਼ਤ ਦੇ ਐਪਿਕ ਥੀਏਟਰ ਦੀ 'ਵਿੱਥ ਸਿਰਜਣ ਵਿਧੀ' ਦਾ ਸੁਮੇਲ ਹੈ। ਯਥਾਰਥਕ ਕਾਰਜ ਵਾਪਰਨ ਤੋਂ ਪਹਿਲਾਂ 'ਨਕਲਾਂ' ਦੀ ਜੁਗਤ, ਨਾਟਕੀ ਯਥਾਰਥ ਤੋਂ ਵਿੱਥ ਸਿਰਜ ਕੇ ਦਰਸ਼ਕਾਂ ਨੂੰ ਆਉਣ ਵਾਲ਼ੇ ਯਥਾਰਥ ਲਈ ਆਲੋਚਨਾਤਮਕ ਦ੍ਰਿਸ਼ਟੀ ਤੋਂ ਤਿਆਰ ਕਰਨ ਦਾ ਰੋਲ ਨਿਭਾਉਂਦੀ ਹੈ।

ਇਕਾਂਗੀਕਾਰ ਨੇ ਕਥਾਨਕ ਦੀ ਬੁਣਤੀ ਹਿੱਤ ਇੱਕ ਸੰਯੁਕਤ ਪਰਿਵਾਰ ਦੇ ਅੱਡ–ਅੱਡ ਹੋਣ, ਪਰਿਵਾਰਾਂ ਵਿੱਚੋਂ ਆਪਸੀ ਮੋਹ–ਪਿਆਰ ਘਟਣ ਤੇ ਨਫ਼ਰਤ ਵਧਣ ਅਤੇ ਅਖ਼ੀਰ ਦੋਹਾਂ ਪਰਿਵਾਰਾਂ ਦੇ ਮੁੜ ਇਕਜੁੱਟ ਹੋਣ ਦੀ ਘਟਨਾ ਨੂੰ ਪਰੋਇਆ ਹੈ। ਛੋਟੇ ਕੈਨਵਸ ਉੱਤੇ ਇਹ ਇੱਕ ਪਰਿਵਾਰ ਦੀ ਟੁੱਟ–ਭੱਜ ਜਾਪਦੀ ਹੈ ਪਰ ਇਕਾਂਗੀਕਾਰ ਵੱਡੇ ਕੈਨਵਸ ਉੱਤੇ ਇਸਨੂੰ ਭਾਰਤ–ਪਾਕਿ (ਪੰਜਾਬ ਵੰਡ) ਦੇ ਰੂਪ ਵਿੱਚ ਚਿਤਰਦਾ ਹੈ। ਦੋਹਾਂ ਪਰਿਵਾਰਾਂ ਦੀਆਂ ਔਰਤਾਂ ਦੀ ਤਕਰਾਰਬਾਜ਼ੀ, ਉਨ੍ਹਾਂ ਦੇ ਪਤੀਆਂ ਦੁਆਰਾ ਉਨ੍ਹਾਂ ਨੂੰ ਰੋਕਣ–ਵਰਜਣ ਦਾ ਪ੍ਰਤੀਕਰਮ, ਬੱਚਿਆਂ ਦਾ ਇਕਜੁੱਟ ਹੋ ਕੇ ਰਹਿਣ ਤੇ ਬਾਕੀ ਪਰਿਵਾਰ ਨੂੰ ਵੀ ਇੱਕਜੁਟ ਕਰਨ ਦਾ ਅਹਿਦ ਅਤੇ ਬਜ਼ੁਰਗ ਦੁਆਰਾ ਪਰਿਵਾਰ ਦੀ ਸਾਂਝ ਨੂੰ ਮੁੜ ਬਰਕਰਾਰ ਕਰਨ ਲਈ ਵਰਤੀ ਗਈ ਮਰਨ ਵਿਧੀ ਮੰਚ ਉੱਤੇ ਨਾਟਕੀ–ਕਾਰਜ ਨੂੰ ਜੀਵੰਤਤਾ ਪ੍ਰਦਾਨ ਕਰਦੇ ਹਨ।

ਇਕਾਂਗੀ ਵਿੱਚ ਸਥਾਨ ਦੀ ਏਕਤਾ ਦਾ ਨਿਯਮ ਭੰਗ ਹੋਇਆ ਹੈ। ਇਕਾਂਗੀ ਦਾ ਸ਼ੁਰੂਆਤੀ ਸੀਨ ਪਿੰਡ ਵਿੱਚ ਲੱਗੀ ਸਟੇਜ ਦਾ ਹੈ ਅਤੇ ਉਸ ਤੋਂ ਬਾਅਦ ਦਾ ਸਾਰਾ ਕਾਰਜ ਬਜ਼ੁਰਗ (ਪੰਜਾਬੀ) ਦੇ ਘਰ ਵਿਖੇ ਹੀ ਵਾਪਰਦਾ ਹੈ। ਸਮੇਂ ਦੀ ਏਕਤਾ ਵੀ ਬਰਕਰਾਰ ਨਹੀਂ ਰਹਿੰਦੀ ਕਿਉਂਕਿ ਇਹ ਇਕਾਂਗੀ 9 ਦ੍ਰਿਸ਼ਾਂ/ਝਾਕੀਆਂ/ਭਾਗਾਂ ਵਿੱਚ ਵੰਡੀ ਹੋਈ ਹੈ। ਇਹ ਭਾਗ 'ਸਮਾਂ–ਅੰਤਰਾਲ' ਨੂੰ ਦਰਸਾਉਣ ਲਈ ਹੀ ਕੀਤੇ ਗਏ ਹਨ। ਕਾਰਜ/ਸਥਿਤੀ ਦੀ ਏਕਤਾ ਦਾ ਨਿਯਮ ਵੀ ਭੰਗ ਹੋਇਆ ਹੈ ਕਿਉਂਕਿ ਸ਼ੁਰੂਆਤੀ ਦ੍ਰਿਸ਼ ਦਾ ਵਿਸ਼ਾ ਅਜੋਕੇ ਸਮੇਂ ਜੱਦੀ ਕੰਮਾਂਕਾਰਾਂ ਨਾਲ਼ ਜੁੜੇ ਕਲਾਕਾਰਾਂ ਦੀ ਆਰਥਿਕ ਤੌਰ 'ਤੇ ਹੋ ਰਹੀ ਦੁਰਗਤੀ ਨਾਲ਼ ਜੁੜਿਆ ਹੋਇਆ ਹੈ; ਜਦਕਿ ਬਾਕੀ 8 ਦ੍ਰਿਸ਼ ਇੱਕ ਵਿਸ਼ੇ (ਪਰਿਵਾਰ ਦਾ ਵਿਭਾਜਨ, ਲੜਾਈ–ਝਗੜਾ ਅਤੇ ਮੁੜ ਪਰਿਵਾਰ ਦਾ ਇਕਜੁਟ ਹੋ ਜਾਣਾ) ਨਾਲ਼ ਜੁੜੇ ਹੋਏ ਹਨ। ਪਰ ਕਿਉਂਕਿ ਇਕਾਂਗੀਕਾਰ ਆਪ ਇਸ ਨਾਟ–ਕ੍ਰਿਤੀ ਨੂੰ ਇਕਾਂਗੀ ਦੀ ਬਜਾਇ ਲਘੂ–ਨਾਟ ਵਜੋਂ ਸਿਰਲੇਖਿਤ ਕਰਦਾ ਹੈ ਤਾਂ ਉਸ ਪਰਥਾਇ ਇਹ ਸਮਾਂ, ਸਥਾਨ, ਕਾਰਜ ਦੀ ਏਕਤਾ ਦੇ ਨਿਯਮ ਦਾ ਭੰਗ ਹੋਣ ਅੱਖਰਦਾ ਨਹੀਂ।

### 6.5.4. ਪਾਤਰ ਅਤੇ ਪਾਤਰ ਚਿਤਰਨ

ਇਸ ਇਕਾਂਗੀ ਵਿੱਚ 9 ਕੁ ਪਾਤਰ ਹਨ, ਜਿਨ੍ਹਾਂ ਦੇ ਚਰਿੱਤਰ ਨੂੰ 7 ਅਦਾਕਾਰ ਹੀ ਅਭਿਨੀਤ ਕਰ ਸਕਦੇ ਹਨ ਕਿਉਂਕਿ ਸ਼ੁਰੂਆਤੀ ਦ੍ਰਿਸ਼ ਵਿੱਚ ਆਉਣ ਵਾਲ਼ੇ ਮਰਾਸੀ ਹੀ ਬਾਅਦ ਵਿੱਚ ਸੱਜਣ ਅਤੇ ਸੁੰਦਰ ਦੇ ਮੁੰਡੇ ਦੀਪਾ ਤੇ

ਜਿੰਦਾ ਬਣ ਕੇ ਆ ਸਕਦੇ ਹਨ। ਇਕਾਂਗੀ ਦੇ ਪਾਤਰਾਂ ਦੇ ਸੁਭਾਅ ਵਿੱਚ ਜੜ੍ਹੁੱਤ ਰੂਪ ਵਿੱਚ ਇਕਸਮਾਨਤਾ ਅਤੇ ਸੰਤੁਲਨ ਨਜ਼ਰ ਆਉਂਦਾ ਹੈ। ਜਿਵੇਂ ਕਿ ਦੋਵੇਂ ਭਰਾਵਾਂ (ਸੱਜਣ ਤੇ ਸੁੰਦਰ) ਦਾ ਸੁਭਾਅ ਆਪਸ ਵਿੱਚ, ਦੋਹਾਂ ਤ੍ਰੀਮਤਾਂ ਦਾ ਸੁਭਾਅ ਆਪਸ ਵਿੱਚ ਅਤੇ ਦੋਵੇਂ ਨੌਜਵਾਨ ਬੱਚਿਆਂ (ਦੀਪਾ ਤੇ ਜਿੰਦਾ) ਦਾ ਸੁਭਾਅ ਆਪਸ ਵਿੱਚ ਬਹੁਤ ਰਲ਼ਦਾ ਹੈ। ਔਰਤਾਂ ਕਲੇਸ਼ੀ ਸੁਭਾਅ ਦੀਆਂ ਹਨ, ਉਨ੍ਹਾਂ ਦੇ ਪਤੀ (ਦੋਵੇਂ ਭਰਾ) ਬਲ਼ਦੀ ਨੂੰ ਬੁਝਾਉਣ ਵਾਲ਼ੇ ਹਨ ਜਦਕਿ ਦੋਵੇਂ ਮੁੰਡੇ (ਜਿੰਦਾ ਤੇ ਦੀਪਾ) ਸਮਝੌਤਾਮਈ ਰਵੱਈਏ ਵਾਲ਼ੇ ਹਨ। ਬਜ਼ੁਰਗ (ਪੰਜਾਬੀ) ਇਕਾਂਗੀਕਾਰ ਦੀ ਸੋਚ ਅਤੇ ਪਹੁੰਚ ਦੀ ਪ੍ਰਤੀਨਿਧਤਾ ਕਰਦਾ ਹੋਇਆ ਪਾਤਰ ਹੈ, ਜਿਹੜਾ ਕਿ ਟੁੱਟੇ ਪਰਿਵਾਰ ਨੂੰ ਮੁੜ ਗੰਢਣ ਵਾਲ਼ਾ ਵਾਹਕ ਬਣਦਾ ਹੈ।

### 6.5.5. ਭਾਸ਼ਾ ਅਤੇ ਵਾਰਤਾਲਾਪ/ਸੰਵਾਦ

ਇਸ ਇਕਾਂਗੀ ਦੇ ਵਾਰਤਾਲਾਪ/ਸੰਵਾਦ ਯਥਾਰਥਕ ਰੰਗਤ ਵਾਲ਼ੇ ਹਨ ਪਰ ਪੂਰੇ ਮਾਂਜੇ-ਸਵਾਰੇ ਹੋਏ। ਇਕਾਂਗੀਕਾਰ ਸ਼ਹਿਰੀ ਅਤੇ ਪੇਂਡੂ ਭਾਸ਼ਾ ਉੱਤੇ ਇੱਕੋ ਜਿਹੀ ਪਕੜ ਅਤੇ ਇੱਕੋ ਸ਼ਬਦ ਵਿੱਚ ਵਾਕ ਸਿਰਜਣ ਦੀ ਅਦੁੱਤੀ ਸਮਰਥਾ ਹੋਣ ਦਾ ਦਾਅਵਾ ਕਰਦਾ ਹੈ, ਜਿਸ ਦੀ ਝਲਕ ਕਿਤੇ-ਕਿਤੇ ਇਸ ਇਕਾਂਗੀ ਵਿੱਚ ਦਿਖਾਈ ਦਿੰਦੀ ਹੈ। ਤਿੱਖੇ ਕਾਟਵੇਂ ਸੰਵਾਦ, ਨਾਟਕੀ ਕਾਰਜ ਨੂੰ ਗਤੀ ਪ੍ਰਦਾਨ ਕਰਦੇ ਹਨ। ਇਕਾਂਗੀਕਾਰ ਨੇ ਹਾਸ-ਵਿਅੰਗ ਜੁਗਤੀ ਦੀ ਵੀ ਢੁਕਵੀਂ ਵਰਤੋਂ ਕੀਤੀ ਹੈ, ਜਿਸ ਨਾਲ਼ ਨਾਟਕ ਵਿੱਚ ਰਸ, ਗਹਿਰਾਈ ਅਤੇ ਗੰਭੀਰਤਾ ਬਣੇ ਰਹਿੰਦੇ ਹਨ। ਇਕਾਂਗੀਕਾਰ ਨੇ ਪਾਤਰਾਂ ਦੀ ਪਛਾਣ ਸਥਾਪਿਤ ਕਰਨ ਲਈ ਹਰੇਕ ਪਾਤਰ ਨੂੰ ਇੱਕ ਵੱਖਰੀ ਤਰ੍ਹਾਂ ਦਾ ਭਾਸ਼ਾਈ ਲਹਿਜਾ (ਮੁਹਾਵਰਾ) ਪ੍ਰਦਾਨ ਕੀਤਾ ਹੈ, ਜਿਸ ਕਰਕੇ ਇੱਕੋ ਜਿਹੇ ਸੁਭਾਵਾਂ ਵਾਲ਼ੇ ਤਿੰਨੇ ਜੋੜੇ ਪਾਤਰ (ਦੋਵੇਂ ਭਰਾ, ਦੋਵੇਂ ਘਰਵਾਲ਼ੀਆਂ, ਦੋਵੇਂ ਮੁੰਡੇ) ਵੀ ਆਪੋ-ਆਪਣੇ ਪਾਤਰਾਂ ਨੂੰ ਵੱਖੋ-ਵੱਖਰੇ ਰੂਪ ਵਿੱਚ ਸਥਾਪਿਤ ਕਰਨ ਵਿੱਚ ਸਫ਼ਲ ਰਹਿੰਦੇ ਹਨ।

### 6.5.6. ਵਾਤਾਵਰਨ ਅਤੇ ਰੰਗਮੰਚਤਾ

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਇਸ ਇਕਾਂਗੀ-ਨਾਟ ਵਿੱਚ ਦੋ ਵੱਖੋ-ਵੱਖਰੇ ਸਥਾਨਾਂ ਉੱਤੇ ਨਾਟਕੀ ਕਾਰਜ ਵਾਪਰਦਾ ਹੈ। ਇੱਕ ਸਟੇਜ/ਮੰਚ ਦਾ ਦ੍ਰਿਸ਼ ਹੈ ਅਤੇ ਦੂਸਰਾ ਘਰ ਦਾ ਵਿਹੜਾ, ਇਸ ਲਈ ਇਨ੍ਹਾਂ ਦੋਵੇਂ ਸਥਾਨਾਂ ਦੀ ਯਥਾਰਥਕਤਾ ਨੂੰ ਕਾਇਮ ਕਰਨ ਲਈ ਅਤੇ ਦੋਵੇਂ ਤਰ੍ਹਾਂ ਦੇ ਵੱਖ-ਵੱਖ ਸਥਾਨਾਂ ਦਾ ਪ੍ਰਭਾਵ ਸਿਰਜਣ ਲਈ ਸੈੱਟ ਬਦਲਾਅ ਦੀ ਲੋੜ ਪਵੇਗੀ। ਇਸ ਕਿਰਿਆ ਨੂੰ ਪੂਰਾ ਕਰਨ ਲਈ (ਭਾਵ ਸੈੱਟ ਬਦਲੀ ਲਈ) ਪਹਿਲੇ ਦ੍ਰਿਸ਼ ਤੋਂ ਬਾਅਦ ਪਰਦਾ ਵੀ ਸੁੱਟਿਆ ਜਾ ਸਕਦਾ ਹੈ ਜਾਂ ਰੋਸ਼ਨੀ ਬੰਦ ਕਰ ਕੇ ਵੀ ਸੈੱਟ ਬਦਲਿਆ ਜਾ ਸਕਦਾ ਹੈ। ਤੀਜਾ ਬਦਲ ਰੋਸ਼ਨੀ ਦੀ ਸਹਾਇਤਾ ਨਾਲ਼ ਸਟੇਜ ਦੀ ਪਾਰਟੀਸ਼ਨ ਕਰ ਕੇ ਏਰੀਏ ਵੰਡੇ ਜਾ ਸਕਦੇ ਹਨ। ਚੌਥਾ ਬਦਲ ਇਹ ਹੈ ਕਿ ਮਰਾਸੀਆਂ ਵਾਲ਼ਾ ਸੀਨ, ਪਰਦਾ ਚੁੱਕੇ ਬਗੈਰ, ਸਟੇਜ ਦੇ ਅਗਲੇ ਵਧਵੇਂ ਹਿੱਸੇ ਵਿੱਚ ਖੇਡਿਆ ਜਾ ਸਕਦਾ ਹੈ, ਪਰਦੇ ਚੁੱਕੇ ਜਾਣ ਤੋਂ ਪਹਿਲਾਂ।

ਇਸ ਇਕਾਂਗੀ–ਨਾਟ ਦੀ ਸਫ਼ਲ ਪੇਸ਼ਕਾਰੀ ਲਈ ਬਾਹਰੀ ਸਹਾਇਤਾਵਾਂ (External Aids) ਦੀ ਵਰਤੋਂ ਅਤਿ ਲਾਜ਼ਮੀ ਹੈ। ਸੈੱਟ ਦੇ ਨਾਲ਼–ਨਾਲ਼ ਪ੍ਰੋਪਰਟੀ, ਵੇਸਭੂਸ਼ਾ, ਮੇਕਅੱਪ ਵਿੱਚ ਵੀ ਬਦਲਾਅ ਜ਼ਰੂਰੀ ਹੈ। ਪਿੱਠਵਰਤੀ ਸੰਗੀਤ ਨਾਲ਼ ਦੁਖਾਂਤ ਅਤੇ ਲੜਾਈ ਦੇ ਦ੍ਰਿਸ਼ਾਂ ਨੂੰ ਹੋਰ ਯਥਾਰਥਕ ਤੇ ਰਸ–ਭਰਪੂਰ ਬਣਾਇਆ ਜਾ ਸਕਦਾ ਹੈ।

### 6.5.7. ਇਕਾਂਗੀ ਲਿਖਣ ਪਿੱਛੇ ਇਕਾਂਗੀਕਾਰ ਦਾ ਉਦੇਸ਼

ਇਕਾਂਗੀਕਾਰ ਦਾ ਉਦੇਸ਼ ਇਸ ਇਕਾਂਗੀ ਰਾਹੀਂ ਦੋ ਮਸਲਿਆ ਵੱਲ੍ਹ ਸਾਡਾ ਧਿਆਨ ਦਿਵਾਉਣਾ ਹੈ। ਪਹਿਲਾ ਮਸਲਾ ਤਾਂ ਪਰੰਪਰਕ/ਜੱਦੀ ਕਿੱਤੇ ਨਾਲ਼ ਜੁੜੇ ਕਲਾਕਾਰਾਂ (ਜਿਵੇਂ ਕਿ ਮੀਰ ਆਲਮ ਆਦਿ) ਦੀ ਡਿੱਗ–ਢਹਿ ਰਹੀ ਆਰਥਿਕਤਾ ਨੂੰ ਥੰਮੀ ਦੇਣਾ ਹੈ। ਦੂਸਰਾ ਮਸਲਾ ਪਰਿਵਾਰਾਂ ਵਿੱਚ ਹੋ ਰਹੇ ਬਟਵਾਰਿਆਂ ਦਾ ਦੁਖਾਂਤ ਦਿਖਾ ਕੇ, ਬਟਵਾਰਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਨਾਲ਼ ਜੁੜਿਆ ਹੋਇਆ ਹੈ। ਵੱਡੇ ਕੈਨਵਸ ਉੱਤੇ ਇਕਾਂਗੀਕਾਰ ਘਰਾਂ ਦੇ ਬਟਵਾਰੇ ਨੂੰ ਪੰਜਾਬ ਵੰਡ (ਭਾਰਤ–ਪਾਕਿ ਵੰਡ) ਦੇ ਪ੍ਰਤੀਕ ਵਜੋਂ ਪੇਸ਼ ਕਰਦਾ ਹੈ ਅਤੇ ਇੱਛਤ ਯਥਾਰਥ ਵਜੋਂ ਚੜ੍ਹਦਾ ਅਤੇ ਲਹਿੰਦਾ ਦੋਹੇਂ ਪੰਜਾਬਾਂ ਦੇ ਮੁੜ ਇੱਕ ਹੋ ਜਾਣ ਦਾ ਸੁਪਨਾ ਵੇਖਦਾ ਹੈ।

### 6.5.8. ਅਭਿਆਸ ਲਈ ਪ੍ਰਸ਼ਨ

1. 'ਪਰਤ ਆਉਣ ਤੱਕ' ਵਿੱਚ ਪ੍ਰਸਤੁਤ 'ਦ੍ਰਿਸ਼–ਪਹਿਲਾ' ਸ਼ੈਲੀ, ਵਿਸ਼ਾ ਅਤੇ ਵਾਤਾਵਰਨਿਕ ਰੰਗਮੰਚਤਾ ਪੱਖੋਂ, ਇਸ ਇਕਾਂਗੀ ਦੇ ਬਾਕੀ ਹੋਰ 8 ਦ੍ਰਿਸ਼ਾਂ ਨਾਲੋਂ ਕਿਵੇਂ ਵੱਖਰਾ ਹੈ ?
2. 'ਪਰਤ ਆਉਣ ਤੱਕ' ਇਕਾਂਗੀ ਵਿੱਚ ਦੋ ਪਰਿਵਾਰਾਂ ਦੇ ਬਟਵਾਰੇ ਤੇ ਲੜਾਈ ਨੂੰ ਪ੍ਰਤੀਕ ਰੂਪ ਵਿੱਚ ਸਿਰਜ ਕੇ ਇਕਾਂਗੀਕਾਰ ਵੱਡੇ ਕੈਨਵਸ ਉੱਤੇ ਕਿਸ ਬਟਵਾਰੇ ਵੱਲ੍ਹ ਇਸ਼ਾਰਾ ਕਰ ਰਿਹਾ ਹੈ ? ਇਸ ਇਕਾਂਗੀ ਨੂੰ ਸਿਰਜਣ ਪਿੱਛੇ ਇਕਾਂਗੀਕਾਰ ਦੀ ਕਿਹੜੀ ਉਦੇਸ਼ੀ–ਭਾਵਨਾ ਕਾਰਜ ਕਰ ਰਹੀ ਹੈ ?
3. ਇਕਾਂਗੀਕਾਰ ਸਤੀਸ਼ ਕੁਮਾਰ ਵਰਮਾ ਬਾਰੇ ਜਾਣ–ਪਛਾਣ ਕਰਵਾਓ।

### 6.6. ਪਾਠ ਦਾ ਸਾਰ

ਉਪਰੋਕਤ ਸਾਰੇ ਵਿਸ਼ਲੇਸ਼ਣ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਆਤਮਜੀਤ ਪ੍ਰਤੀਕਾਂ, ਰੂਪਕਾਂ, ਚਿਹਨਾਂ ਰਾਹੀਂ ਸੰਵਾਦ ਸਿਰਜਣ ਦਾ ਮਾਹਰ ਨਾਟਕਕਾਰ ਹੈ। ਆਤਮਜੀਤ ਨੇ ਆਪਣੀ ਇਕਾਂਗੀ 'ਚਿੜੀਆਂ' ਵਿੱਚ ਭਾਰਤ–ਪਾਕਿ ਵੰਡ ਦੌਰਾਨ ਤ੍ਰੀਮਤਾਂ ਦੀ ਹੋਈ ਦੁਰਗਤੀ ਨੂੰ ਚਿਤਰਦਿਆਂ, ਚਿੜੀਆਂ ਦੇ ਆਲ੍ਹਣਾ ਬਣਾਉਣ ਦੇ ਪ੍ਰਤੀਕ ਰਾਹੀਂ ਇੱਕ ਸਾਕਾਰਾਤਮਕ ਸੁਨੇਹਾ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਇਕਾਂਗੀ ਦੀ ਮੁੱਖ ਪਾਤਰ ਸਤਨਾਮ ਦੀ ਮਾਂ ਉਸ ਨੂੰ ਵਤਨ ਵਾਪਸ ਲਿਜਾਉਣ ਲਈ ਭਾਰਤ ਤੋਂ ਚੱਲ ਕੇ ਉਸ ਕੋਲ਼ ਪਾਕਿਸਤਾਨ ਪਹੁੰਚਦੀ ਹੈ ਪਰ ਸਤਨਾਮ ਪਾਕਿਤਸਾਨ ਵਿੱਚ ਇੱਕ ਮੁਸਲਮਾਨ ਦੇ ਘਰ ਨੂੰ ਆਪਣਾ ਪੱਕਾ ਸਹੁਰਾ ਘਰ ਆਖ ਕੇ, ਓਥੇ ਹੀ ਆਪਣੀ ਜੜ੍ਹ ਲਾਉਣ ਦਾ ਨਿਸ਼ਚਾ ਪਰਗਟ ਕਰਦੀ ਹੈ। ਅਜਮੇਰ ਰੋਡੇ ਭਾਵੇਂ ਇੱਕ ਕਵੀ ਵਜੋਂ ਜਾਣਿਆ ਜਾਂਦਾ ਹੈ ਪਰ ਉਸਦਾ ਇਕਾਂਗੀ 'ਦੂਜਾ ਪਾਸਾ'

ਉਸਦੀ ਨਾਟਕੀ ਪ੍ਰਪੱਕਤਾ ਉੱਤੇ ਮੋਹਰ ਲਗਾਉਂਦਾ ਹੈ। ਰੋਡੇ ਨੇ ਇਸ ਇਕਾਂਗੀ ਵਿੱਚ, ਪਰਦੇਸਾਂ ਵਿੱਚ ਵਸਦੇ ਪੰਜਾਬੀਆਂ ਨਾਲ਼, ਉਨ੍ਹਾਂ ਦੇ ਧਾਰਮਿਕ ਅਤੇ ਸੱਭਿਆਚਾਰਕ ਚਿੰਨ੍ਹਾਂ ਨੂੰ ਲੈ ਕੇ, ਨਸਲੀ ਵਿਤਕਰੇ ਕਾਰਨ ਹੁੰਦੀ ਹਿੰਸਾ ਨੂੰ ਚਿਤਰਿਆ ਹੈ ਅਤੇ ਇਸ ਨਸਲੀ ਵਿਤਕਰੇ ਦਾ ਮੂੰਹ–ਤੋੜ ਜੁਆਬ ਦੇਣ ਲਈ ਕਮਰਕਸੇ ਕਸਣ ਦੀ ਹਦਾਇਤ ਦਿੱਤੀ ਹੈ। ਸਤੀਸ਼ ਕੁਮਾਰ ਵਰਮਾ ਪ੍ਰਮੁੱਖ ਰੂਪ ਵਿੱਚ ਨਾਟ–ਸਮੀਖਿਕ ਵਜੋਂ ਆਪਣੀ ਪਛਾਣ ਬਣਾਉਂਦਾ ਹੈ ਪਰ ਇਕਾਂਗੀ 'ਪਰਤ ਆਉਣ ਤੱਕ' ਉਸਦੀ ਨਾਟਕੀ ਪ੍ਰਤਿਭਾ ਦੀ ਹਾਮੀ ਭਰਦੀ ਹੈ। ਇਸ ਇਕਾਂਗੀ ਵਿੱਚ ਇਕਾਂਗੀਕਾਰ ਵਰਮਾ ਨੇ ਜੱਦੀ ਕਿੱਤੇ ਨਾਲ਼ ਜੁੜੇ ਮੀਰ–ਆਲਮਾਂ ਦੀ ਨਿੱਘਰ ਰਹੀ ਆਰਥਿਕਤਾ ਦਾ ਮੁੱਦਾ ਚੁੱਕਿਆ ਹੈ। ਇਸ ਦੇ ਨਾਲ਼ ਹੀ ਇੱਕ ਪਰਿਵਾਰ ਦੇ ਬਟਵਾਰੇ ਦੇ ਚਿਹਨ ਰਾਹੀਂ ਪੰਜਾਬ ਬਟਵਾਰੇ (ਭਾਰਤ–ਪਾਕਿ ਬਟਵਾਰਾ) ਦੇ ਦੁਖ ਨੂੰ ਪ੍ਰਸਤੁਤ ਕਰਦਿਆਂ, ਮੁੜ ਦੋਹੇਂ ਪੰਜਾਬਾਂ ਦੇ ਇੱਕ ਹੋਣ ਦੀ ਚਾਹਨਾ ਪਰਗਟ ਕੀਤੀ ਹੈ।

## 6.7 ਸਹਾਇਕ ਪੁਸਤਕਾਂ ਅਤੇ ਹੋਰ ਪੜ੍ਹਨ-ਸਮੱਗਰੀ


- ਸਰਬਜੀਤ ਸਿੰਘ, ਨਾਟ–ਰੰਗ (ਚੋਣਵਾਂ ਪੰਜਾਬੀ ਇਕਾਂਗੀ–ਨਾਟ ਸੰਗ੍ਰਹਿ), ਗ੍ਰੇਸ਼ੀਅਸ ਬੁਕਸ, ਪਟਿਆਲ਼ਾ, 2018
- ਹਰਚਰਨ ਸਿੰਘ (ਡਾ.), ਪੰਜਾਬ ਦੀ ਨਾਟ ਪਰੰਪਰਾ (ਹੜੱਪਾ ਤੋਂ ਹਰੀ ਕ੍ਰਾਂਤੀ ਤੱਕ), ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, ਮਿਤੀਹੀਣ
- ਗੁਰਦਿਆਲ ਸਿੰਘ ਫੁੱਲ, ਪੰਜਾਬੀ ਇਕਾਂਗੀ : ਸਰੂਪ, ਸਿਧਾਂਤ ਤੇ ਵਿਕਾਸ, ਪੰਜਾਬੀ ਯੂਨਵਰਸਿਟੀ, ਪਟਿਆਲ਼ਾ, 1987
- ਜਸਵਿੰਦਰ ਸਿੰਘ ਸੈਣੀ (ਮੁੱਖ ਸੰਪਾ.), ਨਾਟ–ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2017
- ਜਸਵਿੰਦਰ ਕੌਰ ਮਾਂਗਟ, ਰੰਗਮੰਚ ਦੇ ਬੁਨਿਆਦੀ ਨਿਯਮ, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ, 2006
- ਪਾਲੀ ਭੁਪਿੰਦਰ ਸਿੰਘ, ਪੰਜਾਬੀ ਨਾਟ–ਸ਼ਾਸਤਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015
- ਮਨਜੀਤ ਪਾਲ ਕੌਰ ਅਤੇ ਸਤੀਸ਼ ਕੁਮਾਰ ਵਰਮਾ (ਸੰਪਾ.), ਨਾਟ ਧਾਰਾ (ਨਾਟ–ਸੰਗ੍ਰਹਿ), ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 1998
- ਮਨਜੀਤ ਪਾਲ ਕੌਰ ਅਤੇ ਜਸਵਿੰਦਰ ਸਿੰਘ ਸੈਣੀ (ਸੰਪਾ.), ਸਮਕਾਲੀ ਪੰਜਾਬੀ ਨਾਟਕ (1960 ਤੋਂ ਪਿਛੋਂ ਦੇ ਇਕਾਂਗੀਆਂ ਦਾ ਸੰਗ੍ਰਹਿ), ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ, 2014

# B.A(Liberal Arts)

## SEMESTAR-III

ਕੋਰਸ–ਜਰਨਲ ਪੰਜਾਬੀ

| ਯੂਨਿਟ–7 | ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ ਅਤੇ ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ |
|---|---|

**ਪਾਠ ਦੀ ਰੂਪ ਰੇਖਾ :**

**7.0 ਭੂਮਿਕਾ**

**7.1 ਪਾਠ ਦਾ ਉਦੇਸ਼**

**7.2 ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ**

**7.2.1 ਪੰਜਾਬੀ ਭਾਸ਼ਾ ਦਾ ਮੁੱਢਲਾ ਸਮਾਂ**

**7.2.2 ਭਾਰਤੀ ਆਰੀਆ ਭਾਸ਼ਾਵਾਂ ਦੇ ਵੱਖ-ਵੱਖ ਪੜਾਅ**

**7.2.3 ਇਸ ਆਧਾਰ ਤੇ ਪੁਰਾਤਨ ਭਾਰਤੀ ਬੋਲੀਆਂ ਦੀ ਵੰਡ ਕੁਝ ਵੱਖਰੇ ਢੰਗ ਨਾਲ ਕੀਤੀ ਜਾਂਦੀ ਹੈ**

**7.2.4 ਪੰਜਾਬੀ ਨਾਲ ਸ਼ੌਰਸ਼ੈਨੀ ਭਾਸ਼ਾ ਦੀ ਸਮਾਨਤਾਵਾਂ**

**7.2.5 ਪੰਜਾਬੀ ਦਾ ਪਿਸ਼ਾਚੀ ਨਾਲ ਸੰਬੰਧ**

**7.2.6 ਪੰਜਾਬੀ ਅਤੇ ਕੈਕੇਈ ਭਾਸ਼ਾ ਦਾ ਸੰਬੰਧ**

**7.2.7 ਸਾਰੰਸ਼**

**7.3 ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ**

**7.3.1 ਭੂਮਿਕਾ**

**7.3.2 ਭਾਸ਼ਾ ਅਤੇ ਲਿਪੀ ਦਾ ਸੰਬੰਧ**

**7.3.3 ਪੰਜਾਬੀ ਭਾਸ਼ਾ ਸੰਬੰਧੀ ਵੱਖ-ਵੱਖ ਪਰਿਭਾਸ਼ਾਵਾਂ**

**7.3.4 ਪੰਜਾਬੀ ਭਾਸ਼ਾ ਦੀਆਂ ਹੋਰ ਪ੍ਰਮੁੱਖ ਵਿਸ਼ੇਸ਼ਤਾਵਾਂ**

**7.3.5 ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਈ ਤੌਰ ਤੇ ਵਿਸ਼ੇਸ਼ਤਾਵਾਂ**

**7.3.6 ਸਾਰੰਸ਼**

**7.4 ਅਭਿਆਸ ਲਈ ਪ੍ਰਸ਼ਨ**

**7.5 ਸਹਾਇਕ ਪੁਸਤਕਾਂ ਅਤੇ ਹੋਰ ਪੜ੍ਹਨਯੋਗ ਸਮੱਗਰੀ**

**7.0 ਭੂਮਿਕਾ** : ਪੰਜਾਬੀ ਭਾਸ਼ਾ ਦੇ ਜਨਮ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਭਾਸ਼ਾ ਬਾਰੇ ਗੱਲ ਕਰਨੀ ਜ਼ਰੂਰੀ ਹੈ।

ਭਾਸ਼ਾ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਮਨੁੱਖ ਭਾਸ਼ਾ ਕਰਕੇ ਹੀ ਦੂਜੇ ਪ੍ਰਾਣੀਆਂ ਨਾਲੋਂ ਵੱਖਰਾ ਹੈ। ਭਾਸ਼ਾ ਰਾਹੀਂ ਮਨੁੱਖ ਆਪਣੇ ਭਾਵਾਂ ਦਾ ਇਜ਼ਹਾਰ ਦੂਜੇ ਮਨੁੱਖ ਤੱਕ ਕਰਦਾ ਹੈ। ਇਹ ਭਾਸ਼ਾਈ ਸੰਚਾਰ ਮਨੁੱਖ ਦੀ ਮਨੁੱਖ ਨਾਲ ਸਾਂਝ ਦਾ ਕਾਰਨ ਬਣਦਾ ਹੈ। ਮਨੁੱਖ ਦੇ ਵਿਕਾਸ ਦੌਰਾਨ ਭਾਸ਼ਾ ਨੇ ਵੀ ਵਿਕਾਸ ਕੀਤਾ ਹੈ। ਇਸ ਭਾਸ਼ਾਈ ਵਿਕਾਸ ਵਿਚ ਸੰਸਾਰ ਦੀਆਂ ਵੱਖ-ਵੱਖ ਭਾਸ਼ਾਵਾਂ ਦਾ ਜਨਮ ਹੁੰਦਾ ਹੈ। ਇਹਨਾਂ ਵੱਖ-ਵੱਖ ਭਾਸ਼ਾਵਾਂ ਦੇ ਜਨਮ ਤੋਂ ਬਾਅਦ ਦੂਜੀਆਂ ਭਾਸ਼ਾਵਾਂ ਨਾਲ ਕੁਝ ਗੁਣ ਸਾਂਝੇ ਵੀ ਮਿਲਦੇ ਹਨ। ਭਾਸ਼ਾਵਾਂ ਦੀਆਂ ਸਾਂਝਾਂ ਤੇ ਵੱਖਰਤਾਵਾਂ ਨੂੰ ਨਿਸ਼ਚਿਤ ਕਰਨ ਲਈ ਵਿਦਵਾਨਾਂ ਵੱਲੋਂ ਵੱਖ-ਵੱਖ ਮਾਡਲ ਬਣਾਏ ਗਏ ਹਨ। ਪੰਜਾਬੀ ਭਾਸ਼ਾ ਸੰਬੰਧੀ ਵੀ ਅਜਿਹੇ ਅਧਿਐਨ ਹੋਏ ਹਨ । ਅਜਿਹੇ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਵੱਖ-ਵੱਖ ਵਿਕਾਸ ਪੜ੍ਹਾਵਾਂ ਨੂੰ ਤਹਿ ਕਰਕੇ ਮੌਜੂਦਾ ਰੂਪ ਤੱਕ ਪਹੁੰਚੀ ਹੈ। ਇਸ ਭਾਸ਼ਾ ਦਾ ਮਨੁੱਖੀ ਜੀਵਨ ਵਿਚ ਅਹਿਮ ਯੋਗਦਾਨ ਹੈ। ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਕਿ ਭਾਸ਼ਾ ਨੇ ਮਨੁੱਖ ਨੂੰ ਉਤਮ ਤੇ ਵਿਸ਼ਾਲ ਬਣਾਇਆ ਹੈ। ਇਹਨਾਂ ਸਥਿਤੀਆਂ ਵਿੱਚ ਸੰਸਾਰ ਦੀਆਂ ਭਾਸ਼ਾਵਾਂ ਦੇ ਵਿਕਾਸ ਦੀ ਕਹਾਣੀ ਸ਼ੁਰੂ ਹੁੰਦੀ ਹੈ।

**7.1 ਉਦੇਸ਼** : ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੇ ਜਨਮ ਅਤੇ ਵਿਕਾਸ ਬਾਰੇ ਮਿਆਰੀ ਜਾਣਕਾਰੀ ਦੇਣਾ ਹੈ। ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਬਾਰੇ ਕੁਝ ਗੱਲਾਂ ਆਪਣੇ ਆਲੇ-ਦੁਆਲੇ ਤੋਂ ਸੁਣੀਆਂ ਹੋਣਗੀਆਂ ਪਰ ਉਹਨਾਂ ਕੋਲ ਇਸ ਜਾਣਕਾਰੀ ਦਾ ਸਪਸ਼ਟ ਉੱਤਰ ਨਹੀਂ ਹੋਵੇਗਾ। ਇਸ ਪਾਠ ਰਾਹੀਂ ਅਸੀਂ ਪੰਜਾਬੀ ਭਾਸ਼ਾ ਦੇ ਜਨਮ ਤੇ ਵਿਕਾਸ ਸੰਬੰਧੀ ਤਰਤੀਬ ਬੱਧ ਜਾਣਕਾਰੀ ਦਿੱਤੀ ਹੈ। ਇਸ ਪਾਠ ਵਿੱਚ ਵਿਦਿਆਰਥੀ ਪੰਜਾਬੀ ਭਾਸ਼ਾ ਦੇ ਜਨਮ ਸੰਬੰਧੀ ਜਾਣਕਾਰੀ ਲੈਂਦੇ ਹੋਏ ਇਹ ਵੀ ਮਹਿਸੂਸ ਕਰਨਗੇ ਕਿ ਇੱਕ ਭਾਸ਼ਾ ਦਾ ਕਿਹੜੇ-ਕਿਹੜੇ ਵਿਕਾਸ ਪੜਾਵਾਂ ਵਿਚੋਂ ਜਨਮ ਹੁੰਦਾ ਹੈ। ਵਿਦਿਆਰਥੀਆਂ ਦੀ ਸਹੂਲਤ ਲਈ ਪੰਜਾਬੀ ਭਾਸ਼ਾ ਦੇ ਜਨਮ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਅਤੇ ਪਰਿਭਾਸ਼ਾਵਾਂ ਅੰਕਿਤ ਕੀਤੇ ਗਏ ਹਨ। ਇਸ ਆਧਾਰ ਤੇ ਪੰਜਾਬੀ ਭਾਸ਼ਾ ਦੀ ਪ੍ਰਮਾਣਿਕਤਾ ਸੰਬੰਧੀ ਵੀ ਚਰਚਾ ਕੀਤੀ ਗਈ ਹੈ। ਇਸ ਪਾਠ ਵਿੱਚ ਪੰਜਾਬੀ ਭਾਸ਼ਾ ਦਾ ਦੂਜੀਆਂ ਭਾਸ਼ਾਵਾਂ ਨਾਲ ਕਿਸ ਤਰ੍ਹਾਂ ਦਾ ਸੰਬੰਧ ਰਿਹਾ ਹੈ, ਆਦਿ ਬਾਰੇ ਵਿਚਾਰਾਂ ਨੂੰ ਵੀ ਲਿਆ ਗਿਆ ਹੈ। ਇਸ ਪਾਠ ਦੀ ਜਾਣਕਾਰੀ ਤੋਂ ਅਸੀਂ ਉਮੀਦ ਕਰਦੇ ਹਾਂ ਕਿ ਵਿਦਿਆਰਥੀ ਪੰਜਾਬੀ ਭਾਸ਼ਾ ਸੰਬੰਧੀ ਆਪਣੀ ਸਮਝ ਨੂੰ ਹੋਰ ਬਿਹਤਰ ਬਣਾ ਸਕਣਗੇ। ਇਸ ਪਾਠ ਵਿੱਚ ਪੰਜਾਬੀ ਭਾਸ਼ਾ ਬਾਰੇ ਜਾਣਕਾਰੀ ਦਿੰਦੇ ਹੋਏ ਸੌਖੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਆਸ ਕਰਦੇ ਹਾਂ ਕਿ ਸਮੁੱਚੇ ਰੂਪ ਵਿੱਚ ਵਿਦਿਆਰਥੀਆਂ ਨੂੰ ਇਹ ਪਾਠ ਦੀ ਪੜ੍ਹਤ ਬਹੁਤ ਲਾਹੇਵੰਦੀ ਹੋਵੇਗੀ।

### 7.2 ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ

#### 7.2.1 ਪੰਜਾਬੀ ਭਾਸ਼ਾ ਦਾ ਮੁੱਢਲਾ ਸਮਾਂ :

ਪੰਜਾਬੀ ਭਾਸ਼ਾ ਦੇ ਜਨਮ ਤੇ ਵਿਕਾਸ ਸੰਬੰਧੀ ਵੱਖ-ਵੱਖ ਪਹਿਲੂਆਂ ਤੋਂ ਚਰਚਾ ਕਰਦੇ ਹੋਏ ਕੁਝ ਮਹੱਤਵਪੂਰਨ ਨੁਕਤੇ ਸਾਹਮਣੇ ਆਉਂਦੇ ਹਨ। ਪੰਜਾਬੀ ਭਾਸ਼ਾ ਦੇ ਇਤਿਹਾਸਕ ਪਿਛੋਕੜ ਤੋਂ ਪਤਾ ਲੱਗਦਾ ਹੈ ਕਿ ਸਭ ਤੋਂ ਪਹਿਲਾਂ ਆਰੀਆ ਲੋਕ ਭਾਰਤ ਵਿੱਚ ਦਾਖਲ ਹੋਏ। ਆਰੀਆ ਲੋਕਾਂ ਦੇ ਭਾਰਤ ਆਉਣ ਦਾ ਸਮਾਂ 1500 B.C. ਪੂਰਬ ਮੰਨਿਆ ਜਾਂਦਾ

ਹੈ। ਇਸ ਦਾਖਲੇ ਨਾਲ ਆਰੀਆ ਲੋਕਾਂ ਨੇ ਸਿੰਧ ਪੰਜਾਬ ਦੇ ਨੇਗ੍ਰੀਟੋ, ਆਸਟ੍ਰਿਕ, ਦਾਵ੍ਰਿੜ ਤੇ ਕਿਰਾਤ ਆਦੀ ਵਾਸੀ ਲੋਕਾਂ ਨੂੰ ਆਪਣੇ ਅਧੀਨ ਕਰਕੇ ਆਪਣਾ ਸਪਤ ਸਿੰਧੂ ਰਾਜ ਸਥਾਪਤ ਕੀਤਾ। ਵਿਦਵਾਨਾਂ ਦੇ ਮੱਤ ਅਨੁਸਾਰ ਆਰੀਆ ਲੋਕ ਭਾਸ਼ਾ ਪੱਖੋਂ ਕਾਫ਼ੀ ਅਮੀਰ ਸਨ, ਇਸ ਕਰਕੇ ਇਹਨਾਂ ਨੇ ਵੇਦਾਂ ਦੀ ਰਚਨਾ ਕੀਤੀ। ਨਤੀਜੇ ਵਜੋਂ ਆਰੀਆ ਲੋਕਾਂ ਦੀ ਭਾਸ਼ਾ ਨੂੰ ਵੈਦਿਕ ਭਾਸ਼ਾ ਕਿਹਾ ਜਾਣ ਲੱਗ ਪਿਆ। ਜਦੋਂ ਵੈਦਿਕ ਭਾਸ਼ਾ ਨਾਲ ਮੂਲ ਲੋਕਾਂ ਦਾ ਰਾਬਤਾ ਵਧਿਆ ਤਾਂ ਇਸ ਭਾਸ਼ਾ ਵਿੱਚ ਸਥਾਨਕ ਸ਼ਬਦਾਂ ਦੀ ਮਿਲਾਵਟ ਵੱਧ ਗਈ। ਵੈਦਿਕ ਭਾਸ਼ਾ ਵਿੱਚ ਇਸ ਸਥਾਨਕ ਸ਼ਬਦ ਵਾਧੇ ਨੂੰ ਰੋਕਣ ਲਈ ਵਿਆਕਰਣਕ ਨੇਮ ਬਣਾਏ ਗਏ। ਪਾਣਿਨੀ ਦਾ ਮਹਾਨ ਭਾਸ਼ਾ ਗ੍ਰੰਥ ਅਸਿਟਾਧਿਆਇ ਵੀ ਇਸ ਗੱਲ ਵੱਲ ਸੰਕੇਤ ਹੈ ਕਿ ਉਹਨਾਂ ਨੇ ਇਸ ਪੁਸਤਕ ਵਿੱਚ ਸਥਾਨਕ ਲੋਕ ਭਾਸ਼ਾ ਦੀ ਸ਼ਬਦਾਵਲੀ ਨੂੰ ਸ਼ਾਮਿਲ ਨਹੀਂ ਕੀਤਾ। ਅਜਿਹਾ ਇਸ ਕਰਕੇ ਕੀਤਾ ਗਿਆ ਕਿ ਭਾਸ਼ਾ ਦੀ ਸ਼ੁੱਧਤਾ ਕਾਇਮ ਰੱਖੀ ਜਾ ਸਕੇ। ਪਰ ਆਮ ਲੋਕਾਂ ਨੇ ਇਸ ਸੰਸਕ੍ਰਿਤ ਭਾਸ਼ਾ ਦੇ ਵਿਆਕਰਣ ਨੇਮਾਂ ਤੋਂ ਦੂਰੀ ਬਣਾਈ ਰੱਖੀ ਜਿਸ ਕਾਰਨ ਇਹ ਭਾਸ਼ਾ ਸਿਰਫ਼ ਵਿਦਵਾਨ ਲੋਕਾਂ ਤੱਕ ਸੀਮਤ ਹੋ ਗਈ। ਹੁਣ ਸੰਸਕ੍ਰਿਤ ਦੇ ਨਾਲ-ਨਾਲ ਆਮ ਲੋਕਾਂ ਦੀ ਬੋਲੀ ਵੀ ਪ੍ਰਚੱਲਤ ਤੇ ਵਿਕਸਤ ਹੋਣ ਲੱਗੀ। ਇਸ ਪ੍ਰਚੱਲਤ ਬੋਲੀ ਨੂੰ ਪਾਲੀ ਪ੍ਰਾਕ੍ਰਿਤ ਦਾ ਨਾਂ ਦਿੱਤਾ ਗਿਆ। ਪਾਲੀ ਤੋਂ ਬਾਅਦ ਪੰਜ ਹੋਰ ਭਾਸ਼ਾਵਾਂ ਹੋਂਦ ਵਿੱਚ ਆਈਆਂ। ਇਹ ਪ੍ਰਾਕ੍ਰਿਤਾਂ ਵਿੱਚ ਪਿਸ਼ਾਚੀ ਪ੍ਰਾਕ੍ਰਿਤ, ਸ਼ੌਰਸੇਨੀ, ਮਹਾ ਰਾਸ਼ਟਰੀ ਪ੍ਰਾਕ੍ਰਿਤ, ਮਾਗਧੀ ਪ੍ਰਾਕ੍ਰਿਤ ਅਤੇ ਅਰਧ ਮਾਗਧੀ ਪ੍ਰਾਕ੍ਰਿਤ ਵਿਸ਼ੇਸ਼ ਭਾਸ਼ਾਵਾਂ ਹਨ। ਇਹ ਪ੍ਰਾਕ੍ਰਿਤ ਭਾਸ਼ਾਵਾਂ ਆਪਣੇ ਵੱਖ-ਵੱਖ ਪੜਾਵਾਂ ਉੱਤੇ ਪੂਰੀ ਚੜ੍ਹਤ ਵਿੱਚ ਰਹੀਆਂ। ਇਸ ਕਾਰਨ ਇਹਨਾਂ ਪ੍ਰਾਕ੍ਰਿਤ ਭਾਸ਼ਾਵਾਂ ਦੇ ਵਿਆਕਰਣ ਨੇਮ ਵੀ ਬਣਾਏ ਗਏ। ਫਲਸਰੂਪ ਇਹ ਸਾਰੀਆਂ ਭਾਸ਼ਾਵਾਂ ਸੰਸਕ੍ਰਿਤ ਭਾਸ਼ਾ ਵਾਂਗ ਸਿਰਫ਼ ਸਾਹਿਤਕ ਪੱਧਰ ਤੱਕ ਵਰਤੋਂ ਹੋਣ ਵਾਲੀਆਂ ਭਾਸ਼ਾਵਾਂ ਹੀ ਬਣਕੇ ਰਹਿ ਗਈਆਂ। ਭਾਸ਼ਾਵਾਂ ਦੇ ਇਸ ਵਿਕਾਸ ਕ੍ਰਮ ਵਿੱਚ ਅਪਭ੍ਰੰਸ਼ ਭਾਸ਼ਾਵਾਂ ਦਾ ਜਨਮ ਹੋਇਆ। ਪਿਸ਼ਾਚੀ ਅਪਭ੍ਰੰਸ਼, ਸ਼ੌਰਸੈਨੀ ਅਪਭ੍ਰੰਸ਼, ਭਾਸ਼ਾਵਾਂ ਲੰਮੇ ਸਮੇਂ ਤੱਕ ਪ੍ਰਸਿੱਧ ਰਹੀਆਂ। ਇਹਨਾਂ ਭਾਸ਼ਾਵਾਂ ਦੇ ਨਿਰੰਤਰ ਵਿਕਾਸ ਦੌਰਾਨ ਲੋਕਾਂ ਨੇ ਇਹਨਾਂ ਅਪਭ੍ਰੰਸ਼ਾਂ ਤੋਂ ਵੀ ਮੁਖ ਮੋੜ ਲਿਆ। ਵਿਦਵਾਨਾਂ ਦਾ ਮੰਨਣਾ ਹੈ ਕਿ 1000 ਈ. ਤੱਕ ਅਪਭ੍ਰੰਸ਼ ਭਾਸ਼ਾਵਾਂ ਨੇ ਵਿਕਾਸ ਕੀਤਾ ਤੇ ਬਾਅਦ ਵਿੱਚ ਸਹਿਜੇ ਸਹਿਜੇ ਇਹ ਆਪਣੀਆਂ ਵਿਆਕਰਣਕ ਬੰਦਿਸ਼ਾਂ ਵਿੱਚ ਸਿਮਟ ਗਈਆਂ।

ਆਰੀਆ ਲੋਕਾਂ ਦੀ ਇਹ ਜੱਦੋ-ਜਹਿਦ ਲਗਾਤਾਰ ਜਾਰੀ ਰਹੀ। ਪੰਜਾਬ ਜੋ ਪਹਿਲਾਂ ਸਪਤ ਸਿੰਧੂ ਦੇ ਨਾਂ ਨਾਲ ਮਸ਼ਹੂਰ ਸੀ ਹੁਣ ਇਥੇ ਰਹਿੰਦੇ ਲੋਕਾਂ ਨੂੰ ਪਿਸ਼ਾਚ(ਹਰਨਾਕਸ਼) ਕਿਹਾ ਜਾਣ ਲੱਗ ਪਿਆ। ਇਹਨਾਂ ਨੂੰ ਪਿਸ਼ਾਚ ਕਹਿਣ ਦਾ ਕਾਰਨ ਆਰੀਆ ਲੋਕਾਂ ਦੇ ਇੱਕ ਸਮੂਹ ਦਾ ਸੰਸਕ੍ਰਿਤ ਭਾਸ਼ਾ ਦੇ ਪ੍ਰਭਾਵ ਅਧੀਨ ਵਧੇਰੇ ਹੋਣਾ ਸੀ। ਇਹ ਸਮੂਹ ਪਿਸ਼ਾਚ ਲੋਕਾਂ ਦੀ ਬੋਲੀ ਨੂੰ ਨਫ਼ਰਤ ਵਜੋਂ ਪਿਸ਼ਾਚੀ ਆਖਣ ਲੱਗੇ। ਇਹ ਪਿਸ਼ਾਚੀ ਭਾਸ਼ਾ ਜਦੋਂ ਆਪਣਾ ਸਫ਼ਰ ਤੈਅ ਕਰਕੇ ਇਕ ਹਜ਼ਾਰ-ਸਦੀ ਤੱਕ ਅੱਪੜਦੀ ਹੈ ਤਾਂ ਇਹ ਪਿਸ਼ਾਚੀ ਅਪਭ੍ਰੰਸ਼ ਵਿਚੋਂ ਆਧੁਨਿਕ ਆਰੀਆ ਭਾਸ਼ਾਵਾਂ ਦਾ ਜਨਮ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਪੰਜਾਬੀ ਭਾਸ਼ਾ ਦਾ ਸੰਬੰਧ ਰਿਗਵੇਦ ਭਾਸ਼ਾ ਨਾਲ ਇਹਨਾਂ ਸੰਕੇਤਾਂ ਵਿਚੋਂ ਹੀ ਦੇਖਦੇ ਹਾਂ। ਸਪਤ ਸਿੰਧੂ ਖੇਤਰ ਦੀ ਇਹ ਬੋਲੀ ਹੀ ਭਾਰਤੀ ਆਰੀਆ ਭਾਸ਼ਾ ਦਾ ਮੁੱਢਲਾ ਬਿੰਦੂ ਕਹੀ ਜਾ ਸਕਦੀ ਹੈ।

ਭਾਸ਼ਾਵਾਂ ਦੇ ਵਿਕਾਸ ਪੱਧਰ ਉੱਤੇ ਮੱਧ ਦੇਸ਼ ਵਿੱਚ ਵਸਦੇ ਆਰੀਆ ਲੋਕਾਂ ਦੀ ਵਧੇਰੇ ਨੇੜਤਾ ਸੰਸਕ੍ਰਿਤ ਨਾਲ ਹੁੰਦੀ ਹੈ। ਇਸ ਸਮੇਂ ਇਹ ਖੇਤਰ ਸ਼ੌਰਸੈਨ ਨਾਮ ਨਾਲ ਪ੍ਰਸਿੱਧ ਹੁੰਦਾ ਹੈ। ਇਸ ਇਲਾਕੇ ਦੀ ਆਖਰੀ ਅਪਭ੍ਰੰਸ਼ ਨੂੰ

ਸ਼ੌਰਸੈਨੀ ਕਿਹਾ ਗਿਆ। ਇਸ ਸ਼ੌਰਸੈਨੀ ਅਪਭ੍ਰੰਸ਼ ਵਿਚੋਂ ਖੜੀ ਬੋਲੀ ਉਪਜਦੀ ਹੈ ਜੋ ਅੱਜ-ਕੱਲ੍ਹ ਹਿੰਦੀ ਵਜੋਂ ਪ੍ਰਚੱਲਤ ਹੈ। ਇਸ ਸ਼ੌਰਸੈਨੀ ਵਿੱਚੋਂ ਗੁਜਰਾਤੀ, ਬੁੰਧੇਲੀ, ਕੁਨੇਜੀ, ਬ੍ਰਿਜੀ ਭਾਸ਼ਾਵਾਂ ਹੋਂਦ ਵਿੱਚ ਆਈਆਂ। ਉਪਨਗਰ ਅਪਭ੍ਰੰਸ਼ ਵਿਚੋਂ ਗੁਜਰਾਤੀ, ਬੁੰਧੇਲੀ, ਬ੍ਰਿਜੀ, ਰਾਜਸਥਾਨੀ ਆਦਿ ਭਾਸ਼ਾਵਾਂ ਪੈਦਾ ਹੋਈਆਂ, ਜੋ ਹਿੰਦੀ ਦੀਆਂ ਉਪਭਾਸ਼ਾਵਾਂ ਦਾ ਹੀ ਰੂਪ ਹਨ।

**7.2.2 ਭਾਰਤੀ ਆਰੀਆ ਭਾਸ਼ਾਵਾਂ ਦੇ ਵੱਖ-ਵੱਖ ਪੜਾਅ :**

ਭਾਰਤੀ ਆਰੀਆ ਭਾਸ਼ਾਵਾਂ ਦੀ ਅਜਿਹੀ ਵਿਚਾਰ ਚਰਚਾ ਸੰਬੰਧੀ ਵਿਦਵਾਨਾਂ ਦੇ ਵੱਖ-ਵੱਖ ਮੱਤ ਰਹੇ ਹਨ। ਇਹਨਾਂ ਮੱਤਾਂ ਦੇ ਆਧਾਰ ਤੇ ਜਾਰਜ ਗ੍ਰੀਅਰਸਨ ਤੇ ਸੁਨੀਤੀ ਚੈਟਰਜੀ ਨੇ ਤਿੰਨ ਵਿਕਾਸ ਪੱਧਰ ਨਿਸ਼ਚਿਤ ਕੀਤੇ ਹਨ :

ਪਹਿਲਾ ਦੌਰ : (1500 ਪੂ.ਈ. ਤੋਂ 600 ਪੂ. ਈ.) :ਪ੍ਰਾਚੀਨ ਭਾਰਤੀ ਆਰੀਆ ਭਾਸ਼ਾ (Old Indo-Aryan) ਇਸ ਦੌਰ ਵਿੱਚ ਵੈਦਿਕ ਭਾਸ਼ਾ ਅਤੇ ਕਲਾਸੀਕਲ ਸੰਸਕ੍ਰਿਤ ਪ੍ਰਤੀਨਿਧ ਭਾਸ਼ਾਵਾਂ ਹਨ।

ਦੂਜਾ ਦੌਰ : (600 ਪੂ. ਈ. ਤੋਂ 1000 ਪੂ. ਈ) :ਮੱਧ-ਕਾਲੀਨ ਭਾਰਤੀ ਆਰੀਆ ਭਾਸ਼ਾ (Middle Indo-Aryan) ਦੂਜੇ ਦੌਰ ਦੀਆਂ ਪ੍ਰਤੀਨਿਧ ਆਰੀਆ ਭਾਸ਼ਾਵਾਂ ਪ੍ਰਾਕ੍ਰਿਤਾਂ ਸਨ। ਇਨ੍ਹਾਂ ਪ੍ਰਾਕ੍ਰਿਤਾਂ ਨੂੰ ਅੱਗੋਂ ਤਿੰਨ ਉਪ-ਅਵਸਥਾਵਾਂ ਵਿੱਚ ਵੰਡਿਆ ਜਾਂਦਾ ਹੈ। (1) ਪਾਲੀ ਪ੍ਰਾਕ੍ਰਿਤ, (2) ਸਾਹਿਤਕ ਪ੍ਰਾਕ੍ਰਿਤਾਂ ਅਤੇ (3) ਅਪਭ੍ਰੰਸ਼ ਭਾਸ਼ਾਵਾਂ

ਤੀਜਾ ਦੌਰ : ਆਧੁਨਿਕ ਭਾਰਤੀ ਆਰੀਆ ਭਾਸ਼ਾ (New Indo-Aryan), ਤੀਜੇ ਦੌਰ ਦੀਆਂ ਅਜੋਕੀਆਂ ਭਾਸ਼ਾਵਾਂ ਵਿੱਚ ਪੰਜਾਬੀ, ਹਿੰਦੀ, ਗੁਜਰਾਤੀ, ਰਾਜਸਥਾਨੀ, ਬੰਗਲਾ, ਉੜੀਆ, ਅਸਾਮੀ, ਮਰਾਠੀ, ਸਿੰਧੀ ਆਦਿ ਅਜੋਕੀਆਂ ਭਾਸ਼ਾਵਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ।

ਇਸ ਤੋਂ ਇਲਾਵਾ ਭਾਰਤੀ ਆਰੀਆ ਭਾਸ਼ਾ ਪਰਿਵਾਰ ਦੇ ਇਨ੍ਹਾਂ ਤਿੰਨ ਪੜਾਵਾਂ ਨੂੰ ਅਲੱਗ-ਅਲੱਗ ਰੇਖਾ-ਚਿੱਤਰਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ । ਜਿਵੇ :

ਰੇਖਾ ਚਿੱਤਰ – 1

ਪ੍ਰਾਚੀਨ ਭਾਰਤੀ ਆਰੀਆ ਭਾਸ਼ਾ (Old Indo-Aryan) (1500 ਪੂ. ਈ. – 600 ਪੂ. ਈ.)

ਵੈਦਿਕ ਸੰਸਕ੍ਰਿਤ/ਵੈਦਿਕ ਭਾਸ਼ਾ | ਕਲਾਸੀਕਲ ਸੰਸਕ੍ਰਿਤ/ਲੌਕਿਕ ਸੰਸਕ੍ਰਿਤ

ਰੇਖਾ ਚਿੱਤਰ – 2

ਮੱਧ-ਕਾਲੀਨ ਭਾਰਤੀ ਆਰੀਆ ਭਾਸ਼ਾ (Middle Indo-Aryan)

(600 BC – 1000 BC)

ਪਾਲੀ ਪ੍ਰਾਕ੍ਰਿਤ
ਅਸ਼ੋਕੀ ਪਾਲੀ
(600 ਪੂ.ਈ. – ਪਹਿਲੀ ਸਦੀ ਈ)

ਸਾਹਿਤਕ ਪ੍ਰਾਕ੍ਰਿਤਾਂ

(ਪਹਿਲੀ ਸਦੀ ਈ.-600 AD)

ਪ੍ਰਮੁੱਖ ਪ੍ਰਾਕ੍ਰਿਤ ਭਾਸ਼ਾਵਾਂ: ਸ਼ੌਰਸੈਨੀ, ਮਾਗਧੀ,ਅਰਧ-ਮਾਗਧੀ, ਮਹਾਰਾਸ਼ਟਰੀ, ਪੈਸ਼ਾਚੀ,(ਗੌਣ-ਪ੍ਰਾਕ੍ਰਿਤਾ): ਕੈਕੇਈ, ਮਦ, ਟੱਕ, ਲਾਟੀ, ਆਵੰਤੀ,ਖਸ਼ ਪ੍ਰਾਕ੍ਰਿਤ।

ਅਪਭ੍ਰੰਸ਼ ਭਾਸ਼ਾਵਾਂ

(600 ਈ. – 1000 ਈ.)

ਅਰਥਾਤ ਮਹਾਂਰਾਸ਼ਟਰੀ ਅਪਭ੍ਰੰਸ਼, ਮਾਗਧੀ ਅਪਭ੍ਰੰਸ਼, ਅਰਧ-ਮਾਗਧੀ ਅਪਭ੍ਰੰਸ਼, ਸ਼ੌਰਸੈਨੀ ਅਪਭ੍ਰੰਸ਼, ਪੈਸ਼ਾਚੀ ਅਪਭ੍ਰੰਸ਼, ਲਾਟੀ, ਸੌਰਾਸ਼ਟਰੀ, ਆਭੀਰੀ, ਆਵੰਤੀ, ਨਾਗਰ, ਉਪਨਾਗਰ, ਵ੍ਰਾਚਡ, ਖਸ਼ (ਦਾਰਦਿਕ), ਕੈਕੇਈ, ਮਦ, ਟੱਕ, ਔਤਕਲ, ਗੌੜ, ਗੌਰਜਰ, ਮਰੂ ਅਪਭ੍ਰੰਸ਼

ਰੇਖਾ ਚਿੱਤਰ – 3

ਆਧੁਨਿਕ ਭਾਰਤੀ ਆਰੀਆ-ਭਾਸ਼ਾ (New Indo-Aryan)(1000 ਈ. – 2003ਈ.)

| | | | | | |
|---|---|---|---|---|---|
| ਉੱਤਰ ਪੱਛਮੀ ਵਰਗ | ਉੱਤਰੀ ਵਰਗ (ਪਹਾੜੀ) | ਮੱਧ ਦੇਸ਼ੀ ਵਰਗ | ਪੂਰਬੀ ਵਰਗ | ਦੱਖਣੀ ਵਰਗ | ਪੱਛਮੀ ਵਰਗ |
| ਸਿੰਧੀ, ਲਹਿੰਦੀ-ਪੰਜਾਬੀ, | ਪੂਰਬੀ-ਪੰਜਾਬੀ | ਪਹਾੜੀ ਬੋਲੀਆਂ: ਨੇਪਾਲੀ, | ਗੜ੍ਹਵਾਲੀ, ਕੁਮਾਉਂਨੀ, ਚਮਿਆਲੀ, | ਮੰਡੀਆਲੀ, ਕੁਲੂਈ,) | |

ਆਧੁਨਿਕ ਭਾਰਤੀ ਆਰੀਆ ਭਾਸ਼ਾ ਪਰਿਵਾਰਾਂ ਦੀ ਇਸ ਵਿਕਾਸ ਪ੍ਰਕਿਰਿਆ ਤੋਂ ਪੰਜਾਬੀ ਭਾਸ਼ਾ ਦੀ ਉਤਪਤੀ ਸੰਬੰਧੀ ਮਹੱਤਵਪੂਰਨ ਸਵਾਲ ਪੈਦਾ ਹੁੰਦੇ ਹਨ। ਪਹਿਲਾ ਸਵਾਲ ਇਹ ਹੈ ਕਿ ਪੰਜਾਬੀ ਆਰੀਆ ਭਾਸ਼ਾ ਪਰਿਵਾਰ ਵਿਚੋਂ ਕਿਸ ਤਰ੍ਹਾਂ ਹੋਂਦ ਵਿੱਚ ਆਈ ? ਦੂਜਾ ਸਵਾਲ ਕਿ ਆਰੀਆ ਭਾਸ਼ਾ ਦੇ ਮੂਲ ਨੂੰ ਪ੍ਰਾਕਿਰਤ ਜਾਂ ਅਪਭ੍ਰੰਸ਼ ਨਾਲ ਜੋੜ ਕੇ ਕਿਵੇਂ ਦੇਖਿਆ ਜਾਂਦਾ ਹੈ? ਇਤਿਹਾਸ ਦੇ ਸੰਦਰਭ ਵਿੱਚ ਪੰਜਾਬੀ ਨੂੰ ਪ੍ਰਾਕਿਰਤ ਜਾਂ ਅਪਭ੍ਰੰਸ਼ ਵਜੋਂ ਜੋੜਕੇ ਦੇਖਣ ਸੰਬੰਧੀ ਵੱਖ-ਵੱਖ ਮੱਤ ਬਣਦੇ ਹਨ। ਇਸ ਚਰਚਾ ਵਿੱਚ ਇੱਕ ਮੱਤ ਇਹ ਬਣਦਾ ਹੈ ਕਿ ਆਧੁਨਿਕ ਭਾਸ਼ਾਵਾਂ ਅਪਭ੍ਰੰਸ਼ ਵਿੱਚੋਂ ਉਪਜੀਆਂ ਹਨ ਤੇ ਅਪਭ੍ਰੰਸ਼ ਅੱਗੋਂ ਪਾਲੀ ਆਦਿ ਪ੍ਰਾਕ੍ਰਿਤਾਂ ਦਾ ਰੂਪ ਹਨ। ਸੋ ਸਿੱਟੇ ਵਜੋਂ ਇਹਨਾਂ ਸਾਰੀਆਂ ਭਾਸ਼ਾਵਾਂ ਦਾ ਮੂਲ ਉਹ ਭਾਸ਼ਾ ਰਹੀ ਹੋਵੇਗੀ ਜਿਸ ਭਾਸ਼ਾ ਵਿੱਚ ਵੇਦਾਂ ਦੀ ਰਚਨਾ ਹੋਈ ਹੈ।

ਇਸ ਕਰਕੇ ਪੰਜਾਬੀ ਭਾਸ਼ਾ ਦੇ ਆਦਿ ਦਾ ਸੰਬੰਧ ਵੈਦਿਕ ਭਾਸ਼ਾ ਨਾਲ ਜੁੜਦਾ ਹੈ। ਇਸ ਪ੍ਰਸੰਗ ਵਿੱਚ ਇਹ ਮੱਤ ਸਥਾਪਤ ਹੁੰਦਾ ਹੈ ਕਿ ਆਰੀਆ 1500 BC ਵਿੱਚ ਭਾਰਤ ਆਏ। ਉਨ੍ਹਾਂ ਦੀ ਪਹਿਲੀ ਬੋਲੀ ਜੋ ਵੈਦਿਕ ਭਾਸ਼ਾ ਵਜੋਂ ਵਿਕਸਤ ਹੋਈ। ਹਾਲਾਂਕਿ ਭਾਸ਼ਾ ਦੇ ਇਸ ਪੱਖ ਸੰਬੰਧੀ ਬਹੁਤ ਰਹੱਸ ਹਨ ਪਰ ਅਸੀਂ ਮੰਨਦੇ ਹਾਂ ਕਿ ਆਰੀਆ ਦੇ ਆਉਣ ਤੇ ਉਹਨਾਂ ਦੀ ਇਹ ਪਹਿਲੀ ਬੋਲੀ ਸੀ। ਪਰ ਵੈਦਿਕ ਭਾਸ਼ਾ ਦਾ ਵੀ ਕੋਈ ਰੂਪ ਨਹੀਂ ਸੀ, ਇਸ ਵਿੱਚ ਕਾਫ਼ੀ ਵੱਖਰਤਾਵਾਂ ਸਨ। ਇਸ ਸੰਬੰਧੀ ਦੋ ਨੁਕਤੇ ਉਘੜਵੇਂ ਰੂਪ ਵਿੱਚ ਦੇਖਦੇ ਹਾਂ :

ਪਹਿਲਾਂ ਨੁਕਤਾ ਵੈਦਿਕ ਸਭ ਤੋਂ ਪੁਰਾਣੀ ਬੋਲੀ ਹੈ ਅਤੇ ਇਸ ਤੋਂ ਬਾਕੀ ਪ੍ਰਾਕ੍ਰਿਤਾਂ ਹੋਂਦ ਵਿੱਚ ਆਈਆਂ ਹਨ। ਇਸ ਮੱਤ ਸੰਬੰਧੀ ਭਾਸ਼ਾ ਵਿਗਿਆਨੀ ਹਰਦੇਵ ਬਾਹਰੀ, ਉਦੈ ਨਰਾਇਣ ਤਿਵਾੜੀ ਆਦਿ ਨੇ ਹਾਮੀ ਭਰੀ ਹੈ।

ਦੂਜਾ ਨੁਕਤਾ ਹੈ ਕਿ ਵੈਦਿਕ ਭਾਸ਼ਾ ਪ੍ਰਾਕ੍ਰਿਤਾਂ ਤੋਂ ਬਾਅਦ ਹੋਂਦ ਵਿੱਚ ਆਈ – ਇਸ ਮੱਤ ਦੇ ਸਮਰਥਕ ਡਾ. ਰਾਮ ਵਿਲਾਸ ਸ਼ਰਮਾ ਹਨ। ਉਹਨਾਂ ਅਨੁਸਾਰ ਵੈਦਿਕ ਭਾਸ਼ਾ ਇੱਕ ਮਿਆਰੀ ਭਾਸ਼ਾ ਦੇ ਰੂਪ ਵਿੱਚ ਸੀ ਜੋ ਕਿਸੇ ਮੁੱਖ ਪ੍ਰਾਕ੍ਰਿਤ ਉਪਰ ਆਧਾਰਿਤ ਸੀ। ਇੰਜ ਪ੍ਰਾਕ੍ਰਿਤਾਂ ਤੋਂ ਵੈਦਿਕ ਬੋਲੀ ਵਿਕਸਤ ਹੋਈ। ਤੇ ਵੈਦਿਕ ਤੋਂ ਕਲਾਸੀਕਲ ਸੰਸਕ੍ਰਿਤ ਸੁਧਰੇ ਰੂਪ ਵਿੱਚ ਉਪਜੀ। ਇਹਨਾਂ ਪ੍ਰਾਕ੍ਰਿਤਾਂ ਤੋਂ ਹੀ ਅਪਭ੍ਰੰਸ਼ਾਂ ਅਤੇ ਆਧੁਨਿਕ ਬੋਲੀਆਂ ਦਾ ਉਦੈ ਹੋਇਆ।

ਇਥੇ ਇਹ ਗੱਲ ਵਧੇਰੇ ਪ੍ਰਮਾਣਿਕ ਲੱਗਦੀ ਹੈ ਕਿ ਵੇਦਾਂ ਦੀ ਬੋਲੀ ਵਿੱਚ ਵੀ ਰੂਪਾਂਤਰ ਪ੍ਰਾਪਤ ਹੁੰਦੇ ਹਨ। ਪੁਰਾਣੀ ਵੈਦਿਕ ਬੋਲੀ ਵਿੱਚ ਟ ਵਰਗ ਧੁਨੀਆਂ ਦੀ ਹੋਂਦ ਸਿੱਧ ਕਰਦੀ ਹੈ ਕਿ ਇਥੋਂ ਦੀਆਂ ਸਥਾਨਕ ਭਾਸ਼ਾਵਾਂ ਨਾਲ ਵੈਦਿਕ ਭਾਸ਼ਾ ਦੇ ਨਿਰਮਾਣ ਸਮੇਂ ਹੋਏ ਅਦਾਨ ਪ੍ਰਦਾਨ ਕਰਕੇ ਹੀ ਇਹ ਹੋਇਆ।

### 7.2.3 ਇਸ ਆਧਾਰ ਤੇ ਪੁਰਾਤਨ ਭਾਰਤੀ ਬੋਲੀਆਂ ਦੀ ਵੰਡ ਕੁਝ ਵੱਖਰੇ ਢੰਗ ਨਾਲ ਕੀਤੀ ਜਾਂਦੀ ਹੈ:

1. ਵੈਦਿਕ ਅਤੇ ਪ੍ਰਾਚੀਨ ਆਰੀਆ ਭਾਸ਼ਾ ਕਾਲ, ਆਰੰਭ ਤੋਂ 500 ਈ. ਪੂਰਬ।
2. ਮੱਧਕਾਲੀਨ ਆਰੀਆ ਭਾਸ਼ਾਵਾਂ ਦਾ ਕਾਲ, ਜਿਸ ਵਿੱਚ ਪਾਲੀ, ਮੱਧਕਾਲੀ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਆਉਂਦੀਆਂ ਹਨ। 500 ਈ. ਪੂਰਬ ਤੋਂ 1000 ਈ. ਪੂਰਬ।
3. ਆਧੁਨਿਕ ਆਰੀਆ ਭਾਸ਼ਾਵਾਂ ਦਾ ਕਾਲ, ਅੱਠਵੀਂ, ਨੌਵੀਂ ਸਦੀ ਅਤੇ ਮੋਟੇ ਤੌਰ ’ਤੇ 1000 ਈ. ਤੋਂ ਬਾਅਦ।

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਪੰਜਾਬੀ ਕਿਸ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਤੋਂ ਨਿਕਲੀ ਹੈ। ਇਸ ਸੰਬੰਧ ਵਿੱਚ ਸਭ ਤੋਂ ਪਹਿਲਾਂ ਵਿਦਵਾਨਾਂ ਦੇ ਵਿਚਾਰ ਲੈਂਦੇ ਹਾਂ :

- ਪੀ. ਡੀ. ਗੁਣੇ ਅਨੁਸਾਰ ਪੰਜਾਬੀ ਅਤੇ ਪੱਛਮੀ ਹਿੰਦੀ ਸ਼ੌਰਸੈਨੀ ਅਪਭ੍ਰੰਸ਼ ਤੋਂ ਹੀ ਵਿਕਸਿਤ ਹੋਈਆਂ ਮੰਨੀਆਂ ਜਾਂਦੀਆਂ ਹਨ। ਲਹਿੰਦੀ ਅਤੇ ਕਸ਼ਮੀਰੀ ਸ਼ਾਇਦ ਪਿਸ਼ਾਚ ਅਪਭ੍ਰੰਸ਼ ਵਿੱਚੋਂ ਵਿਕਸਤ ਹੋਈਆਂ ਹਨ।
- ਪ੍ਰੋ. ਦੁਨੀ ਚੰਦਰ ਨੇ ਪੱਛਮੀ ਹਿੰਦੀ ਦਾ ਸੰਬੰਧ ਸ਼ੌਰਸੈਨੀ ਨਾਲ ਜੋੜਿਆ ਹੈ।
- ਗ੍ਰੀਅਰਸਨ ਅਨੁਸਾਰ ਇਸ ਪ੍ਰਾਂਤ ਵਿੱਚ ਪਹਿਲਾਂ ਪਿਸ਼ਾਚੀ ਹੀ ਬੋਲੀ ਜਾਂਦੀ ਹੈ। ਸਹਿਜੇ-ਸਹਿਜੇ ਸ਼ੌਰਸੈਨੀ ਦੇ ਰਿਵਾਜ ਨੇ ਵੀ ਪੰਜਾਬ ਵਿੱਚ ਜ਼ੋਰ ਫੜਿਆ, ਪਰ ਪੰਜਾਬੀ ਦੀ ਨੀਂਹ ਪਿਸ਼ਾਚੀ ਹੈ।
- ਪ੍ਰੋ. ਨਰਿੰਦਰ ਵਰਮਾ ਅਨੁਸਾਰ ਲਹਿੰਦੀ ਲਈ ਕੈਕੇਈ, ਅਪਭ੍ਰੰਸ਼ਾਂ ਦੀ ਕਲਪਨਾ ਕੀਤੀ ਜਾ ਸਕਦੀ ਹੈ। ਪੰਜਾਬੀ ਦਾ ਸੰਬੰਧ ਕੈਕੇਈ ਨਾਲ ਹੋਣਾ ਚਾਹੀਦਾ ਹੈ ਪ੍ਰੰਤੂ ਬਾਅਦ ਵਿੱਚ ਇਸ ਉੱਤੇ ਸ਼ੌਰਸੈਨੀ ਦਾ ਪ੍ਰਭਾਵ ਪਿਆ ਹੈ।
- ਡਾ. ਮੋਹਨ ਸਿੰਘ ਦੀਵਾਨਾ ਦਾ ਮੱਤ ਕਾਫ਼ੀ ਮਹੱਤਵਪੂਰਨ ਹੈ। ਉਨ੍ਹਾਂ ਅਨੁਸਾਰ ਉਜੈਨ ਤੋਂ ਲੈ ਕੇ ਪਿਸ਼ੌਰ ਤੱਕ ਅਤੇ ਸਿੰਧ ਤੋਂ ਲੈ ਕੇ ਕਨੌਜ ਤੱਕ ਮਹਾ ਰਾਸ਼ਟਰੀ ਪ੍ਰਾਕ੍ਰਿਤਾਂ ਇਸ ਵਿੱਚ ਦੇਸ਼ ਭਾਖਾ, ਮਰਾਠੀ, ਗੁਜਰਾਤੀ, ਰਾਜਸਥਾਨੀ, ਸਿੰਧੀ, ਪੰਜਾਬੀ ਆਦਿ ਨਿਕਲੀਆਂ ਸਨ। ਪੰਜਾਬੀ ਦਾ ਨਾਂ ਉਦੋਂ (8ਵੀਂ ਸਦੀ ਵਿੱਚ) ਪਿਸ਼ਾਚੀ, ਅਵਹੱਟ, ਭੂਤ ਭਾਖਾ ਸੀ। ਪਿਸ਼ਾਚ ਭਾਸ਼ਾ, ਭੂਤ ਭਾਖਾ, ਅਵਹੱਟ, ਜਟਕੀ ਇਹ ਪੁਰਾਣੀ ਪੰਜਾਬੀ ਦੇ ਨਾਂ ਸਨ। ਇਸ ਆਧਾਰ ਤੇ ਹੇਠ ਲਿਖੇ ਵਿਚਾਰ ਪ੍ਰਮੁੱਖਤਾ ਦਰਸਾਉਂਦੇ ਹਨ:

ਪਹਿਲਾ ਪੱਖ : ਪੰਜਾਬੀ ਦਾ ਮੂਲ ਸ਼ੌਰਸੈਨੀ ਅਪਭ੍ਰੰਸ਼ ਹੈ।

ਦੂਜਾ ਪੱਖ :ਪੰਜਾਬੀ ਦਾ ਸੰਬੰਧ ਸ਼ੌਰਸੈਨੀ ਕੈਕੇਈ ਦੋਹਾਂ ਅਪਭ੍ਰੰਸ਼ਾਂ ਨਾਲ ਹੈ, ਪੱਛਮੀ ਪੰਜਾਬ ਦਾ ਸੰਬੰਧ ਕੈਕੇਈ ਨਾਲ ਤੇ ਪੂਰਬੀ ਦਾ ਸ਼ੌਰਸੈਨੀ ਨਾਲ ਜੋੜਿਆ ਜਾਂਦਾ ਹੈ।

ਤੀਜਾ ਪੱਖ : ਸਮੁੱਚੇ ਪੰਜਾਬ ਦੀ ਭਾਸ਼ਾ ਦਾ ਆਧਾਰ ਕੈਕੇਈ ਅਪਭ੍ਰੰਸ਼ ਹੈ।

ਸਾਨੂੰ ਤੀਸਰਾ ਪੱਖ ਵਧੇਰੇ ਸਹੀ ਪ੍ਰਤੀਤ ਹੁੰਦਾ ਹੈ। ਪੰਜਾਬ ਦੇ ਪੂਰਬ ਵਿੱਚ ਸ਼ੌਰਸੈਨੀ ਦਾ ਇਲਾਕਾ ਪੈਂਦਾ ਹੈ। ਉੱਤਰ ਪੱਛਮੀ ਖੇਤਰ ਵਿੱਚ ਸਿੰਧੀ ਅਤੇ ਪਹਾੜੀ ਭਾਸ਼ਾਵਾਂ ਦਾ ਆਧਾਰ ਪਿਸ਼ਾਚੀ ਹੈ। ਦੋਹਾਂ ਦੇ ਵਿਚਕਾਰਲੇ ਇਲਾਕਾ ਜੋ ਪੰਜਾਬੀ ਬੋਲੀ ਦਾ ਖੇਤਰ ਹੈ, ਦੇ ਪ੍ਰਸੰਗ ਵਿੱਚ ਕੈਕੇਈ ਅਪਭ੍ਰੰਸ਼ ਦੀ ਕਲਪਨਾ ਨਿਆਂ ਸੰਗਤ ਹੈ। ਇਹ ਕੇਵਲ ਕਲਪਨਾ ਹੀ ਨਹੀਂ ਸਗੋਂ ਇਸਦੇ ਹਵਾਲੇ ਪੁਰਾਣੇ ਵਿਆਕਰਣ ਗ੍ਰੰਥਾਂ ਵਿੱਚ ਅਤੇ ਮਿਥਿਹਾਸਕ ਕਥਾਵਾਂ ਉੱਪਰ ਆਧਾਰਿਤ ਮਹਾਂ-ਕਾਵਿ ਆਦਿ ਵਿੱਚ ਮਿਲਦੇ ਹਨ। ਨਾ ਤਾਂ ਮਿਥਿਹਾਸ ਰੂਪ ਵਿੱਚ ਸ਼ੌਰਸੈਨੀ ਨੂੰ ਪੰਜਾਬੀ ਮੂਲ ਕਿਹਾ ਜਾਂਦਾ ਹੈ ਅਤੇ ਨਾ ਹੀ ਪਿਸ਼ਾਚੀ ਨੂੰ। ਹਾਂ ਇਨ੍ਹਾਂ ਦੋਹਾਂ ਦਾ ਪੰਜਾਬੀ ਉੱਤੇ ਪ੍ਰਭਾਵ ਜ਼ਰੂਰ ਪਿਆ ਹੈ।

ਇਸ ਨਜ਼ਰੀਏ ਤੋਂ ਪੰਜਾਬੀ ਭਾਸ਼ਾ ਨਾਲ ਸ਼ੌਰਸੈਨੀ ਦੀ ਸਾਂਝ ਕਾਫ਼ੀ ਹੱਦ ਤੱਕ ਮੰਨੀ ਜਾ ਸਕਦੀ ਹੈ ਪਰ ਪੂਰਨ ਰੂਪ ਵਿੱਚ ਨਹੀਂ। ਇਹਨਾਂ ਵਿਚਾਰਾਂ ਦੇ ਅੰਤਰਗਤ ਅਸੀਂ ਪੰਜਾਬੀ ਭਾਸ਼ਾ ਦੇ ਵੱਖ-ਵੱਖ ਭਾਸ਼ਾਵਾਂ ਨਾਲ ਇਸ ਪ੍ਰਕਾਰ ਦੇ ਸੰਬੰਧ

ਸਥਾਪਤ ਹੁੰਦੇ ਦੇਖਦੇ ਹਾਂ।

**7.2.4 ਪੰਜਾਬੀ ਨਾਲ ਸ਼ੌਰਸੈਨੀ ਭਾਸ਼ਾ ਦੀਆਂ ਸਮਾਨਤਾਵਾਂ :**

ਪੰਜਾਬੀ ਨਾਲ ਸ਼ੌਰਸੈਨੀ ਭਾਸ਼ਾ ਦੀਆਂ ਸਮਾਨਤਾਵਾਂ ਨੂੰ ਦ੍ਰਿਸ਼ਟੀਗੋਚਰ ਕਰਦੇ ਹੋਏ ਕੁਝ ਪੱਖ ਧਿਆਨ ਦੀ ਮੰਗ ਕਰਦੇ ਹਨ। ਜਿਵੇਂ ਸ਼ੌਰਸੈਨੀ ਵਿੱਚ ਪੁਰਾਣੀ ਆਰੀਆ ਭਾਸ਼ਾ ਦੇ ਕ ਚ ਟ ਤ ਪ ਦੀ ਥਾਂ ਸੰਬੰਧਤ ਵਰਗ ਦੀ ਕ੍ਰਮਵਾਰ ਤੀਸਰੀ ਧੁਨੀ ਆਉਂਦੀ ਹੈ:

| ਸ਼ੌਰਸੈਨੀ | ਪੰਜਾਬੀ |
|---|---|
| ਸੂਰਯ | ਸੂਰਜ |
| ਸੰਯਮ | ਸੰਜਮ |
| ਯੁੱਗ | ਜੁਗ |

ਇਸ ਤੋਂ ਬਿਨਾਂ ਸ਼ੌਰਸੈਨੀ ਵਿੱਚ ਤਿੰਨ ਸੱਸਿਆਂ (स, श, ष) ਦਾ ਪੰਜਾਬੀ ਵਿੱਚ ਇੱਕ /ਸ/ ਹੈ।

ਸ਼ੌਰਸੈਨੀ ਦੇ ਕਿਰਿਆ ਰੂਪ ਪੰਜਾਬੀ ਨਾਲ ਕਾਫ਼ੀ ਮਿਲਦੇ ਹਨ

| ਸ਼ੌਰਸੈਨੀ | ਪੰਜਾਬੀ |
|---|---|
| ਕਥੇਦਿ | ਕਹਿੰਦਾ |
| ਪੁਛੇਦਿ | ਪੁਛਦਾ |
| ਦੀਸਦਿ | ਦਿਸਦਾ |

ਸ਼ੌਰਸੈਨੀ ਅਤੇ ਪੰਜਾਬੀ ਵਿਚਲੀਆਂ ਇਹਨਾਂ ਵੱਖਰਤਾਵਾਂ ਦੇ ਸਪਸ਼ਟ ਭੇਦਾਂ ਤੋਂ ਇਲਾਵਾ ਇਹਨਾਂ ਭਾਸ਼ਾਵਾਂ ਦੇ ਸੰਸਕ੍ਰਿਤ ਨਾਲ ਵਖਰੇਵੇਂ ਵੀ ਦੇਖੇ ਜਾ ਸਕਦੇ ਹਨ :

| ਸ਼ੋਰਸੈਨੀ | ਸੰਸਕ੍ਰਿਤ | ਪੰਜਾਬੀ |
|---|---|---|
| ਦੇਦਿ | ਦੇਤ | ਦਿੱਤਾ |
| ਪੀਵਦਿ | ਪੀਤ | ਪੀਤਾ |

ਇਥੇ ਇਹ ਪੱਖ ਵੀ ਵਿਚਾਰਨਯੋਗ ਹੈ ਕਿ ਜੋ ਸਭ ਪ੍ਰਕਾਰ ਦੇ ਨਿਯਮ ਸ਼ੌਰਸੈਨੀ ਵਿੱਚ ਹਨ ਉਹ ਪੰਜਾਬੀ ਵਿੱਚ ਨਹੀਂ ਆਏ। ਇਹਨਾਂ ਦੋਨੋਂ ਭਾਸ਼ਾਵਾਂ ਵਿੱਚ ਹੋਰ ਵੀ ਭਿੰਨਤਾਵਾਂ ਦੇ ਪ੍ਰਮਾਣ ਮਿਲਦੇ ਹਨ। ਸ਼ੌਰਸੈਨੀ ਭਾਸ਼ਾ ਦੀ ਇੱਕ ਵਿਸ਼ੇਸ਼ਤਾ ਪੂਰਬੀ ਪੰਜਾਬੀ ਦੀਆਂ ਭਾਸ਼ਾਵਾਂ ਵਿੱਚ ਹੈ। ਜਿਵੇਂ 'ਵ' ਤੋਂ 'ਬ' – ਵੀਰ-ਬੀਰ, ਵੇਦ-ਬੇਦ ਆਦਿ ਸ਼ਬਦਾਂ ਤੋਂ ਪਤਾ ਲੱਗਦਾ ਹੈ ਕਿ ਸ਼ੌਰਸੈਨੀ ਦਾ ਪੰਜਾਬੀ ਉੱਤੇ ਕਾਫ਼ੀ ਪ੍ਰਤੱਖ ਅਸਰ ਹੈ।

### 7.2.5 ਪੰਜਾਬੀ ਦਾ ਪਿਸ਼ਾਚੀ ਨਾਲ ਸੰਬੰਧ:

ਪੰਜਾਬੀ ਦਾ ਬਹੁਤਾ ਸੰਬੰਧ ਕਸ਼ਮੀਰੀ ਅਤੇ ਬਰੂਹੀ ਭਾਸ਼ਾ ਨਾਲ ਜੁੜਿਆ ਮੰਨਿਆ ਜਾਂਦਾ ਹੈ। ਇਹ ਪੰਜਾਬ ਦੇ ਉੱਤਰ-ਪੱਛਮੀ ਖੇਤਰ ਦੀਆਂ ਭਾਸ਼ਾਵਾਂ ਹਨ। ਇਹਨਾਂ ਦਾ ਪੱਛਮੀ ਪੰਜਾਬੀ ਜਾਂ ਲਹਿੰਦੀ ਉੱਪਰ ਪ੍ਰਭਾਵ ਪਿਆ ਹੈ। ਪਰ ਪਿਸ਼ਾਚੀ ਇਸਦਾ ਪੂਰਨ ਆਧਾਰ ਮੰਨੀ ਜਾ ਸਕਦੀ ਹੈ।

ਪਿਸ਼ਾਚੀ ਵਿੱਚ ਧੁਨੀ ਪਰਿਵਰਤਨ ਪੰਜਾਬੀ ਨਾਲੋਂ ਬਿਲਕੁਲ ਵੱਖਰੇ ਰੂਪ ਵਿੱਚ ਹੈ। ਜਿਵੇਂ ਪੰਜਾਬੀ ਵਿਚਲੇ ਤੀਜੇ ਵਰਗ ਗ ਜ ਡ ਦ ਬ ਦੀ ਥਾਂ ਪਿਸ਼ਾਚੀ ਵਿੱਚ ਪਹਿਲੇ ਵਰਗ – ਕ ਚ ਟ ਤ ਪ ਵਿੱਚ ਤਬਦੀਲ ਹੁੰਦਾ ਹੈ:

| ਪੰਜਾਬੀ | ਪਿਸ਼ਾਚੀ |
|---|---|
| ਦਮੋਦਰ | ਤਮੋਦਰ |
| ਨਗਰ | ਨਕਰ |
| ਬਾਲਕ | ਪਾਲਕ |

ਇਸ ਭਾਸ਼ਾ ਵਿੱਚ ਮੂਰਧਨੀ ਵਰਗ ਵੀ ਘੱਟ ਹਨ – ਟ ਠ ਡ ਢ ਣ, ਪਿਸ਼ਾਚੀ ਦੀ ਇਹ ਰੁਚੀ ਈਰਾਨੀ ਬੋਲੀਆਂ ਵਾਲੀ ਹੈ, ਜਿੱਥੇ /ਟ/ ਦੀ ਥਾਂ /ਤ/ ਜਾਂਦਾ ਹੈ। ਪੈਸ਼ਾਚੀ ਵਿੱਚ /ਟ/ ਦੀ ਥਾਂ /ਨ/ ਦੀ ਪ੍ਰਧਾਨਤਾ ਹੈ। ਇਸ ਕਰਕੇ ਪੈਸ਼ਾਚੀ ਨੂੰ ਪੰਜਾਬੀ ਦਾ ਆਧਾਰ ਨਹੀਂ ਮੰਨਿਆ ਜਾ ਸਕਦਾ। ਪਰ ਲਹਿੰਦੀ ਦੀਆਂ ਭਾਸ਼ਾਵਾਂ ਉੱਤੇ ਇਸਦਾ ਪ੍ਰਭਾਵ ਜ਼ਰੂਰ ਹੈ।

### 7.2.6 ਪੰਜਾਬੀ ਅਤੇ ਕੈਕੇਈ ਦਾ ਸੰਬੰਧ:

ਪੰਜਾਬੀ ਅਤੇ ਕੈਕੇਈ ਦੇ ਸੰਬੰਧਾਂ ਬਾਰੇ ਸਾਨੂੰ ਵਿਆਕਰਣਕ ਹਵਾਲਿਆਂ ਤੋਂ ਵਧੇਰੇ ਅਗਵਾਈ ਮਿਲਦੀ ਹੈ। ਭਾਵੇਂ ਕਿ ਕੈਕੇਈ ਅਪਭ੍ਰੰਸ਼ ਦੇ ਸਪਸ਼ਟ ਲੱਛਣ ਉਪਲਬਧ ਨਹੀਂ ਪਰ ਕੈਕੇਈ ਲਈ ਕੁਝ ਪਛਾਣ ਚਿੰਨ੍ਹ ਸਪਸ਼ਟ ਹਨ। ਇਸ ਲਈ ਕੈਕੇਈ ਦੀ ਮੁੱਖ ਪਛਾਣ ਦੁਹਰਾਓ-ਮੂਲਕ ਪ੍ਰਵਿਰਤੀ ਵਾਲੀ ਹੈ ਜਿਵੇਂ ਦੁੱਤ ਵਿਅੰਜਨਾਂ ਦੇ ਪ੍ਰਸੰਗ ਵਿੱਚ ਤੱਤਾ, ਕੰਨ, ਮੁੱਕੀ, ਦੁੱਧ, ਪੁੱਤ ਆਦਿ।

ਇਸੇ ਵਾਂਗ ਸ਼ਬਦ ਦੁਹਰਾਓ ਹੈ – ਕੱਲਮ-ਕੱਲਾ, ਮੁੱਕੋ-ਮੁੱਕੀ ਆਦਿ। ਰੂਪ ਦੁਹਰਾਓ ਵੀ ਕੈਕੇਈ ਦਾ ਪ੍ਰਭਾਵ ਮੰਨਿਆ ਜਾਂਦਾ ਹੈ। ਜਿਵੇਂ ਪਾਣੀ-ਧਾਣੀ, ਚਾਹ-ਚੂਹ, ਰੋਟੀ-ਰਾਟੀ ਆਦਿ।

ਕੈਕੇਈ ਦੀ ਇੱਕ ਹੋਰ ਲੱਛਣ /ਕ/ ਦੀ ਪ੍ਰਧਾਨਤਾ ਹੈ। ਇਸ ਤਰ੍ਹਾਂ ਦੇ ਲਫ਼ਜ਼ ਪੰਜਾਬੀ ਵਿੱਚ ਕਾਫ਼ੀ ਹਨ – ਕੀਕਣ, ਕਦੋਂ, ਕੁੱਕੜ, ਕੋਕਾ, ਕਿੱਧਰ ਆਦਿ।

ਇਤਿਹਾਸਕ ਅਤੇ ਮਿਥਿਹਾਸਕ ਹਵਾਲੇ ਵੀ ਸਾਨੂੰ ਕੈਕੇਈ ਵੱਲ ਧਿਆਨ ਦਿਵਾਉਂਦੇ ਹਨ। ਕੈਕੇਈ ਪ੍ਰਾਂਤ ਦਾ ਸੰਬੰਧ ਸਿੰਧ ਦਰਿਆ ਦੇ ਇਧਰਲੇ ਪਾਸੇ ਨਾਲ ਮੰਨਿਆ ਜਾਂਦਾ ਹੈ। ਮੁਲਤਾਨ ਇਨ੍ਹਾਂ ਵਿੱਚੋਂ ਪ੍ਰਮੁੱਖ ਹੈ। ਇਹ ਉਹ ਇਲਾਕਾ ਹੈ ਜਿਥੇ ਕੈਕੇਈ ਲੋਕ ਵਸਦੇ ਸਨ। ਕੈਕਯ, ਪੁਰਾਤਨ ਪੰਜਾਬ ਦੀ ਇੱਕ ਮਸ਼ਹੂਰ ਜਾਤੀ ਹੈ ਜਿਸਦੇ ਹਵਾਲੇ ਵੇਦਾਂ ਤੋਂ ਪ੍ਰਾਪਤ ਹੁੰਦੇ ਹਨ। ਕੈਕਯ ਪ੍ਰਾਂਤ ਦੇ ਨਿਸ਼ਾਨ ਵੀ ਪੁਰਾਤਨ ਕਾਲ ਵਿੱਚ ਮਿਲਦੇ ਹਨ।

ਕੈਕਯ ਅਪਭ੍ਰੰਸ਼ ਦੇ ਸੰਕੇਤ ਵਿਆਕਰਣਾ ਵਿੱਚੋਂ ਪ੍ਰਾਪਤ ਹੁੰਦੇ ਹਨ ਭਾਵੇਂ ਕਿ ਇਸ ਭਾਸ਼ਾ ਦੇ ਸਪਸ਼ਟ ਰੂਪ ਉਜਾਗਰ ਨਹੀਂ ਹੋਏ। ਮਾਰਕੰਡੇ ਨੇ ਇਸਦਾ ਖ਼ਾਸ ਜ਼ਿਕਰ ਕੀਤਾ ਹੈ।

ਮਹਾਂਭਾਰਤ ਦੇ ਯੁੱਗ ਤੋਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਗਦਰ ਗੱਦਰ ਦਾ ਉਲੇਖ ਮਿਲਦਾ ਹੈ। ਇਸਦਾ ਸੰਬੰਧ ਕਿਸ ਪ੍ਰਾਂਤ ਅਤੇ ਭਾਸ਼ਾ ਨਾਲ ਹੈ, ਇਸ ਬਾਰੇ ਬਹੁਤਾ ਕੁਝ ਨਹੀਂ ਕਿਹਾ ਜਾ ਸਕਦਾ ਹੈ। ਟੱਕੀ ਦਾ ਸੰਬੰਧ ਵੀ ਕੈਕੇਈ ਨਾਲ ਜੋੜਿਆ ਜਾਂਦਾ ਹੈ ਕਿ ਇਸਦਾ ਪਹਿਲਾ ਨਾਂ ਕੈਕੇਈ ਸੀ ਅਤੇ ਬਾਅਦ ਵਿੱਚ ਵਿਗੜ ਕੇ 'ਟੱਕੀ' ਪੈ ਗਿਆ। ਇਸ ਤਰ੍ਹਾਂ ਕੈਕੇਈ ਜਾਂ ਟੱਕੀ ਦਾ ਮੂਲ ਸੰਬੰਧ ਪੰਜਾਬੀ ਨਾਲ ਹੈ। ਇਸਦੀਆਂ ਉਪਭਾਸ਼ਾਵਾਂ ਦੀ ਵੰਨ-ਸੁਵੰਨਤਾ ਗੁਆਂਢੀ ਪ੍ਰਭਾਵ ਕਾਰਨ ਹੈ।

**7.2.7 ਸਾਰ ਅੰਸ਼ :**

ਸਾਰ ਰੂਪ ਵਿੱਚ ਪੰਜਾਬੀ ਭਾਸ਼ਾ ਦੀ ਉਤਪਤੀ ਅਤੇ ਵਿਕਾਸ ਸੰਬੰਧੀ ਚਰਚਾ ਕਰਕੇ ਇਹ ਤੱਥ ਸਪਸ਼ਟ ਹੁੰਦੇ ਹਨ ਕਿ ਪੰਜਾਬੀ ਭਾਸ਼ਾ ਦਾ ਸੰਬੰਧ ਕੈਕੇਈ ਭਾਸ਼ਾ ਨਾਲ ਜੁੜਦਾ ਹੋਇਆ ਮੌਜੂਦਾ ਸਮੇਂ ਤੱਕ ਪੁੱਜਦਾ ਹੈ। ਇਹ ਭਾਸ਼ਾ ਆਰੀਆ ਭਾਸ਼ਾਵਾਂ ਦੇ ਨਿਰੰਤਰ ਵਿਕਾਸ ਵਿੱਚੋਂ ਹੋਂਦ ਵਿੱਚ ਆਈ। ਹੁਣ ਪੰਜਾਬੀ ਭਾਸ਼ਾ ਆਪਣੀ ਵੱਖਰੀ ਗੁਰਮੁਖੀ ਲਿਪੀ ਰਾਹੀਂ ਇੱਕ ਵੱਖਰੀ ਅਤੇ ਸੁਤੰਤਰ ਪਛਾਣ ਰੱਖਦੀ ਹੈ।

**7.3 ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ**

**ਭੂਮਿਕਾ : 7.3.1**

ਪੰਜਾਬੀ ਭਾਸ਼ਾ ਦਾ ਖੇਤਰ ਅਤਿ ਵਿਸ਼ਾਲ ਹੈ। ਪੰਜਾਬੀ ਸਾਰੇ ਪੰਜਾਬ ਵਿੱਚ ਤੇ ਹਰਿਆਣਾ, ਹਿਮਾਚਲ, ਜੰਮੂ ਤੇ ਰਾਜਸਥਾਨ ਦੇ ਹਿੱਸਿਆਂ ਵਿੱਚ ਬੋਲੀ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ ਪੰਜਾਬੀ ਭਾਸ਼ਾ ਪੰਜਾਬ ਵਿੱਚ ਵਸਦੇ ਅਤੇ ਪੰਜਾਬ ਤੋਂ ਬਾਹਰ ਦੇਸ਼-ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੀ ਭਾਸ਼ਾ ਹੈ। ਪੰਜਾਬੀ ਭਾਸ਼ਾ ਦੇ ਨਿਕਾਸ ਤੇ ਵਿਕਾਸ ਬਾਰੇ ਬਹੁਤ ਸਾਰੇ ਵਿਦਵਾਨਾਂ ਵਿੱਚ ਮਤਭੇਦ ਹਨ ਅਤੇ ਵਿਚਾਰਮੂਲਕ ਸਾਂਝਾ ਹਨ, ਜਿਹਨਾਂ ਦੀ ਪੁਸ਼ਟੀ ਅਸੀਂ ਪਿਛਲੇ ਸਵਾਲ ਵਿੱਚ ਕਰ ਆਏ ਹਾਂ। ਜੇ ਸਾਧਾਰਨ ਸ਼ਬਦਾਂ ਵਿੱਚ ਗੱਲ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਸਮੇਂ ਦੇ ਸਮਾਜ ਨੂੰ ਸਮਝਣਾ ਹੋਵੇ ਤਾਂ ਭਾਸ਼ਾ ਇੱਕ ਅਹਿਮ ਰੋਲ ਅਦਾ ਕਰਦੀ ਹੈ। ਬੋਲਚਾਲ ਤੋਂ ਕਿਸੇ ਸਮੇਂ, ਸਥਿਤੀ ਤੇ ਸ਼ਖ਼ਸੀਅਤ ਦਾ ਪੈਮਾਨਾ ਮਾਪਿਆ ਜਾ ਸਕਦਾ ਹੈ। ਭਾਸ਼ਾ ਦਾ ਮਨੁੱਖ ਅਤੇ ਸਮਾਜ ਨਾਲ ਗਹਿਰਾ ਰਿਸ਼ਤਾ ਹੈ ਜੋ ਇੱਕ ਦੂਜੇ ਦੇ ਪੂਰਕ ਹਨ। ਭਾਸ਼ਾ ਕਿਸੇ ਵੀ ਸਮਾਜ ਦੀ ਸੰਸਕ੍ਰਿਤੀ, ਇਤਿਹਾਸ, ਭੂਗੋਲਿਕਤਾ, ਉਥੇ ਰਹਿੰਦੇ ਲੋਕਾਂ ਦੀ ਜੀਵਨ-ਜਾਂਚ ਨੂੰ ਸਮਝਣ ਵਿੱਚ ਅਹਿਮੀਅਤ ਰੱਖਦੀ ਹੈ। ਭਾਸ਼ਾ ਰਾਹੀਂ ਹੀ ਅਸੀਂ ਦੂਜੇ ਮੁਲਕ ਦੀ ਸੰਸਕ੍ਰਿਤੀ ਨਾਲ ਜੁੜ ਸਕਦੇ ਹਾਂ। ਕਿਉਂਕਿ ਭਾਸ਼ਾ ਅਤਿ ਗਹਿਨ, ਸੂਖਮ ਅਤੇ ਜਟਿਲ ਹੋਂਦ ਹੈ। ਭਾਸ਼ਾ ਉਹ ਸਾਧਨ ਹੈ ਜਿਸ ਰਾਹੀਂ ਅਸੀਂ ਆਪਣੇ ਵਿਚਾਰਾਂ, ਕਾਮਨਾਵਾਂ, ਭਾਵਨਾਵਾਂ ਦਾ ਆਦਾਨ-ਪ੍ਰਦਾਨ ਕਰ ਸਕਦੇ ਹਾਂ। ਇੱਕ ਤੋਂ ਵੱਧ ਭਾਸ਼ਾਵਾਂ ਦੀ ਜਾਣਕਾਰੀ ਰੱਖਦਾ ਮਨੁੱਖ ਦੁਨੀਆਂ ਭਰ ਨਾਲ ਜੁੜ ਸਕਦਾ ਹੈ

**7.3.2 ਭਾਸ਼ਾ ਅਤੇ ਲਿਪੀ ਦਾ ਸੰਬੰਧ :**

ਭਾਸ਼ਾ ਅਤੇ ਲਿਪੀ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਭਾਸ਼ਾ ਮੌਖਿਕ ਰੂਪ ਹੈ ਅਤੇ ਲਿਪੀ ਉਸ ਭਾਸ਼ਾ ਦਾ ਲਿਖਤੀ ਰੂਪ ਹੈ। ਕਿਹਾ ਜਾਂਦਾ ਹੈ ਕਿ ਬੋਲੇ ਸ਼ਬਦ ਉੱਡ ਜਾਂਦੇ ਹਨ ਪਰ ਲਿਖੇ ਸ਼ਬਦ ਸਾਂਭੇ ਰਹਿੰਦੇ ਹਨ। ਕਿਸੇ ਭਾਸ਼ਾ ਦੀ ਲਿਪੀ ਹੀ ਉਸ ਭਾਸ਼ਾ ਦੀ ਹੋਂਦ ਨੂੰ ਬਚਾ ਸਕਦੀ ਹੈ। ਸਿੰਧੂ ਘਾਟੀ ਦੀ ਸੱਭਿਅਤਾ ਜਿਹੜੀ ਆਪਣੇ ਸਮੇਂ ਦੀ ਮਹਾਨ ਸਭਿਅਤਾ ਰਹੀ, ਦਾ ਪਤਾ ਸਾਨੂੰ ਖ਼ੁਦਾਈ ਤੋਂ ਮਿਲੇ ਅਵਸ਼ੇਸ਼ਾਂ ਤੋਂ ਲੱਗਦਾ ਹੈ। ਪਰ ਉਥੋਂ ਮਿਲੀਆਂ ਮੂਰਤੀਆਂ 'ਤੇ ਲਿਖੇ ਅੱਖਰਾਂ ਨੂੰ ਹਲੇ ਤੱਕ ਪੜ੍ਹਿਆ ਨਹੀਂ ਜਾ ਸਕਿਆ। ਜੋ ਇਹ ਲਿਪੀ ਉਹਨਾਂ ਲੋਕਾਂ ਦੀ ਬੋਲਚਾਲੀ ਤੇ ਸਾਹਿਤਕ ਭਾਸ਼ਾ ਰਹੀ ਹੋਵੇਗੀ। ਸੋਚੋ ! ਜੇਕਰ ਇਹ ਲਿਪੀ ਪੜ੍ਹੀ ਜਾ ਸਕਦੀ ਤਾਂ ਇਹਨਾਂ ਭਾਸ਼ਾ ਸ੍ਰੋਤਾਂ ਰਾਹੀਂ ਅਸੀਂ ਇਸ ਸੱਭਿਅਤਾ ਤੇ ਇਥੇ ਵਸਦੇ ਲੋਕਾਂ ਦੇ ਕੰਮ-ਧੰਦਿਆਂ ਤੇ ਉਹਨਾਂ ਦੀ ਸਮੁੱਚੀ ਜੀਵਨ-ਜਾਂਚ ਨੂੰ ਬਹੁਤ ਬਾਰੀਕੀ ਨਾਲ ਜਾਣ ਸਕਦੇ ਹੁੰਦੇ।

**7.3.3 ਪੰਜਾਬੀ ਭਾਸ਼ਾ ਸੰਬੰਧੀ ਵੱਖ-ਵੱਖ ਪਰਿਭਾਸ਼ਾਵਾਂ :**

ਕਿਸੇ ਵੀ ਭਾਸ਼ਾ ਦੀਆਂ ਖ਼ੂਬੀਆਂ ਉਸਦੇ ਵਿਆਕਰਨਕ ਨੇਮ, ਧੁਨੀਆਤਮਕ ਵਿਲੱਖਣਤਾ ਨੂੰ ਦੂਜੀ ਭਾਸ਼ਾ ਨਾਲ ਮਿਲਾਕੇ ਦੇਖਣਾ, ਉਸ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਣਦੀਆਂ ਹਨ। ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਾਰੇ ਗੱਲ ਕਰਨ ਤੋਂ ਪਹਿਲਾ ਭਾਸ਼ਾ ਸ਼ਬਦ ਦੀ ਨਿਰੁਕਤੀ, ਸ਼ਾਬਦਿਕ ਅਰਥ, ਇਸ ਸੰਬੰਧੀ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਨੂੰ ਵੇਖਣਾ ਉਚਿਤ ਲੱਗਦਾ ਹੈ।

ਭਾਸ਼ਾ ਸ਼ਬਦ ਦੀ ਨਿਰੁਕਤੀ ਸੰਸਕ੍ਰਿਤ ਧਾਤੂ (Root) 'ਭਾਸ਼' (भाष) ਤੋਂ ਹੋਈ ਹੈ। ਭਾਸ਼ ਧਾਤੂ ਦਾ ਅਰਥ ਹੈ – ਬੋਲਣਾ, ਸੰਬੋਧਨ ਕਰਨਾ, ਵਾਰਤਾਲਾਪ ਕਰਨਾ, ਵਰਨਨ ਕਰਨਾ ਆਦਿ। ਭਾਸ਼ਾ ਦੇ ਸ਼ਬਦਾਰਥ ਬਾਰੇ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਉਹ ਕ੍ਰਿਆ ਜਾਂ ਕਰਮ ਹੈ ਜੋ ਭਾਖਿਆ ਜਾਵੇ ਜਾਂ ਬੋਲਿਆ ਜਾਵੇ। (ਪ੍ਰੇਮ ਪ੍ਰਕਾਸ਼ – ਸਿਧਾਂਤਕ ਭਾਸ਼ਾ ਵਿਗਿਆਨ, ਪੰਨਾ-15) ਬੋਲੀ, ਜਬਾਨ, ਜ਼ੁਬਾਨ ਆਦਿ ਸ਼ਬਦ ਭਾਸ਼ਾ ਦੇ ਸਮਾਨਰਥਕ ਸ਼ਬਦ ਹਨ। ਭਾਸ਼ਾ ਉਹ ਮਾਧਿਅਮ ਹੈ ਜਿਸ ਰਾਹੀਂ ਵਿਅਕਤੀ ਆਪਣੇ ਭਾਵਾਂ ਦਾ ਆਦਾਨ-ਪ੍ਰਦਾਨ ਕਰ ਸਕਦਾ ਹੈ। ਇਸ ਸੰਬੰਧੀ ਜੀ. ਰੀਵਜ਼ ਦਾ ਕਹਿਣਾ ਹੈ :

> "Language is the medium by which commands and wishes are expressed, subjectively and objectively perceived facts are indicated."
>
> (G. Revesz, The Origen and Pre-history of Language, P-20)

ਭਾਸ਼ਾਵਾਂ ਆਪਣੀ ਇੱਛਾਵਾਂ ਦੇ ਭਾਵਾਂ ਦੇ ਸੰਚਾਰ ਦਾ ਮਨੁੱਖੀ ਅਤੇ ਗੈਰ-ਜਮਾਂਦਰੂ ਢੰਗ ਹੈ –

> "Language is a purely human and non-instinctive method of communicating ideas, emotions and desires by means of a system of voluntarily produced symbols."
>
> (Sapir, Language, 1921, P-28)

ਹਰ ਭਾਸ਼ਾ ਦੇ ਕੁਝ ਭਾਸ਼ਾਈ ਕੋਡ ਹੁੰਦੇ ਹਨ। ਜਿਸ ਰਾਹੀਂ ਵਕਤੇ ਦੇ ਬੋਲਾਂ ਨੂੰ ਸਰੋਤਾ ਸਮਝ ਸਕਦਾ ਹੈ। ਭਾਸ਼ਾ

ਇੱਕ ਸਿਸਟਮੀ ਤੇ ਨਿਯਮਬੱਧ ਵਿਵਸਥਾ ਹੈ। ਇਸ ਸੰਬੰਧੀ ਕੁਝ ਹੋਰ ਭਾਸ਼ਾ-ਵਿਗਿਆਨੀਆਂ ਦੀਆਂ ਪਰਿਭਾਸ਼ਾਵਾਂ ਅੰਕਿਤ ਹਨ :

"Language is a system of arbitrary vocal symbol by means of which a social group co-operates"

(Block and Trager : An outline of linguistic Analysis, 1943, p-5)

"Language is primarily a system of phonetic symbols for the expression of communicable thought and feelings."

(Robert T. Harris, Language and informal Logic)

"Language in a system of interrelated items and the value of those items is defined by their place in the system rather than by their history."

"Language is a coherent system of relations to be studied synchronically."

(Jonathan Culler, (Introduction) Course in General Linguistics by F.D. Saussure)

"Language is the institution whereby humans communicate and interact with each other by means of habitually used oral-auditory arbitrary symbols."

(Hall, Essay on Language, 1968, p-158)

जिन ध्वनि–चिन्हों द्वारा मनुष्य परस्पर विचार विनियम करता है उनको सपष्टि रुप से भाषा कहते है।

(बाबू राम सक्सेना, सामान्य भाषा विज्ञान)

ਭਾਸ਼ਾ ਵਿਗਿਆਨੀ ਹਾਕੇਟ ਭਾਸ਼ਾ ਦੇ ਸੱਤ ਬੁਨਿਆਦੀ ਤੱਤ ਮੰਨਦਾ ਹੈ:

(i) Quality (ii) Productivity (iii) arbitrariness (iv) Specialization (v) inter-changeability (vi) displacement (vii) cultural transmission

ਹੈਰਿਸ (Harris) ਨੇ ਭਾਸ਼ਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਉਲੀਕੀਆਂ ਹਨ :

(i) ਭਾਸ਼ਾ ਮੂਲ ਰੂਪ ਵਿੱਚ ਧੁਨੀਆਤਮਕ ਹੁੰਦੀ ਹੈ।

(ii)ਭਾਸ਼ਾ ਇੱਕ ਬਾਕਾਇਦਾ ਪ੍ਰਬੰਧ ਹੈ।

(iii) ਭਾਸ਼ਾ ਪ੍ਰਤੀਕਾਤਮਕ ਹੈ।

(iv) ਭਾਸ਼ਾ ਪ੍ਰਗਟਾਵੇ ਲਈ ਹੈ।

**7.3.4 ਪੰਜਾਬੀ ਭਾਸ਼ਾ ਦੀਆਂ ਹੋਰ ਪ੍ਰਮੁੱਖ ਵਿਸ਼ੇਸ਼ਤਾਵਾਂ** :

ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਾਰੇ ਗੱਲ ਕਰਦੇ ਹੋਏ ਅਸੀਂ ਪੰਜਾਬੀ ਭਾਸ਼ਾ ਦੇ ਵਿਆਕਰਨਕ ਨੇਮ, ਧੁਨੀਆਤਮਕ ਪ੍ਰਬੰਧ, ਉਪਭਾਸ਼ਾਈ ਵਿਸ਼ੇਸ਼ਤਾਵਾਂ, ਦੂਜੀਆਂ ਭਾਸ਼ਾਵਾਂ ਨਾਲੋਂ ਇਸਦੇ ਵਿਸ਼ੇਸ਼ ਲੱਛਣਾਂ ਸੰਬੰਧੀ ਚਰਚਾ ਕਰਾਂਗੇ।

ਪੰਜਾਬੀ ਭਾਸ਼ਾ ਸੁਰਾਤਮਕ ਹੈ। ਪੰਜਾਬੀ ਭਾਸ਼ਾ ਵਿੱਚ ਸੁਰ (Tone) ਦਾ ਬਹੁਤ ਮਹੱਤਵ ਹੈ। ‘ਸੁਰ’ ਪੰਜਾਬੀ ਭਾਸ਼ਾ ਦਾ ਪਛਾਣ ਚਿੰਨ੍ਹ ਹੈ। ਭਾਰਤੀ ਆਰੀਆਈ ਭਾਸ਼ਾਵਾਂ ਵਿਚੋਂ ਪੰਜਾਬੀ ਹੀ ਇੱਕ ਅਜਿਹੀ ਭਾਸ਼ਾ ਹੈ ਜਿਸ ਵਿੱਚ ਸੁਰ ਦੀ ਵਰਤੋਂ ਹੁੰਦੀ ਹੈ। ਪੰਜਾਬੀ ਭਾਸ਼ਾ ਨੂੰ ਹੋਰ ਭਾਸ਼ਾਵਾਂ ਤੋਂ ਨਿਖੇੜਨ ਵਾਲੀ ਇਹ ਭਾਸ਼ਾਈ ਵਿਸ਼ੇਸ਼ਤਾ ਹੈ। ਮਿਸਾਲ ਦੇ ਤੌਰ ’ਤੇ ਦੋ ਕਾਰਜੀ ਸ਼ਬਦ ‘ਕੜੀ’ ਅਤੇ ‘ਕੜ੍ਹੀ’ ਲੈਂਦੇ ਹਾਂ। ਜਿਸ ਵਿੱਚ ਪਹਿਲੀ ਕੜੀ ਦਾ ਅਰਥ ‘ਸੰਬੰਧ’ ਹੈ। ਦੂਜੀ ਦਾ ਖਾਣੇ ਨਾਲ ਸੰਬੰਧ ਹੈ। ਇਨ੍ਹਾਂ ਸ਼ਬਦਾਂ ਵਿੱਚ ਬਾਕੀ ਸਥਿਤੀਆਂ ਸਮਾਨ ਹਨ, ਜਿਸ ਵਿੱਚ ਧੁਨੀਆਂ ਅਤੇ ਸ਼ਬਦ-ਜੋੜ ਵੀ ਸਮਾਨ ਹਨ ਪਰ ਸੁਰ ‘ਹ’ ਆਉਣ ਕਾਰਨ ਅਰਥਾਂ ਵਿੱਚ ਅੰਤਰ ਆ ਗਿਆ ਹੈ। ਪੰਜਾਬੀ ਦੀ ਧੁਨੀ ‘ਹ’ (Glottal) ਇਸਦਾ ਮੁੱਖ ਆਧਾਰ ਤੇ ਪ੍ਰਕਾਰ ਹੈ। ਇਸ ਸੰਬੰਧੀ ਭਾਸ਼ਾ ਵਿਗਿਆਨੀ ਗ੍ਰੀਅਰਸਨ ਆਪਣੀ ਰਚਨਾ (Linguistic survey of India (Vol, viii, part I, page-251) ਵਿੱਚ ਪੱਛਮੀ ਪੰਜਾਬੀ ਦੇ ਸੁਰਾਤਮਕ ਲੱਛਣ ਦਾ ਜਿਸਨੂੰ (ਹ) ਅੱਖਰ ਨਾਲ ਲਿਖਿਆ ਜਾਂਦਾ ਹੈ, ਸੰਬੰਧੀ ਵਿਚਾਰ ਕਰਦੇ ਹਨ। ਇਸ ਸੰਬੰਧੀ ਉਹਨਾਂ ਦੀਆਂ ਕੁਝ ਟਿੱਪਣੀਆਂ ਵਿਚਾਰਨਯੋਗ ਹਨ, ਜਿਥੇ ‘ਹ’ ਧੁਨੀ ਸ਼ਬਦ ਦੇ ਆਰੰਭ, ਮੱਧ ਅਤੇ ਅੰਤ ਵਿੱਚ ਉਚਾਰੀਆਂ ਜਾਂਦੀਆਂ ਹਨ।

ਲਹਿੰਦੀ ਤੇ ਪੂਰਬੀ ਪੰਜਾਬੀ ਵਿੱਚ ‘ਹ’ ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਦੀ ਮੁੱਢਲੀ ਹ – ਧੁਨੀ ਅਰਬੀ ਐਨ ਵਰਗੀ ਹੁੰਦੀ ਹੈ। ਜਿਸ ਕਰਕੇ ਹੀਯਾਂ (ਮੰਜੇ ਦੇ ਪਾਸੇ) ਦਾ ਸਹੀ ਉਚਾਰਨ ਈਯਾ ਹੁੰਦਾ ਹੈ। ਪਿਹਾਈ ਨੂੰ ਵੀ ਪਿਆਈ ਵਾਂਗ ਬੋਲਿਆ ਜਾਂਦਾ ਹੈ।

ਦੂਜੀ ਸਥਿਤੀ ਵਿੱਚ ਜਦੋਂ /ਹ/ ਧੁਨੀ ਸ਼ਬਦ ਦੇ ਸ਼ੁਰੂ ਵਿੱਚ ਨਾ ਹੋ ਕੇ ਵਿਚਕਾਰਲੀ ਜਾਂ ਅੰਤਲੇ ਸਥਾਨ ਤੇ ਹੁੰਦੀ ਹੈ ਤਾਂ ਇਸਦਾ ਉਚਾਰਨ ਸੁਣੀਂਦਾ ਨਹੀਂ ਜਾਂ ਫਿਰ ਮੁਸ਼ਕਲ ਨਾਲ ਸੁਣੀਂਦਾ ਹੈ। ਪਰ ਇਹ ਪਹਿਲੇ ਸ੍ਵਰ ਦੀ ਤਾਨ (Pitch) ਨੂੰ ਜ਼ਰੂਰ ਉੱਚਾ ਕਰ ਜਾਂਦੀ ਹੈ ਤਾਂ ‘ਲਾਹ’ ਸ਼ਬਦ ਵਿਚਲੀ ਅੰਤਿਮ ਧੁਨੀ ‘ਹ’ ਧੁਨੀ ਦਾ ਪੂਰਾ ਸਫੋਟ ਨਹੀਂ ਸੁਣਿਆ ਜਾਂਦਾ ਪਰ ਪਿੱਚ ਉੱਚੀ ਹੋ ਜਾਂਦੀ ਹੈ।

ਇਸ ਆਧਾਰ ਤੇ ਪੰਜਾਬੀ ਵਿੱਚ ਤਿੰਨ ਤਰ੍ਹਾਂ ਦੀ ਸੁਰ ਮੰਨੀ ਜਾਂਦੀ ਹੈ –

1. ਉੱਚੀ ਸੁਰ
2. ਮਝਲੀ ਸੁਰ
3. ਨੀਵੀਂ ਸੁਰ

ਪੰਜਾਬੀ ਗੁਰਮੁਖੀ ਲਿਪੀ ਵਿੱਚ ਜੋ /ਘ ਝ ਢ ਥ ਭ/ ਪੰਜ ਵਰਨ ਹਨ। ਅਸਲ ਵਿੱਚ ਇਹਨਾਂ ਵਰਨਾਂ ਦੀਆਂ ਸ਼ਬਦਾਂ ਵਿੱਚ ਜੋ ਸਥਿਤੀਆਂ ਹਨ, ਉਨ੍ਹਾਂ ਅਨੁਸਾਰ ਹੀ ਤਿੰਨਾਂ ਸੁਰਾਂ ਵਿੱਚੋਂ ਕੋਈ ਸੁਰ ਲੱਗਦੀ ਹੈ ਜਾਂ ਕਾਰਜ ਕਰਦੀ ਹੈ।

ਪੰਜਾਬੀ ਸ਼ਬਦ ਉਚਾਰਨ ਅਨੁਸਾਰ ਇਹ ਪੰਜ ਵਰਨ ਨੀਵੀਂ ਸੁਰ, ਮੱਧ ਵਰਤੀ ਸੁਰ ਅਤੇ ਉੱਚੀ ਸੁਰ ਵਜੋਂ ਨਿਰਧਾਰਿਤ ਹੁੰਦੇ ਹਨ।

| ਨੀਵੀਂ ਸੁਰ | ਮੱਧਵਰਤੀ ਸੁਰ | ਉੱਚੀ ਸੁਰ |
|---|---|---|
| ਘੋੜਾ | ਕੋੜਾ | ਕੋੜ੍ਹਾ/ਕੋਹੜਾ |
| ਝਾ | ਚਾ | ਚਾਹ/ਚ੍ਹਾ |
| ਘੜੀ | ਕੜੀ | ਕੜ੍ਹੀ |
| ਭਾ | ਪਾ | ਪਾਹ |
| ਘੜ | ਕੜ | ਕੜ੍ਹ |

**7.3.5 ਪੰਜਾਬੀ ਭਾਸਾ ਦੀਆਂ ਉਪ-ਭਾਸ਼ਾਈ ਤੌਰ ’ਤੇ ਵਿਸ਼ੇਸ਼ਤਾਵਾਂ :**

ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ ਇਸਦੇ ਉਪਭਾਸ਼ਾਈ ਖੇਤਰਾਂ ਵਿੱਚ ਬੋਲੀਆਂ ਜਾਂਦੀਆਂ ਉਪਬੋਲੀਆਂ ਵਿੱਚ ਵੀ ਹੈ। ਪੰਜਾਬੀ ਭਾਸ਼ਾ ਦੀ ਕੇਂਦਰੀ (ਟਕਸਾਲੀ) ਬੋਲੀ ਮਾਝੀ ਦੇ ਨੇੜੇ ਹੈ। ਇਹ ਬੋਲੀ ਵਿਸ਼ੇਸ਼ ਰੂਪ ਵਿਚ ਮਾਝੇ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਬਾਕੀ ਉਪਭਾਸ਼ਾਈ ਖੇਤਰਾਂ ਵਿੱਚ ਮਲਵਈ, ਪੋਠੋਹਾਰੀ, ਦੁਆਬੀ, ਪੁਆਧੀ ਆਦਿ ਉਪਬੋਲੀਆਂ ਵਰਤੀਆਂ ਜਾਂਦੀਆਂ ਹਨ। ਉਪਭਾਸ਼ਾਈ ਵਖਰੇਵਿਆਂ ਦੇ ਬਾਵਜੂਦ ਇਹਨਾਂ ਵਿੱਚ ਸਮਾਨਤਾ ਇਹ ਹੈ ਕਿ ਇਹ ਪੰਜਾਬੀ ਭਾਸ਼ਾ ਦੀਆਂ ਹੀ ਲੜੀਆਂ ਹਨ। ਡਾ. ਹਰਕੀਰਤ ਸਿੰਘ (1947 : 1980) ਅਤੇ ਹੋਰ ਕਈ ਭਾਸ਼ਾ ਵਿਗਿਆਨੀਆਂ ਨੇ ਪੰਜਾਬੀ ਭਾਸ਼ਾ ਦੀਆਂ ਤਿੰਨ ਉਪਭਾਸ਼ਾਵਾਂ ਮੰਨੀਆਂ ਹਨ। ਜਿਵੇਂ :

(1) ਪੂਰਬੀ ਪੰਜਾਬੀ (2) ਪੱਛਮੀ ਪੰਜਾਬੀ (3) ਪਹਾੜੀ ਪੰਜਾਬੀ

ਇਹਨਾਂ ਉਪਭਾਸ਼ਾਵਾਂ ਦੀ ਅੱਗੋਂ ਵੰਡ ਕਰਕੇ ਹੇਠ ਲਿਖੀਆਂ ਉਪਬੋਲੀਆਂ ਸਥਾਪਿਤ ਕੀਤੀਆਂ ਗਈਆਂ ਹਨ:

(1) ਪੂਰਬੀ ਪੰਜਾਬੀ – ਮਾਝੀ, ਦੁਆਬੀ, ਮਲਵਈ ਅਤੇ ਪੁਆਧੀ

(2) ਪੱਛਮੀ ਪੰਜਾਬੀ – ਲਹਿੰਦੀ, ਮੁਲਤਾਨੀ, ਪੋਠੋਹਾਰੀ ਤੇ ਹਿੰਦਕੋ

(3) ਪਹਾੜੀ ਪੰਜਾਬੀ – ਡੋਗਰੀ, ਜੰਮੂਅਲੀ, ਕਾਂਗੜੀ ਅਤੇ ਭਟਿਆਣੀ (ਦੱਖਣੀ ਪੱਛਮੀ ਚੰਬੇ ਦੀ)

ਭਲਿਆਟੀ ਵਖਰੇਵਾਂ ਭਾਸ਼ਾ ਦਾ ਇੱਕ ਗੁਣ ਨਹੀਂ, ਸਗੋਂ ਪਰਿਭਾਸ਼ਕ ਲੱਛਣ ਹੈ। ਭਾਸ਼ਾ ਵਖਰੇਵਾਂ ਭਾਸ਼ਾ ਦਾ ਬਾਹਰੀ ਨਹੀਂ, ਅੰਦਰੂਨੀ ਲੱਛਣ ਹੈ। ਇਹ ਭਾਸ਼ਾ ਦੇ ਸਮਾਜਿਕ ਵਖਰੇਵੇਂ ਵਿੱਚ ਹੀ ਆਉਂਦਾ ਹੈ। ਉਪਭਾਸ਼ਾ ਭਾਸ਼ਾ ਦੇ ਖੇਤਰੀ ਵਖਰੇਵੇਂ ਦੇ ਆਧਾਰ ’ਤੇ ਸਥਾਪਿਤ ਭਾਸ਼ਾ ਵੰਨਗੀ ਹੈ। ਬਹੁਤ ਸਾਰੇ ਵਿਦਵਾਨਾਂ ਵੱਲੋਂ ਉਪਭਾਸ਼ਾ ਨੂੰ ਭਾਸ਼ਾ ਦਾ ਵਿਗੜਿਆ ਰੂਪ ਮੰਨਿਆ ਗਿਆ। ਪਰ ਇਹ ਅਵਿਗਿਆਨਕ ਧਾਰਨਾਵਾਂ ਹਨ ਸਗੋਂ ਉਪਭਾਸ਼ਾ ਭਾਸ਼ਾ ਦਾ ਹੀ ਇੱਕ ਅਜਿਹਾ ਰੂਪ ਹੁੰਦਾ ਹੈ ਜੋ ਆਪਣੇ ਭਾਸ਼ਾਈ ਲੱਛਣਾਂ ਕਰਕੇ ਉਸ ਭਾਸ਼ਾ ਦੇ ਇੱਕ ਵਿਸ਼ੇਸ਼ ਖੇਤਰ ਦੀ ਪ੍ਰਤੀਨਿਧਤਾ ਕਰਦਾ ਹੈ। ਸੋ ਸਾਰੀਆਂ

ਉਪਬੋਲੀਆਂ ਦੇ ਆਪਣੇ ਵਿਸ਼ੇਸ਼ ਖੇਤਰ ਤੇ ਵਿਆਕਰਨਕ ਨੇਮ ਹੁੰਦੇ ਹੋਏ ਵੀ ਉਹ ਉਸ ਭਾਸ਼ਾ ਦਾ ਹੀ ਇੱਕ ਅੰਗ ਵੀ ਹੁੰਦੀਆਂ ਹਨ। ਜਿਵੇਂ Tree Theory, Wave Theory ਅਤੇ ਪਨੀਰੀ ਸਿਧਾਂਤ ਵੀ ਇਸੇ ਗੱਲ ਵੱਲ ਇਸ਼ਾਰਾ ਹੈ।

ਇਹਨਾਂ ਉਪਭਾਸ਼ਾਈ ਲੱਛਣਾਂ ਨੂੰ ਨਿਮਨਲਿਖਤ ਅਨੁਸਾਰ ਦਰਸਾਇਆ ਜਾ ਸਕਦਾ ਹੈ:

1. ਮਾਝੀ ਉਪਭਾਸ਼ਾ ਨੂੰ ਛੱਡ ਕੇ, ਕਿਸੇ ਵੀ ਦੂਸਰੀ ਉਪਭਾਸ਼ਾ ਵਿੱਚ ਸੁਰ ਧੁਨੀ ਸ਼ਬਦ ਦੀ ਮੁੱਢਲੀ ਸਥਿਤੀ ਵਿੱਚ ਨੀਵੀਂ ਸੁਰ ਨਾਲ ਉਚਾਰੀ ਨਹੀਂ ਜਾਂਦੀ, ਜਿਵੇਂ :

| | |
|---|---|
| ਹਾਰ | /ਆ ਰੇ/ |
| ਹੋਰ | /ਓ ਰ/ |
| ਹਾਣੀ | /ਆ ਣ ਈ/ |
| ਹਲ | / ਅ ਲ/ |

2. ‘ਸ’ ਧੁਨੀ ਦਾ ‘ਹ’ ਵਿੱਚ ਪਰਿਵਰਤਨ ਮਾਝੀ ਉਪਭਾਸ਼ਾ ਦੀ ਖ਼ਾਸ ਵਿਸ਼ੇਸ਼ਤਾ ਹੈ:

| | |
|---|---|
| ਸਾਡਾ | ਹਾਡਾ |
| ਸਾਰਾ | ਹਾਰਾ |
| ਪੈਸਾ | ਪੈਹਾ |
| ਪਸ਼ੂ | ਪਹੂ |

3. ‘ਬ’ ਅਤੇ ‘ਵ’ ਧੁਨੀਆਂ ਦੀ ਬਦਲਵੇਂ ਰੂਪ ਵਿੱਚ ਵਰਤੋਂ ਦੁਆਬੀ ਉਪਭਾਸ਼ਾ ਦੀ ਖ਼ਾਸ ਵਿਸ਼ੇਸ਼ਤਾ ਹੈ। ਪਹਿਲੇ ਦਬਾ-ਯੁਕਤ ਉਚਾਰ-ਖੰਡ ਵਿੱਚ ਬ ਦੀ ਵਰਤੋਂ ਵ ਦੇ ਮੁਕਾਬਲੇ ’ਤੇ ਵਧੇਰੇ ਹੁੰਦੀ ਹੈ:

| | |
|---|---|
| ਵਾਰੀ | ਬਾਰੀ |
| ਵਹੁਟੀ | ਬਹੁਟੀ |
| ਵੀਰ | ਬੀਰ |
| ਵੰਡ | ਬੰਡ |
| ਵਗਦਾ | ਬਗਦਾ |

4. ਮਲਵਈ ਅਤੇ ਕਈ ਹਾਲਤਾਂ ਵਿੱਚ ਮਾਝੀ ਵਿੱਚ ਦੀਰਘ ਸੁਰ ਨਾਸਕੀ ਸੁਰਾਂ ਵਿੱਚ ਉਚਾਰੇ ਜਾਂਦੇ ਹਨ:

| | |
|---|---|
| ਪੂਛ | ਪੂੰਛ |
| ਊਠ | ਊਂਠ |
| ਸ਼ੌਕ | ਸ਼ੌਂਕ |
| ਜਾਏਗਾ | ਜਾਊਂਗਾ |

5. ਪੰਜਾਬੀ ਦੀਆਂ ਤਕਰੀਬਨ ਸਾਰੀਆਂ ਹੀ ਉਪਭਾਸ਼ਾਵਾਂ ਵਿੱਚ ਸ਼ਬਦ ਦੀ ਅਖੀਰਲੀ ਸਥਿਤੀ ਵਿੱਚ ਹ ਧੁਨੀ ਉਚੀ ਸੁਰ ਵਿੱਚ ਉਚਾਰੀ ਜਾਂਦੀ ਹੈ, ਪਰੰਤੂ ਮਾਝੀ ਉਪਭਾਸ਼ਾ ਵਿੱਚ ਉਹਨਾਂ ਸ਼ਬਦਾਂ ਵਿੱਚ ਜਿਥੇ ਅਖੀਰਲੀ ਤੇ ਵਿਚਕਾਰਲੀ ਸ ਧੁਨੀ ਹ ਵਿੱਚ ਬਦਲ ਗਈ ਹੈ, ਹ ਧੁਨੀ ਦਾ ਉਚਾਰਨ ਵਿਅੰਜਨ ਵਾਲਾ ਹੀ ਹੁੰਦਾ ਹੈ:

| | |
|---|---|
| ਕੱਸ | ਕਹ |
| ਦਸ | ਦਹ |
| ਪੈਸੇ | ਪੈਹੇ |
| ਪਸ਼ੂ | ਪਹੂ |

6. ਪੰਜਾਬੀ ਦੀਆਂ ਸਾਰੀਆਂ ਹੀ ਉਪਭਾਸ਼ਾਵਾਂ ਵਿੱਚ ਲ਼+ਲ਼ ਦਾ ਜੁੱਟ ਵਿਅੰਜਨ ਉਚਾਰਨਾ ਸੰਭਵ ਨਹੀਂ ਹੈ। ਦੁਆਬੀ ਉਪਭਾਸ਼ਾ ਵਿੱਚ ਰਲ ਦਾ ਵਿਅੰਜਨ ਗੁੱਛਾ /ਲ਼ ਲ਼/ ਦੇ ਜੁੱਟ ਵਿਅੰਜਨ ਵਿੱਚ ਬਦਲ ਜਾਂਦਾ ਹੈ:

| | |
|---|---|
| ਵਿਰਲਾ | /ਵ ਇ ਲ਼ ਲ਼ ਆ/ |
| ਮਰਲਾ | /ਮ ਅ ਲ਼ ਲ਼ ਆ/ |

7. ਉਪਭਾਸ਼ਾ ਪੁਆਧੀ ਵਿੱਚ ਟਕਸਾਲੀ ਭਾਸ਼ਾ ਦੀਆਂ ਭੂਤਕਾਲੀ ਸਹਾਇਕ ਕਿਰਿਆਵਾਂ ਸੀ, ਸਨ, ਤੀ, ਤੇ, ਤੀਆਂ ਵਿੱਚ ਬਦਲ ਜਾਂਦੀਆਂ ਹਨ।

ਭਾਸ਼ਾ ਸਿਸਟਮਾਂ ਦਾ ਸਿਸਟਮ ਹੁੰਦੀ ਹੈ। ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ ਇਸ ਦੀ ਵਾਕ ਬਣਤਰ ਕਰਤਾ+ਕਰਮ+ਕਿਰਿਆ ਵਿੱਚ ਹੈ। ਕਿਸੇ ਭਾਸ਼ਾ ਦਾ ਸਿਸਟਮਬੱਧ ਹੋਣ ਦਾ ਭਾਵ ਉਸ ਭਾਸ਼ਾ ਦੇ ਵਕਤਾ ਅਤੇ ਸਰੋਤਿਆਂ ਦੇ ਸੰਚਾਰ ਦੀ ਸਮਝ ਨਾਲ ਵੀ ਜੁੜਿਆ ਹੋਣਾ ਹੈ। ਕਿਉਂਕਿ ਇੱਕ ਭਾਸ਼ਾ ਦੇ ਭਾਸ਼ਾਈ ਕੋਡ ਸਾਂਝੇ ਹੁੰਦੇ ਹਨ। ਜਿਸ ਰਾਹੀਂ ਅਰਥ ਸੰਚਾਰ ਹੁੰਦਾ ਹੈ। ਪੰਜਾਬੀ ਭਾਸ਼ਾ ਦੀ ਲਿਪੀ ਗੁਰਮੁਖੀ ਹੈ। ਪੰਜਾਬੀ ਭਾਸ਼ਾ ਦੀ ਧੁਨੀਆਤਮਕ, ਸੰਰਚਨਾਤਮਕ, ਭਾਸ਼ਾਈ ਬਣਤਰ ਦੇ ਅਹਿਮ ਪੱਖ ਉਭਰਕੇ ਸਾਹਮਣੇ ਆਉਂਦੇ ਹਨ। ਗੁਰਮੁਖੀ ਲਿਖਤ ਵਿੱਚ ਅੱਖਰ-ਕ੍ਰਮ ਅਨੁਸਾਰ ਇਹ ਇਕਾਈਆਂ ਸ਼ਾਮਲ ਹਨ :

| | | | | | | | |
|---|---|---|---|---|---|---|---|
| 1. | ਸਵਰ ਵਾਹਕ : ੳ ਅ ੲ | | | | | | =3 |
| 2. | ਲਗਾਂ-ਮਾਤਰਾ | : ਆ ਇ ਈ ਉ ਊ ਓ ਔ ਏ ਐ | | | | | =9 |
| 3. | ਵਰਨ : | ਸ | ਹ | | | | |
| | | ਕ | ਖ | ਗ | ਘ | ਙ | |
| | | ਚ | ਛ | ਜ | ਝ | ਞ | |
| | | ਟ | ਠ | ਡ | ਢ | ਣ | |
| | | ਤ | ਥ | ਦ | ਧ | ਨ | |

| | | | | | |
|---|---|---|---|---|---|
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | =32 |

4. ਪੈਰ 'ਚ ਬਿੰਦੀ ਵਾਲੇ ਵਰਨ : ਸ਼ ਖ਼ ਗ਼ ਜ਼ ਲ਼ ਫ਼ =6

5. ਪੈਰ 'ਚ ਪੈਣ ਵਾਲੇ ਵਰਨ :

ਹ ( ੍ਹ ) - ਪੜ੍ਹਾਈ

ਰ ( ੍ਰ ) - ਪ੍ਰੇਰਨਾ

ਵ ( ੍ਵ ) - ਸਵ੍ਹੈ-ਜੀਵਨੀ =3

6. ਸਹਾਇਕ ਚਿੰਨ੍ਹ :

ਬਿੰਦੀ ( ਂ )

ਟਿੱਪੀ ( ੰ )

ਅੱਧਕ ( ੱ ) =3

ਕੁੱਲ ਚਿੰਨ੍ਹ =56

ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ ਦਾ ਇੱਕ ਪੱਖ ਇਸਦੀ ਪ੍ਰਕ੍ਰਿਤੀ ਦਾ ਵਿਜੋਗਾਤਮਕ ਤੇ ਸੰਜੋਗਾਤਮਕ ਹੋਣਾ ਹੈ। ਜਿਸਦਾ ਪਤਾ ਸਾਨੂੰ ਉਪਭਾਸ਼ਾਈ ਖੇਤਰਾਂ ਦੀ ਬੋਲ-ਚਾਲ ਦੇ ਨਿਯਮਾਂ ਤੋਂ ਹੁੰਦਾ ਹੈ:

| ਮਲਵਈ | ਮਾਝੀ |
|---|---|
| ਉਸ ਨੇ ਕਿਹਾ | ਉਸ ਕਿਹਾ |
| ਰਾਤ ਨੂੰ ਸੁੱਤਾ | ਰਾਤੀਂ ਸੁੱਤਾ |
| ਸਕੂਲ ਨੂੰ ਗਿਆ | ਸਕੂਲੇ ਗਿਆ |
| ਕੋਠੇ ਤੋਂ ਡਿੱਗਾ | ਕੋਠਿਓ ਡਿੱਗਾ |

ਉਪਭਾਸ਼ਾ ਮਾਝੀ (ਖ਼ਾਸ ਖੇਤਰ ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ) ਵਿੱਚ ਮਲਵਈ (ਪਟਿਆਲਾ, ਬਠਿੰਡਾ, ਫ਼ਰੀਦਕੋਟ, ਮੁਕਤਸਰ, ਅਬੋਹਰ) ਨਾਲੋਂ ਸੰਜੋਗਾਤਮਕਤਾ ਹੈ।

ਪੰਜਾਬੀ ਭਾਸ਼ਾ ਦੀਆਂ ਧੁਨੀਆਤਮਕ ਵਿਸ਼ੇਸ਼ਤਾ ਵਿੱਚ ਉਚਾਰਨ ਅੰਗ (ਜੀਭ, ਫੇਫੜੇ, ਹੋਂਠ, ਕਾਂ, ਮੂੰਹ-ਪੋਲ, ਕੰਧ ਮਾਰਗ, ਆਦਿ) ਅਤੇ ਉਚਾਰਨ ਵਿਧੀਆਂ (ਅਘੋਸ਼, ਸਘੋਸ਼, ਅਲਪਪ੍ਰਾਣ, ਮਹਾਂਪ੍ਰਾਣ) ਦਾ ਮਹੱਤਵਪੂਰਨ ਸਥਾਨ ਹੈ। ਉਚਾਰਨ ਅੰਗ ਤੋਂ ਭਾਵ ਹੈ ਕੋਈ ਧੁਨੀ ਸਰੀਰ ਦੇ ਕਿਹੜੇ ਅੰਗ ਤੋਂ ਉਚਾਰੀ ਜਾਂਦੀ ਹੈ ਅਤੇ ਉਚਾਰਨ ਵਿਧੀਆਂ ਤੋਂ ਭਾਵ ਹੈ ਉਸ ਧੁਨੀ ਨੂੰ ਉਚਾਰਨ ਸਮੇਂ ਸਾਹ ਦੀ ਮਿਕਦਾਰ ਘੱਟ ਸੀ ਜਾਂ ਵੱਧ ਸੀ।

ਪੰਜਾਬੀ ਵਿੱਚ ਸ੍ਵਰਾਂ ਦੇ ਉਚਾਰਨ ਦੀ ਆਪਣੀ ਵਿਸ਼ੇਸ਼ਤਾ ਹੈ। ਜਿਵੇਂ ਸਾਰੀਆਂ ਸੁਰਾਂ, ਸ੍ਵਰਾਂ ਨਾਲ ਹੀ ਲਗਾਈਆਂ

ਜਾਂਦੀਆਂ ਹਨ। ਸ੍ਵਰ ਸਵਾਧੀਨ ਹੁੰਦੇ ਹਨ, ਜੋ ਇਕੱਲੇ ਕਹਿਰੇ ਉਚਾਰੇ ਜਾ ਸਕਦੇ ਹਨ। ਪੰਜਾਬੀ ਵਿੱਚ ਤਿੰਨ ਸ੍ਵਰ ਵਾਹਕ (ੳ ਅ ੲ) ਹਨ, ਜਿਨ੍ਹਾਂ ਦੇ ਆਧਾਰ ’ਤੇ 10 ਸ੍ਵਰ ਧੁਨੀਆਂ (ਅ, ਆ, ਇ, ਈ, ਉ, ਊ, ਏ, ਐ, ਓ, ਔ) ਉਚਾਰੀਆਂ ਜਾਂਦੀਆਂ ਹਨ।

**7.3.6 ਸਾਰ-ਅੰਸ਼ :**

ਸੋ ਇਹਨਾਂ ਸਾਰੀਆਂ ਵਿਆਕਰਣਕ ਅਤੇ ਅਰਥਾਤਮਕ ਵਿਸ਼ੇਸ਼ਤਾਵਾਂ ਤੋਂ ਪੰਜਾਬੀ ਭਾਸ਼ਾ ਦੀ ਵਿਲੱਖਣਤਾ ਦਾ ਪਤਾ ਲੱਗਦਾ ਹੈ। ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਵਿੱਚ ਇਸ ਗੱਲ ਦੀ ਪ੍ਰਮੁੱਖਤਾ ਹੈ ਕਿ ਇਸਦੇ ਇਕ ਸ਼ਬਦ ਦੇ ਬਹੁ ਅਰਥ ਸੰਕਲਪ ਵੀ ਕਾਰਜਸ਼ੀਲ ਹੁੰਦੇ ਹਨ। ਪੰਜਾਬੀ ਭਾਸ਼ਾ ਦੇ ਧੁਨੀ ਪ੍ਰਬੰਧ ਦਾ ਸੰਬੰਧ ਇਥੋਂ ਦੀ ਭੂਗੋਲਿਕ, ਸਮਾਜਕ ਅਤੇ ਸਭਿਆਚਾਰਕ ਰਹਿਤਲ ਨਾਲ ਜੁੜਦਾ ਹੈ। ਇਸ ਕਾਰਨ ਪੰਜਾਬੀ ਭਾਸ਼ਾ ਅਸੀਮ ਵਿਸ਼ੇਸ਼ਤਾਵਾਂ ਦੀ ਧਾਰਨੀ ਹੈ।

**7.4 ਅਭਿਆਸ ਲਈ ਪ੍ਰਸ਼ਨ** :

7.4.1 ਭਾਸ਼ਾ ਕੀ ਹੁੰਦੀ ਹੈ?

7.4.2 ਭਾਸ਼ਾ ਦੀ ਪਰਿਭਾਸ਼ਾ ਦਿਉ ?

7.4.3 ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਬਾਰੇ ਦੱਸੋ ?

7.4.4 ਪੰਜਾਬੀ ਭਾਸ਼ਾ ਦਾ ਦੂਜੀਆਂ ਭਾਸ਼ਾਵਾਂ ਨਾਲ ਸੰਬੰਧ ਦੱਸੋ?

**7.5 ਸਹਾਇਕ ਪੁਸਤਕਾਂ** :

7.5.1 ਸੁਖਵਿੰਦਰ ਸਿੰਘ ਸੰਘਾ (ਡਾ.), ਸਾਹਿਤ, ਭਾਸ਼ਾ ਅਤੇ ਭਾਸ਼ਾ ਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003

7.5.2 ਜੋਗਿੰਦਰ ਸਿੰਘ ਪੁਆਰ, ਭਾਸ਼ਾ ਵਿਗਿਆਨ ਸੰਕਲਪ ਅਤੇ ਦਿਸ਼ਾਵਾਂ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2010

7.5.3 ਪ੍ਰੇਮ ਪ੍ਰਕਾਸ਼ (ਡਾ.), ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ, ਮਦਾਨ ਪਬਲੀਕੇਸ਼ਨ, ਪਟਿਆਲਾ, 2004

7.5.4 ਪ੍ਰੇਮ ਪ੍ਰਕਾਸ਼ (ਡਾ.), ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

# B.A(Liberal Arts)

## SEMESTAR-III

### ਕੋਰਸ-ਜਰਨਲ ਪੰਜਾਬੀ

| ਯੂਨਿਟ-8 | **ਘਟਨਾਵਾਂ / ਦੁਰਘਟਨਾਵਾਂ ਸੰਬੰਧੀ ਰਿਪੋਰਟ ਲਿਖਣਾ** |
|---|---|

**ਪਾਠ ਦੀ ਰੂਪ ਰੇਖਾ** :

8.0 ਭੂਮਿਕਾ

8.1 ਪਾਠ ਦਾ ਉਦੇਸ਼

8.2 ਰਿਪੋਰਟ ਲਿਖਣ ਦੇ ਨਮੂਨੇ (Model) ਘਟਨਾਵਾਂ ਅਤੇ ਦੁਰਘਟਨਾਵਾਂ

8.2.1 ਸੜਕ ਸੁਰੱਖਿਆ ਸਪਤਾਹ

8.2.2 ਚੋਰੀ ਤੇ ਡਕੈਤੀ ਦੀਆਂ ਵਾਰਦਾਤਾਂ

8.2.3 ਅੱਗ ਲੱਗਣ ਦੀਆਂ ਘਟਨਾਵਾਂ

8.2.4 ਘਰੇਲੂ ਝਗੜਿਆਂ ਦੀਆਂ ਘਟਨਾਵਾਂ

8.2.5 ਪਰਾਲੀ ਸਾੜਨ 'ਤੇ ਰੋਕ

8.2.6 ਸੰਸਾਰਕ ਮਹਾਂਮਾਰੀਆਂ ਦੇ ਦੁਖਾਂਤ ਸੰਬੰਧੀ ਇਕ ਰਿਪੋਰਟ

8.2.7 ਪ੍ਰਦੂਸ਼ਣ ਰੋਕਣ ਲਈ ਜਾਗਰੂਕਤਾ ਮੁਹਿੰਮ

8.3 ਅਭਿਆਸ ਲਈ ਪ੍ਰਸ਼ਨ

**8.0 ਭੂਮਿਕਾ** : ਵਿਦਿਆਰਥੀਆਂ ਲਈ ਇਸ ਪਾਠ ਵਿੱਚ ਸੰਸਾਰ ਵਿੱਚ ਵਾਪਰੀਆਂ ਘਟਨਾਵਾਂ ਤੇ ਦੁਰਘਟਨਾਵਾਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਸੰਸਾਰ ਵਿੱਚ ਵਾਪਰੀਆਂ ਘਟਨਾਵਾਂ ਸੰਬੰਧੀ ਸਮੱਗਰੀ ਮੁਹੱਈਆ ਕਰਵਾਉਣ ਦਾ ਯਤਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਵਿਦਿਆਰਥੀ ਇਹਨਾਂ ਵਿਸ਼ਿਆਂ ਬਾਰੇ ਲਿਖੀਆਂ ਰਿਪੋਰਟਾਂ ਤੋਂ ਆਪਣਾ ਦ੍ਰਿਸ਼ਟੀਕੋਣ ਵੀ ਵਡੇਰਾ ਕਰ ਸਕਣਗੇ।

**8.1 ਪਾਠ ਦਾ ਉਦੇਸ਼** : ਇਸ ਪਾਠ ਦਾ ਉਦੇਸ਼ ਵਿਦਿਆਰਥੀ ਨੂੰ ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਸੰਬੰਧੀ ਜਾਣੂ ਕਰਵਾਉਣਾ ਹੈ। ਸਾਡਾ ਮੰਤਵ ਹੈ ਕਿ ਵਿਦਿਆਰਥੀ ਆਪਣੇ ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਬਾਰੇ ਆਪ

ਸਿਰਜਣਾਤਮਕ ਢੰਗ ਨਾਲ ਸੋਚਣ ਦੇ ਕਾਬਲ ਹੋਣ। ਇਸ ਕਾਰਨ ਇਸ ਪਾਠ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਘਟਨਾਵਾਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਸਾਡਾ ਉਦੇਸ਼ ਹੈ ਕਿ ਵਿਦਿਆਰਥੀ ਜਦੋਂ ਕਿਸੇ ਕਿੱਤੇ ਵਿੱਚ ਜਾਣ ਤਾਂ ਉਹ ਲੋੜ ਪੈਣ ਉੱਤੇ ਅਜਿਹੀਆਂ ਰਿਪੋਰਟਾਂ ਨੂੰ ਖ਼ੁਦ ਆਪ ਲਿਖ ਸਕਣ ਦੇ ਸਮਰੱਥ ਹੋਣ। ਇਸ ਲਈ ਇਹ ਰਿਪੋਰਟ ਲਿਖਣ ਦਾ ਲਾਭ ਉਹਨਾਂ ਵਿਦਿਆਰਥੀਆਂ ਨੂੰ ਵਧੇਰੇ ਹੋਵੇਗਾ ਜੋ ਪੱਤਰਕਾਰੀ, ਮੀਡੀਆ ਅਤੇ ਭਾਸ਼ਣ ਕਲਾ ਦੇ ਖੇਤਰ ਵਿੱਚ ਜਾਣ ਲਈ ਪੜ੍ਹਾਈ ਕਰ ਰਹੇ ਹਨ। ਆਸ ਹੈ ਇਸ ਪਾਠ ਤੋਂ ਸਾਰੇ ਵਿਦਿਆਰਥੀ ਜ਼ਰੂਰ ਲਾਭ ਉਠਾਉਣਗੇ।

### 8.2 ਰਿਪੋਰਟ ਲਿਖਣ ਦੇ ਨਮੂਨੇ (Model) ਘਟਨਾਵਾਂ ਅਤੇ ਦੁਰਘਟਨਾਵਾਂ :

#### 8.2.1 ਸੜਕ ਸੁਰੱਖਿਆ ਸਪਤਾਹ :

ਸੜਕਾਂ ਉੱਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਹਫ਼ਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ 'ਸੜਕ ਸੁਰੱਖਿਆ ਸਪਤਾਹ' ਮਨਾਇਆ ਗਿਆ। ਇਸ ਸਮਾਗਮ ਵਿੱਚ ਸ਼ਹਿਰ ਦੇ ਲੋਕਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਸਮਾਗਮ ਦੇ ਪੂਰੇ ਹਫ਼ਤੇ ਵੱਖ-ਵੱਖ ਸੈਕਟਰਾਂ ਵਿੱਚ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦੇਣ ਲਈ ਪ੍ਰੋਗਰਾਮ ਕੀਤੇ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਟ੍ਰੈਫਿਕ ਪੁਲਿਸ ਦੇ ਆਈ. ਜੀ. ਨੇ ਲੋਕਾਂ ਨੂੰ ਸੰਬੋਧਨ ਕੀਤਾ। ਉਹਨਾਂ ਆਪਣੇ ਭਾਸ਼ਣ ਵਿੱਚ ਲੋਕਾਂ ਨੂੰ ਆਵਾਜਾਈ ਸਮੇਂ ਆਉਣ ਵਾਲੀਆਂ ਮੁਸ਼ਕਲਾਂ ਸੰਬੰਧੀ ਵਿਸਥਾਰਪੂਰਵਕ ਚਰਚਾ ਕੀਤੀ। ਉਹਨਾਂ ਕਿਹਾ ਕਿ 'ਹਰ ਨਾਗਰਿਕਾ ਦਾ ਜੀਵਨ ਸਾਡੇ ਲਈ ਅਤੇ ਪਰਿਵਾਰ ਲਈ ਬੇਸ਼ਕੀਮਤੀ ਹੈ। ਇਸ ਕਰਕੇ ਨਾਗਰਿਕਾਂ ਦੀ ਸੜਕ ਯਾਤਰਾ ਸੁਰੱਖਿਅਤ ਹੋਣੀ ਜ਼ਰੂਰੀ ਹੈ। ਉਹਨਾਂ ਆਪਣੇ ਭਾਸ਼ਣ ਵਿੱਚ ਸੜਕ ਸੁਰੱਖਿਆ ਸੰਬੰਧੀ ਵੱਖ-ਵੱਖ ਪੱਖਾਂ ਤੋਂ ਚਰਚਾ ਕੀਤੀ। ਇਸ ਵਿੱਚ ਉਹਨਾਂ ਆਵਾਜਾਈ ਸਮੇਂ ਨਸ਼ਿਆਂ ਤੋਂ ਪਰਹੇਜ਼ ਕਰਨ, ਕਾਹਲ ਨਾ ਕਰਨ ਅਤੇ ਜ਼ਿੰਮੇਵਾਰੀ ਨਾਲ ਸਫ਼ਰ ਕਰਨ ਉੱਤੇ ਜ਼ੋਰ ਦਿੱਤਾ। ਇਸ ਸਮੇਂ ਪੁਲਿਸ ਦੇ ਬਾਕੀ ਅਧਿਕਾਰੀਆਂ ਨੇ ਟ੍ਰੈਫਿਕ ਨਿਯਮਾਂ ਦੀ ਵਰਤੋਂ ਸੰਬੰਧੀ ਆਮ ਲੋਕਾਂ ਨੂੰ ਸਿਖਲਾਈ ਦਿੱਤੀ। ਇੱਕ ਅਧਿਕਾਰੀ ਨੇ ਆਵਾਜਾਈ ਸਮੇਂ ਪੰਜ 'ਬੱਬਿਆਂ' ਦਾ ਖ਼ਿਆਲ ਰੱਖਣ ਲਈ ਕਿਹਾ : ਬ – ਬੱਚਾ, ਬ – ਬਜ਼ੁਰਗ, ਬ – ਬਾਊਂ (ਕੁੱਤਾ), ਬ – ਬਾਜ਼ੂ (ਸਾਈਡ) ਤੇ ਬ – ਬਰੇਕ। ਇਸ ਸਮਾਗਮ ਵਿੱਚ ਹਾਜ਼ਰ ਲੋਕਾਂ ਨੇ ਟ੍ਰੈਫਿਕ ਸੰਬੰਧੀ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਸਵਾਲ ਵੀ ਪੁੱਛੇ। ਇੱਕ ਨਾਗਰਿਕ ਨੇ ਸੜਕਾਂ ਦੀ ਚੌੜਾਈ ਘੱਟ ਹੋਣ ਅਤੇ ਲੋਕਾਂ ਦੇ ਤੇਜ਼ ਰਫ਼ਤਾਰ ਗੱਡੀ ਚਲਾਉਣ ਬਾਰੇ ਕਿਹਾ। ਇਸ ਮੌਕੇ ਬਾਕੀ ਨਾਗਰਿਕਾਂ ਨੇ ਪ੍ਰਸ਼ਾਸਨ ਨੂੰ ਕੁਝ ਜ਼ਰੂਰੀ ਕਦਮ ਚੁੱਕਣ ਲਈ ਅਰਜ਼ ਕੀਤੀ। 'ਸੜਕ ਸੁਰੱਖਿਆ ਸਪਤਾਹ' ਵਿੱਚ ਹਾਜ਼ਰ ਸਾਰੇ ਲੋਕਾਂ ਨੇ ਆਵਾਜਾਈ ਨਿਯਮਾਂ ਦਾ ਪਾਲਣ ਕਰਨ ਲਈ ਸਹੁੰ ਚੁੱਕੀ। ਇਸ ਸਮਾਗਮ ਵਿੱਚ ਚੰਡੀਗੜ੍ਹ ਪੁਲਿਸ ਵੱਲੋਂ ਇੱਕ ਹੈਲਪ ਲਾਈਨ ਨੰਬਰ ਵੀ ਜਾਰੀ ਕੀਤਾ ਗਿਆ। ਇਸ ਨੰਬਰ ਨਾਲ ਸੜਕ ਉੱਤੇ ਜਾਮ ਲੱਗਣ ਅਤੇ ਆਵਾਜਾਈ ਸਮੱਸਿਆਵਾਂ ਨੂੰ ਰੋਕਣ ਲਈ ਪੁਲਿਸ ਨੂੰ ਬੁਲਾਉਣ ਦੀ ਵਿਵਸਥਾ ਹੈ। ਸਮੁੱਚੇ ਸਮਾਗਮ ਵਿੱਚ ਆਵਾਜਾਈ ਸੁਰੱਖਿਆ ਸੰਬੰਧੀ ਟ੍ਰੈਫਿਕ ਪੁਲਿਸ ਨੇ ਵਚਨਬੱਧਤਾ ਨਾਲ ਕੰਮ ਕਰਨ ਦੀ ਗੱਲ ਕਹੀ।

ਇਸ 'ਸੜਕ ਸੁਰੱਖਿਆ ਸਪਤਾਹ' ਵਿੱਚ ਲੋਕਾਂ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਅਤੇ ਆਪਸੀ

ਸਦਭਾਵਨਾ ਬਣਾਉਣ ਦੀ ਪ੍ਰੇਰਨਾ ਮਿਲੀ।

### 8.2.2 ਚੋਰੀ ਤੇ ਡਕੈਤੀ ਦੀਆਂ ਵਾਰਦਾਤਾਂ :

ਪੰਜਾਬ ਵਿੱਚ ਚੋਰੀ ਅਤੇ ਡਕੈਤੀ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਇਸ ਗੱਲ ਦੀ ਪੁਸ਼ਟੀ ਕਲ ਦੀਆਂ ਵਾਪਰੀਆਂ ਘਟਨਾਵਾਂ ਤੋਂ ਹੁੰਦੀ ਹੈ। ਕੱਲ੍ਹ ਅੰਮ੍ਰਿਤਸਰ, ਲੁਧਿਆਣਾ ਅਤੇ ਗੁਰਦਾਸਪੁਰ ਵਿੱਚ ਵੱਡੀਆਂ ਵਾਰਦਾਤਾਂ ਹੋਈਆਂ ਇਹਨਾਂ ਘਟਨਾਵਾਂ ਕਰਕੇ ਲੋਕਾਂ ਦੇ ਮਨਾਂ ਵਿੱਚ ਭਾਰੀ ਰੋਸ ਹੈ। ਕੱਲ੍ਹ ਲੁਧਿਆਣੇ ਵਿੱਚ ਸੋਨੇ ਦੇ ਸ਼ੋਅਰੂਮ ਵਿੱਚ ਲੱਖਾਂ ਦੀ ਚੋਰੀ ਹੋਈ। ਅੰਮ੍ਰਿਤਸਰ ਸ਼ਹਿਰ ਵਿੱਚ ਦਿਨ ਦਿਹਾੜੇ ਪੈਟਰੋਲ ਪੰਪ ਤੋਂ ਪੈਸੇ ਲੁੱਟਣ ਦੀ ਘਟਨਾ ਸਾਹਮਣੇ ਆਈ। ਇਸੇ ਤਰ੍ਹਾਂ ਗੁਰਦਾਸਪੁਰ ਬੈਂਕ ਵਿੱਚੋਂ ਪੈਸੇ ਲੁੱਟੇ ਗਏ। ਇਹਨਾਂ ਘਟਨਾਵਾਂ ਨਾਲ ਸੂਬੇ ਦੀ ਸਮੁੱਚੀ ਸੁਰੱਖਿਆ ਵਿਵਸਥਾ ਉੱਤੇ ਸਵਾਲੀਆਂ ਚਿੰਨ੍ਹ ਲੱਗ ਗਏ ਹਨ। ਪੁਲਿਸ ਵਿਭਾਗ ਆਪਣੀ ਸ਼ਾਖ਼ ਬਚਾਉਣ ਲਈ ਥਾਂ-ਥਾਂ ਨਾਕਾਬੰਦੀ ਕਰਕੇ ਮੁਜਰਮਾਂ ਨੂੰ ਫੜਨ ਦੇ ਯਤਨ ਵਿੱਚ ਹੈ। ਅਜਿਹੀ ਸਥਿਤੀ ਵਿੱਚ ਸੂਬੇ ਦੇ ਡੀ.ਜੀ.ਪੀ. ਪੁਲਿਸ ਨੇ ਪੱਤਰਕਾਰਾਂ ਨਾਲ ਕਾਨਫ਼ਰੰਸ ਵੀ ਕੀਤੀ। ਡੀ.ਜੀ. ਪੀ. ਸਾਹਿਬ ਨੇ ਸੂਬੇ ਵਿੱਚ ਲੁੱਟ-ਖਸੁੱਟ ਦੀਆਂ ਘਟਨਾਵਾਂ ਤੇ ਕਾਬੂ ਪਾਉਣ ਦੀ ਗੱਲ ਕਹੀ। ਉਹਨਾਂ ਪੰਜਾਬ ਦੇ ਲੋਕਾਂ ਅਤੇ ਨੌਜਵਾਨਾਂ ਨੂੰ ਅਪੀਲ ਕਰਦੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਚੋਰਾਂ ਤੋਂ ਸੁਚੇਤ ਰਹਿ ਕੇ ਆਪਣੇ ਕੰਮਕਾਰ ਕਰਨੇ ਚਾਹੀਦੇ ਹਨ। ਨੌਜਵਾਨਾਂ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਕੰਮਾਂ ਨੂੰ ਛੱਡ ਕੇ ਮਿਹਨਤ ਨਾਲ ਕਮਾਉਣ। ਡੀ.ਜੀ.ਪੀ. ਦੇ ਸਮੁੱਚੇ ਵਿਚਾਰ ਵਟਾਂਦਰੇ ਵਿੱਚ ਇਸ ਗੱਲ 'ਤੇ ਵਧੇਰੇ ਜ਼ੋਰ ਸੀ ਕਿ ਨੌਜਵਾਨਾਂ ਨੂੰ ਚੰਗੇ ਅਚਾਰ ਵਿਹਾਰ ਨਾਲ ਜੀਵਨ ਜਿਊਣਾ ਚਾਹੀਦਾ ਹੈ। ਪਰ ਪੱਤਰਕਾਰਾਂ ਦੇ ਸਵਾਲਾਂ ਵਿੱਚ ਕੁਝ ਅਜਿਹੇ ਸਵਾਲ ਵੀ ਸਨ ਜੋ ਸੂਬੇ ਵਿਚਲੀ ਅਸਥਿਰਤਾ ਸੰਬੰਧੀ ਸਨ। ਇੱਕ ਪੱਤਰਕਾਰ ਨੇ ਪੁਲਿਸ ਵਿਭਾਗ ਦੀ ਸਮੁੱਚੀ ਕਾਰਜਕਾਰੀ ਉੱਤੇ ਸਵਾਲ ਖਰੇ ਕਰਦੇ ਕਿਹਾ ਕਿ ਇਹਨਾਂ ਘਟਨਾਵਾਂ ਦਾ ਕਾਰਨ ਪੁਲਿਸ ਵਿਭਾਗ ਵੱਲੋਂ ਸਹੀ ਕੰਮ ਨਾ ਕਰਨਾ ਹੈ।

ਇਹਨਾਂ ਸਥਾਨਾਂ ਤੇ ਵਾਪਰੀਆਂ ਘਟਨਾਵਾਂ ਸੰਬੰਧੀ ਲੋਕਾਂ ਦੀ ਰਾਏ ਹੈ ਕਿ ਸੂਬੇ ਵਿੱਚ ਨੌਜਵਾਨਾਂ ਕੋਲ ਰੁਜ਼ਗਾਰ ਨਹੀਂ ਹੈ। ਨੌਜਵਾਨ ਭਟਕਣ ਦੇ ਸ਼ਿਕਾਰ ਹੋਏ ਹੋਣ ਕਾਰਨ ਮਜਬੂਰੀ ਵਿੱਚ ਅਜਿਹੇ ਕੰਮਾਂ ਵੱਲ ਜਾਂਦੇ ਹਨ। ਇਹਨਾਂ ਵਾਰਦਾਤਾਂ ਤੋਂ ਸਪਸ਼ਟ ਹੈ ਕਿ ਸੂਬੇ ਵਿੱਚ ਪਿਛਲੇ ਦੋ ਦਹਾਕੇ ਤੋਂ ਨੌਜਵਾਨਾਂ ਲਈ ਰੁਜ਼ਗਾਰ ਦੀ ਵਿਵਸਥਾ ਨਾ ਦੇ ਬਰਾਬਰ ਹੈ। ਅਜਿਹੀ ਸਥਿਤੀ ਵਿੱਚ ਨੌਜਵਾਨ ਚੋਰੀ, ਡਕੈਤੀ, ਗੈਂਗਸਟਰ ਅਤੇ ਲੁੱਟ ਖਸੁੱਟ ਦੀਆਂ ਘਟਨਾਵਾਂ ਵਿੱਚ ਫਸਦੇ ਜਾ ਰਹੇ ਹਨ। ਇਹਨਾਂ ਹਾਲਤਾਂ ਤਹਿਤ ਹੀ ਦੇਖਦੇ ਹਾਂ ਕਿ ਬੱਸਾਂ ਵਿੱਚ ਜੇਬ ਕੱਟਣ, ਚੇਨ ਸਨੈਚਿੰਗ, ਅਗਵਾਹ ਕਰਨ ਦੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ। ਇੱਕ ਅਖ਼ਬਾਰ ਦੇ ਤਾਜ਼ਾ ਕੀਤੇ ਸਰਵੇ ਅਨੁਸਾਰ ਪੰਜਾਬ ਵਿੱਚ ਹਰ ਮਿੰਟ ਵਿੱਚ ਤਿੰਨ ਚੋਰੀ ਦੀਆਂ ਘਟਨਾਵਾਂ ਵਾਪਰਦੀਆਂ ਹਨ। ਇਹਨਾਂ ਘਟਨਾਵਾਂ ਵਿੱਚ ਕਈ ਵਾਰ ਆਮ ਨਾਗਰਿਕਾਂ ਦੀ ਜਾਨ ਵੀ ਚਲੀ ਜਾਂਦੀ ਹੈ। ਅਜਿਹੀ ਵਿਵਸਥਾ ਕਾਰਨ ਨਾਗਰਿਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਵੀ ਵਧਦੀ ਹੈ। ਹੋਰ ਤਾਂ ਹੋਰ ਲੋਕ ਇਸ ਸੂਬੇ ਵਿੱਚ ਆਪਣੇ ਆਪ ਨੂੰ ਮਹਿਫ਼ੂਜ਼ ਨਾ ਸਮਝਣ ਲੱਗੇ ਹਨ।

### 8.2.3 ਅੱਗ ਲੱਗਣ ਦੀਆਂ ਘਟਨਾਵਾਂ :

ਪੰਜਾਬ ਵਿੱਚ ਅੱਜਕੱਲ੍ਹ ਕਣਕ ਦੀ ਫ਼ਸਲ ਪੂਰੀ ਪੱਕੀ ਹੋਈ ਹੈ। ਪੱਕੀ ਕਣਕ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਥਾਂ-ਥਾਂ ਵਾਪਰ ਰਹੀਆਂ ਹਨ। ਮਹਿੰਗੀ ਲਾਗਤ ਨਾਲ ਪਾਲ਼ੀ ਕਣਕ ਨੂੰ ਅੱਗ ਲੱਗਣ ਨਾਲ ਕਿਸਾਨਾਂ ਨੂੰ ਆਰਥਿਕ ਨੁਕਸਾਨ ਹੋ ਰਿਹਾ ਹੈ। ਇਹਨਾਂ ਘਟਨਾਵਾਂ ਦੀਆਂ ਖ਼ਬਰਾਂ ਪੂਰੇ ਪੰਜਾਬ ਵਿੱਚ ਦੇਖਣ ਨੂੰ ਮਿਲ ਰਹੀਆਂ ਹਨ। ਕੱਲ੍ਹ ਪੰਜਾਬ ਵਿੱਚ ਕਈ ਥਾਵਾਂ ਤੇ ਸੈਂਕੜੇ ਏਕੜ ਕਣਕ ਸੜ ਕੇ ਸਵਾਹ ਹੋ ਗਈ। ਇਹਨਾਂ ਘਟਨਾਵਾਂ ਕਾਰਨ ਕਿਸਾਨਾਂ ਦੀ ਹਾਲਤ ਹੋਰ ਵੀ ਨਿੱਘਰ ਰਹੀ ਹੈ। ਕੱਲ੍ਹ ਜ਼ਿਲ੍ਹਾ ਪਟਿਆਲਾ ਦੇ ਪਿੰਡ ਕਕਰਾਲਾ ਵਿੱਚ ਜਗਰੂਪ ਸਿੰਘ ਦੀ ਦਸ ਏਕੜ ਕਣਕ ਸੜ ਗਈ। ਇਸ ਕਿਸਾਨ ਦੀ ਮਾਇਕ ਹਾਲਤ ਪਹਿਲਾਂ ਹੀ ਬਦਤਰ ਸੀ, ਉਸਨੇ ਇਹ ਸਾਰੀ ਫ਼ਸਲ ਠੇਕੇ ਤੇ ਲਈ ਹੋਈ ਸੀ। ਪਰਿਵਾਰ ਦੇ ਮੈਂਬਰਾਂ ਤੋਂ ਪਤਾ ਲੱਗਿਆ ਹੈ ਕਿ ਇਹਨਾਂ ਨੇ ਸੱਤ ਲੱਖ ਰੁਪਏ ਬੈਂਕ ਦਾ ਕਰਜ਼ਾ ਦੇਣਾ ਹੈ। ਕਿਸਾਨ ਕਣਕ ਨੂੰ ਅੱਗ ਲੱਗਣ ਕਾਰਨ ਕਾਫ਼ੀ ਸਦਮੇ ਵਿੱਚ ਹੈ। ਸਥਾਨਕ ਲੋਕਾਂ ਦੇ ਕਹਿਣ ਅਨੁਸਾਰ ਕਿਸਾਨ ਦੇ ਤਿੰਨ ਬੱਚੇ ਹਨ ਇਹਨਾਂ ਵਿੱਚੋਂ ਦੋ ਕੁੜੀਆਂ ਨੂੰ ਪਹਿਲਾਂ ਹੀ ਬਹੁਤ ਮੁਸ਼ਕਲਾਂ ਨਾਲ ਪੜ੍ਹਾਈ ਕਰਵਾਈ ਹੈ। ਇਹਨਾਂ ਵਿੱਚੋਂ ਇੱਕ ਕੁੜੀ ਦਾ ਇਸ ਸਾਲ ਵਿਆਹ ਹੈ। ਮੁੰਡਾ ਬੀ.ਐਡ ਅਤੇ ਟੈਟ ਪਾਸ ਕਰਕੇ ਘਰ ਵਿੱਚ ਬੇਰੁਜ਼ਗਾਰ ਬੈਠਾ ਹੈ। ਕਿਸਾਨ ਦੀ ਮਾੜੀ ਹਾਲਤ ਕਾਰਨ ਕਿਸਾਨ ਜਥੇਬੰਦੀਆਂ ਨੇ ਸਰਕਾਰ ਕੋਲੋਂ ਮੁਆਵਜ਼ੇ ਦੀ ਮੰਗ ਕੀਤੀ ਹੈ।

ਇਸ ਸਾਰੇ ਘਟਨਾਕ੍ਰਮ ਵਿੱਚ ਕਿਸਾਨਾਂ ਨੇ ਬਿਜਲੀ ਬੋਰਡ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਇਹ ਅੱਗ ਬਿਜਲੀ ਦੀਆਂ ਤਾਰਾਂ ਜੁੜਨ ਕਾਰਨ ਹੋਈ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬਿਜਲੀ ਸਪਲਾਈ ਦੀਆਂ ਤਾਰਾਂ ਤੀਹ ਸਾਲ ਪੁਰਾਣੀਆਂ ਹਨ। ਇਹ ਪੁਰਾਣੀਆਂ ਤਾਰਾਂ ਢਿੱਲੀਆਂ ਹੋ ਚੁੱਕੀਆਂ ਹਨ। ਜਿਸ ਕਰਕੇ ਹਵਾ ਚੱਲਣ ਤੇ ਆਪਸ ਵਿੱਚ ਟਕਰਾਅ ਕੇ ਅੱਗ ਲੱਗਣ ਦਾ ਕਾਰਨ ਬਣਦੀਆਂ ਹਨ। ਕਿਸਾਨਾਂ ਨੇ ਬਿਜਲੀ ਬੋਰਡ ਤੋਂ ਵੀ ਮੁਆਵਜ਼ੇ ਦੀ ਮੰਗ ਕੀਤੀ। ਬਿਜਲੀ ਵਿਭਾਗ ਦੇ ਐਸ.ਡੀ.ਓ ਨੇ ਕਿਸਾਨਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ। ਇਹਨਾਂ ਅੱਗ ਲੱਗਣ ਦੀਆਂ ਘਟਨਾਵਾਂ ਕਰਕੇ ਉਹਨਾਂ ਕਿਸਾਨਾਂ ਨੂੰ ਦਿਨ ਵਿੱਚ ਖੇਤਾਂ ਦੀ ਬਿਜਲੀ ਸਪਲਾਈ ਨਾ ਦੇਣ ਦੀ ਗੱਲ ਕਹੀ। ਸਾਰੇ ਕਿਸਾਨ ਖ਼ੁਦ ਵੀ ਰਾਤ ਨੂੰ ਬਿਜਲੀ ਸਪਲਾਈ ਦੇਣ ਲਈ ਹੀ ਸਹਿਮਤ ਸਨ ਕਿਉਂਕਿ ਰਾਤ ਨੂੰ ਹਵਾ ਵਿੱਚ ਸਿੱਲ੍ਹ ਹੋਣ ਕਾਰਨ ਕਣਕ ਨੂੰ ਅੱਗ ਲੱਗਣ ਦਾ ਖ਼ਤਰਾ ਵੀ ਘਟਦਾ ਹੈ।

ਇਸ ਮੌਕੇ ਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਚੀਫ਼ ਨੇ ਬਿਜਲੀ ਤੋਂ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਰੋਕਣ ਸੰਬੰਧੀ ਦਿਸ਼ਾ ਨਿਰਦੇਸ਼ ਦਿੱਤੇ।

### 8.2.4 ਘਰੇਲੂ ਝਗੜਿਆਂ ਦੀ ਘਟਨਾਵਾਂ :

ਅਜੋਕੇ ਸਮੇਂ ਘਰਾਂ ਵਿੱਚ ਹਿੰਸਾ ਦੀਆਂ ਘਟਨਾਵਾਂ ਦਾ ਵਾਪਰਨਾ ਇੱਕ ਮੰਦਭਾਗਾ ਵਰਤਾਰਾ ਹੈ। ਘਰੇਲੂ ਹਿੰਸਾ ਵਿੱਚ ਔਰਤਾਂ, ਬਜ਼ੁਰਗਾਂ ਅਤੇ ਬੱਚਿਆਂ ਸੰਬੰਧੀ ਘਟਨਾਵਾਂ ਅਕਸਰ ਦੇਖਣ ਨੂੰ ਮਿਲਦੀਆਂ ਹਨ। ਘਰਾਂ ਵਿੱਚ ਕਲਸ਼ ਹੋਣ ਦੇ ਬਹੁਤ ਸਾਰੇ ਕਾਰਨ ਮੰਨੇ ਜਾਂਦੇ ਹਨ ਪਰ ਸਭ ਤੋਂ ਵੱਡੇ ਕਾਰਨਾਂ ਵਿੱਚ ਆਰਥਿਕ ਪੱਖ ਪ੍ਰਮੁੱਖ ਹੈ। ਜਿਨ੍ਹਾਂ ਘਰਾਂ ਵਿੱਚ

ਆਰਥਿਕਤਾ ਮਾੜੀ ਹੈ ਉਨ੍ਹਾਂ ਘਰਾਂ ਵਿੱਚ ਲੜਾਈ ਝਗੜੇ ਵਧੇਰੇ ਵਾਪਰਦੇ ਹਨ। ਅਜਿਹੇ ਹੀ ਇੱਕ ਹੋਰ ਕਾਰਨ ਨਸ਼ੇ ਨੂੰ ਮੰਨਿਆ ਜਾਂਦਾ ਹੈ। ਜਿਨ੍ਹਾਂ ਘਰਾਂ ਵਿੱਚ ਕੋਈ ਨਸ਼ੇੜੀ ਆਦਮੀ ਹੁੰਦੇ ਹਨ ਉਹਨਾਂ ਵਿੱਚ ਵੀ ਤਕਰਾਰ ਵਧੇਰੇ ਵੱਧ ਜਾਂਦੇ ਹਨ।

ਘਰੇਲੂ ਹਿੰਸਾ ਦੀਆਂ ਘਟਨਾਵਾਂ ਵਿੱਚ ਔਰਤਾਂ ਨਾਲ ਕੁੱਟਮਾਰ, ਬਜ਼ੁਰਗਾਂ ਨਾਲ ਦੁਰਵਿਹਾਰ ਅਤੇ ਬੱਚਿਆਂ ਉੱਤੇ ਤਸ਼ੱਦਦ ਦੀਆਂ ਘਟਨਾਵਾਂ ਸਮਾਜ ਦੇ ਖੋਖਲੇ ਪੱਖਾਂ ਨੂੰ ਜ਼ਾਹਿਰ ਕਰਦੀਆਂ ਹਨ। ਇਹਨਾਂ ਘਟਨਾਵਾਂ ਦੇ ਵਾਪਰਨ ਪਿੱਛੇ ਭਾਵੇਂ ਕੋਈ ਵੀ ਕਾਰਨ ਜ਼ਿੰਮੇਵਾਰ ਹੋਵੇ ਪਰ ਘਰ ਦੇ ਜੀਅ ਲਈ ਇਹ ਬਹੁਤ ਕਸ਼ਟਦਾਇਕ ਸਥਿਤੀ ਹੁੰਦੀ ਹੈ। ਇਸ ਨਾਲ ਘਰਾਂ ਵਿੱਚ ਮਾਨਸਿਕ ਰੋਗ ਵੀ ਵਧਦੇ ਹਨ। ਪਿੱਛੇ ਕੁਝ ਸਾਲ ਪਹਿਲਾਂ ਇੱਕ ਖ਼ਬਰ ਅਨੁਸਾਰ ਮੋਹਾਲੀ ਸ਼ਹਿਰ ਵਿੱਚ ਇੱਕ ਪਰਿਵਾਰ ਮਾਨਸਿਕ ਰੋਗ ਹੋਣ ਕਾਰਨ ਕਮਰਿਆਂ ਵਿੱਚ ਬੰਦ ਰਹਿੰਦਾ ਸੀ। ਇਹ ਸਾਰਾ ਪਰਿਵਾਰ ਮਾਨਸਿਕ ਰੋਗੀ ਹੋਣ ਕਾਰਨ ਕਸ਼ਟਦਾਇਕ ਸਥਿਤੀ ਵਿੱਚ ਸੀ। ਅਜਿਹੀ ਘਟਨਾਵਾਂ ਤੋਂ ਚਿੰਤਤ ਸਮਾਜ ਦੇ ਕੁਝ ਚੰਗੇ ਲੋਕਾਂ ਨੇ ਇਸ ਇਕੱਠ ਵਿੱਚ ਭਾਗ ਲਿਆ। ਵਿਸ਼ੇਸ਼ ਮਹਿਮਾਨ ਵਜੋਂ ਮਹਿਲਾ ਮੰਡਲ ਪੰਜਾਬ ਪ੍ਰਧਾਨ ਨੇ ਸ਼ਿਰਕਤ ਕੀਤੀ। ਉਹਨਾਂ ਸਭਾ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਹੁਣ ਪਰਿਵਾਰਾਂ ਵਿੱਚ ਪਹਿਲਾਂ ਵਾਲ ਪਿਆਰ ਨਹੀਂ ਰਿਹਾ। ਪਰਿਵਾਰ ਦੇ ਜੀਅ ਇੱਕ ਦੂਜੇ ਨੂੰ ਨਹੀਂ ਸਗੋਂ ਪੈਸੇ ਨੂੰ ਪਿਆਰ ਕਰਦੇ ਹਨ ਤੇ ਪਰਿਵਾਰ ਦਾ ਹਰ ਮੈਂਬਰ ਆਪਣੇ ਹਿਸਾਬ ਨਾਲ ਜ਼ਿੰਦਗੀ ਜਿਉਣਾ ਚਾਹੁੰਦਾ ਹੈ ਇਸ ਕਰਕੇ ਪਰਿਵਾਰਾਂ ਵਿੱਚ ਆਪਸ ਵਿੱਚ ਨਾ ਬੋਲਣਾ ਆਮ ਜਿਹੀ ਗੱਲ ਹੋ ਗਈ ਹੈ। ਮਹਿਲਾ ਕਮਿਸ਼ਨ ਦੀ ਪ੍ਰਧਾਨ ਦੇ ਇਹ ਬੋਲ ਕਾਫ਼ੀ ਸਵਾਲ ਖੜੇ ਕਰਦੇ ਹਨ। ਘਰਾਂ ਵਿੱਚ ਮੈਂਬਰਾਂ ਦਾ ਆਪਸ ਵਿੱਚ ਨਾ ਬੋਲਣਾ ਅਤੇ ਮਾੜੀ ਜਿਹੀ ਗੱਲ ਤੇ ਲੜ ਪੈਣ ਪਿੱਛੇ ਬਹੁਤ ਸਾਰੇ ਕਾਰਨ ਜ਼ਿੰਮੇਵਾਰ ਹਨ। ਇਸ ਪ੍ਰਸੰਗ ਵਿੱਚ ਇੱਕ ਪੰਜਾਬੀ ਅਖ਼ਬਾਰ ਦੀ ਰਿਪੋਰਟ ਦੇਖਣ ਵਾਲੀ ਹੈ। ਇਸ ਅਖ਼ਬਾਰ ਨੇ ਇੱਕ ਹਜ਼ਾਰ ਘਰਾਂ ਦਾ ਸਰਵੇ ਕਰਕੇ ਇੱਕ ਅਧਿਐਨ ਕੀਤਾ। ਇਸ ਅਧਿਐਨ ਤੋਂ ਕੁਝ ਸਿੱਟੇ ਪ੍ਰਮੁੱਖਤਾ ਸਹਿਤ ਸਾਹਮਣੇ ਆਏ ਹਨ। ਸਭ ਤੋਂ ਪਹਿਲਾ ਨੁਕਤਾ ਪਰਿਵਾਰ ਦੇ ਮੈਂਬਰ ਆਪਸ ਵਿੱਚ ਬੋਲ ਕੇ ਰਾਜ਼ੀ ਨਹੀਂ ਹੁੰਦੇ। ਦੂਜਾ ਪਰਿਵਾਰ ਦੇ ਮੈਂਬਰ ਆਪਸ ਵਿੱਚ ਚੀਜ਼ਾਂ ਸ਼ੇਅਰ ਨਹੀਂ ਕਰਨਾ ਚਾਹੁੰਦੇ। ਤੀਜਾ ਔਰਤਾਂ ਦੀ ਕੁੱਟਮਾਰ ਹੋਣਾ ਆਮ ਜਿਹੀ ਗੱਲ ਹੈ। ਇਸ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਘਰੇਲੂ ਹਿੰਸਾ ਇੱਕ ਅਣਮਨੁੱਖੀ ਵਰਤਾਰਾ ਹੈ। ਇਸ ਵਿੱਚ ਘਰ ਦੇ ਮੈਂਬਰਾਂ ਦਾ ਸਰੀਰਕ ਅਤੇ ਮਾਨਸਿਕ ਨੁਕਸਾਨ ਹੁੰਦਾ ਹੈ। ਘਰੇਲੂ ਹਿੰਸਾ ਨੂੰ ਰੋਕਣ ਲਈ ਜੋ ਐਕਟ ਬਣਾਏ ਹਨ ਉਹਨਾਂ ਨੂੰ ਸੰਜੀਦਗੀ ਨਾਲ ਲਾਗੂ ਕਰਵਾਉਣ ਦੀ ਵਿਵਸਥਾ ਹੋਣੀ ਚਾਹੀਦੀ ਹੈ ਤਾਂ ਜੋ ਘਰੇਲੂ ਹਿੰਸਾ ਦੀਆਂ ਘਟਨਾਵਾਂ ਨੂੰ ਠੱਲ੍ਹ ਪੈ ਸਕੇ।

### 8.2.5 ਪਰਾਲੀ ਸਾੜਨ 'ਤੇ ਰੋਕ :

ਪੰਜਾਬ ਵਿੱਚ ਝੋਨੇ ਦੀ ਪਰਾਲੀ ਸਾੜਨ ਦੇ ਕਾਰਨ ਹੋਣ ਵਾਲੇ ਪ੍ਰਦੂਸ਼ਣ ਕਰਕੇ ਝੋਨੇ ਦਾ ਨਾੜ ਸਾੜਨ 'ਤੇ ਪੰਜਾਬ ਸਰਕਾਰ ਵੱਲੋਂ ਮੁਕੰਮਲ ਰੋਕ ਲਗਾ ਦਿੱਤੀ ਹੈ। ਖੇਤਾਂ ਦੀ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਜੁਰਮਾਨਾ ਕਰਨ ਦੀ ਗੱਲ ਵੀ ਕਹੀ ਹੈ। ਇਸ ਸੰਬੰਧੀ ਕਿਸਾਨਾਂ ਅਤੇ ਸਰਕਾਰ ਦਾ ਵੱਖੋ-ਵੱਖਰਾ ਪੱਖ ਹੈ। ਸਰਕਾਰ ਦਾ ਕਹਿਣਾ ਹੈ ਕਿ ਝੋਨੇ ਦੀ ਪਰਾਲੀ ਕਾਰਨ ਪ੍ਰਦੂਸ਼ਣ ਹੁੰਦਾ ਹੈ। ਇਸ ਪ੍ਰਦੂਸ਼ਣ ਨਾਲ ਕਈ ਪ੍ਰਕਾਰ ਦੀਆਂ ਦੁਰਘਟਨਾਵਾਂ ਵਾਪਰਦੀਆਂ ਹਨ। ਜਿਵੇਂ ਸੜਕਾਂ 'ਤੇ

ਧੂੰਆਂ ਫੈਲਣ ਕਾਰਨ ਐਕਸੀਡੈਂਟਾਂ ਵਿੱਚ ਵਾਧਾ ਹੁੰਦਾ ਹੈ ਅਤੇ ਧੂੰਏਂ ਕਾਰਨ ਸਾਹ ਲੈਣ ਵਿੱਚ ਸਮੱਸਿਆ ਆਉਂਦੀ ਹੈ। ਇਹ ਸਾਹ ਲੈਣ ਦੀਆਂ ਸਮੱਸਿਆਵਾਂ ਛਾਤੀ ਅਤੇ ਅੱਖਾਂ ਦੇ ਰੋਗਾਂ ਨੂੰ ਜਨਮ ਦਿੰਦੀਆਂ ਹਨ। ਭਾਰਤ ਸਰਕਾਰ ਦੀ ਵੱਡੀ ਸੰਸਥਾ AIMS ਦੀ ਇੱਕ ਰਿਪੋਰਟ ਅਨੁਸਾਰ ਧੂੰਏਂ ਕਾਰਨ ਛਾਤੀ ਦੇ ਰੋਗਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਨਾਲ ਹੀ ਕੈਂਸਰ ਜਿਹੀਆਂ ਬਿਮਾਰੀਆਂ ਵੀ ਇਸ ਨਾਲ ਵੱਧ ਰਹੀਆਂ ਹਨ। ਸਰਕਾਰ ਦਾ ਇਹ ਵੀ ਮੰਨਣਾ ਹੈ ਕਿ ਝੋਨੇ ਦੀ ਪਰਾਲੀ ਦਾ ਧੂੰਆਂ ਹਰਿਆਣਾ ਅਤੇ ਦਿੱਲੀ ਦੇ ਲੋਕਾਂ ਨੂੰ ਵੀ ਪਰੇਸ਼ਾਨ ਕਰਦਾ ਹੈ। ਇਸ ਕਾਰਨ ਸਰਕਾਰ ਨੇ ਝੋਨੇ ਦੀ ਪਰਾਲੀ ਸਾੜਨ ਉੱਤੇ ਰੋਕ ਅਤੇ ਜੁਰਮਾਨਾ ਲਗਾਉਣ ਦੇ ਹੁਕਮ ਦਿੱਤੇ ਹਨ।

ਕਿਸਾਨ ਅਤੇ ਕਿਸਾਨ ਜਥੇਬੰਦੀਆਂ ਪਰਾਲੀ ਸਾੜਨ ਉੱਤੇ ਰੋਕ ਲਗਾਉਣ ਨੂੰ ਲੈ ਕੇ ਸਰਕਾਰ ਦੇ ਵਿਰੁੱਧ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਝੋਨੇ ਦੇ ਨਾੜ ਨੂੰ ਸਾੜਨ ਤੋਂ ਇਲਾਵਾ ਕਿਸਾਨਾਂ ਕੋਲ ਹੋਰ ਬਿਹਤਰ ਬਦਲ ਉਪਲਬਧ ਨਹੀਂ ਹੈ। ਇਸ ਸੰਬੰਧੀ ਕਲ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, ਸਰਕਾਰ ਦਾ ਇਹ ਫ਼ੈਸਲਾ ਕਿਸਾਨ ਵਿਰੋਧੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦੇਣਾ ਹੋਰ ਸਮੱਸਿਆਵਾਂ ਨੂੰ ਸੱਦਾ ਦੇਣਾ ਹੈ। ਜੇਕਰ ਸਰਕਾਰ ਇਸ ਉੱਤੇ ਰੋਕ ਲਗਾਉਣਾ ਹੀ ਚਾਹੁੰਦੀ ਹੈ ਤਾਂ ਸਰਕਾਰ ਨੂੰ ਝੋਨੇ ਦੇ ਨਾੜ ਨੂੰ ਸਾਂਭਣ ਉੱਤੇ ਆਉਣ ਵਾਲੇ ਖ਼ਰਚੇ ਲਈ ਕਿਸਾਨਾਂ ਨੂੰ ਪੈਸੇ ਦੇਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਇਹ ਪਰਾਲੀ ਫ਼ਸਲ ਬੀਜਣ ਸਮੇਂ ਖੇਤ ਨੂੰ ਚੰਗੀ ਤਰ੍ਹਾਂ ਵਾਹੁਣ ਵਿੱਚ ਅੜਿੱਕਾ ਬਣਦੀ ਹੈ ਅਤੇ ਨਾਲ ਹੀ ਇਸ ਪਰਾਲੀ ਵਿੱਚ ਚੂਹੇ ਪੈਦਾ ਹੋ ਕੇ ਫ਼ਸਲ ਦਾ ਨੁਕਸਾਨ ਕਰਦੇ ਹਨ।

ਇਸ ਸਾਰੀ ਵਿਚਾਰ ਚਰਚਾ ਤੋਂ ਕੁਝ ਅਹਿਮ ਨੁਕਤੇ ਉੱਭਰ ਕੇ ਸਾਹਮਣੇ ਆਉਂਦੇ ਹਨ। ਕਿਸਾਨਾਂ ਦਾ ਪਰਾਲੀ ਸਾੜਨਾ ਇੱਕ ਮਜਬੂਰੀ ਹੈ। ਝੋਨੇ ਦੇ ਬਚੇ ਨਾੜ ਨੂੰ ਜੇਕਰ ਵਾਹਿਆ ਜਾਵੇ ਤਾਂ ਇਸ ਉੱਤੇ ਬਹੁਤ ਖ਼ਰਚਾ ਆਉਂਦਾ ਹੈ। ਇਸ ਖ਼ਰਚ ਨੂੰ ਬਚਾਉਣ ਲਈ ਕਿਸਾਨ ਇਸ ਨਾੜ ਨੂੰ ਫੂਕ ਦਿੰਦਾ ਹੈ। ਦੂਜੇ ਬੰਨੇ ਸਰਕਾਰ ਵੱਲੋਂ ਕਿਸਾਨਾਂ ਨੂੰ ਮਸ਼ੀਨਾਂ ਰੋਟਾ ਬੇਟਰ, ਹੈਪੀਸੀਡਰ ਜਿਹੇ ਸਾਧਨ ਵੀ ਮੁਹੱਈਆ ਨਹੀਂ ਕਰਵਾਏ ਗਏ। ਇਹਨਾਂ ਦੀ ਕੀਮਤ ਲਗਪਗ ਡੇਢ ਲੱਖ ਰੁਪਏ ਹੈ ਅਤੇ ਇਹਨਾਂ ਨੂੰ ਖਿੱਚਣ ਲਈ 8-10 ਲੱਖ ਰੁਪਏ ਵਾਲਾ ਟਰੈਕਟਰ ਚਾਹੀਦਾ ਹੈ। ਪੰਜਾਬ ਦਾ 80% ਕਿਸਾਨ 3 ਏਕੜ ਤੋਂ ਥੱਲੇ ਰਕਬੇ ਵਾਲਾ ਹੈ। ਇਹ ਕਿਸਾਨ ਇਨ੍ਹਾਂ ਮਹਿੰਗਾ ਟਰੈਕਟਰ ਅਤੇ ਹਲ ਨਹੀਂ ਲੈ ਸਕਦਾ। ਇਸ ਕਰਕੇ ਵੀ ਉਸਨੂੰ ਝੋਨੇ ਦੀ ਪਰਾਲੀ ਸਾੜਨੀ ਪੈਂਦੀ ਹੈ।

ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਰਿਪੋਰਟਾਂ ਦੇ ਆਧਾਰਿਤ ਕੁਝ ਹੋਰ ਤੱਥ ਵੀ ਸਾਹਮਣੇ ਆਉਂਦੇ ਹਨ। ਇਹਨਾਂ ਰਿਪੋਰਟਾਂ ਵਿੱਚ ਕਿਸਾਨ ਦੇ ਖੇਤੀ ਉਤਪਾਦਨ ਉੱਤੇ ਆਉਂਦੀ ਲਾਗਤ ਸੰਬੰਧਿਤ ਵਰਨਣਾਂ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਇੱਕ ਦਹਾਕੇ ਤੋਂ ਖੇਤੀ ਲਾਗਤ ਵਿੱਚ ਬਹੁਤ ਵਾਧਾ ਹੋਇਆ ਹੈ। ਜਦਕਿ ਫ਼ਸਲਾਂ ਦੇ ਰੇਟ ਨਾ-ਮਾਤਰ ਦਰ ਵਿੱਚ ਵਧੇ ਹਨ। ਕਿਸਾਨਾਂ ਦਾ ਇਸ ਸਭਾ ਵਿੱਚ ਇਹ ਕਹਿਣਾ ਸੀ ਕਿ ਜੇਕਰ ਸਰਕਾਰ ਪਰਾਲੀ ਸਾੜਨ ਉੱਤੇ ਰੋਕ ਲਗਾਉਣਾ ਚਾਹੁੰਦੀ ਹੈ ਤਾਂ ਸਰਕਾਰ ਨੂੰ ਇਸ ਪਰਾਲੀ ਨੂੰ ਵਾਹੁਣ ’ਤੇ ਆਉਂਦੇ ਖ਼ਰਚ ਦੀ ਲਾਗਤ ਦੇਣ ਦਾ ਪ੍ਰਬੰਧ ਵੀ

ਕਰਨਾ ਚਾਹੀਦਾ ਹੈ। ਕਿਸਾਨ ਵੀ ਇਹ ਚਾਹੁੰਦੇ ਹਨ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ। ਪਰ ਉਹ ਸਰਕਾਰ ਵੱਲੋਂ ਇਹਨਾਂ ਸਹੂਲਤਾਂ ਦੀ ਮੰਗ ਕਰਦੇ ਹਨ।

**8.2.6 ਸੰਸਾਰਕ ਮਹਾਂਮਾਰੀਆਂ ਦੇ ਦੁਖਾਂਤ ਸੰਬੰਧੀ ਇਕ ਰਿਪੋਰਟ:**

ਸੰਸਾਰ ਵਿੱਚ ਹਰ ਸਦੀ ਵਿੱਚ ਕੋਈ ਨਾ ਕੋਈ ਮਹਾਂਮਾਰੀ ਫੈਲਦੀ ਰਹੀ ਹੈ। ਇਹਨਾਂ ਮਹਾਮਾਰੀਆਂ ਨੇ ਸੰਸਾਰ ਵਿੱਚ ਬਹੁਤ ਦੁਖਾਂਤਕ ਘਟਨਾਵਾਂ ਨੂੰ ਜਨਮ ਦਿੱਤਾ ਹੈ। ਮਹਾਂਮਾਰੀ ਤੋਂ ਭਾਵ ਸੰਸਾਰ ਪੱਧਰ ਤੇ ਕਿਸੇ ਲਾਗ, ਛੂਤ, ਵਾਇਰਸ ਜਾਂ ਬਿਮਾਰੀ ਦੇ ਫੈਲਣ ਤੋਂ ਹੈ। ਇਸ ਬਿਮਾਰੀ ਦੀ ਦਵਾ ਜਾਂ ਫ਼ੌਰੀ ਇਲਾਜ ਸੰਭਵ ਨਹੀਂ ਹੁੰਦਾ। ਸਦੀਆਂ ਤੋਂ ਵੱਖ-ਵੱਖ ਮਹਾਂਮਾਰੀਆਂ ਨੇ ਲੱਖਾਂ-ਕਰੋੜਾਂ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ। ਇਹਨਾਂ ਮਹਾਂਮਾਰੀਆਂ ਵਿੱਚ ਪਲੇਗ, ਹੈਜ਼ਾ, ਏਡਜ਼, ਚੇਚਕ, ਇਬੋਲਾ ਜ਼ੀਕਾ ਵਾਇਰਸ, ਸਵਾਇਨ ਫਲੂ ਆਦਿ ਬਿਮਾਰੀਆਂ ਹਨ। ਇਹਨਾਂ ਮਹਾਂਮਾਰੀਆਂ ਸੰਬੰਧੀ ਪੀ.ਜੀ.ਆਈ. ਚੰਡੀਗੜ੍ਹ ਵੱਲੋਂ ਇੱਕ ਦਿਨਾਂ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਭਾਰਤ ਸਮੇਤ ਸੰਸਾਰ ਦੇ ਵੱਡੇ ਡਾਕਟਰਾਂ ਨੇ ਭਾਗ ਲਿਆ। ਇਸ ਸੰਬੰਧੀ ਮਾਹਿਰ ਡਾਕਟਰਾਂ ਨੇ ਆਪੋ-ਆਪਣੇ ਵਿਚਾਰ ਵਿਅਕਤ ਕੀਤੇ। ਇਹਨਾਂ ਸਾਰੇ ਡਾਕਟਰਾਂ ਦੀ ਵਿਚਾਰ-ਚਰਚਾ ਤੋਂ ਕੁਝ ਮਹੱਤਵਪੂਰਨ ਤੱਥ ਸਾਹਮਣੇ ਆਏ। ਇਹਨਾਂ ਤੱਥਾਂ ਦਾ ਜਦੋਂ ਇਤਿਹਾਸਕ ਤੌਰ ’ਤੇ ਵਿਸ਼ਲੇਸ਼ਣ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪਲੇਗ ਤਕਰੀਬਨ 1347-1357 ਤੱਕ ਯੂਰਪ ਵਿੱਚ ਬੈਕਟੀਰੀਆ ਯੇਰਸੀਨੀਆਂ ਪੈਸਟਿਸ ਕਾਰਨ ਫੈਲੀ। ਇਸ ਵਿੱਚ 20 ਕਰੋੜ ਦੇ ਕਰੀਬ ਲੋਕ ਮਾਰੇ ਗਏ ਸਨ ਅਤੇ ਦੁਨੀਆ ਭਰ ਦੀ 30 ਪ੍ਰਤੀਸ਼ਤ ਆਬਾਦੀ ਮਾਰੇ ਜਾਣ ਦਾ ਅਨੁਮਾਨ ਲਗਾਇਆ ਗਿਆ ਸੀ। ਜਿਸ ਕਾਰਨ ਇਸਨੂੰ ਕਾਲੀ ਮੌਤ ਵੀ ਕਿਹਾ ਜਾਂਦਾ ਹੈ। ਅਨੁਮਾਨ ਇਹ ਹੈ ਕਿ ਇਸਦੀ ਸ਼ੁਰੂਆਤ ਮੱਧ ਏਸ਼ੀਆ ਦੇ ਸੁੱਕੇ ਮੈਦਾਨੀ ਇਲਾਕਿਆਂ ਤੋਂ ਹੋਈ। ਜਿੱਥੋਂ ਇਹ ਰੇਸ਼ਮ ਮਾਰਗ ਰਾਹੀਂ ਕ੍ਰੀਮੀਆਂ ਪਹੁੰਚੀ। ਉੱਥੋਂ ਇਹ ਕਾਲੇ ਚੂਹੇ ਦੇ ਪਿੱਸੂਆਂ ਦੁਆਰਾ ਅੱਗੇ ਵਧੀ। ਫਲਸਰੂਪ ਯੂਰਪ ਨਾਲ ਲੱਗਦੇ ਦੇਸ਼ਾਂ ਵਿੱਚ ਇਸਦਾ ਫੈਲਾਅ ਹੋਇਆ। ਇਸ ਤੋਂ ਸਾਰੇ ਵਿਸ਼ਵ ਨੂੰ ਸੁਰੱਖਿਅਤ ਕਰਨ ਲਈ ਲਗਪਗ 200 ਸਾਲ ਦਾ ਸਮਾਂ ਲੱਗਿਆ।

ਇਸੇ ਤਰ੍ਹਾਂ ਇਸ ਸੈਮੀਨਾਰ ਵਿੱਚ ਚੇਚਕ ਮਹਾਂਮਾਰੀ ਬਾਰੇ ਇੱਕ ਪਰਚਾ ਪੜ੍ਹਿਆ ਗਿਆ। ਜਿਸ ਵਿੱਚ ਇਸ ਮਹਾਂਮਾਰੀ ਬਾਰੇ ਦੱਸਦਿਆਂ ਕਿਹਾ ਗਿਆ ਕਿ ਚੇਚਕ ਮਹਾਂਮਾਰੀ ਨੂੰ ਫੈਲਾਉਣ ਲਈ ਵਾਰੀਸੇਲਾ ਮੇਜਰ ਅਤੇ ਮਾਈਨਰ ਵਾਇਰਸ ਜ਼ਿੰਮੇਵਾਰ ਸਨ। ਇਸ ਨਾਲ ਪ੍ਰਭਾਵਿਤ ਵਿਅਕਤੀ ਦੇ ਮੂੰਹ ’ਤੇ ਦਾਗ਼ ਪੈਣੇ, ਅੰਨ੍ਹਾਪਨ, ਬੁਖ਼ਾਰ, ਉਲਟੀਆਂ, ਮੂੰਹ ਵਿੱਚ ਜ਼ਖ਼ਮ, ਚਮੜੀ ’ਤੇ ਧੱਫੜ ਹੋਣ ਕਾਰਨ ਬਹੁਤ ਮੌਤਾਂ ਹੋਈਆਂ ਸਨ 1980 ਵਿੱਚ ਵਿਸ਼ਵ ਸਿਹਤ ਸੰਗਠਨ ਦਾ ਇਸ ਮਹਾਂਮਾਰੀ ਨਾਲ ਗਲੋਬਲ ਖ਼ਾਤਮੇ ਦੇ ਖਾਤਾ ਵੀ ਪ੍ਰਗਟ ਕੀਤੇ ਗਏ ਸਨ। 1798 ਵਿੱਚ ਐਡਵਰਡ ਜੇਨਰ ਦੇ ਬਣਾਏ ਟੀਕੇ ਦੁਆਰਾ ਇਸ ਬਿਮਾਰੀ ਦਾ ਖ਼ਾਤਮਾ ਹੋ ਗਿਆ ਅਤੇ ਸੰਸਾਰ ਚੇਚਕ ਮੁਕਤ ਹੋ ਗਿਆ। ਪਰ ਵੀਹਵੀਂ ਸਦੀ ਵਿੱਚ ਇਸ ਮਹਾਂਮਾਰੀ ਕਾਰਨ 50 ਕਰੋੜ ਦੇ ਲਗਪਗ ਲੋਕਾਂ ਦੀ ਮੌਤ ਦਾ ਅਨੁਮਾਨ ਹੈ।

ਇਸ ਚਰਚਾ ਵਿੱਚ ਹੈਜ਼ਾ ਮਹਾਂਮਾਰੀ ਬਾਰੇ ਵੀ ਚਰਚਾ ਕੀਤੀ ਗਈ। ਇਸ ਬਿਮਾਰੀ ਦੀ ਸ਼ੁਰੂਆਤ ਬੰਗਾਲ ਖੇਤਰ ਵਿੱਚ ਕਲਕੱਤੇ ਨੇੜੇ 1819 ਵਿੱਚ ਹੋਈ ਤੇ 1824 ਤੱਕ ਪੂਰਬੀ ਏਸ਼ੀਆ, ਯੂਰਪ, ਅਫ਼ਰੀਕਾ ਦੇਸ਼ਾਂ ਵਿੱਚ ਵਪਾਰ ਮਾਰਗਾਂ

ਦੁਆਰਾ ਫੈਲੀ। ਹੈਜ਼ਾ ਫੈਲਣ ਦੇ ਬਹੁਤ ਸਾਰੇ ਕਾਰਨਾਂ ਵਿੱਚੋਂ ਗੰਦਗੀ ਇਸਦਾ ਪ੍ਰਮੁੱਖ ਕਾਰਨ ਮਿਲਦਾ ਹੈ। ਇਸ ਮਹਾਂਮਾਰੀ ਨੇ ਵੀ ਲੱਖਾਂ ਲੋਕਾਂ ਨੂੰ ਆਪਣੀ ਲਪੇਟ ਵਿੱਚ ਲਿਆ ਸੀ। 1992 ਵਿੱਚ ਓਰਲ ਰੀਹਾਈਡਰੇਸ਼ਨ ਥੈਰੇਪੀ ਰਾਹੀਂ ਇਸਦਾ ਇਲਾਜ ਮਿਲਿਆ।

ਇਸੇ ਤਰ੍ਹਾਂ ਹੋਰ ਸੰਸਾਰਕ ਮਹਾਂਮਾਰੀਆਂ ਏਡਜ਼, ਇਬੋਲਾ, ਵਿਸ਼ਾਣੂ, ਜੀਕਾ ਵਾਇਰਸ, ਸਵਾਈਨ ਫਲੂ ਆਦਿ ਮਹਾਂਮਾਰੀਆਂ ਸੰਬੰਧੀ ਚਰਚਾ ਹੋਈ। ਇਸ ਸੈਮੀਨਾਰ ਵਿੱਚ ਮਹਾਂਮਾਰੀਆਂ ਨੂੰ ਰੋਕਣ ਸੰਬੰਧੀ ਅਤੇ ਇਹਨਾਂ ਤੋਂ ਬਚਣ ਲਈ ਦਿਸ਼ਾ-ਨਿਰਦੇਸ਼ ਵੀ ਦਿੱਤੇ ਗਏ। ਸਾਰੇ ਡਾਕਟਰ ਇਸ ਗੱਲ 'ਤੇ ਸਹਿਮਤ ਸਨ ਕਿ ਕੁਦਰਤ ਨੂੰ ਸਾਫ਼ ਸੁਥਰਾ ਰੱਖਣਾ ਅਤੇ ਗੰਦਗੀ ਮੁਕਤ ਰੱਖਣਾ ਇਹਨਾਂ ਮਹਾਂਮਾਰੀਆਂ ਤੋਂ ਬਚਾਅ ਹੈ ਮਨੁੱਖ ਨੂੰ ਚਾਹੀਦਾ ਹੈ ਕਿ ਸਮਾਜ ਨੂੰ ਸੋਹਣਾ ਬਣਾਉਣ ਲਈ ਸਾਦਾ ਜੀਵਨ ਬਤੀਤ ਕੀਤਾ ਜਾਵੇ।

ਇਸ ਸਮੁੱਚੀ ਵਿਚਾਰ-ਚਰਚਾ ਤੋਂ ਮਹਾਂਮਾਰੀਆਂ ਸੰਬੰਧੀ ਜੋ ਜਾਣਕਾਰੀ ਮਿਲੀ, ਉਸਦਾ ਲੋਕਾਂ ਨੂੰ ਬਹੁਤ ਫ਼ਾਇਦਾ ਹੋਣਾ ਸੁਭਾਵਕ ਜਿਹੀ ਗੱਲ ਹੈ। ਇਸ ਸੈਮੀਨਾਰ ਵਿੱਚ ਸਿਹਤ ਸੰਬੰਧੀ ਖੋਜ ਕਰਨ ਵਾਲੇ ਵਿਦਿਆਰਥੀ ਵੱਡੀ ਪੱਧਰ 'ਤੇ ਸ਼ਾਮਲ ਹੋਏ। ਇਹਨਾਂ ਖੋਜਾਰਥੀਆਂ ਦਾ ਕਹਿਣਾ ਸੀ ਕਿ ਅਜਿਹੇ ਸੈਮੀਨਾਰ ਨਾਲ ਜਾਣਕਾਰੀ ਅਤੇ ਸਿੱਖਿਆਵਾਂ ਦੋਨੋਂ ਮਿਲਦੀਆਂ ਹਨ।

### 8.2.7 ਪ੍ਰਦੂਸ਼ਣ ਰੋਕਣ ਲਈ ਜਾਗਰੂਕਤਾ ਮੁਹਿੰਮ :

ਪ੍ਰਦੂਸ਼ਣ ਇੱਕ ਬਹੁਤ ਵੱਡੀ ਸਮੱਸਿਆ ਹੈ। ਪ੍ਰਦੂਸ਼ਣ ਵਧਣ ਦੇ ਵੱਖੋ-ਵੱਖਰੇ ਕਾਰਨ ਹਨ। ਇਸ ਪ੍ਰਦੂਸ਼ਣ ਕਾਰਨ ਕੁਦਰਤੀ ਵਾਤਾਵਰਨ ਤਾਂ ਗੰਧਲਾ ਹੁੰਦਾ ਹੀ ਹੈ, ਨਾਲ ਹੀ ਮਨੁੱਖ ਲਈ ਇਹ ਗੰਧਲਾ ਵਾਤਾਵਰਨ ਬਹੁਤ ਸਾਰੀਆਂ ਬਿਮਾਰੀਆਂ ਦੇ ਜਨਮ ਦਾ ਕਾਰਨ ਵੀ ਬਣਦਾ ਹੈ। ਪ੍ਰਦੂਸ਼ਣ ਦੀਆਂ ਇਹਨਾਂ ਸਮੱਸਿਆਵਾਂ ਸੰਬੰਧੀ 'ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ' ਵੱਲੋਂ ਲੁਧਿਆਣਾ ਸ਼ਹਿਰ ਵਿੱਚ ਇਕ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਮੁਹਿੰਮ ਵਿੱਚ ਇੱਕ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਪ੍ਰਦੂਸ਼ਣ ਸੰਬੰਧੀ ਵਿਚਾਰ-ਚਰਚਾ ਤੋਂ ਇਲਾਵਾ ਕੁਝ ਨਾਟਕ ਵੀ ਖੇਡੇ ਗਏ। ਇਹਨਾਂ ਨਾਟਕਾਂ ਤੋਂ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਸਮੱਸਿਆਵਾਂ ਨੂੰ ਸਟੇਜ ਤੋਂ ਦਿਖਾਇਆ ਗਿਆ। ਇਸ ਸਮਾਰੋਹ ਵਿੱਚ ਲੋਕਾਂ ਦਾ ਭਾਰੀ ਇਕੱਠ ਸੀ। ਇਸ ਚਰਚਾ ਵਿੱਚ 'ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ' ਦੇ ਮੁਖੀ ਨੇ ਲੋਕਾਂ ਨੂੰ ਪ੍ਰਦੂਸ਼ਣ ਫੈਲਣ ਸੰਬੰਧੀ ਲੰਮਾ ਭਾਸ਼ਣ ਦਿੱਤਾ। ਉਹਨਾਂ ਕਿਹਾ "ਧਰਤੀ ਦਾ ਵਾਤਾਵਰਨ ਹਵਾ, ਮਿੱਟੀ ਤੇ ਹੋਰ ਅਨੇਕਾਂ ਹੀ ਸਾਧਨਾਂ ਦਾ ਮਿਸ਼ਰਨ ਹੈ। ਇਹ ਹਵਾ, ਮਿੱਟੀ, ਪਾਣੀ, ਜਦੋਂ ਤੱਕ ਸਾਫ਼-ਸੁਥਰੇ ਹਨ, ਉਦੋਂ ਤੱਕ ਧਰਤੀ ਪ੍ਰਦੂਸ਼ਣ ਮੁਕਤ ਕਹਾਉਂਦੀ ਹੈ। ਪਰ ਜਦੋਂ ਤੋਂ ਇਹਨਾਂ ਸਾਧਨਾਂ ਵਿੱਚ ਪ੍ਰਦੂਸ਼ਣ ਜਾਂ ਗੰਧਲਾਪਣ ਆਉਣ ਲੱਗਾ ਹੈ ਉਸ ਸਮੇਂ ਤੋਂ ਹੀ ਧਰਤੀ 'ਤੇ ਪ੍ਰਦੂਸ਼ਣ ਵਿਕਰਾਲ ਰੂਪ ਧਾਰਨ ਕਰ ਗਿਆ ਹੈ।"

ਪ੍ਰਦੂਸ਼ਣ ਸੰਬੰਧੀ ਇਸ ਸਮਾਰੋਹ ਤੋਂ ਕੁਝ ਮਹੱਤਵਪੂਰਨ ਸਵਾਲ ਪੈਦਾ ਹੁੰਦੇ ਹਨ। ਇਹਨਾਂ ਸਵਾਲਾਂ ਅਤੇ ਖ਼ਦਸ਼ਿਆਂ ਸੰਬੰਧੀ ਜਦੋਂ ਚਰਚਾ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਪ੍ਰਦੂਸ਼ਣ ਵਧਣ ਦੇ ਕੀ

ਕਾਰਨ ਹਨ? ਇਹਨਾਂ ਕਾਰਨਾਂ ਵਿੱਚੋਂ ਸਭ ਤੋਂ ਪਹਿਲਾਂ ਪੱਖ ਇਹ ਹੈ ਕਿ ਮਨੁੱਖ ਆਪਣੇ ਲਾਲਚੀ ਸੁਭਾਅ ਕਾਰਨ ਕੁਦਰਤੀ ਸਾਧਨਾਂ ਨੂੰ ਆਪ ਲਾਲਚ ਮੁਤਾਬਿਕ ਵਰਤਦਾ ਹੈ। ਅੱਜ ਦਾ ਮਨੁੱਖ ਆਪਣੇ ਲਾਲਚ ਲਈ ਕੁਝ ਵੀ ਕਰਨ ਨੂੰ ਤਿਆਰ ਹੈ। ਇਸ ਸਮੇਂ ਭਾਰਤ ਦੀ ਆਬਾਦੀ ਲਗਭਗ 135 ਕਰੋੜ ਹੈ। ਇਹ ਆਬਾਦੀ ਪ੍ਰਦੂਸ਼ਣ ਵਧਾਉਣ ਲਈ ਇੱਕ ਜ਼ਿੰਮੇਵਾਰ ਕਾਰਕ (Factor) ਹੈ। ਆਬਾਦੀ ਦੇ ਵਧਣ ਨਾਲ ਇਸ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਕਾਰਖ਼ਾਨੇ ਬਣਾਏ ਗਏ। ਇਸੇ ਕਾਰਨ ਆਵਾਜਾਈ ਦੇ ਸਾਧਨ ਬਣਾਉਣੇ ਪਏ। ਜਿਸ ਕਾਰਨ ਲੰਮੀਆਂ-ਚੌੜੀਆਂ ਸੜਕਾਂ ਦੀ ਲੋੜ ਪਈ। ਇਹਨਾਂ ਸੜਕਾਂ ਨੂੰ ਬਣਾਉਣ ਲਈ ਹਰ-ਰੋਜ਼ ਹਜ਼ਾਰਾਂ ਰੁੱਖ ਕੱਟਣੇ ਪੈਂਦੇ ਹਨ। ਇਸ ਸਥਿਤੀ ਕਾਰਨ ਵੀ ਪ੍ਰਦੂਸ਼ਣ ਲਗਾਤਾਰ ਵਧਦਾ ਜਾ ਰਿਹਾ ਹੈ।

ਇਸ ਸੰਬੰਧੀ ਜੇਕਰ ਹੋਰ ਪੱਖਾਂ ਤੋਂ ਗੱਲ ਕਰੀਏ ਤਾਂ ਸਾਡੇ ਕੁਦਰਤੀ ਵਾਤਾਵਰਨ ਵਿੱਚ ਹਵਾ, ਮਿੱਟੀ, ਪਾਣੀ ਕਿਸ ਤਰ੍ਹਾਂ ਪ੍ਰਦੂਸ਼ਿਤ ਹੁੰਦੇ ਹਨ, ਇਹ ਵੀ ਦੇਖਣ ਵਾਲਾ ਮਸਲਾ ਹੈ। ਜੇਕਰ ਪਾਣੀ ਦੇ ਪ੍ਰਦੂਸ਼ਣ ਬਾਰੇ ਗੱਲ ਕਰੀਏ ਤਾਂ ਧਰਤੀ ਦੇ ਉਤਲੇ ਪੱਧਰ ਦਾ ਪਾਣੀ ਪੀਣ ਯੋਗ ਨਹੀਂ ਹੈ। ਇਸ ਪਾਣੀ ਵਿੱਚ ਫ਼ੈਕਟਰੀਆਂ, ਨਾਲਿਆਂ, ਨਦੀਆਂ ਆਦਿ ਦਾ ਪਾਣੀ ਰਲ ਗਿਆ ਹੈ। ਇਸ ਕਾਰਨ ਇਹ ਪਾਣੀ ਬਹੁਤ ਜ਼ਹਿਰੀਲਾ ਹੋ ਗਿਆ ਹੈ। ਖੇਤਾਂ ਵਿਚਲਾ ਪਾਣੀ ਕੀੜੇ ਮਾਰ ਦਵਾਈਆਂ ਦੀ ਸਪਰੇਅ ਕਾਰਨ ਧਰਤੀ ਹੇਠਲੇ ਪਾਣੀ ਵਿੱਚ ਜਾ ਰਲਦਾ ਹੈ। ਜਿਸ ਕਾਰਨ ਪੀਣ ਵਾਲੇ ਪਾਣੀ ਰਾਹੀਂ ਬਹੁਤ ਸਾਰੇ ਰੋਗ ਲੱਗ ਰਹੇ ਹਨ।

ਇਸ ਸਮਾਰੋਹ ਵਿੱਚ ਇਕ ਅਧਿਕਾਰੀ ਨੇ ਹਵਾ ਪ੍ਰਦੂਸ਼ਣ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਹਵਾ ਪ੍ਰਦੂਸ਼ਣ ਫ਼ੈਕਟਰੀਆਂ ਦੀਆਂ ਚਿਮਨੀਆਂ, ਮੋਟਰ-ਗੱਡੀਆਂ, ਕੋਲੇ ਅਤੇ ਤੇਲ ਨਾਲ ਚੱਲਣ ਵਾਲੀਆਂ ਭੱਠਾਂ ਆਦਿ ਵਿਚੋਂ ਨਿਕਲ ਕੇ ਹਵਾ ਵਿੱਚ ਫੈਲ ਜਾਂਦਾ ਹੈ। ਇਹ ਹਵਾ ਵਿੱਚ ਨਿਕਲੇ, ਨਾਈਟਰੋਜਨ ਅਤੇ ਕਾਰਬਨ ਦੀ ਮਾਤਰਾ ਨੂੰ ਵਧਾਕੇ ਹਵਾ ਵਿਚਲੀ ਆਕਸੀਜਨ ਨੂੰ ਪ੍ਰਦੂਸ਼ਿਤ ਕਰ ਦਿੰਦਾ ਹੈ।

ਪ੍ਰਦੂਸ਼ਣ ਸੰਬੰਧੀ ਇਹਨਾਂ ਚਰਚਾਵਾਂ ਵਿੱਚ ਧਰਤੀ ’ਤੇ ਫੈਲੇ ਪ੍ਰਦੂਸ਼ਣ ਬਾਰੇ ਬਹੁਤ ਸਾਰੇ ਤੱਥ ਪੇਸ਼ ਕੀਤੇ ਗਏ। ਇਸ ਵਿੱਚੋਂ ਇਹ ਗੱਲ ਵੀ ਨਿਕਲ ਕੇ ਸਾਹਮਣੇ ਆਈ ਕਿ ਖੇਤੀ ਖੇਤਰ ਵਿੱਚ ਵੱਖ-ਵੱਖ ਖਾਦਾਂ ਦੀ ਵਰਤੋਂ ਕਰਨ ਨਾਲ ਧਰਤੀ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ ਜਾਂ ਇਹਨਾਂ ਖਾਦਾਂ ਤੋਂ ਪੈਦਾ ਹੋਇਆ ਅਨਾਜ ਇਹਨਾਂ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਇਸੇ ਤਰ੍ਹਾਂ ਇੱਕ ਬਹੁਤ ਵੱਡਾ ਕਾਰਨ ਆਵਾਜ਼ ਪ੍ਰਦੂਸ਼ਣ ਵੀ ਮੰਨਿਆ ਜਾਂਦਾ ਹੈ। ਮੋਟਰ-ਗੱਡੀਆਂ ’ਤੇ ਲੱਗੇ ਪ੍ਰੈਸ਼ਰ ਹਾਰਨ ਜਾਂ ਲਾਊਡ ਸਪੀਕਰ, ਡੀ ਜੇ ਆਦਿ ਨਾਲ ਬਹੁਤ ਸਾਰਾ ਪ੍ਰਦੂਸ਼ਣ ਫੈਲਦਾ ਹੈ। ਇਹ ਪ੍ਰਦੂਸ਼ਣ ਬਜ਼ੁਰਗਾਂ ਲਈ ਹੋਰ ਵੀ ਘਾਤਕ ਸਿੱਧ ਹੁੰਦਾ ਹੈ। ਜਿਸ ਕਾਰਨ ਬਹੁਤ ਸਾਰੇ ਮਾਨਸਿਕ ਤਣਾਅ ਪੈਦਾ ਹੁੰਦੇ ਹਨ। ਪ੍ਰਦੂਸ਼ਣ ਸੰਬੰਧੀ ਇਕ ਗੱਲ ਹੋਰ ਧਿਆਨ ਕਰਨ ਵਾਲੀ ਹੈ ਕਿ ਇਸ ਨਾਲ ਛਾਤੀਆਂ ਦੇ ਰੋਗ ਵਧੇਰੇ ਪੈਦਾ ਹੁੰਦੇ ਹਨ। ਸਾਲ 2019 ਵਿੱਚ ਸਮੁੱਚੇ ਭਾਰਤ ਵਿਚ 17.8 ਪ੍ਰਤੀਸ਼ਤ ਲੋਕਾਂ ਦੀ ਮੌਤ ਪ੍ਰਦੂਸ਼ਣ ਦੀ ਵਜ਼ਾ ਕਾਰਨ ਹੋਈ ਹੈ।

‘ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ’ ਨੇ ਇਸ ਮੁਹਿੰਮ ਰਾਹੀਂ ਲੋਕਾਂ ਨੂੰ ਪ੍ਰਦੂਸ਼ਣ ਰੋਕਣ ਲਈ ਕੁਝ ਸੁਝਾਅ ਵੀ ਦਿੱਤੇ

। ਇਹਨਾਂ ਉਪਾਵਾਂ ’ਚੋਂ ਸਭ ਤੋਂ ਜ਼ਰੂਰੀ ਹੈ ਕਿ ਧਰਤੀ ਉੱਤੇ ਵੱਧ ਤੋਂ ਵੱਧ ਰੁੱਖ ਲਗਾਏ ਜਾਣ। ਕਾਰਖ਼ਾਨਿਆਂ ਵਿੱਚ ਜ਼ਹਿਰੀਲੀਆਂ ਗੈਸਾਂ ਨੂੰ ਪੈਦਾ ਕਰਨਾ ਬੰਦ ਕੀਤਾ ਜਾਵੇ। ਮਿੱਟੀ ਨੂੰ ਸਾਫ਼-ਸੁਥਰਾ ਰੱਖਣ ਲਈ ਕੀੜੇਮਾਰ ਦਵਾਈਆਂ ਅਤੇ ਖਾਦਾਂ ਦੀ ਵਰਤੋਂ ਨਾ ਕਰਕੇ ਦੇਸੀ ਰੂੜੀ ਖਾਦ ਦਾ ਇਸਤੇਮਾਲ ਕੀਤਾ ਜਾਵੇ। ਵਧਦੀ ਆਬਾਦੀ ਨੂੰ ਰੋਕਣ ਲਈ ਸਖ਼ਤ ਕਦਮ ਉਠਾਏ ਜਾਣ। ਪ੍ਰਦੂਸ਼ਣ ਦੇ ਖ਼ਤਰਿਆਂ ਨੂੰ ਰੋਕਣ ਲਈ ਟੀ.ਵੀ., ਰੇਡੀਉ ਅਤੇ ਅਖ਼ਬਾਰਾਂ ਨੂੰ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣੀ ਵੀ ਜ਼ਰੂਰੀ ਹੈ। ਇਸ ਸਮਾਰੋਹ ਤੋਂ ਇਸ ਗੱਲ ਸੰਬੰਧੀ ਪੁਰਜ਼ੋਰ ਅਪੀਲ ਕੀਤੀ ਗਈ ਕਿ ਮਨੁੱਖ ਨੂੰ ਆਪਣੇ ਲਾਲਚਾਂ ਨੂੰ ਤਿਆਗਣਾ ਜ਼ਰੂਰੀ ਹੈ। ਇਸ ਮੁਹਿੰਮ ਦੇ ਸਮਰਥਕਾਂ ਨੇ ਪ੍ਰੋਗਰਾਮ ਦੌਰਾਨ ਪ੍ਰਦੂਸ਼ਣ ਰੋਕਣ ਲਈ ਸਹੁੰ ਚੁੱਕ ਰਸਮ ਵੀ ਅਦਾ ਕੀਤੀ। ਇਸ ਵਿੱਚ ਸ਼ਾਮਲ ਲੋਕਾਂ ਨੇ ਸਾਲ ਵਿੱਚ ਇੱਕ-ਇੱਕ ਰੁੱਖ ਲਗਾਉਣ ਦਾ ਪ੍ਰਣ ਲਿਆ। ਸਥਾਨਕ ਲੋਕਾਂ ਦਾ ਮੰਨਣਾ ਸੀ ਕਿ ਇਹ ਪ੍ਰੋਗਰਾਮ ਪੂਰੇ ਪੰਜਾਬ ਵਿੱਚ ਪ੍ਰਦੂਸ਼ਣ ਨੂੰ ਰੋਕਣ ਲਈ ਇੱਕ ਬਹੁਤ ਵੱਡੀ ਮੁਹਿੰਮ ਬਣੇਗਾ। ਉਹਨਾਂ ਪ੍ਰਦੂਸ਼ਣ ਰੋਕਣ ਸੰਬੰਧੀ ਅਜਿਹੇ ਕਾਰਜਾਂ ਅਤੇ ਪ੍ਰੋਗਰਾਮਾਂ ਬਹੁਤ ਜ਼ਰੂਰੀ ਮੰਨਿਆ। ਇਸ ਸਮੇਂ ਹਾਜ਼ਰ ਲੋਕਾਂ ਨੇ ਅਜਿਹੀ ਮੁਹਿੰਮ ਰਾਹੀਂ ਚੰਗੇ ਸਿੱਟੇ ਨਿਕਲਣ ਦੀ ਆਸ ਪ੍ਰਗਟ ਕੀਤੀ।

**8.3 ਅਭਿਆਸ ਲਈ ਪ੍ਰਸ਼ਨ :**

8.3.1 ਨੌਜਵਾਨਾਂ ਲਈ ਹਿੰਸਾ ਦੇ ਘਟਨਾਵਾਂ ਦੇ ਕਾਰਨ

8.3.2 ਅਪਰਾਧ ਘਟਨਾਵਾਂ ਵਿੱਚ ਵਾਧੇ ਸੰਬੰਧੀ ਰਿਪੋਰਟ ਰਚਨਾ

8.3.3 ਆਰਥਿਕ ਸਮੱਸਿਆਵਾਂ ਕਾਰਨ ਆਤਮਹੱਤਿਆਵਾਂ ਸੰਬੰਧੀ ਰਿਪੋਰਟ ਰਚਨਾ

# B.A(Liberal Arts)

## SEMESTAR-III

ਕੋਰਸ–ਜਰਨਲ ਪੰਜਾਬੀ

| ਯੂਨਿਟ–9 | **ਸਭਿਆਚਾਰਕ / ਧਾਰਮਿਕ ਪ੍ਰੋਗਰਾਮਾਂ ਸੰਬੰਧੀ ਰਿਪੋਰਟ ਲਿਖਣਾ** |
|---|---|

**ਪਾਠ ਦੀ ਰੂਪ ਰੇਖਾ** :


9.0 ਭੂਮਿਕਾ

9.1 ਪਾਠ ਦਾ ਉਦੇਸ਼

9.2 ਰਿਪੋਰਟ ਲਿਖਣ ਦੇ ਨਮੂਨੇ (Model) : ਸਭਿਆਚਾਰਕ ਅਤੇ ਧਾਰਮਿਕ ਪ੍ਰੋਗਰਾਮ

9.2.1 ਵਿਸਾਖੀ ਦਾ ਤਿਉਹਾਰ

9.2.2 ਸ਼ਹੀਦੀ ਜੋੜ ਮੇਲਾ

9.2.3 ਸਭਿਆਚਾਰ ਸੰਭਾਲ ਮੁਹਿੰਮ

9.2.4 ਵਹਿਮ-ਭਰਮ ਸੰਬੰਧੀ ਵਿਗਿਆਨਕ ਚੇਤਨਾ ਸਮਾਰੋਹ

9.2.5 ਪੰਜਾਬ ਪੱਧਰੀ ਕਬੱਡੀ ਕੱਪ ਦੇ ਆਗਾਜ਼ ਸੰਬੰਧੀ ਇਕ ਰਿਪੋਰਟ

9.2.6 ਤੀਆਂ ਦਾ ਤਿਉਹਾਰ

9.2.7 ਰੈੱਡ ਕ੍ਰਾਸ ਸੰਸਥਾ ਦੀ ਸੇਵਾ ਭਾਵਨਾ ਨੂੰ ਸਮਰਪਿਤ ਇਕ ਯਾਦਗਾਰ ਸਮਾਰੋਹ

9.3 ਅਭਿਆਸ ਪ੍ਰਸ਼ਨ


**9.0 ਭੂਮਿਕਾ :** ਇਸ ਪਾਠ ਵਿੱਚ ਵਿਦਿਆਰਥੀਆਂ ਲਈ ਸਭਿਆਚਾਰਕ ਅਤੇ ਧਾਰਮਿਕ ਪ੍ਰੋਗਰਾਮਾਂ ਸੰਬੰਧੀ ਰਿਪੋਰਟ ਤਿਆਰ ਕੀਤੀ ਗਈ ਹੈ। ਇਸ ਵਿੱਚ ਸਭਿਆਚਾਰਕ ਅਤੇ ਧਾਰਮਿਕ ਪ੍ਰੋਗਰਾਮਾਂ ਨਾਲ ਸੰਬੰਧਿਤ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਵਿਦਿਆਰਥੀ ਇਹਨਾਂ ਪ੍ਰੋਗਰਾਮਾਂ ਸੰਬੰਧੀ ਇਹਨਾਂ ਰਿਪੋਰਟਾਂ ਤੋਂ ਆਪਣੀ ਇਕ ਸੋਚ-ਸਮਝ ਬਣਾਉਣ ਦੇ ਸਮਰੱਥ ਹੋਣਗੇ। ਸਭਿਆਚਾਰ ਅਤੇ ਧਾਰਮਿਕ ਦੋ ਅਜਿਹੇ ਪੱਖ ਹਨ ਜੋ ਹਰ ਕਿਸੇ ਮਨੁੱਖ ਦੀ ਸੰਵੇਦਨਾ ਨਾਲ ਜੁੜੇ ਹੁੰਦੇ ਹਨ। ਜਦੋਂ ਕਈ ਵਾਰ ਮਨੁੱਖ ਅਨਜਾਣੇ ਵਿੱਚ ਕਿਸੇ ਧਾਰਮਿਕ ਮਸਲੇ ਉੱਤੇ ਟਿੱਪਣੀ ਕਰ ਦਿੰਦਾ ਹੈ ਤਾਂ ਇਸ ਨਾਲ ਕੁਝ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਜਾਂਦੀ ਹੈ। ਇਸ ਪ੍ਰਸੰਗ ਵਿੱਚ ਵਿਦਿਆਰਥੀਆਂ ਨੂੰ ਧਰਮ ਦੀ ਸੰਵੇਦਨਸ਼ੀਲਤਾ ਅਤੇ ਕਿਸੇ ਖ਼ਿੱਤੇ ਦੀਆਂ ਸਭਿਆਚਾਰਕ ਖ਼ੂਬੀਆਂ ਦਾ ਗਿਆਨ ਹੋਣਾ ਜ਼ਰੂਰੀ ਹੈ, ਇਸ ਪਾਠ ਵਿੱਚ

ਸਭਿਆਚਾਰਕ ਅਤੇ ਧਾਰਮਿਕ ਪ੍ਰੋਗਰਾਮਾਂ ਸੰਬੰਧੀ ਰਿਪੋਰਟਾਂ ਲਿਖੀਆਂ ਗਈਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਵਿਦਿਆਰਥੀ ਆਪਣੀ ਬਿਹਤਰ ਸਮਝ ਬਣਾ ਸਕਦੇ ਹਨ।

**9.1 ਪਾਠ ਦਾ ਉਦੇਸ਼** : ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵੱਖ-ਵੱਖ ਸਭਿਆਚਾਰਕ ਅਤੇ ਧਾਰਮਿਕ ਪ੍ਰੋਗਰਾਮਾਂ ਸੰਬੰਧੀ ਰਿਪੋਰਟ ਲਿਖਣ ਦੀ ਸਮਝ ਪੈਦਾ ਕਰਨਾ ਹੈ। ਇਸ ਪਾਠ ਵਿੱਚ ਲਿਖੀਆਂ ਰਿਪੋਰਟਾਂ ਦੀ ਚੋਣ ਵਿਦਿਆਰਥੀ ਦੇ ਪੱਧਰ ਮੁਤਾਬਿਕ ਕੀਤੀ ਗਈ ਹੈ। ਇਹਨਾਂ ਰਿਪੋਰਟਾਂ ਦੀ ਪੜ੍ਹਤ ਰਾਹੀਂ ਵਿਦਿਆਰਥੀ ਸਿਰਜਣਾਤਮਕ ਅਤੇ ਉਸਾਰੂ ਸੋਚ ਬਣਾਉਣ ਦੇ ਕਾਬਲ ਹੋਣਗੇ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਅੰਦਰ ਗਿਆਨ ਦੀ ਚਿਣਗ ਲਗਾਉਣਾ ਹੈ। ਇਸ ਪਾਠ ਵਿਚ ਸ਼ਾਮਲ ਰਿਪੋਰਟਾਂ ਸਮਾਜ ਵਿੱਚ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਤੇ ਆਧਾਰਿਤ ਹਨ। ਵਿਦਿਆਰਥੀ ਜਦੋਂ ਰੋਜ਼ਾਨਾ ਜੀਵਨ ਵਿੱਚ ਵਿਚਰਦੇ ਹਨ ਤਾਂ ਉਨ੍ਹਾਂ ਨੂੰ ਅਜਿਹੇ ਵਿਸ਼ਿਆਂ ਸੰਬੰਧੀ ਸੋਚਣ ਦੀ ਲੋੜ ਪੈਂਦੀ ਹੈ। ਇਹ ਰਿਪੋਰਟਾਂ ਰਾਹੀਂ ਵਿਦਿਆਰਥੀ ਆਪਣੀਆਂ ਅਜਿਹੀਆਂ ਲੋੜਾਂ ਦੀ ਪੂਰਤੀ ਕਰ ਸਕਦੇ ਹਨ। ਵਿਦਿਆਰਥੀ ਭਵਿੱਖ ਵਿੱਚ ਜਦੋਂ ਕਿਸੇ ਕਿੱਤੇ ਨੂੰ ਅਪਣਾਉਣਗੇ ਤਾਂ ਇਹ ਰਿਪੋਰਟਾਂ ਉਹਨਾਂ ਲਈ ਇੱਕ ਆਧਾਰ ਸਮਗਰੀ ਵਜੋਂ ਕੰਮ ਆਉਣਗੀਆਂ। ਹਰ ਕਿੱਤੇ ਵਿੱਚ ਕੁਝ ਰਿਪੋਰਟ ਕਾਰਡ ਜਾਂ ਸਮੁੱਚੀ ਕਾਰਗੁਜ਼ਾਰੀ ਸੰਬੰਧੀ ਇੱਕ ਸੂਚੀ ਤਿਆਰ ਕਰਨੀ ਹੁੰਦੀ ਹੈ। ਇਹਨਾਂ ਰਿਪੋਰਟਾਂ ਰਾਹੀਂ ਵਿਦਿਆਰਥੀ ਪੱਤਰਕਾਰੀ, ਭਾਸ਼ਣ ਕਲਾ, ਲੇਖ ਰਚਨਾ, ਪ੍ਰੈੱਸ ਨੋਟ ਆਦਿ ਲਿਖਣ ਸੰਬੰਧੀ ਜਾਣੂ ਹੋਣਗੇ। ਉਮੀਦ ਹੈ ਕਿ ਵਿਦਿਆਰਥੀ ਇਹਨਾਂ ਰਿਪੋਰਟਾਂ ਤੋਂ ਭਰਪੂਰ ਲਾਹਾ ਲੈਣਗੇ।

## 9.2 ਰਿਪੋਰਟ ਲਿਖਣ ਦੇ ਨਮੂਨੇ (Model) : ਸਭਿਆਚਾਰਕ ਅਤੇ ਧਾਰਮਿਕ ਪ੍ਰੋਗਰਾਮ

### 9.2.1 ਵਿਸਾਖੀ ਦਾ ਤਿਉਹਾਰ :

ਪੰਜਾਬ ਵਿਚ ਵਿਸਾਖੀ ਦੇ ਤਿਉਹਾਰ ਦੀ ਇੱਕ ਖ਼ਾਸ ਅਹਿਮੀਅਤ ਹੈ। ਇਹ ਤਿਉਹਾਰ ਹਾੜ੍ਹੀ ਦੀ ਫ਼ਸਲ ਕੱਟਣ ਦੇ ਜਸ਼ਨ ਨਾਲ ਸੰਬੰਧਿਤ ਹੈ ਹਾੜ੍ਹੀ ਦੀਆਂ ਫ਼ਸਲਾਂ ਇਸ ਮੌਕੇ ਪੱਕ ਕੇ ਸਿਖਰ ’ਤੇ ਹੁੰਦੀਆਂ ਹਨ। ਵਿਸਾਖੀ ਨੂੰ ਵਾਢੀ ਜ਼ੋਰਾਂ ’ਤੇ ਹੁੰਦੀ ਹੈ। ਇਸੇ ਕਾਰਨ ਇੱਕ ਅਖਾਣ ਪ੍ਰਚਲਿਤ ਹੈ – ਆਈ ਵਿਸਾਖੀ, ਕੱਚੀ ਪੱਕੀ ਨਾ ਦੇਖ। ਇਹ ਤਿਉਹਾਰ ਕਿਸਾਨੀ ਦੀ ਖ਼ੁਸ਼ਹਾਲੀ ਨਾਲ ਸੰਬੰਧਿਤ ਹੋਣ ਕਾਰਨ ਭੰਗੜੇ ਵਰਗੇ ਨਾਚ ਨੱਚ ਕੇ ਮਨਾਇਆ ਜਾਂਦਾ ਹੈ। ਇਸ ਵਾਰ ਦਾ ਸੂਬਾ ਪੱਧਰੀ ਵਿਸਾਖੀ ਦਾ ਪ੍ਰੋਗਰਾਮ ਅਨੰਦਪੁਰ ਸਾਹਿਬ ਵਿੱਚ ਮਨਾਇਆ ਗਿਆ। ਉਂਝ ਵੀ ਅਨੰਦਪੁਰ ਦੀ ਵਿਸਾਖੀ ਦੇਖਣਯੋਗ ਹੁੰਦੀ ਹੈ। ਇਸ ਤਿਉਹਾਰ ਵਿੱਚ ਸਮੁੱਚੇ ਪੰਜਾਬ ਤੋਂ ਲੋਕ ਇਕੱਠੇ ਹੋਏ ਸਨ। ਇਹ ਵਿਸ਼ਾਲ ਇਕੱਠ ਮੇਲੇ ਦੀਆਂ ਵੱਖ-ਵੱਖ ਝਲਕੀਆਂ ਵਿੱਚ ਵੰਡਿਆ ਹੋਇਆ ਸੀ। ਇਸ ਵਿੱਚ ਸੋਹਣੇ ਸੁਨੱਖੇ ਨੌਜਵਾਨ ਗਤਕਾ ਖੇਡ ਰਹੇ ਸਨ। ਲੋਕ-ਕਲਾਵਾਂ ਦੇ ਹੁਨਰ ਦਿਖਾਉਣ ਲਈ ਛਿੱਕਾ, ਛਾਬਾ, ਟੋਕਰੀ ਅਤੇ ਰੱਸੀ ਵੱਟਣ ਦਾ ਪ੍ਰਦਰਸ਼ਨ ਕੀਤਾ ਗਿਆ। ਇਹ ਸਾਰਾ ਸਮਾਰੋਹ ਲੋਕਾਂ ਵਿੱਚ ਪੰਜਾਬ ਦੇ ਗੌਰਵ ਨੂੰ ਜਗਾ ਰਿਹਾ ਸੀ। ਸਮੇਂ ਦੀ ਤਬਦੀਲੀ ਕਾਰਨ ਵਿਗਿਆਨਿਕ ਢੰਗ ਨਾਲ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਨਵੇਂ ਬੀਜਾਂ ਦੀਆਂ ਸਟਾਲਾਂ ਲੱਗੀਆਂ ਹੋਈਆ ਸਨ।

ਇਹਨਾਂ ਸਟਾਲਾਂ 'ਤੇ ਮਾਹਿਰ ਡਾਕਟਰ ਕਿਸਾਨਾਂ ਨੂੰ ਨਵੇਂ ਬੀਜ ਬੀਜਣ ਲਈ ਪ੍ਰੇਰਿਤ ਕਰ ਰਹੇ ਸਨ।

ਇਸ ਸਮੇਂ ਪੰਜਾਬ ਸਰਕਾਰ ਦੇ ਸਭਿਆਚਾਰਕ ਮੰਤਰੀ (ਕਲਚਰਲ ਮਨਿਸਟਰ) ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਤਿਉਹਾਰ ਪੰਜਾਬ ਦਾ ਵਿਰਾਸਤੀ ਤਿਉਹਾਰ ਹੈ। ਇਸਦਾ ਸੰਬੰਧ ਫ਼ਸਲ ਕੱਟਣ ਦੀ ਖ਼ੁਸ਼ੀ ਤੋਂ ਲੈ ਕੇ ਪੰਜਾਬ ਦੀ ਇਤਿਹਾਸਕ ਪਛਾਣ ਨਾਲ ਸੰਬੰਧਿਤ ਹੈ। ਇਸ ਕਾਰਨ ਇਹ ਖ਼ਾਲਸਾ ਪੰਥ ਦੀ ਸਾਜਨਾ ਦਾ ਵੱਡਾ ਤਿਉਹਾਰ ਹੈ।

ਵਿਸਾਖੀ ਦੇ ਤਿਉਹਾਰ ਦੀ ਇਤਿਹਾਸਕ ਪੱਖਾਂ ਤੋਂ ਚਰਚਾ ਕਰਦੇ ਕੁਝ ਨੁਕਤੇ ਮਹੱਤਵਪੂਰਨ ਹਨ। ਇਸ ਦਿਨ 13 ਅਪ੍ਰੈਲ 1699 ਨੂੰ ਖ਼ਾਲਸਾ ਪੰਧ ਦੀ ਸਾਜਨਾ ਕੀਤੀ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਰਾਹੀਂ ਸਮਾਜ ਨੂੰ ਬਰਾਬਰਤਾ ਦਾ ਸੁਨੇਹਾ ਦਿੱਤਾ। ਇਸ ਕਰਕੇ ਵਿਸਾਖੀ ਦਾ ਤਿਉਹਾਰ ਹਿੰਦੂਆਂ ਤੇ ਸਿੱਖਾਂ ਦਾ ਸਾਂਝਾ ਤਿਉਹਾਰ ਬਣਦਾ ਹੈ। ਦੂਜੇ ਬੰਨੇ ਵਿਸਾਖੀ ਦੇ ਤਿਉਹਾਰ ਨੂੰ ਮਨਾਉਣ ਵਿੱਚ ਕਾਫ਼ੀ ਬਦਲਾਅ ਵੀ ਆਏ ਹਨ। ਹੁਣ ਇਹ ਤਿਉਹਾਰ ਖ਼ੁਸ਼ੀਆਂ ਮਨਾਉਣ ਨਾਲੋਂ ਜ਼ਿਆਦਾ ਦਿਖਾਵਾ ਕਰਨ ਤੇ ਸਿਆਸੀ ਹਿੱਤਾਂ ਦੀ ਪੂਰਤੀ ਕਰਨ ਲਈ ਆਯੋਜਿਤ ਕੀਤਾ ਜਾਂਦਾ ਹੈ। ਇਸ ਵਿਸਾਖੀ ਵਿੱਚ ਵੀ ਅਜਿਹੇ ਬਦਲਾਅ ਦੇਖੇ ਗਏ। ਅਨੰਦਪੁਰ ਸਾਹਿਬ ਦੇ ਇਸ ਵਿਸਾਖੀ ਤਿਉਹਾਰ ਵਿੱਚ ਸਾਰੇ ਰਾਜਨੀਤਿਕ ਦਲਾਂ ਨੇ ਆਪਣੀਆਂ ਸਟੇਜਾਂ ਲਗਾਈਆਂ। ਇਸ ਪਵਿੱਤਰ ਤਿਉਹਾਰ ਨੂੰ ਸਿਆਸੀ ਲੋਕਾਂ ਨੇ ਵੋਟਾਂ ਬਟੋਰਨ ਲਈ ਵਰਤਣ ਦੀ ਕੋਸ਼ਿਸ਼ ਕੀਤੀ। ਦੂਜੇ ਪਾਸੇ ਜਦੋਂ ਮੇਲੇ ਵਿੱਚ ਆਏ ਨੌਜਵਾਨਾਂ ਤੋਂ ਇਸ ਤਿਉਹਾਰ ਦੀ ਇਤਿਹਾਸਕ ਮਹੱਤਤਾ ਬਾਰੇ ਪੁੱਛਿਆ ਗਿਆ ਤਾਂ ਨੌਜਵਾਨਾਂ ਵਿੱਚ ਇਤਿਹਾਸਕ ਜਾਣਕਾਰੀ ਦੀ ਘਾਟ ਲੱਗੀ।

ਪਰ ਵਿਸਾਖੀ ਦੇ ਤਿਉਹਾਰ ਦੇ ਵੱਖ-ਵੱਖ ਪੱਖਾਂ ਸੰਬੰਧੀ ਚਰਚਾ ਕਰਦੇ ਹੋਏ ਇਸ ਵਿਸਾਖੀ ਵਿੱਚ ਕੁਝ ਨਵੀਆਂ ਚੀਜ਼ਾਂ ਦੇਖਣ ਨੂੰ ਮਿਲੀਆਂ। ਇਹਨਾਂ ਵਿੱਚ ਨਵੀਂ ਖੇਤੀ ਦੀ ਵਿਗਿਆਨ ਨਾਲ ਸੰਬੰਧਿਤ ਸਟਾਲਾਂ ਲੱਗਣਾ ਅਤੇ ਲੋਕ ਕਲਾਵਾਂ ਸਿਰਜਣ ਦੇ ਹੁਨਰ ਆਦਿ ਪ੍ਰਭਾਵਸ਼ਾਲੀ ਕਾਰਜ ਆਖੇ ਜਾ ਸਕਦੇ ਹਨ। ਸਮੁੱਚੇ ਰੂਪ ਵਿੱਚ ਇਸ ਵਾਰ ਵਿਸਾਖੀ ਦਾ ਤਿਉਹਾਰ ਪਰੰਪਰਾ ਤੇ ਨਵੀਨਤਾ ਦਾ ਮੁਜੱਸਮਾ ਸੀ।

### 9.2.2 ਸ਼ਹੀਦੀ ਜੋੜ ਮੇਲਾ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਿਵਸ ਨੂੰ ਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਹ ਮੇਲਾ ਹਰ ਸਾਲ ਵਾਂਗ 26 ਤੋਂ 28 ਦਸੰਬਰ ਨੂੰ ਫ਼ਤਿਹਗੜ੍ਹ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ। ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਯਾਦ ਕਰਦਿਆਂ ਸਮੁੱਚੇ ਪੰਜਾਬ ਵਿੱਚੋਂ ਲੋਕ ਭਾਰੀ ਇਕੱਠ ਦੇ ਰੂਪ ਵਿੱਚ ਪਹੁੰਚੇ ਹੋਏ ਸਨ। ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਦੀ ਧਰਮ ਲਈ ਦਿੱਤੀ ਕੁਰਬਾਨੀ ਮੁੱਲਵਾਨ ਹੈ। ਇਸ ਜੋੜ ਮੇਲੇ ਵਿੱਚ ਥਾਂ-ਥਾਂ ਲੰਗਰ ਵਰਤਾਇਆ ਗਿਆ। ਸਾਹਿਬਜ਼ਾਦਿਆਂ ਦੀ ਯਾਦ ਨੂੰ ਸਿਜਦਾ ਕਰਦੇ ਗਤਕਾ, ਘੋੜ-ਸਵਾਰੀ ਆਦਿ ਖੇਡਾਂ ਦੇ ਜੌਹਰ ਦਿਖਾਏ ਗਏ। ਸ਼ਹਿਰ ਦੇ ਰਸਤੇ ਥਾਂ-ਥਾਂ ਟੀ.ਵੀ. ਸਕਰੀਨਾਂ ਉੱਤੇ ਛੋਟੇ ਸਾਹਿਬਜ਼ਾਦਿਆਂ ਦੇ ਜੀਵਨ ਤੇ ਸ਼ਹਾਦਤ ਨਾਲ ਸੰਬੰਧਿਤ ਫ਼ਿਲਮਾਂ ਦਿਖਾਈਆਂ ਜਾ ਰਹੀਆਂ ਸਨ ਇਸ ਸਾਰੇ ਮੇਲੇ ਵਿੱਚ ਖ਼ਾਲਸਾ ਝੰਡਿਆਂ ਨਾਲ ਸੰਗਤ

ਵਿੱਚ ਜਲੋਅ ਭਰਿਆ ਜਾ ਰਿਹਾ ਸੀ। ਸ਼ਰਧਾਲੂਆਂ ਵੱਲੋਂ ਛੋਟੀਆਂ ਜਿੰਦਾ ਨੂੰ ਨਤਮਸਤਕ ਹੁੰਦਿਆਂ “ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ, ਪੰਥ ਕੀ ਜੀਤ” ਦੇ ਜੈਕਾਰਿਆਂ ਦੀ ਗੂੰਜ ਸਾਰੇ ਮਾਹੌਲ ਨੂੰ ਹੋਰ ਪਵਿੱਤਰ ਬਣਾ ਰਹੀ ਸੀ।

ਇਸ ਮੇਲੇ ਦੀ ਇਤਿਹਾਸਕ ਅਹਿਮੀਅਤ ਨੂੰ ਜਦੋਂ ਯਾਦ ਕਰਦੇ ਹਾਂ ਤਾਂ ਛੋਟੇ ਸਾਹਿਬਜ਼ਾਦਿਆਂ ਦੇ ਜੀਵਨ ਬਾਰੇ ਅਨੇਕ ਪੱਖ ਯਾਦ ਆਉਂਦੇ ਹਨ। ਕਲਗ਼ੀਧਰ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦੇ ਸ੍ਰੀ ਅਨੰਦਪੁਰ ਸਾਹਿਬ ਦੀ ਭਿਆਨਕ ਲੜਾਈ ਸਮੇਂ ਮਾਤਾ ਗੁਜ਼ਰੀ ਸਮੇਤ ਖ਼ਾਲਸਾਈ ਪਰਿਵਾਰ ਨਾਲੋਂ ਵਿੱਛੜ ਗਏ ਸਨ। ਇਸ ਮੌਕੇ ਗੰਗੂ ਬ੍ਰਾਹਮਣ ਦੇ ਧੋਖੇ ਕਾਰਨ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਕੋਲ ਕੈਦ ਕਰਵਾਇਆ ਗਿਆ। ਨਵਾਬ ਵਜ਼ੀਰ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਮਾਸੂਮ ਬੱਚੇ ਸਮਝ ਕੇ ਇਸਲਾਮ ਧਰਮ ਧਾਰਨ ਕਰਨ ਲਈ ਬਹੁਤ ਸਾਰੇ ਲਾਲਚ ਦਿੱਤੇ ਗਏ। ਪਰ ਕਲਗ਼ੀਧਰ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਨੇ ਈਨ ਨਾ ਮੰਨੀ। ਨਤੀਜੇ ਵਜੋਂ ਮਾਸੂਮ ਜ਼ਿੰਦਾ ਨੂੰ ਨੀਂਹਾਂ ਵਿੱਚ ਜਿਊਂਦੇ ਚਿਣਵਾ ਕੇ ਮਾਰ ਦਿੱਤਾ ਗਿਆ। ਸੰਸਾਰ ਇਤਿਹਾਸ ਵਿੱਚ ਇਹ ਲਾਸਾਨੀ ਸ਼ਹੀਦੀ ਸਾਕਾ 13 ਪੋਹ 1704 ਈ. (ਦਸੰਬਰ) ਵਿੱਚ ਵਾਪਰਿਆ। ਇਹ ਦੁਖਦਾਈ ਖ਼ਬਰ ਸੁਣਦੇ ਸਾਰ ਹੀ ਮਾਤਾ ਗੁਜਰੀ ਜੀ ਨੇ ਆਪਣੇ ਸੁਆਸ ਤਿਆਗ ਦਿੱਤੇ। ਇਸੇ ਕਾਰਨ ਹੁਣ ਇਸ ਯਾਦਗਾਰ ਨੂੰ ਆਪਣੀ ਜੋੜ ਮੇਲੇ ਦੇ ਰੂਪ ਵਿੱਚ 11, 12, 13 ਪੋਹ ਨੂੰ ਹਰ ਸਾਲ ਮਨਾਇਆ ਜਾਂਦਾ ਹੈ। ਇਸ ਵਾਰ ਦੇ ਜੋੜ ਮੇਲੇ ਦੀ ਇਸ ਗੱਲ ਕਰਕੇ ਬਹੁਤ ਅਹਿਮੀਅਤ ਮੰਨੀ ਜਾਂਦੀ ਹੈ ਕਿ ਇਹ ਪੰਜਾਬ ਦੇ ਲੋਕਾਂ ਨੂੰ ਜ਼ਬਰ ਤੇ ਜ਼ੁਲਮ ਖ਼ਿਲਾਫ਼ ਡਟ ਕੇ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਪੰਜਾਬ ਮੌਜੂਦਾ ਸਮੇਂ ਅਨੇਕਾਂ ਸੰਕਟਾਂ ਵਿੱਚ ਫਸਿਆ ਹੋਇਆ ਹੈ। ਇਸ ਗੱਲ ਦਾ ਪਤਾ ਇੱਥੇ ਆਏ ਲੋਕਾਂ ਤੋਂ ਲੱਗਦਾ ਹੈ। ਜਦੋਂ ਇੱਥੇ ਆਏ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਇਸ ਸ਼ਹੀਦੀ ਜੋੜ ਮੇਲੇ ਰਾਹੀਂ ਹੱਕ ਸੱਚ ’ਤੇ ਪਹਿਰਾ ਦੇਣ ਦਾ ਪਾਠ ਲੈਂਦੇ ਹਾਂ। ਇਹ ਮੇਲਾ ਸਾਨੂੰ ਛੋਟੇ ਸਾਹਿਬਜ਼ਾਦਿਆਂ ਦੇ ਮਾਰਗ ’ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਇਸ ਲਈ ਇਹ ਮੇਲਾ ਸਾਡੇ ਲਈ ਬਹੁਤ ਅਹਿਮੀਅਤ ਰੱਖਦਾ ਹੈ।

ਸ਼ਹੀਦੀ ਜੋੜ-ਮੇਲੇ ਦੇ ਇਸ ਸਮੁੱਚੇ ਇਕੱਠ ਤੋਂ ਇਸ ਗੱਲ ਦੇ ਸੰਕੇਤ ਮਿਲਦੇ ਹਨ ਕਿ ਪੰਜਾਬ ਦੇ ਲੋਕ ਜ਼ੁਲਮ ਦਾ ਟਾਕਰਾ ਕਰਨ ਲਈ ਸਦਾ ਹੀ ਆਪਣੇ ਇਤਿਹਾਸ ਤੋਂ ਪ੍ਰੇਰਨਾ ਲੈਂਦੇ ਰਹੇ ਹਨ। ਇਹ ਮੇਲਾ ਪੰਜਾਬ ਦੇ ਲੋਕਾਂ ਵਿੱਚ ਪੈਦਾ ਹੋਏ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸੰਕਟ ਨੂੰ ਘਟਾਉਂਦਾ ਹੈ। ਇਸ ਲਾਸਾਨੀ ਸ਼ਹਾਦਤ ਨਾਲ ਸਿੱਖ ਧਰਮ ਦਾ ਗੌਰਵ ਹੋਰ ਵੀ ਵਡਮੁੱਲਾ ਹੋ ਜਾਂਦਾ ਹੈ। ਇਸ ਕਾਰਨ ਇਹ ਪੰਜਾਬ ਵਡਮੁੱਲੀ ਵਿਰਾਸਤ ਹੈ।

**9.2.3 ਸਭਿਆਚਾਰ ਸੰਭਾਲ ਮੁਹਿੰਮ** :

ਪੰਜਾਬੀ ਸਭਿਆਚਾਰ ਇੱਕ ਵਿਲੱਖਣ ਸਭਿਆਚਾਰ ਹੈ। ਇਸਦੇ ਆਪਣੇ ਸਭਿਆਚਾਰਕ ਵਿਸ਼ੇਸ਼ ਪਹਿਲੂ ਹਨ। ਇੱਥੋਂ ਦੇ ਲੋਕਾਂ ਦਾ ਰਹਿਣ-ਸਹਿਣ, ਖਾਣ-ਪੀਣ ਅਤੇ ਕਾਰਜ ਵਿਹਾਰ ਵੱਖਰੀ ਕਿਸਮ ਦਾ ਹੈ। ਇਹਨਾਂ ਸਭ ਵਿਚਾਰਾਂ ਨੂੰ ਲੈ ਕੇ ‘ਪੰਜਾਬੀ ਸਭਿਆਚਾਰ ਸੰਭਾਲ ਸੰਸਥਾ’ ਵੱਲੋਂ ਇੱਕ ਸਭਿਆਚਾਰ ਸੰਭਾਲ ਮੁਹਿੰਮ ਚਲਾਈ ਗਈ। ਇਹ ਮੁਹਿੰਮ ਇਸ ਸੰਸਥਾ ਦੁਆਰਾ ਸਮੁੱਚੇ ਪੰਜਾਬ ਵਿੱਚ ਸ਼ੁਰੂ ਕੀਤੀ। ਇਸ ਵਿੱਚ ਪੰਜਾਬ ਦੇ ਲੋਕਾਂ ਨੂੰ ਆਪਣੇ ਸਭਿਆਚਾਰਕ ਗੌਰਵ ਤੋਂ ਜਾਗਰੂਕ ਕੀਤਾ ਗਿਆ। ਇਸ ਸੰਸਥਾ ਦੇ ਮੁਖੀ ਨੇ ਪੰਜਾਬ ਦੇ ਵੱਖ-ਵੱਖ ਥਾਵਾਂ ’ਤੇ ਜਾ ਕੇ ਪੰਜਾਬੀ ਸਭਿਆਚਾਰ ਬਾਰੇ ਵਿਚਾਰ-

ਚਰਚਾ ਕੀਤੀ। ਉਹਨਾਂ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਪੰਜਾਬੀ ਸਭਿਆਚਾਰ ਇੱਕ ਵਿਲੱਖਣ ਸਭਿਆਚਾਰ ਹੈ। ਇਸਦੀ ਆਪਣੀ ਖ਼ੂਬਸੂਰਤੀ ਹੈ। ਇਸਦੇ ਲੋਕਾਂ ਦੀ ਆਪਣੀ ਇੱਕ ਵੱਖਰੀ ਜੀਵਨ ਜਾਚ ਹੈ। ਇਸ ਕਰਕੇ ਪੰਜਾਬੀ ਸਭਿਆਚਾਰ ਪ੍ਰਤੀ ਜਾਗਰੂਕ ਹੋਣਾ ਹਰ ਪੰਜਾਬੀ ਬਾਸ਼ਿੰਦੇ ਦਾ ਫ਼ਰਜ਼ ਹੈ।"

ਇਸ ਸੰਸਥਾ ਵੱਲੋਂ ਚਲਾਈ ਗਈ ਇਹ ਮੁਹਿੰਮ ਕਈ ਪੱਖਾਂ ਤੋਂ ਵਿਚਾਰਨਯੋਗ ਹੈ। ਜਦੋਂ ਅਸੀਂ ਪੰਜਾਬੀ ਸਭਿਆਚਾਰ ਬਾਰੇ ਗੱਲ ਕਰਦੇ ਹਾਂ ਤਾਂ ਇਸ ਵਿੱਚ ਧਰਮ, ਰਿਸ਼ਤੇ, ਪਹਿਰਾਵਾ, ਖਾਣ-ਪੀਣ ਆਦਿ ਸੰਬੰਧੀ ਦੇਖਦੇ ਹਾਂ। ਪੰਜਾਬੀ ਸਭਿਆਚਾਰ ਵਿੱਚ ਚਾਚਾ, ਤਾਇਆ, ਮਾਮਾ, ਭੂਆ, ਫੁੱਫੜ ਆਦਿ ਰਿਸ਼ਤਿਆਂ ਦੇ ਵੱਖੋ-ਵੱਖਰੇ ਮਾਅਨੇ ਹਨ। ਇਸੇ ਤਰ੍ਹਾਂ ਪੰਜਾਬ ਦੇ ਖ਼ਾਸ ਮੌਸਮ ਕਾਰਨ ਇੱਥੋਂ ਦੇ ਖੁੱਲ੍ਹੇ-ਡੁੱਲ੍ਹੇ ਪਹਿਰਾਵੇ ਦੇ ਆਪਣੇ ਮਾਅਨੇ ਹਨ। ਇਹਨਾਂ ਸਭ ਪੱਖਾਂ ਤੋਂ ਜਦੋਂ ਪੰਜਾਬ ਸਭਿਆਚਾਰ ਨੂੰ ਅਸੀਂ ਵੇਖਦੇ ਹਾਂ ਤਾਂ ਇਸ ਵਿੱਚ ਕੁੱਝ ਬੇਲੋੜੇ ਪਰਿਵਰਤਨ ਵਾਪਰੇ ਹਨ। ਸਭਿਆਚਾਰ ਇੱਕ ਗਤੀਸ਼ੀਲ ਰੂਪਾਂਤਰਨ ਦਾ ਵਰਤਾਰਾ ਹੈ। ਸਮੇਂ ਦੀ ਗਤੀ ਨੂੰ ਕੋਈ ਰੋਕ ਨਹੀਂ ਸਕਦਾ। ਪਰ ਸਾਨੂੰ ਸਾਡੇ ਸਭਿਆਚਾਰ ਦੇ ਚੰਗੇ ਗੁਣਾਂ ਬਾਰੇ ਸੁਚੇਤ ਜ਼ਰੂਰ ਹੋਣਾ ਚਾਹੀਦਾ ਹੈ। ਸਭਿਆਚਾਰ ਨੂੰ ਬਚਾਉਣਾ ਜਾਂ ਸੰਭਾਲਣਾ ਇਕ ਬਹੁਤ ਵੱਡਾ ਸਵਾਲ ਹੈ। ਸਭਿਆਚਾਰ ਸੰਸਥਾ ਵੱਲੋਂ ਪੰਜਾਬ ਵਿੱਚ ਕੀਤੇ ਇਸ ਜਾਗਰੂਕਤਾ ਮਾਰਚ ਵਿੱਚ ਵੱਖੋ-ਵੱਖਰੇ ਪੱਖ ਸਾਹਮਣੇ ਆਏ ਹਨ। ਜਦੋਂ ਨੌਜਵਾਨਾਂ ਨੂੰ ਸਭਿਆਚਾਰ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਦੇ ਵਿਚਾਰ ਸੀ ਕਿ ਹਰ ਬੰਦੇ ਨੂੰ ਨਵੀਨਤਾ ਅਪਣਾਉਣੀ ਚਾਹੀਦੀ ਹੈ। ਪਰ ਇੱਕ ਬਜ਼ੁਰਗ ਦਾ ਇਸ ਤੋਂ ਵੱਖਰਾ ਵਿਚਾਰ ਸੀ। ਇਹ ਬਜ਼ੁਰਗ 'ਅੰਕਲ' ਜਿਹੇ ਰਿਸ਼ਤਿਆਂ ਨੂੰ ਸਵੀਕਾਰ ਨਾ ਕਰਦੇ ਦਿਖਾਈ ਦਿੱਤੇ। ਉਹਨਾਂ ਦੇ ਵਿਚਾਰਾਂ ਵਿੱਚ ਚਾਚਾ, ਤਾਇਆ, ਭੂਆ, ਫੁੱਫੜ ਆਦਿ ਰਿਸ਼ਤਿਆਂ ਦੀ ਇੱਕ ਆਪਣੀ ਅਹਿਮੀਅਤ ਹੈ ਜੋ 'ਅੰਕਲ' 'ਆਂਟੀ' ਸ਼ਬਦਾਂ ਰਾਹੀਂ ਨਹੀਂ ਦਿਖਾਈ ਜਾ ਸਕਦੀ। ਇਸ ਸਭਿਆਚਾਰ ਸੰਸਥਾ ਦੀ ਇਹਨਾਂ ਪੱਖਾਂ ਤੋਂ ਇਹ ਖ਼ਾਸੀਅਤ ਰਹੀ ਕਿ ਇਸਨੇ ਲੋਕਾਂ ਵਿੱਚ ਜਾ ਕੇ ਅਜਿਹੇ ਮਸਲੇ ਉਠਾਏ।

ਸਭਿਆਚਾਰ ਸੰਸਥਾ ਵੱਲੋਂ ਕੁਝ ਨਵੇਂ ਨੁਕਤੇ ਉੱਭਰਦੇ ਹਨ ਕਿ ਆਧੁਨਿਕ ਸਮੇਂ ਵਿੱਚ ਉਪ ਸਭਿਆਚਾਰਕ ਲਘੂ ਪਛਾਣਾਂ ਨੂੰ ਸੰਭਾਲਣ ਵੱਲ ਯਤਨ ਹੋਏ ਹਨ। ਸੰਸਾਰ ਪੱਧਰ 'ਤੇ ਇਹ ਉਪ-ਸਭਿਆਚਾਰਕ ਪਛਾਣਾਂ ਕੇਂਦਰ ਵਿੱਚ ਆਈਆਂ ਹਨ। ਇਸ ਕਰਕੇ ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਵਸਤੂਆਂ ਦੀ ਉਪਲਬਧੀ ਹੁੰਦੀ ਹੈ। ਇਹ ਦੌਰ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਸੰਸਾਰ ਵਿੱਚ ਵਿਕਾਸ ਕਰਨ ਲਈ ਇਸ ਗੱਲ 'ਤੇ ਜ਼ੋਰ ਦਿੱਤਾ ਜਾਵੇ ਕਿ ਇਹਨਾਂ ਲਘੂ ਪਛਾਣਾਂ ਨੂੰ ਮਿਟਾਉਣਾ ਨਹੀਂ ਚਾਹੀਦਾ। ਸਗੋਂ ਇਹਨਾਂ ਰਾਹੀਂ ਸਾਰੇ ਸੰਸਾਰ ਨੂੰ ਵਿਕਾਸ ਵੱਲ ਲਿਜਾਣਾ ਚਾਹੀਦਾ ਹੈ। ਇਸ ਸਭਿਆਚਾਰ ਸੰਸਥਾ ਦੀ ਅਜਿਹੀ ਚਰਚਾ ਪੰਜਾਬੀ ਸਭਿਆਚਾਰ ਲਈ ਚੰਗੇ ਨਤੀਜੇ ਪ੍ਰਾਪਤ ਕਰੇਗੀ। ਸਥਾਨਕ ਲੋਕਾਂ ਨੇ ਸਭਿਆਚਾਰ ਸੰਬੰਧੀ ਕੀਤੇ ਜਾ ਰਹੇ ਇਹਨਾਂ ਉਪਰਾਲਿਆਂ ਦੀ ਰੱਜ ਕੇ ਪ੍ਰਸ਼ੰਸਾ ਕੀਤੀ।

**9.2.4 ਵਹਿਮ-ਭਰਮ ਸੰਬੰਧੀ ਵਿਗਿਆਨਕ ਚੇਤਨਾ ਸਮਾਰੋਹ :**

ਵਹਿਮ-ਭਰਮ ਦਾ ਹੋਣਾ ਸਾਡੇ ਸਮਾਜ ਵਿੱਚ ਸਭ ਤੋਂ ਵੱਡੀ ਬੁਰਾਈ ਹੈ। ਜਦੋਂ ਕੋਈ ਵਿਅਕਤੀ ਕੁਦਰਤੀ ਸ਼ਕਤੀਆਂ ਦੇ ਡਰ

ਤੋਂ ਬਚਾਅ ਕਰਨ ਲਈ ਉਪਾਅ ਕਰਦਾ ਹੈ ਤਾਂ ਅਸਲ ਵਿੱਚ ਉਹ ਵਹਿਮ-ਭਰਮ ਦਾ ਸ਼ਿਕਾਰ ਹੋ ਜਾਂਦਾ ਹੈ। ਇਹਨਾਂ ਵਹਿਮਾਂ-ਭਰਮਾਂ ਵਿੱਚ ਫਸਿਆ ਬੰਦਾ ਥਾਂ-ਥਾਂ ਠੋਕਰਾਂ ਖਾਂਦਾ ਫਿਰਦਾ ਹੈ। ਅਸਲ ਵਿੱਚ ਇਹਨਾਂ ਵਹਿਮਾਂ-ਭਰਮਾਂ ਦੀ ਬੁਨਿਆਦ ਡਰ ਹੈ। ਇਹ ਮਨੁੱਖ ਦਾ ਜੀਣ ਦਾ ਮਸਲਾ ਹੋਣ ਕਾਰਨ ਕਈ ਵਾਰ ਦੂਜੇ ਮਨੁੱਖਾਂ ਜਾਂ ਆਂਢੀਆਂ-ਗੁਆਂਢੀਆਂ ਲਈ ਬੁਰੀ ਘਟਨਾ ਦਾ ਕਾਰਨ ਬਣ ਜਾਂਦਾ ਹੈ। ਇਸੇ ਆਂਢੀਆਂ-ਗੁਆਂਢੀਆ ਨਾਲ ਸੰਬੰਧਿਤ ਸੰਗਰੂਰ ਵਿੱਚ ਵਹਿਮਾਂ-ਭਰਮਾਂ ਨੂੰ ਲੈ ਕੇ 'ਵਹਿਮ-ਭਰਮ ਵਿਗਿਆਨਕ ਚੇਤਨਾ' ਸਮਾਰੋਹ ਕੀਤਾ ਗਿਆ। ਇਸ ਸਮਾਰੋਹ ਵਿੱਚ ਪੰਜਾਬ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਤੇ ਪ੍ਰਧਾਨ ਸ਼ਾਮਲ ਹੋਏ। ਉਹਨਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਦੇ ਵਿਚਾਰ ਦਿੱਤੇ। ਉਹਨਾਂ ਨੇ ਕਿਹਾ ਕਿ ਵਹਿਮ-ਭਰਮ, ਸ਼ਗਨ-ਅਪਸ਼ਗਨ ਆਦਿ ਦੇ ਵਿਚਾਰ ਸਮਾਜਕ ਵਿਕਾਸ ਵਿੱਚ ਖੜੋਤ ਦਾ ਕਾਰਨ ਬਣਦੇ ਹਨ। ਇਸ ਵਿੱਚ ਟੂਣੇ ਆਦਿ ਕਰਨ ਨਾਲ ਭਾਈਚਾਰਾ ਟੁੱਟ ਜਾਂਦਾ ਹੈ। ਇਸ ਲਈ ਵਹਿਮਾਂ-ਭਰਮਾਂ ਤੋਂ ਲੋਕਾਂ ਨੂੰ ਦੂਰ ਰਹਿਣਾ ਚਾਹੀਦਾ ਹੈ।

ਇਸ ਚਰਚਾ ਵਿੱਚ ਇਕ ਹੋਰ ਬੁਲਾਰੇ ਨੇ ਵਹਿਮਾਂ-ਭਰਮਾਂ ਸੰਬੰਧੀ ਲੰਮੀ ਵਿਚਾਰ ਚਰਚਾ ਕੀਤੀ। ਇਸ ਆਧਾਰ 'ਤੇ ਕੁਝ ਖ਼ਾਸ ਗੱਲਾਂ ਨਿਕਲ ਕੇ ਸਾਹਮਣੇ ਆਈਆਂ ਕਿ ਮਨੁੱਖ ਨੂੰ ਇਸ ਤਰ੍ਹਾਂ ਦੇ ਵਹਿਮ ਨਹੀਂ ਕਰਨੇ ਚਾਹੀਦੇ ਜਿਵੇਂ ਕਿਸੇ ਦੇ ਕੰਮ 'ਤੇ ਜਾਣ ਲੱਗੇ ਜੇ ਕੁੱਤਾ ਕੰਨ ਮਾਰੇ ਜਾਂ ਕੋਈ ਛਿੱਕ ਮਾਰੇ, ਖ਼ਾਲੀ ਟੋਕਰਾ ਜਾਂ ਘੜਾ ਮਿਲ ਜਾਵੇ ਤਾਂ ਮਨੁੱਖ ਨੂੰ ਵਹਿਮ ਹੋ ਜਾਂਦਾ ਹੈ।

ਪਰ ਇਹਨਾਂ ਵਹਿਮਾਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਇਸ ਕਰਕੇ ਮਨੁੱਖ ਨੂੰ ਇਹਨਾਂ ਦੇ ਚੱਕਰ ਵਿੱਚ ਨਹੀਂ ਪੈਣਾ ਚਾਹੀਦਾ। ਪਰ ਸਾਡੇ ਸਮਾਜ ਵਿੱਚ ਇਸ ਤੋਂ ਉਲਟ ਹੋ ਰਿਹਾ ਹੈ। ਇੱਥੇ ਲੋਕ ਦਿਨਾਂ, ਪਸ਼ੂਆਂ, ਗ੍ਰਹਿਆਂ, ਦਿਸ਼ਾਵਾਂ ਆਦਿ ਬਾਰੇ ਵਹਿਮਾਂ ਵਿੱਚ ਫਸੇ ਹੋਏ ਹਨ। ਵਹਿਮਾਂ ਵਿੱਚ ਫਸਣ ਦਾ ਕਾਰਨ ਲੋਕਾਂ ਵਿੱਚ ਅਨਪੜ੍ਹਤਾ ਤੇ ਅਗਿਆਨਤਾ ਹੈ। ਇਸ ਅਨਪੜ੍ਹਤਾ ਕਾਰਨ ਇਹ ਮਾਸੂਮ ਲੋਕ ਸਾਧਾ-ਸੰਤਾਂ ਦੇ ਚੱਕਰ ਵਿੱਚ ਪੈ ਜਾਂਦੇ ਹਨ। ਇਹ ਉਹਨਾਂ ਦੇ ਦੱਸੇ ਅਨੁਸਾਰ ਉਪਾਅ ਕਰਦੇ ਹਨ। ਜਿਸ ਕਰਕੇ ਇਹਨਾਂ ਦਾ ਬਹੁਤ ਸਾਰਾ ਪੈਸਾ ਅਤੇ ਸਮਾਂ ਖ਼ਰਾਬ ਹੋ ਜਾਂਦਾ ਹੈ। ਜਦਕਿ ਸਮੱਸਿਆ ਕਿਤੇ ਹੋਰ ਪਈ ਹੁੰਦੀ ਹੈ। ਪਿੰਡ ਦੀ ਇੱਕ ਬਜ਼ੁਰਗ ਔਰਤ ਨੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਏ। ਉਸ ਬਜ਼ੁਰਗ ਔਰਤ ਨੇ ਕਿਹਾ, "ਮੈਂ ਆਪਣੇ ਘਰ ਵਿੱਚ ਜੀਆਂ ਦੀ ਸੁੱਖ-ਸਮ੍ਰਿਧੀ ਲਈ ਤਰ੍ਹਾਂ-ਤਰ੍ਹਾਂ ਦੇ ਵਹਿਮ-ਭਰਮ ਕਰਦੀ ਸੀ। ਇਹਨਾਂ ਵਹਿਮਾਂ-ਭਰਮਾਂ ਕਾਰਨ ਮੇਰੇ ਮਨ ਵਿੱਚ ਡਰ ਬਹੁਤ ਰਹਿੰਦਾ ਸੀ। ਪਰ ਮੇਰੀ ਨਹੁੰ ਪੜ੍ਹੀ-ਲਿਖੀ ਹੋਣ ਕਾਰਨ ਮੈਂ ਇਹਨਾਂ ਵਹਿਮਾਂ-ਭਰਮਾਂ ਵਿੱਚੋਂ ਨਿਕਲ ਸਕੀ। ਹੁਣ ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਮੈਂ ਬਹੁਤ ਜ਼ਿਆਦਾ ਅੰਧ-ਵਿਸ਼ਵਾਸ ਵਿੱਚ ਯਕੀਨ ਨਹੀਂ ਰੱਖਦੀ। ਇਸੇ ਤਰ੍ਹਾਂ ਗੁਰੂ ਘਰ ਦੇ ਇੱਕ ਪਾਠੀ ਸਿੰਘ ਨੇ ਗੁਰੂ ਨਾਨਕ ਦੀ ਬਾਣੀ ਵਿੱਚੋਂ ਮਿਸਾਲ ਦੇ ਕੇ ਗੱਲ ਸਮਝਾਈ ਕਿ ਭਲੇ ਲੋਕੋ ! ਸਾਡੇ ਬਾਬਾ ਨਾਨਕ ਨੇ ਆਪਣੀ ਇੱਕ ਬਾਣੀ ਬਾਰਾਂਮਾਹ ਰਾਗ ਤੁਖਾਰੀ ਵਿੱਚ ਇਹਨਾਂ ਵਹਿਮਾਂ-ਭਰਮਾਂ ਵਿੱਚੋਂ ਨਿਕਲਣ ਸੰਬੰਧੀ ਗੱਲ ਕਰਦੇ ਹੋਏ ਲਿਖਿਆ ਹੈ ਕਿ "ਬੇਦਸ ਮਾਹ ਰੁੱਤੀ ਥਿਤੀ ਵਾਰ ਭਲੇ" ਭਾਵ ਸਾਰੇ ਦਿਨ, ਮਹੀਨੇ, ਰੁੱਤਾਂ, ਥਿਤਾਂ ਭਲੀਆਂ ਹਨ। ਸੋ ਕਿਸੇ ਕਿਸਮ ਦਾ ਵਹਿਮ

ਨਾ ਕਰਕੇ ਮਨੁੱਖ ਨੂੰ ਡਰ ਰਹਿਤ ਜੀਵਨ ਜਿਊਣ ਦਾ ਉਪਦੇਸ਼ ਦਿੱਤਾ ਹੈ।

ਇਸ ਵਿਗਿਆਨਕ ਚੇਤਨਾ ਸਮਾਰੋਹ ਦਾ ਸਥਾਨਕ ਲੋਕਾਂ ਨੂੰ ਬਹੁਤ ਫ਼ਾਇਦਾ ਹੋਇਆ। ਇੱਥੇ ਆਏ ਮਹਿਮਾਨ ਬੁਲਾਰਿਆਂ ਤੋਂ ਇਹਨਾਂ ਲੋਕਾਂ ਨੇ ਵਿਗਿਆਨਕ ਵਿਚਾਰ ਸੁਣੇ ਅਤੇ ਸਮੁੱਚੇ ਰੂਪ ਵਿੱਚ ਨੌਜਵਾਨ ਪੀੜ੍ਹੀ ਨੇ ਇਸ ਵਿਚਾਰ-ਚਰਚਾ ਤੋਂ ਬਹੁਤ ਖ਼ੁਸ਼ੀ ਪ੍ਰਗਟ ਕੀਤੀ। ਉਹਨਾਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਵਹਿਮਾਂ-ਭਰਮਾਂ ਤੋਂ ਨਿਰਲੇਪ ਰਹਿਣ ਦੀ ਗੱਲ ਕੀਤੀ। ਇਹ ਵਿਗਿਆਨਕ ਚੇਤਨਾ ਸਮਾਜ ਵਿੱਚ ਇੱਕ ਚੰਗਾ ਸੰਦੇਸ਼ ਦੇ ਗਈ। ਕਿਉਂਕਿ ਇੱਕ ਸਿਹਤਮੰਦ ਸਮਾਜ ਲਈ ਵਹਿਮਾਂ-ਭਰਮਾਂ ਤੋਂ ਦੂਰ ਹੋਣਾ ਬਹੁਤ ਜ਼ਰੂਰੀ ਹੈ। ਅਜਿਹੇ ਪੱਖਾਂ ਤੋਂ ਇਹ ਵਿਗਿਆਨਕ ਚੇਤਨਾ ਲਾਮਿਸਾਲ ਕਾਰਜ ਹੋ ਨਿੱਬੜੀ।

### 9.2.5 ਪੰਜਾਬ ਪੱਧਰੀ ਕਬੱਡੀ ਕੱਪ ਦੇ ਆਗਾਜ਼ ਸੰਬੰਧੀ ਇਕ ਰਿਪੋਰਟ :

ਪੰਜਾਬ ਦੇ ਵਿਰਾਸਤੀ ਖੇਡ ਕਬੱਡੀ ਕੱਪ ਦਾ ਆਗਾਜ਼ ਜ਼ਿਲ੍ਹਾ ਗੁਰਦਾਸਪੁਰ ਦੇ ਬਟਾਲਾ ਵਿਖੇ ਕੀਤਾ ਗਿਆ। ਇਸ ਕਬੱਡੀ ਕੱਪ ਵਿੱਚ ਪੰਜਾਬ ਦੀਆਂ ਨਾਮੀ ਟੀਮਾਂ ਭਾਗ ਲੈ ਰਹੀਆਂ ਹਨ। ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਇਹ ਕਬੱਡੀ ਕੱਪ ਇਲਾਕੇ ਨੂੰ ਨਵੀਂ ਪਹਿਚਾਣ ਦਿਵਾਏਗਾ। ਇਸ ਕਰਕੇ ਇਲਾਕੇ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਨਜ਼ਰ ਆਇਆ। ਇਸ ਕੱਪ ਨੂੰ ਜਿੱਤਣ ਵਾਲੀ ਟੀਮ ਨੂੰ 5 ਲੱਖ ਰੁਪਏ ਇਨਾਮ ਦਿੱਤਾ ਜਾਵੇਗਾ। ਬਟਾਲਾ ਸਪੋਰਟਸ ਕਲੱਬ ਨੇ ਇਸ ਕੱਪ ਲਈ ਸਮੁੱਚਾ ਆਯੋਜਨ ਕੀਤਾ ਹੈ। ਇਸ ਮੌਕੇ ’ਤੇ ਪੰਜਾਬ ਦੇ ਖੇਡ ਮੰਤਰੀ ਨੇ ਉਚੇਚੇ ਤੌਰ ’ਤੇ ਸ਼ਿਰਕਤ ਕੀਤੀ। ਉਹਨਾਂ ਆਪਣੇ ਸੰਬੋਧਨ ਵਿੱਚ ਕਿਹਾ ਨੌਜਵਾਨਾਂ ਨੂੰ ਨਿਰੋਗ ਰਹਿਣ ਲਈ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਮੈਂ ਚਾਹੁੰਦਾ ਹਾਂ ਕਿ ਪੰਜਾਬ ਦੇ ਖਿਡਾਰੀ ਸੰਸਾਰ ਭਰ ਵਿੱਚ ਪ੍ਰਸਿੱਧੀ ਪਾਉਣ। ਸਾਰੀ ਚਰਚਾ ਵਿੱਚ ਉਹਨਾਂ ਨੇ ਸਰਕਾਰ ਵੱਲੋਂ ਇਹ ਵਚਨਬੱਧਤਾ ਦਰਸਾਈ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਨੀਤੀ ਅਪਨਾ ਰਹੀ ਹੈ। ਇਸ ਕੱਪ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨਾਲ ਖੇਡ ਮੰਤਰੀ ਨੇ ਲੰਮੀ ਗੱਲਬਾਤ ਵੀ ਕੀਤੀ। ਖਿਡਾਰੀ ਇਸ ਗੱਲਬਾਤ ਨਾਲ ਸੰਤੁਸ਼ਟ ਨਜ਼ਰ ਆ ਰਹੇ ਸਨ।

ਬਟਾਲਾ ਸਪੋਰਟਸ ਕਲੱਬ ਦੇ ਪ੍ਰਧਾਨ ਨੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਇਲਾਕੇ ਦੇ ਲੋਕਾਂ ਦਾ ਸਹਿਯੋਗ ਮੰਗਿਆ। ਉਹਨਾਂ ਕਿਹਾ ਕਿ ਕਬੱਡੀ ਦੇ ਖੇਡ ਪੰਜਾਬੀ ਇਲਾਕੇ ਦੀ ਪਹਿਚਾਣ ਹੈ। ਜੇਕਰ ਨੌਜਵਾਨ ਖੇਡਾਂ ਵਿੱਚ ਭਾਗ ਲੈਣਗੇ ਤਾਂ ਉਹ ਤੰਦਰੁਸਤ ਜੀਵਨ ਜਿਉਂ ਸਕਣਗੇ। ਉਹਨਾਂ ਨਵੀਂ ਪੀੜੀ ਦੇ ਬੱਚਿਆਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਕਿਹਾ। ਕਬੱਡੀ ਕੱਪ ਉੱਤੇ ਆਏ ਜਦੋਂ ਲੋਕਾਂ ਕੋਲੋਂ ਵਿਚਾਰ ਲਏ ਗਏ ਤਾਂ ਉਹਨਾਂ ਦੀ ਰਾਏ ਰਲਵੀਂ-ਮਿਲਵੀਂ ਸੀ। ਉਹਨਾਂ ਦਾ ਕਹਿਣਾ ਸੀ ਕਿ ਬਟਾਲਾ ਸ਼ਹਿਰ ਵਿੱਚ ਕਾਫ਼ੀ ਤਕੜੇ ਖਿਡਾਰੀ ਪੈਦਾ ਹੋਏ ਹਨ, ਪਰ ਯੋਜਨਾਬੰਦੀ ਦੀ ਘਾਟ ਕਾਰਨ ਇਹਨਾਂ ਖਿਡਾਰੀਆਂ ਦੀ ਆਰਥਿਕ ਮਦਦ ਨਹੀਂ ਹੋ ਸਕੀ। ਇਸ ਕਬੱਡੀ ਕੱਪ ਵਿੱਚ ਪੰਜਾਬ ਦੇ ਕਈ ਗਾਇਕਾਂ ਨੇ ਆਪਣਾ ਅਖਾੜਾ ਵੀ ਲਗਾਉਣਾ ਹੈ। ਇਹ ਖੇਡ ਸਮਾਰੋਹ ਤਿੰਨ ਰੋਜ਼ਾ ਹੈ। ਇਲਾਕੇ ਦੇ ਲੋਕਾਂ ਵਿੱਚ ਇਸਨੂੰ ਦੇਖਣ ਲਈ ਭਾਰੀ ਉਤਸ਼ਾਹ ਨਜ਼ਰ ਆਇਆ।

### 9.2.6 ਤੀਆਂ ਦਾ ਤਿਉਹਾਰ :

ਪੰਜਾਬ ਮੇਲੇ ਅਤੇ ਤਿਉਹਾਰਾਂ ਦੀ ਧਰਤੀ ਹੈ। ਇੱਥੇ ਹਰ ਦਿਨ, ਹਰ ਮਹੀਨੇ ਕੋਈ ਨਾ ਕੋਈ ਤਿਉਹਾਰ ਹੁੰਦਾ ਹੈ। ਤੀਆਂ ਦਾ ਤਿਉਹਾਰ ਪੰਜਾਬ ਦੀ ਸਭਿਆਚਾਰਕ ਵਿਲੱਖਣਤਾ ਦਾ ਖ਼ਾਸ ਗੁਣ ਹੈ। ਅਸਲ ਵਿੱਚ ਤੀਆਂ ਦਾ ਤਿਉਹਾਰ ਧੀਆਂ ਲਈ ਹੁੰਦਾ ਹੈ। ਇਸੇ ਸਿਲਸਿਲੇ ਵਿੱਚ ਜਿਲਾਂ ਸੰਗਰੂਰ ਦੇ ਪਿੰਡ ਰਾਜੋਮਾਜਰਾ ਦੀ ਸਭਿਆਚਾਰਕ ਸੁਸਾਇਟੀ ਦੁਆਰਾ ਤੀਆਂ ਦਾ ਤਿਉਹਾਰ ਮਨਾਇਆ ਗਿਆ। ਸਾਉਣ ਮਹੀਨੇ ਦੀ ਤੀਜ ਨੂੰ ਇਸਦਾ ਆਰੰਭ ਕੀਤਾ ਗਿਆ ਸੀ। ਤੀਆਂ ਦਾ ਇਹ ਤਿਉਹਾਰ 12 ਦਿਨ ਤੱਕ ਪਿੰਡ ਵਿੱਚ ਮਨਾਇਆ ਗਿਆ। ਇਹਨਾਂ ਦਿਨਾਂ ਵਿੱਚ ਮੁਟਿਆਰਾਂ ਨੇ ਆਪਣੇ ਸਹੁਰੇ ਘਰ ਤੋਂ ਪੇਕੇ ਘਰ ਆ ਕੇ ਤੀਆਂ ਮਨਾਈਆਂ। ਇਹਨਾਂ ਤੀਆਂ ਨੂੰ ਪਿੱਪਲਾਂ ਦੀ ਛਾਵੇਂ ਪੀਂਘਾਂ ਪਾ ਕੇ ਝੂਟਿਆਂ। ਕੁੜੀਆਂ ਨੇ ਆਪਣੀਆਂ ਸਹੇਲੀਆਂ ਨਾਲ ਗਿੱਧੇ ਪਾਏ ਅਤੇ ਚਾਅ ਮਨਾਏ। ਇਸ ਮੌਕੇ ਗਿੱਧੇ ਦੀਆਂ ਬੋਲੀਆਂ ਨੇ ਮਾਹੌਲ ਵਿੱਚ ਚਾਰ ਚੰਦ ਲਾਏ। ਇੱਕ ਕੁੜੀ ਨੇ ਬੋਲੀ ਪਾਉਂਦੇ ਹੋਏ ਕਿਹਾ :

ਸਾਉਣ ਦੀ ਮੈਂ ਵੰਡਾ ਸੀਰਨੀ
ਭਾਦੋਂ ਚੰਦਰੀ ਵਿਛੋੜੇ ਪਾਵੇ।

ਇਸ ਮੌਕੇ ’ਤੇ ਸਾਰੀਆਂ ਮੁਟਿਆਰਾਂ ਹੱਸ-ਹੱਸ ਚਾਅ ਮਨਾ ਰਹੀਆਂ ਸਨ। ਚਾਅ ਮਨਾਉਣ ਦੀ ਇਹ ਰੁੱਤ ਕੁੜੀਆਂ ਦੀ ਖ਼ੁਸ਼ੀ ਨੂੰ ਹੋਰ ਵਧਾ ਰਹੀ ਸੀ। ਇਸ ਪ੍ਰੋਗਰਾਮ ਵਿੱਚ ਸਭਿਆਚਾਰਕ ਸੁਸਾਇਟੀ ਦੇ ਪ੍ਰਧਾਨ ਨੇ ਸੰਗਰੂਰ ਕਾਲਜ ਦੀ ਪ੍ਰੋਫੈਸਰ ਸਾਹਿਬਾਂ ਨੂੰ ਸੱਦਾ ਦਿੱਤਾ ਸੀ। ਪ੍ਰੋਫੈਸਰ ਸਾਹਿਬਾਂ ਨੇ ਮੁਟਿਆਰਾਂ ਨਾਲ ਤੀਆਂ ਦੇ ਤਿਉਹਾਰ ਦੀ ਸਾਰਥਿਕਤਾ ਬਾਰੇ ਗੱਲਬਾਤ ਕੀਤੀ। ਉਹਨਾਂ ਕਿਹਾ ਕਿ ਤੀਆਂ ਦਾ ਤਿਉਹਾਰ ਕੁੜੀਆਂ ਦੇ ਚਾਵਾਂ ਨੂੰ ਮਨਾਉਣ ਦਾ ਤਿਉਹਾਰ ਤਾਂ ਹੈ ਹੀ ; ਸਗੋਂ ਇਹ ਆਪਸੀ ਰਿਸ਼ਤੇ ਦੀਆਂ ਤੰਦਾਂ ਨੂੰ ਵਿਖਾਉਣ ਦਾ ਤਿਉਹਾਰ ਵੀ ਹੈ। ਪਰ ਅੱਜ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਸਮੇਂ ਦੀ ਰਫ਼ਤਾਰ ਨੇ ਇਸਨੂੰ ਕਿਨਾਰੇ ’ਤੇ ਕਰ ਦਿੱਤਾ ਹੈ। ਉਹਨਾਂ ਕਿਹਾ ਹੁਣ ਇਹ ਤਿਉਹਾਰ ਇੰਨੇ ਚਾਵਾਂ ਨਾਲ ਨਹੀਂ ਮਨਾਇਆ ਜਾਂਦਾ ਹੈ। ਪਿੰਡ ਦੇ ਸਥਾਨਕ ਲੋਕਾਂ ਦਾ ਕਹਿਣਾ ਸੀ ਕਿ ਮੋਬਾਈਲ ਫ਼ੋਨ ਆਦਿ ਸੰਚਾਰ ਸਾਧਨਾਂ ਦੇ ਆਉਣ ਨਾਲ ਸਾਡੇ ਵਿਰਾਸਤੀ ਤਿਉਹਾਰਾਂ ਨੂੰ ਨੁਕਸਾਨ ਪਹੁੰਚਿਆ ਹੈ। ਇਹ ਤਿਉਹਾਰ ਆਪਸੀ ਸਾਂਝ ਤੇ ਭਾਈਚਾਰਕ ਏਕਤਾ ਦੇ ਪ੍ਰਤੀਕ ਸਨ। ਇਹਨਾਂ ਤਿਉਹਾਰਾਂ ਨੂੰ ਭੁੱਲਣਾ ਅਸਲ ਵਿੱਚ ਪੰਜਾਬੀ ਸਭਿਆਚਾਰ ਦੇ ਵਿਰਸੇ ਨੂੰ ਭੁੱਲਣਾ ਹੈ। ਇੱਕ ਬਜ਼ੁਰਗ ਔਰਤ ਨੇ ਕਿਹਾ ਕਿ ਸਾਡੇ ਜ਼ਮਾਨੇ ਵਿੱਚ ਤੀਆਂ ਦਾ ਤਿਉਹਾਰ ਇੱਕ ਅਜਿਹਾ ਤਿਉਹਾਰ ਸੀ ਜਿਸਦੀ ਹਰ ਕੁੜੀ ਨੂੰ ਉਡੀਕ ਰਹਿੰਦੀ ਸੀ। ਇਸ ਪ੍ਰੋਗਰਾਮ ਨੇ ਸਾਰੇ ਪਿੰਡ ਵਿੱਚ ਰੌਣਕਾਂ ਲਾਈਆਂ ਹੋਈਆਂ ਸਨ।

### 9.2.7 ਰੈੱਡ ਕਰਾਸ ਸੰਸਥਾ ਦੀ ਸੇਵਾ ਭਾਵਨਾ ਨੂੰ ਸਮਰਪਿਤ ਇਕ ਯਾਦਗਾਰ ਸਮਾਰੋਹ :

ਰੈੱਡ ਕਰਾਸ ਸੰਸਥਾ ਮਨੁੱਖਤਾ ਦੀ ਸੇਵਾ ਕਰਨ ਵਾਲੀ ਇੱਕ ਮਹਾਨ ਸੰਸਥਾ ਹੈ। ਇਸ ਦਾ ਆਗਾਜ਼ ਭਾਵੇਂ ਜੰਗ ਦੌਰਾਨ

ਜ਼ਖ਼ਮੀ ਹੋਏ ਸੈਨਿਕਾਂ ਦੀ ਸਹਾਇਤਾ ਕਰਨ ਵਜੋਂ ਹੋਇਆ ਪਰ ਸਹਿਜੇ-ਸਹਿਜੇ ਇਸ ਸੰਸਥਾ ਨੇ ਮਨੁੱਖਤਾ ਦੀ ਭਲਾਈ ਕਰਨ ਦਾ ਰਾਹ ਚੁਣ ਲਿਆ। ਇਸ ਸੰਸਥਾ ਦੇ ਚੰਗੇ ਕਾਰਜਾਂ ਨੇ ਇਸਨੂੰ ਬਹੁਤ ਮਹਾਨ ਬਣਾ ਦਿੱਤਾ। ਇਸਦੇ ਇਤਿਹਾਸਕ ਪਿਛੋਕੜ ਬਾਰੇ ਜੇਕਰ ਗੱਲ ਕਰੀਏ ਤਾਂ ਜੀਨ ਹੈਨਰੀ ਡਿਊਨਾ ਨਾਂ ਦੇ ਵਿਅਕਤੀ ਨੇ 1859 ਵਿੱਚ ਇਸਦੀ ਸ਼ੁਰੂਆਤ ਕੀਤੀ। ਫਰਾਂਸ ਅਤੇ ਆਸਟ੍ਰੇਲੀਆ ਦੇ ਯੁੱਧ ਵਿੱਚ ਜਦੋਂ ਡਿਊਨਾ ਨੇ ਸੈਨਿਕ ਜ਼ਖ਼ਮੀਆਂ ਦੇ ਦਰਦਨਾਕ ਦ੍ਰਿਸ਼ ਦੇਖੇ ਤਾਂ ਉਹ ਇਹਨਾਂ ਜ਼ਖ਼ਮੀਆਂ ਦੀ ਸੇਵਾ ਕਰਨ ਲੱਗਾ। ਇਸ ਤਰ੍ਹਾਂ ਇਸ ਸੰਸਥਾ ਦਾ ਆਗਾਜ਼ ਹੋਇਆ। ਇਸ ਸੰਬੰਧੀ ਨੌਜਵਾਨਾਂ ਨੇ ਰੈੱਡ ਕਰਾਸ ਸੰਸਥਾ ਦੀ ਯਾਦ ਨੂੰ ਸਮਰਪਿਤ ਜ਼ਿਲ੍ਹਾ ਰੂਪਨਗਰ ਵਿੱਚ ਇੱਕ ਯਾਦਗਾਰ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਸਮਾਜ ਨਾਲ ਜੁੜੀਆਂ ਵੱਖ-ਵੱਖ ਸ਼ਖ਼ਸੀਅਤਾਂ ਨੇ ਭਾਗ ਲਿਆ। ਇਸ ਇਕੱਠ ਵਿੱਚ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਵੱਡੇ ਅਧਿਕਾਰੀ ਵੀ ਪੁੱਜੇ। ਨੌਜਵਾਨਾਂ ਨੇ ਇਸ ਸੰਸਥਾ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕਰਦੇ ਹੋਏ ਕਿਹਾ ਕਿ ਰੈੱਡ ਕਰਾਸ ਸਮਾਜ ਭਲਾਈ ਦੀ ਇੱਕ ਵੱਡੀ ਸੰਸਥਾ ਹੈ। ਰੈੱਡ ਕਰਾਸ ਸੰਸਥਾ ਦੇ ਵੱਖ-ਵੱਖ ਕਾਰਜਾਂ ਸੰਬੰਧੀ ਗੱਲਬਾਤ ਕਰਦੇ ਕੁਝ ਨੁਕਤੇ ਸਾਂਝੇ ਕਰਨੇ ਜ਼ਰੂਰੀ ਹਨ। ਇਸ ਸੰਸਥਾ ਨੇ ਮਾਨਵਤਾ ਦੀ ਸੇਵਾ ਲਈ ਸੰਸਾਰ ਵਿੱਚ ਇੱਕ ਵੱਡੀ ਮਿਸਾਲ ਪੈਦਾ ਕੀਤੀ। ਇਸ ਸੰਸਥਾ ਨੇ ਲੋੜਵੰਦਾਂ ਨੂੰ ਸਹੂਲਤਾਂ ਦਿੱਤੀਆਂ। ਇਸ ਸੰਸਥਾ ਦੀਆਂ ਹਰ ਦੇਸ਼ ਵਿੱਚ ਸ਼ਾਖਾਵਾਂ ਹਨ। ਭਾਰਤ ਵਿੱਚ ਲਗਪਗ 700 ਬ੍ਰਾਂਚਾਂ ਹਨ। ਸਮਾਜ ਸੇਵੀ ਲੋਕ ਇਸ ਸੰਸਥਾ ਨੂੰ ਖੁੱਲ੍ਹਾ ਦਾਨ ਦਿੰਦੇ ਹਨ। ਇਹ ਸੰਸਥਾ ਵੱਖ-ਵੱਖ ਰੈੱਡ ਕਰਾਸ ਸੁਸਾਇਟੀਆਂ ਰਾਹੀਂ ਖ਼ੂਨਦਾਨ ਕੈਂਪ ਲਵਾ ਕੇ ਲੋੜਵੰਦਾਂ ਨੂੰ ਖ਼ੂਨ ਮੁਹੱਈਆ ਕਰਵਾਉਣ ਵਿੱਚ ਵੀ ਸੰਸਾਰ ਪ੍ਰਸਿੱਧੀ ਦਾ ਰਿਕਾਰਡ ਪ੍ਰਾਪਤ ਕਰ ਚੁੱਕੀ ਹੈ। ਰੈੱਡ ਕਰਾਸ ਸੰਸਥਾ ਸੰਬੰਧੀ ਚਰਚਾ ਕਰਦੇ ਹੋਏ ਭਾਰਤ ਵਿਚ ਅਜਿਹੀਆਂ ਸੰਸਥਾਵਾਂ ਬਾਰੇ ਇਤਿਹਾਸਕ ਪੱਖਾਂ ਬਾਰੇ ਚਰਚਾ ਕੀਤੀ ਗਈ।

ਇਸ ਸਮੇਂ ਭਾਈ ਘਨੱਈਆ ਜੀ ਦੇ ਯੋਗਦਾਨ ਨੂੰ ਵੀ ਯਾਦ ਕੀਤਾ ਗਿਆ। ਇੱਥੇ ਆਏ ਬੁਲਾਰਿਆਂ ਨੇ ਕਿਹਾ ਕਿ ਸੰਨ 1700 ਈ. ਦੇ ਕਰੀਬ ਗੁਰੂ ਘਰ ਦੇ ਸੇਵਕ ਭਾਈ ਘਨੱਈਆ ਜੀ ਨੇ ਬਿਨਾਂ ਕਿਸੇ ਵਿਤਕਰੇ ਤੋਂ ਹਰ ਜ਼ਖ਼ਮੀ ਨੂੰ ਪਾਣੀ ਪਿਲਾਇਆ ਸੀ। ਭਾਈ ਘਨੱਈਆ ਜੀ ਦੀਆਂ ਇਹਨਾਂ ਸੇਵਾਵਾਂ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਹੁਤ ਪ੍ਰਸੰਨ ਹੋਏ ਸਨ। ਗੁਰੂ ਜੀ ਨੇ ਭਾਈ ਘਨੱਈਆ ਜੀ ਨੂੰ ਇਸ ਬਦਲੇ ਮਲ੍ਹਮ ਪੱਟੀ ਦੀਆਂ ਸਹੂਲਤਾਂ ਦਿੰਦੇ ਜ਼ਖ਼ਮੀਆਂ ਨੂੰ ਪਾਣੀ ਪਿਲਾਉਣ ਦੇ ਨਾਲ-ਨਾਲ ਉਹਨਾਂ ਦੇ ਜ਼ਖ਼ਮਾਂ ਤੇ ਪੱਟੀ ਕਰਨ ਵੱਲ ਵੀ ਪ੍ਰੇਰਿਆ ਸੀ। ਇਸ ਤੋਂ ਸਿੱਖਿਆ ਲੈਂਦੇ ਭਾਈ ਘਨੱਈਆ ਜੀ ਨੇ ਜੰਗ ਦੇ ਮੈਦਾਨ ਵਿੱਚ ਜ਼ਖ਼ਮੀ ਹੋਏ ਲੋਕਾਂ ਦੀ ਹਰ ਢੰਗ ਤੋਂ ਸੇਵਾ ਕੀਤੀ। ਇਸ ਲਈ ਕਹਿ ਸਕਦੇ ਹਾਂ ਕਿ ਰੈੱਡ ਕਰਾਸ ਸੇਵਾ ਭਾਵਨਾ ਦਾ ਮੁੱਢ ਤਾਂ ਘਨੱਈਆ ਜੀ ਦੇ ਕਾਰਜਾਂ ਤੋਂ ਹੀ ਸ਼ੁਰੂ ਹੋ ਗਿਆ ਸੀ।

ਨੌਜਵਾਨਾਂ ਨੇ ਇਸ ਰੈੱਡ ਕਰਾਸ ਸੰਸਥਾ ਦੀ ਭਾਵਨਾ ਨੂੰ ਯਾਦ ਕਰਦਿਆਂ ਅਜੋਕੇ ਸਮੇਂ ਵਿੱਚ ਸਮਾਜ ਸੇਵੀ ਕਾਰਜਾਂ ਵੱਲ ਆਉਣ ਉੱਤੇ ਜ਼ੋਰ ਦਿੱਤਾ। ਇਸ ਸਮਾਰੋਹ ਵਿੱਚ ਸਮਾਜ ਵਿੱਚ ਕੰਮ ਕਰਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰਾਂ ਨੇ ਇਹ ਦ੍ਰਿੜ੍ਹਤਾ ਦੁਹਰਾਈ ਕਿ ਸਾਨੂੰ ਭਾਈ ਘਨੱਈਆ ਜੀ ਅਤੇ ਰੈੱਡ ਕਰਾਸ ਸੰਸਥਾ ਵਾਂਗ ਲੋਕਾਂ ਵਿੱਚ ਕੰਮ ਕਰਨਾ ਚਾਹੀਦਾ ਹੈ। ਤਾਂ ਕਿ ਸਮਾਜ ਦੇ ਲੋਕਾਂ ਦੀ ਬਿਹਤਰ ਢੰਗ ਨਾਲ ਸੇਵਾ ਕੀਤੀ ਜਾ ਸਕੇ। ਇਸ ਸਮਾਰੋਹ ਵਿੱਚ

ਸ਼ਾਮਲ ਲੋਕਾਂ ਨੇ ਸਮਾਜ-ਸੇਵੀ ਸੰਸਥਾਵਾਂ ਦੇ ਮੈਂਬਰਾਂ ਨੂੰ ਆਪਣੀਆਂ ਸਮੱਸਿਆਵਾਂ ਦੱਸੀਆਂ। ਇਸ ਸਮਾਰੋਹ ਵਿੱਚ ਲੋੜਵੰਦ ਪਰਿਵਾਰਾਂ ਨੂੰ ਆਰਥਿਕ ਤੌਰ ’ਤੇ ਮਦਦ ਕਰਨ ਦੀ ਵਚਨਬੱਧਤਾ ਵੀ ਦੁਹਰਾਈ ਗਈ।

# B.A(Liberal Arts)

## SEMESTAR-III

### ਕੋਰਸ–ਜਰਨਲ ਪੰਜਾਬੀ

| ਯੂਨਿਟ–10 | **ਚਲੰਤ ਮਸਲਿਆਂ ਸੰਬੰਧੀ ਰਿਪੋਰਟ ਲਿਖਣਾ** |
|---|---|

**ਪਾਠ ਦੀ ਰੂਪ ਰੇਖਾ** :

10.0 ਭੂਮਿਕਾ

10.1 ਪਾਠ ਦਾ ਉਦੇਸ਼

10.2 ਰਿਪੋਰਟ ਲਿਖਣ ਦੇ ਨਮੂਨੇ (Model) : ਚਲੰਤ ਮਸਲਿਆਂ ਸੰਬੰਧੀ ਰਿਪੋਰਟ

10.2.1 ਦਹੇਜ ਰੋਕਣ ਸੰਬੰਧੀ ਵਿਸ਼ੇਸ਼ ਉੱਦਮ

10.2.2 ਨਸ਼ਿਆ ਵਿਰੁੱਧ ਜਾਗਰੂਕਤਾ ਮਾਰਚ

10.2.3 ਕਰੋਨਾ ਮਹਾਂਮਾਰੀ ਦੇ ਵਿਭਿੰਨ ਪ੍ਰਭਾਵਾਂ ’ਤੇ ਚਰਚਾ

10.2.4 ਕੰਪਿਊਟਰ ਸਹਾਇਕ ਸਿੱਖਿਆ - ਇਕ ਰਿਪੋਰਟ

10.2.5 ਸੋਸ਼ਲ ਮੀਡੀਆ ਦੇ ਪ੍ਰਭਾਵਾਂ ਬਾਰੇ ਚੇਤਨਾ

10.3 ਅਭਿਆਸ ਲਈ ਪ੍ਰਸ਼ਨ

**10.0 ਭੂਮਿਕਾ** : ਇਸ ਪਾਠ ਵਿੱਚ ਵਿਦਿਆਰਥੀਆਂ ਲਈ ਚਲੰਤ ਮਸਲਿਆਂ ਸੰਬੰਧੀ ਪ੍ਰੋਗਰਾਮਾਂ ਦੀਆਂ ਰਿਪੋਰਟਾਂ ਲਿਖੀਆਂ ਗਈਆਂ ਹਨ। ਇਹਨਾਂ ਰਿਪੋਰਟਾਂ ਵਿੱਚ ਚਲੰਤ ਮਸਲਿਆਂ ਦੀ ਚੋਣ ਕੀਤੀ ਗਈ ਹੈ। ਵਿਦਿਆਰਥੀ ਇਹਨਾਂ ਰਿਪੋਰਟਾਂ ਰਾਹੀਂ ਆਪਣੇ ਸਮਾਜ ਵਿੱਚ ਹੁੰਦੇ ਕਾਰਜਾਂ, ਪ੍ਰੋਗਰਾਮਾਂ ਅਤੇ ਗਤੀਵਿਧੀਆਂ ਨੂੰ ਵੱਖਰੀ ਦ੍ਰਿਸ਼ਟੀ ਨਾਲ ਦੇਖਣ ਦੇ ਕਾਬਲ ਹੋਣਗੇ। ਜਦੋਂ ਅਸੀਂ ਆਪਣੇ ਆਲੇ-ਦੁਆਲੇ ਘਟਨਾਵਾਂ ਵਾਪਰਦੀਆਂ ਦੇਖਦੇ ਹਾਂ ਤਾਂ ਇਹਨਾਂ ਘਟਨਾਵਾਂ ਸੰਬੰਧੀ ਕੋਈ ਨਾ ਕੋਈ ਵਿਚਾਰ ਜਾਂ ਪ੍ਰਤੀਕਰਮ ਜ਼ਾਹਿਰ ਕਰਨਾ ਚਾਹੁੰਦੇ ਹਾਂ। ਇਹਨਾਂ ਰਿਪੋਰਟਾਂ ਰਾਹੀਂ ਸਮਾਜ ਵਿੱਚ ਹੁੰਦੇ ਕਾਰਜਾਂ ਜਾਂ ਪ੍ਰੋਗਰਾਮਾਂ ਸੰਬੰਧੀ ਵਿਦਿਆਰਥੀ ਪ੍ਰਤੀਕਰਮ ਜ਼ਾਹਿਰ ਕਰਨ ਦੇ ਸਮਰੱਥ ਹੋਣਗੇ। ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਹਰ ਪ੍ਰਕਾਰ ਦੇ ਵਿਸ਼ਿਆਂ ਉੱਤੇ ਰਿਪੋਰਟਾਂ ਲਿਖਣ ਦੀ ਸਮਗਰੀ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

**10.1 ਪਾਠ ਦਾ ਉਦੇਸ਼** :

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਵਿੱਚ ਚਲੰਤ ਮਸਲਿਆਂ ਸੰਬੰਧੀ ਰਿਪੋਰਟ ਲਿਖਣ ਦੀ ਕਾਬਲੀਅਤ ਪੈਦਾ ਕਰਨਾ

ਹੈ। ਇਹਨਾਂ ਰਿਪੋਰਟਾਂ ਰਾਹੀਂ ਵਿਦਿਆਰਥੀ ਆਪਣੇ ਮੌਜੂਦਾ ਸਮੇਂ ਵਿੱਚ ਵਾਪਰਦੀਆਂ ਘਟਨਾਵਾਂ ਸੰਬੰਧੀ ਸਿਰਜਣਾਤਮਕ ਦ੍ਰਿਸ਼ਟੀਕੋਣ ਤਿਆਰ ਕਰ ਸਕਦੇ ਹਨ। ਨਾਲ ਹੀ ਵਿਦਿਆਰਥੀ ਆਪਣੀ ਸਮਝ ਅਨੁਸਾਰ ਇਹਨਾਂ ਚਲੰਤ ਮਸਲਿਆਂ ਸੰਬੰਧੀ ਰਿਪੋਰਟਾਂ ਤੋਂ ਨਵੀਆਂ ਰਿਪੋਰਟਾਂ ਲਿਖ ਸਕਣਗੇ। ਇਹ ਪਾਠ ਵਿਦਿਆਰਥੀਆਂ ਨੂੰ ਨਵੇਂ ਵਿਸ਼ਿਆਂ ਸੰਬੰਧੀ ਚਿਣਗ ਪੈਦਾ ਕਰਨ ਦਾ ਕਾਰਜ ਕਰੇਗਾ। ਸਿੱਖਿਆ ਦਾ ਮਕਸਦ ਵੀ ਇਹੀ ਹੁੰਦਾ ਹੈ ਕਿ ਸਿੱਖਿਆ ਮਨੁੱਖ ਅੰਦਰ ਵਿਹਾਰਕ ਸੂਝ ਪੈਦਾ ਕਰੇ। ਇਸ ਮਕਸਦ ਨਾਲ ਅਸੀਂ ਇਹਨਾਂ ਰਿਪੋਰਟਾਂ ਰਾਹੀਂ ਵਿਦਿਆਰਥੀਆਂ ਵਿੱਚ ਸਿਧਾਂਤਕ ਗਿਆਨ ਦੇ ਨਾਲ-ਨਾਲ ਵਿਹਾਰਕ ਸੂਝ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਕਿ ਇਹ ਰਿਪੋਰਟਾਂ ਵਿਦਿਆਰਥੀਆਂ ਦੇ ਜੀਵਨ ਵਿੱਚ ਥਾਂ-ਥਾਂ ਸੇਧ ਦਾ ਕਾਰਜ ਕਰਨਗੀਆਂ।

## 10.2 ਰਿਪੋਰਟ ਲਿਖਣ ਦੇ ਨਮੂਨੇ (Model) : ਚਲੰਤ ਮਸਲਿਆਂ ਸੰਬੰਧੀ ਰਿਪੋਰਟ

### 10.2.1 ਦਹੇਜ ਰੋਕਣ ਸੰਬੰਧੀ ਵਿਸ਼ੇਸ਼ ਉੱਦਮ :

ਵਿਆਹ ਜੀਵਨ ਦਾ ਮਹੱਤਵਪੂਰਨ ਪੜਾਅ ਹੈ। ਧੀਆਂ ਦੇ ਮਾਪੇ ਆਪਣੀ ਕੁੜੀ ਦਾ ਵਿਆਹ ਹਰ ਤਰ੍ਹਾਂ ਦੀ ਵਾਹ ਲਗਾ ਕੇ ਕਰਦੇ ਹਨ। ਪਰ ਇਹਨਾਂ ਖ਼ੁਸ਼ੀਆਂ ਵਿੱਚ ਦਹੇਜ ਦਾ ਕੋਹੜ ਤ੍ਰੇੜ ਪਾ ਛੱਡਦਾ ਹੈ। ਦਹੇਜ ਉਹ ਸਮਾਜਿਕ ਬੁਰਾਈ ਹੈ। ਜਿਸ ਕਾਰਨ ਬਹੁਤ ਧੀਆਂ ਦੇ ਘਰ ਬਰਬਾਦ ਹੁੰਦੇ ਹਨ। ਇਸਦਾ ਬਹੁਤ ਵੱਡਾ ਕਾਰਨ ਸਾਡੇ ਸਮਾਜ ਦੇ ਲੋਕਾਂ ਦੀ ਸੌੜੀ ਸੋਚ ਹੈ ਜੋ ਇਸ ਬੁਰਾਈ ਨੂੰ ਇਹ ਸਮਝ ਕੇ ਤੋਰੀ ਰੱਖਦੀ ਹੈ ਕਿ ਦਹੇਜ ਤਾਂ ਦੇਣਾ ਹੀ ਪੈਂਦਾ ਹੈ। ਇਸ ਤੋਂ ਬਿਨਾਂ ਸਾਡੀ ਕੁੜੀ ਸੁੱਖੀ ਨਹੀਂ ਵਸ ਸਕਦੀ। ਕੋਈ ਵੀ ਸਮੱਸਿਆ ਜਾਂ ਕੋਹੜ ਯਕਦਮ ਪੈਦਾ ਨਹੀਂ ਹੁੰਦੇ। ਇਸਦੇ ਪ੍ਰਚਲਣ ਵਿੱਚ ਸਮਾਜਿਕ ਪਰੰਪਰਾਵਾਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਇਹਨਾਂ ਹੀ ਕਾਰਨਾਂ ਨੂੰ ਸਮਝਣ ਲਈ 'ਸਮਾਜ ਭਲਾਈ ਸੰਸਥਾ, ਨਾਭਾ' ਨੇ ਵਿਸ਼ੇਸ਼ ਉੱਦਮ ਕੀਤੇ ਹਨ। ਇਸ ਸੰਸਥਾ ਨੇ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚ ਦਹੇਜ ਦੇ ਮਾਮਲਿਆਂ ਸੰਬੰਧੀ ਸਰਵੇ ਕੀਤੇ। ਇਹਨਾਂ ਸਰਵੇਖਣਾਂ ਤੋਂ ਕੁਝ ਮਹੱਤਵਪੂਰਨ ਤੱਥ ਸਾਹਮਣੇ ਆਏ। ਇਹਨਾਂ ਤੱਥਾਂ ਨੂੰ ਸਮਾਜ ਭਲਾਈ ਸੰਸਥਾ ਦੇ ਮੁਖੀ ਨੇ ਅੱਜ ਪਿੰਡ ਵਾਸੀਆਂ ਅੱਗੇ ਵਿਸਥਾਰਪੂਰਵਕ ਪੇਸ਼ ਕੀਤਾ। ਉਹਨਾਂ ਦਹੇਜ ਦੇ ਇਤਿਹਾਸਕ ਪੱਖਾਂ ਬਾਰੇ ਵਿਚਾਰ ਕਰਦੇ ਹੋਏ ਕਿਹਾ ਕਿ ਦਹੇਜ ਜਾਂ ਦਾਜ ਕੀ ਹੈ? ਇਹ ਪ੍ਰਥਾ ਕਿਵੇਂ ਬਣ ਗਿਆ ? ਇਸ ਬਾਰੇ ਜਾਣਨ ਲਈ ਦਹੇਜ ਪ੍ਰਥਾ ਦੇ ਇਤਿਹਾਸਕ ਰੂਪ ਨੂੰ ਦੇਖਣਾ ਬਹੁਤ ਜ਼ਰੂਰੀ ਹੈ। ਦਹੇਜ ਜਾਂ ਦਾਜ ਪਹਿਲਾਂ ਉਹਨਾਂ ਚੀਜ਼ਾਂ ਜਾਂ ਵਸਤਾਂ ਲਈ ਵਰਤਿਆ ਜਾਂਦਾ ਸੀ ਜਿਹੜੀਆਂ ਕੁੜੀਆਂ ਵਿਆਹ ਤੋਂ ਪਹਿਲਾਂ ਆਪਣੇ ਹੱਥੀ ਬਣਾਉਂਦੀਆਂ ਸਨ ਤੇ ਉਸਨੂੰ ਇੱਕ ਯਾਦ ਸਮਝ ਕੇ ਉਹ ਵਿਆਹ ਸਮੇਂ ਆਪਣੇ ਨਾਲ ਲੈ ਜਾਂਦੀਆਂ ਸਨ। ਇਸ ਵਿੱਚ ਮਾਵਾਂ, ਦਾਦੀਆਂ, ਨਾਨੀਆਂ ਵੱਲੋਂ ਕੱਢੀਆਂ ਫੁਲਕਾਰੀਆਂ, ਬੁਣੀਆਂ ਦਰੀਆਂ, ਆਦਿ ਵੀ ਹੁੰਦੀਆਂ ਸਨ। ਅਸਲ ਵਿੱਚ ਮਾਪਿਆਂ ਵੱਲੋਂ ਕੁੜੀ ਦੀ ਜ਼ਰੂਰਤ ਲਈ ਦਿੱਤਾ ਇਹ ਪਿਆਰ ਹੁੰਦਾ ਸੀ। ਪਰ ਹੌਲੀ-ਹੌਲੀ ਇਹ ਕੱਪੜਿਆਂ, ਗਹਿਣਿਆਂ, ਗੱਡੀਆਂ-ਕਾਰਾਂ ਦੇ ਦਹੇਜ ਵਜੋਂ ਕਰੂਪਤਾ ਦਾ ਰੂਪ ਧਾਰਨ ਕਰ ਗਿਆ। ਨਾਲ ਹੀ ਉਹਨਾਂ ਨੇ ਦਹੇਜ ਦੇ ਕਾਰਨਾਂ ਸੰਬੰਧੀ ਚਰਚਾ ਕਰਦਿਆਂ ਕਿਹਾ ਕਿ ਦਹੇਜ ਦੀ ਸਮੱਸਿਆ ਵਧਣ ਦਾ ਕਾਰਨ ਸਾਡੀ ਸਮਾਜਿਕ ਬਣਤਰ ਹੀ ਇਸ ਕਿਸਮ ਦੀ ਹੈ ਕਿ ਕੁੜੀ ਦੇ ਜੰਮਣ 'ਤੇ ਇਹ ਕਹਿਕੇ ਵਧਾਈ ਦਿੱਤੀ ਜਾਂਦੀ ਹੈ ਕਿ ਤੂੰ

ਕਬੀਲਦਾਰ ਹੋ ਗਿਆ। ਦਹੇਜ ਲੈਣ-ਦਣ ਦੇ ਕਾਰਨਾਂ ਵਿੱਚ ਮੁੰਡੇ ਵਾਲਿਆਂ ਦਾ ਲਾਲਚਪਣ ਅਤੇ ਕੁੜੀ ਵਾਲਿਆਂ ਦੀ ਦਿਖਾਵੇ ਪ੍ਰਵਿਰਤੀ ਵੀ ਜ਼ਿੰਮੇਵਾਰ ਹੈ। ਦਹੇਜ ਸਮੱਸਿਆ ਦੇ ਹੱਲ ਸੰਬੰਧੀ ਉਹਨਾਂ ਸੁਝਾਅ ਦਿੱਤੇ ਕਿ ਮਾਪਿਆਂ ਨੂੰ ਆਪਣੀਆਂ ਧੀਆਂ ਨੂੰ ਪੜ੍ਹਾ-ਲਿਖਾ ਕੇ ਸਵੈ-ਨਿਰਭਰ ਬਣਾਉਣਾ ਚਾਹੀਦਾ ਹੈ।

ਦਹੇਜ ਸੰਬੰਧੀ ਇਹ ਚਰਚਾ ਕਈ ਤਰ੍ਹਾਂ ਦੇ ਪ੍ਰਭਾਵਾਂ ’ਤੇ ਚਾਨਣਾ ਪਾਉਂਦੀ ਹੈ। ਭਾਰਤ ਵਿੱਚ ਦਹੇਜ ਦੀ ਸਮੱਸਿਆ ਬੇਹੱਦ ਬੁਰਾਈ ਵਜੋਂ ਉੱਭਰੀ ਹੈ। ਇਸ ਨਾਲ ਘਰੇਲੂ ਹਿੰਸਾ, ਕਲੇਸ਼ ਜਾਂ ਝਗੜੇ ਪੈਦਾ ਹੁੰਦੇ ਹਨ।

ਕਈ ਥਾਵੇਂ ਤਾਂ ਕੁੜੀਆਂ ਨੂੰ ਮਾਰਨ ਤੱਕ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਇਹ ਸਾਡੇ ਦੇਸ਼ ਅਤੇ ਸਮਾਜਿਕ ਢਾਂਚੇ ਦਾ ਘਿਣਾਉਣਾ ਚਿਹਰਾ ਹੈ। ਇਸ ਕਰਕੇ ਹੀ ਕੁੜੀਆਂ ਨੂੰ ਕੁੱਖਾਂ ਵਿੱਚ ਮਾਰਨ ਦਾ ਪ੍ਰਚਲਣ ਪੈਦਾ ਹੁੰਦਾ ਹੈ। ਸਮਾਜ ਭਲਾਈ ਸੰਸਥਾ ਵਿੱਚ ਆਏ ਇਕ ਵਕੀਲ ਨੇ ਇਸ ਸੰਬੰਧੀ ਕਾਨੂੰਨੀ ਪੱਖਾਂ ਤੋਂ ਚਰਚਾ ਕੀਤੀ। ਉਹਨਾਂ ਕਿਹਾ ਕਿ ਭਾਰਤ ਸਰਕਾਰ ਨੇ ਦਾਜ ਲੈਣ ਵਾਲਿਆਂ ’ਤੇ ਨਕੇਲ ਕੱਸਣ ਲਈ ਕਾਨੂੰਨ ਵੀ ਬਣਾਏ ਹਨ। ਦਾਜ ਵਿਰੁੱਧ ਐਕਟ 1 ਮਈ, 1961 ਨੂੰ ਪਾਸ ਕੀਤਾ ਗਿਆ ਸੀ ਇਹ ਐਕਟ ਸਿਰਫ਼ ਦਾਜ ਲੈਣ ਵਾਲਿਆਂ ਵਿਰੁੱਧ ਹੀ ਨਹੀਂ ਇਸ ਵਿੱਚ ਦਾਜ ਦੇਣ ਦੀ ਵੀ ਮਨਾਹੀ ਹੈ। ਦਾਜ ਦੀ ਮੰਗ ਕਰਨ ’ਤੇ ਘੱਟੋ-ਘੱਟ 5 ਸਾਲ ਦੀ ਕੈਦ ਅਤੇ 15000 ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਸਮਾਰੋਹ ਵਿੱਚ ਦਹੇਜ ਰੋਕੂ ਉੱਦਮ ਵਿੱਚ ਸਥਾਨਕ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਦੱਸੀਆਂ। ਇਹਨਾਂ ਲੋਕਾਂ ਦਾ ਕਹਿਣਾ ਸੀ ਕਿ ਦਹੇਜ ਦੀ ਮੰਗ ਕਾਰਨ ਮਾਪੇ ਕਰਜ਼ਾਈ ਹੋ ਜਾਂਦੇ ਹਨ। ਅਜਿਹਾ ਕਰਜ਼ਾ ਮਾਨਸਿਕ ਪਰੇਸ਼ਾਨੀ ਅਤੇ ਆਤਮ-ਹੱਤਿਆ ਦਾ ਕਾਰਨ ਵੀ ਬਣ ਜਾਂਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਸੀ ਕਿ ਦਹੇਜ ਨੂੰ ਰੋਕਣ ਲਈ ਸਖ਼ਤ ਕਾਨੂੰਨ ਲਾਗੂ ਹੋਣੇ ਚਾਹੀਦੇ ਹਨ ਤੇ ਨਾਲ ਹੀ ਗ਼ਰੀਬਾਂ ਲਈ ਮੁਫ਼ਤ ਵਿੱਚ ਕਾਨੂੰਨੀ ਸਲਾਹ ਦੀ ਵਿਵਸਥਾ ਵੀ ਹੋਣੀ ਚਾਹੀਦੀ ਹੈ।

ਇਸ ਦਹੇਜ ਰੋਕੂ ਉੱਦਮ ਵਿੱਚ ਸਮੁੱਚੀ ਵਿਚਾਰ ਚਰਚਾ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਦਹੇਜ ਪ੍ਰਥਾ ਪਿੱਛੇ ਅਗਿਆਨਤਾ, ਅਨਪੜ੍ਹਤਾ, ਵਿਖਾਵੇ ਦੀ ਪ੍ਰਵਿਰਤੀ, ਸਮਾਜ ਦੀ ਸੌੜੀ ਮਾਨਸਿਕ ਸੋਚ ਆਦਿ ਕਾਰਨ ਜ਼ਿੰਮੇਵਾਰ ਹਨ। ਇਸਦੇ ਲੰਮੇ ਸਮੇਂ ਦੇ ਪ੍ਰਭਾਵਾਂ ਵਿੱਚ ਲਿੰਗ ਅਨੁਪਾਤ ਵਿੱਚ ਵੱਡਾ ਅੰਤਰ ਵੀ ਵੇਖਿਆ ਜਾ ਸਕਦਾ ਹੈ। ਇਸ ਕਰਕੇ ਇਸਨੂੰ ਰੋਕਣ ਲਈ ਮਾਪਿਆਂ ਵੱਲੋਂ ਧੀਆਂ ਨੂੰ ਆਤਮ ਨਿਰਭਰ ਬਣਾਉਣਾ ਇਸ ਪ੍ਰਥਾ ਦੀ ਨਕੇਲ ਕੱਸਣ ਲਈ ਇੱਕ ਬਹੁਤ ਵੱਡਾ ਹੱਲ ਬਣ ਸਕਦਾ ਹੈ। ਸਥਾਨਕ ਲੋਕਾਂ ਨੇ ਇਸ ਗੱਲ ਸੰਬੰਧੀ ਪੂਰਾ ਹੁੰਗਾਰਾ ਭਰਿਆ ਕਿ ਦਹੇਜ ਨੂੰ ਰੋਕਣ ਲਈ ਅਜਿਹੇ ਸਮਾਜ ਭਲਾਈ ਸਮਾਗਮ ਜਾਂ ਉੱਦਮ ਹੋਣੇ ਚਾਹੀਦੇ ਹਨ। ਇਹ ਕਦਮ ਸਾਡੇ ਸਮਾਜ ਲਈ ਬਹੁਤ ਬਿਹਤਰ ਹੋ ਸਕਦੇ ਹਨ।

### 10.2.2 ਨਸ਼ਿਆਂ ਵਿਰੁੱਧ ਜਾਗਰੂਕਤਾ ਮਾਰਚ :

ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਇੱਕ ਭਿਆਨਕ ਸਮੱਸਿਆ ਹੈ। ਬੀਤੇ ਕੁਝ ਸਾਲਾਂ ਵਿੱਚ ਇਸਦਾ ਨੌਜਵਾਨਾਂ ਉੱਤੇ ਬਹੁਤ ਮਾੜਾ ਪ੍ਰਭਾਵ ਪਿਆ ਹੈ। ਨਸ਼ਿਆਂ ਦੀ ਵਰਤੋਂ ਪਹਿਲਾ ਵੀ ਹੁੰਦੀ ਸੀ। ਪਰ ਇਹ ਬਹੁਤ ਘੱਟ ਲੋਕਾਂ ਦੁਆਰਾ ਵਰਤੇ

ਜਾਂਦੇ ਸੀ। ਦੁੱਖ ਤਾਂ ਇਸ ਗੱਲ ਦਾ ਹੈ ਕਿ ਅੱਜ ਦੇ ਸਮੇਂ ਵਿੱਚ ਅਨਪੜ੍ਹਾਂ ਨਾਲੋਂ ਵੱਧ ਪੜ੍ਹੇ-ਲਿਖੇ ਅਤੇ ਧਨੀ ਲੋਕ ਇਹਨਾਂ ਦੀ ਵਰਤੋਂ ਕਰ ਰਹੇ ਹਨ। ਨਵੀਂ ਪੀੜ੍ਹੀ ਨਸ਼ਿਆਂ ਦੀ ਦਲਦਲ ਵਿੱਚ ਧਸਦੀ ਜਾ ਰਹੀ ਹੈ। ਨੌਜਵਾਨਾਂ ਵਿੱਚ ਨਸ਼ਿਆਂ ਦੀ ਭਰਮਾਰ ਇੱਕ ਚਿੰਤਾਜਨਕ ਵਿਸ਼ਾ ਹੈ। ਇਸ ਸੰਬੰਧੀ ਪਿਛਲੇ ਹਫ਼ਤੇ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਮਾਰਚ ਕੱਢੇ ਗਏ। ਇਸ ਮਾਰਚ ਦੀ ਅਗਵਾਈ ਪੰਜਾਬ ਪੁਲਿਸ ਵਿਭਾਗ ਵੱਲੋਂ ਕੀਤੀ ਗਈ। ਪੰਜਾਬ ਪੁਲਿਸ ਦੇ ਆਲ੍ਹਾ ਅਧਿਕਾਰੀ ਅਤੇ ਡੀ.ਜੀ.ਪੀ. ਪੰਜਾਬ ਨੇ ਇਸ ਮਾਰਚ ਵਿੱਚ ਖ਼ਾਸ ਤੌਰ 'ਤੇ ਸ਼ਮੂਲੀਅਤ ਕੀਤੀ। ਉਹਨਾਂ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਹੋਣ ਦੀ ਅਪੀਲ ਕੀਤੀ। ਉਹਨਾਂ ਨਸ਼ਿਆਂ ਦੇ ਕਾਰਨਾਂ ਸੰਬੰਧੀ ਚਰਚਾ ਕਰਦੇ ਹੋਏ ਵੱਖ-ਵੱਖ ਕਾਰਨਾਂ 'ਤੇ ਵਿਚਾਰ ਵਿਅਕਤ ਕੀਤੇ। ਉਹਨਾਂ ਕਿਹਾ ਕਿ 'ਨੌਜਵਾਨਾਂ ਵਿੱਚ ਨਸ਼ਿਆਂ ਦੇ ਪ੍ਰਮੁੱਖ ਕਾਰਨ ਉਦਾਸੀ ਨੂੰ ਦੂਰ ਕਰਨਾ ਰਹੇ ਹਨ।

ਅਜਿਹੇ ਨੌਜਵਾਨ ਸਮਾਜ ਵਿਰੋਧੀ ਅਨਸਰਾਂ ਨਾਲ ਰਲ ਕੇ ਨਸ਼ਾ ਕਰਨ ਦੀ ਆਦਤ ਵਿੱਚ ਫਸ ਜਾਂਦੇ ਹਨ। ਦੂਜੇ ਪਾਸੇ ਪੂਰੀ ਦੁਨੀਆ ਵਿੱਚ ਨਸ਼ੇ ਸਪਲਾਈ ਕਰਨ ਦਾ ਇੱਕ ਨੈੱਟਵਰਕ ਬਣਿਆ ਹੋਇਆ ਹੈ। ਇਸੇ ਕਾਰਨ ਹਰ ਰੋਜ਼ ਕਰੋੜਾਂ ਰੁਪਏ ਦੀ ਹੈਰੋਇਨ ਆਦਿ ਨਸ਼ੇ ਭਾਰਤੀ ਸਰਹੱਦਾਂ ਤੋਂ ਫੜੇ ਜਾਂਦੇ ਹਨ। ਇਹਨਾਂ ਨਸ਼ਿਆਂ ਨੇ ਨੌਜਵਾਨ ਮੁੰਡੇ-ਕੁੜੀਆਂ ਨੂੰ ਆਪਣੀ ਪਕੜ ਵਿੱਚ ਲਿਆ ਹੈ। ਪਹਿਲਾਂ ਇਹ ਨਸ਼ੇ ਨੌਜਵਾਨ ਫ਼ੈਸ਼ਨ ਦੇ ਤੌਰ 'ਤੇ ਕਰਦੇ ਹਨ ਤੇ ਪਿੱਛੋਂ ਇਹਨਾਂ ਨੂੰ ਇਹ ਭੈੜੀ ਆਦਤ ਬਣ ਕੇ ਚੰਬੜ ਜਾਂਦੇ ਹਨ।

ਡੀ.ਜੀ.ਪੀ. ਸਾਹਿਬ ਦੀ ਇਸ ਵਿਚਾਰ-ਚਰਚਾ ਤੋਂ ਕਾਫ਼ੀ ਤੱਥ ਸਾਹਮਣੇ ਆਉਂਦੇ ਹਨ। ਪਿਛਲੇ ਕੁਝ ਸਾਲਾਂ ਵਿੱਚ ਭਾਰਤ ਸਰਕਾਰ ਨੇ ਨਸ਼ਿਆਂ ਦੀ ਵਰਤੋਂ ਦੇ ਮੁਲਾਂਕਣ ਲਈ ਦੇਸ਼ ਵਿਆਪੀ ਸਰਵੇਖਣ ਕਰਨ ਦੀ ਪ੍ਰਵਾਨਗੀ ਦਿੱਤੀ। ਸਾਲ 2015 ਵਿੱਚ ਭਾਰਤ ਸਰਕਾਰ ਦੇ ਸਮਾਜਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਦੁਆਰਾ ਇੱਕ ਅਧਿਐਨ ਕੀਤਾ ਗਿਆ ਸੀ। ਇਸ ਅਧਿਐਨ ਨੇ ਪੰਜਾਬ ਵਿੱਚ ਨਸ਼ਿਆਂ 'ਤੇ ਨਿਰਭਰ ਵਿਅਕਤੀਆਂ ਦੀ ਗਿਣਤੀ ਸੰਬੰਧੀ ਇੱਕ ਰਿਪੋਰਟ ਪੇਸ਼ ਕੀਤੀ। ਇਸ ਵਿੱਚ ਪੰਜਾਬ ਦੇ 10 ਜ਼ਿਲ੍ਹੇ – ਬਠਿੰਡਾ, ਫ਼ਿਰੋਜਪੁਰ, ਜਲੰਧਰ, ਕਪੂਰਥਲਾ, ਗੁਰਦਾਸਪੁਰ, ਹੁਸ਼ਿਆਰਪੁਰ, ਪਟਿਆਲਾ, ਮੋਗਾ, ਸੰਗਰੂਰ ਅਤੇ ਤਰਨਤਾਰਨ ਸ਼ਾਮਲ ਕੀਤੇ ਗਏ। ਇਹਨਾਂ ਖੇਤਰਾਂ ਦੇ ਸਰਵੇਖਣ ਤੋਂ ਕੁਝ ਮਹੱਤਵਪੂਰਨ ਤੱਥ ਸਾਹਮਣੇ ਆਏ। ਜਿਵੇਂ ਪੰਜਾਬ ਵਿੱਚ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਕੁੱਲ ਸੰਖਿਆ 2,32,856 ਹੈ। ਇਸ ਵਿੱਚੋਂ 89 ਪ੍ਰਤੀਸ਼ਤ ਨਸ਼ੇੜੀ ਪੜ੍ਹੇ-ਲਿਖੇ ਹਨ। ਪੰਜਾਬ ਵਿੱਚ ਨਸ਼ਿਆਂ ਵਿੱਚ ਲਗਪਗ 99 ਪ੍ਰਤੀਸ਼ਤ ਮਰਦ ਹਨ। ਪੰਜਾਬ ਦੇ 56 ਪ੍ਰਤੀਸ਼ਤ ਨਸ਼ੇੜੀ ਪਿੰਡਾ ਦੇ ਹਨ। ਇਸ ਵਿੱਚ ਸਭ ਤੋਂ ਵੱਧ ਵਰਤਿਆਂ ਜਾਣ ਵਾਲਾ ਨਸ਼ਾ ਹੈਰੋਇਨ (ਚਿੱਟਾ) ਹੈ। ਨਸ਼ਿਆਂ ਦੀਆਂ ਇਹ ਕਿਸਮਾਂ ਸ਼ਰਾਬ, ਅਫ਼ੀਮ, ਭੁੱਕੀ ਤੱਕ ਹੀ ਸੀਮਤ ਨਹੀਂ ਰਹੀਆਂ ਸਗੋਂ ਹੁਣ ਚਰਸ ਗਾਂਜਾ, ਸਮੈਕ, ਸਿਗਰਟ, ਸੁਲਫ਼ਾ, ਤੰਬਾਕੂ, ਕੈਪਸੂਲ ਆਦਿ ਦੇ ਪ੍ਰਚਲਿਤ ਰੂਪ ਆਦਿ ਨਸ਼ੇ ਕਰਨ ਲਈ ਵਰਤੇ ਜਾਂਦੇ ਹਨ। ਇਹ ਨਸ਼ੀਲੇ ਪਦਾਰਥ ਨੌਜਵਾਨਾਂ ਵਿੱਚ ਉਦਾਸੀਨਤਾ, ਨਸ਼ੀਲੇ ਪਦਾਰਥ, ਉਤੇਜਨਾ ਅਤੇ ਹੈਲੂਸਿਨੋਜੈਨਜ਼ ਜਿਹੇ ਰੋਗ ਪੈਦਾ ਕਰਦੇ ਹਨ।

ਇਸ ਸੰਬੰਧੀ ਜਦੋਂ ਕੁਝ ਲੋਕਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਤਾਂ ਪਤਾ ਲੱਗਾ ਕਿ ਪੰਜਾਬ ਵਿੱਚ

ਨੌਜਵਾਨਾਂ ਵਿੱਚ ਨਸ਼ਾ ਕਰਨ ਦੀ ਲੱਤ ਬੇਹੱਦ ਜ਼ਿਆਦਾ ਹੈ ਇਸ ਵਿੱਚ ਪੜ੍ਹੇ-ਲਿਖੇ ਘਰਾਂ ਦੇ ਮੁੰਡੇ-ਕੁੜੀਆਂ ਜ਼ਿਆਦਾ ਫਸੇ ਹਨ। ਇਹਨਾਂ ਨਸ਼ਿਆਂ ਦੇ ਕਾਰਨ ਲੋਕਾਂ ਦੀਆਂ ਜ਼ਮੀਨਾਂ ਤੱਕ ਵਿਕ ਗਈਆਂ ਹਨ।

ਅਜਿਹੀਆਂ ਰਿਪੋਰਟਾਂ ਵੀ ਮਿਲੀਆਂ ਹਨ ਜਿਹਨਾਂ ਵਿੱਚ ਮਾਪੇ ਇਲਾਜ ਨਾ ਕਰਵਾਉਣ ਵੱਲੋਂ ਆਵਾਜ਼ਾਰ ਜਾਪੇ ਹਨ। ਅਜਿਹੀ ਸਥਿਤੀ ਵਿੱਚ ਉਹ ਆਪਣੇ ਹੱਥੋਂ ਜੰਮੇ ਪੁੱਤ ਨੂੰ ਮਰਦਾ ਦੇਖਦੇ ਹਨ। ਇਸ ਸਮੇਂ ਵਿੱਚ ਇੱਕ ਬਜ਼ੁਰਗ ਨੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਕਿਹਾ ਕਿ ਨੌਜਵਾਨਾਂ ਵਿੱਚ ਨਸ਼ਿਆਂ ਦੀ ਵਰਤੋਂ ਦਾ ਵੱਧਣਾ ਇਸ ਗੱਲ ਕਰਕੇ ਵੀ ਹੋਇਆ ਹੈ ਕਿ ਨੌਜਵਾਨਾਂ ਵਿੱਚ ਬੇਰੁਜ਼ਗਾਰੀ, ਗ਼ਰੀਬੀ, ਹੋਸਟਲਾਂ ਦਾ ਬੁਰਾ ਵਾਤਾਵਰਨ, ਸਫ਼ਲਤਾ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ, ਸਮਾਜਕ ਬੰਦਸ਼ਾਂ ਦਾ ਟੁੱਟਣਾ, ਧਾਰਮਿਕ ਬੰਦਸ਼ਾਂ ਦਾ ਕਮਜ਼ੋਰ ਪੈਣਾ ਆਦਿ ਪ੍ਰਮੁੱਖ ਕਾਰਨ ਹਨ।

ਸਮੁੱਚੇ ਰੂਪ ਵਿੱਚ ਨਸ਼ਿਆਂ ਵਿਰੁੱਧ ਇਹ ਮਾਰਚ ਕਈ ਮਾਅਨਿਆਂ ਤੋਂ ਮਹੱਤਵਪੂਰਨ ਰਿਹਾ। ਇਸ ਵਿੱਚ ਪੰਜਾਬ ਪੁਲਿਸ ਨੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾਗਰੂਕਤਾ ਮਾਰਚ ਕੱਢੇ। ਲੋਕਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਦੂਰ ਰਹਿਣ ਦਾ ਹੋਕਾ ਦਿੱਤਾ। ਇਸ ਲਈ ਪੰਜਾਬ ਪੁਲਿਸ ਦਾ ਇਹ ਨਸ਼ਾ ਵਿਰੋਧੀ ਜਾਗਰੂਕਤਾ ਮਾਰਚ ਸਮਾਜ ਭਲਾਈ ਲਈ ਸਲਾਹੁਣਯੋਗ ਕਾਰਜ ਹੈ।

**10.2.3 ਕਰੋਨਾ ਮਹਾਂਮਾਰੀ ਦੇ ਵਿਭਿੰਨ ਪ੍ਰਭਾਵਾਂ 'ਤੇ ਚਰਚਾ :**

ਦਸੰਬਰ 2019 ਵਿੱਚ ਕਰੋਨਾ ਮਹਾਂਮਾਰੀ ਦੀ ਭਿਆਨਕਤਾ ਨੇ ਸਮੁੱਚੇ ਸੰਸਾਰ ਨੂੰ ਆਪਣੀ ਜਕੜ ਵਿੱਚ ਲੈ ਲਿਆ। ਇਸ ਮਹਾਂਮਾਰੀ ਨੇ ਜਿੱਥੇ ਲੱਖਾਂ ਲੋਕਾਂ ਦੀ ਜਾਨ ਲਈ, ਉੱਥੇ ਹੀ ਹਰ ਇਨਸਾਨ ਨੂੰ ਮੌਤ ਦੀ ਭਿਆਨਕਤਾ ਤੋਂ ਡਰਾਇਆ। ਕਿਸੇ ਮਹਾਂਮਾਰੀ ਦਾ ਇਤਿਹਾਸ ਪੜ੍ਹਨਾ ਦੂਜੇ ਦਰਜੇ ਦੀ ਗੱਲ ਹੈ ਅਤੇ ਕਿਸੇ ਮਹਾਂਮਾਰੀ ਨੂੰ ਭੋਗਣਾ ਪਹਿਲੇ ਦਰਜੇ ਦਾ ਅਨੁਭਵ ਹੈ। ਕਰੋਨਾ ਮਹਾਂਮਾਰੀ ਦਾ ਇਹ ਅਨੁਭਵ ਅਸੀਂ ਸਾਰਿਆਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਕੀਤਾ ਹੈ। ਕਰੋਨਾ ਮਹਾਂਮਾਰੀ ਦੇ ਪ੍ਰਤੱਖ ਪ੍ਰਭਾਵਾਂ ਵਿੱਚ ਡਰ, ਸਹਿਮ, ਬੇਗਾਨਗੀ, ਅਮਾਨਵੀ, ਲਾਚਾਰੀ, ਭੁੱਖਮਰੀ ਜਿਹੇ ਅਹਿਸਾਸਾਂ ਨੂੰ ਸਾਰੇ ਸੰਸਾਰ ਨੇ ਆਪਣੇ ਹੱਡੀਂ ਹੰਢਾਇਆ ਹੈ।

ਹੁਣ ਜਦੋਂ ਅਸੀਂ ਕੋਵਿਡ-19 ਬਾਰੇ ਗੱਲ ਕਰਦੇ ਹਾਂ ਤਾਂ WHO ਨੇ ਕੋਵਿਡ-19 ਦੇ ਅਰਥਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ (CO) ਭਾਵ ਕਰੋਨਾ, VI ਭਾਵ ਵਾਇਰਸ, D ਭਾਵ ਡਜ਼ੀਜ਼ ਤੋਂ ਹੈ। ਇਹ ਰੋਗ ਕਰੋਨਾ ਪ੍ਰਭਾਵਿਤ ਮਰੀਜ਼ਾਂ ਦੇ ਸੰਪਰਕ ਵਿੱਚ ਆਉਣ, ਛੂਹਣ, ਹੱਥ ਮਿਲਾਉਣ ਜਾਂ ਬਿਨਾਂ ਮੂੰਹ ਢਕੇ ਖੰਘਣ, ਛਿੱਕਣ ਨਾਲ ਹੋ ਸਕਦਾ ਹੈ। ਇਸ ਵਾਇਰਸ ਸੰਬੰਧੀ ਸਮਾਜ ਸੇਵੀ ਸੰਸਥਾ ਲੁਧਿਆਣਾ ਵੱਲੋਂ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਡਾਕਟਰਾਂ ਅਤੇ ਸਮਾਜ ਵਿਗਿਆਨੀਆਂ ਨੇ ਕਰੋਨਾ ਦੇ ਵਿਭਿੰਨ ਪ੍ਰਭਾਵਾਂ ਸੰਬੰਧੀ ਚਰਚਾ ਕੀਤੀ। ਇਸ ਚਰਚਾ ਵਿੱਚੋਂ ਕੁਝ ਟਿੱਪਣੀਆਂ ਨੂੰ ਲੋਕਾਂ ਨਾਲ ਸਾਂਝੇ ਕਰਨਾ ਜ਼ਰੂਰੀ ਹੋ ਜਾਂਦਾ ਹੈ। ਜਿਵੇਂ ਇਸ ਵਾਇਰਸ ਨੇ ਚੀਨ ਸਮੇਤ ਦੁਨੀਆ ਭਰ ਵਿਚ ਆਰਥਿਕ ਤੇ ਸਮਾਜਕ ਪੱਧਰ 'ਤੇ ਕਈ ਤਰ੍ਹਾਂ ਦੀ ਉਥਲ-ਪੁਥਲ ਕੀਤੀ। ਖ਼ਦਸ਼ਾ ਇਸ ਗੱਲ ਦਾ ਹੈ ਕਿ ਇਹ ਵਾਇਰਸ ਤੇਜ਼ੀ ਨਾਲ ਸੰਸਾਰ ਵਿੱਚ ਆਪਣੇ ਪ੍ਰਭਾਵ ਛੱਡ ਰਿਹਾ ਹੈ।

ਕਰੋਨਾ ਵਾਇਰਸ ਦੇ ਤੇਜ਼ੀ ਨਾਲ ਪੈਰ ਪਸਾਰਨ ਕਰਕੇ ਮਸਲਾ ਹੋਰ ਵੀ ਗੰਭੀਰ ਬਣ ਗਿਆ ਹੈ। ਇਸ ਡਰ ਪਿੱਛੇ ਬਹੁਤ ਸਾਰੇ ਕਾਰਨ ਜ਼ਿੰਮੇਵਾਰ ਹਨ। ਕਿਉਂਕਿ ਭਾਰਤ ਬਹੁਤ-ਆਬਾਦੀ ਅਤੇ ਘੱਟ ਸਿਹਤ ਸਹੂਲਤਾਂ ਵਾਲਾ ਮੁਲਕ ਹੈ। ਇਸ ਤੋਂ ਵੀ ਅਗਾਂਹ ਇਸ ਦੇਸ਼ ਦੀ ਸਭਿਆਚਾਰਕ ਬਣਤਰ ਤੇ ਮੁਹਾਂਦਰਾ ਵੱਖਰਾ ਹੈ। ਭਾਰਤ ਦੀ ਲਗਪਗ 70 ਪ੍ਰਤੀਸ਼ਤ ਆਬਾਦੀ ਪਿੰਡਾਂ ਤੇ ਛੋਟੇ ਕਸਬਿਆਂ ਵਿੱਚ ਰਹਿੰਦੀ ਹੈ ਜਿੱਥੇ ਗਿਆਨ-ਵਿਗਿਆਨ ਦੀ ਬਹੁਤੀ ਸਮਝ ਨਹੀਂ ਹੈ। ਇਸ ਕਰਕੇ ਲੋਕ ਆਪਣੇ ਬਣਾਏ ਹੋਏ ਵਿਸ਼ਵਾਸਾਂ ਅਤੇ ਅੰਧ-ਵਿਸ਼ਵਾਸਾਂ ਨਾਲ ਹੀ ਜੀਵਨ ਗੁਜ਼ਾਰਦੇ ਹਨ। ਮਿਲਣਸਾਰਤਾ ਭਾਰਤੀ ਸਮਾਜ ਦਾ ਵਿਸ਼ੇਸ਼ ਪਛਾਣ ਬਿੰਦੂ ਹੈ। ਇਸ ਵਾਇਰਸ ਦੀ ਰੋਕਥਾਮ ਨਾਲ ਸੰਬੰਧਿਤ ਚਲਾਈਆਂ ਜਾ ਰਹੀਆਂ ਮੁਹਿੰਮਾਂ ਵਿੱਚ ਸਮਾਜਿਕ ਦੂਰੀ ਨੂੰ ਲੋਕ ਮਾਨਸਿਕਤਾ ਸਵੀਕਾਰ ਹੀ ਨਹੀਂ ਕਰ ਪਾ ਰਹੀ ਹੈ। ਇਸ ਬਿਮਾਰੀ ਦੇ ਲੱਛਣਾਂ ਤੇ ਰੋਕਥਾਮ ਲਈ ਵਰਤੇ ਜਾਣ ਵਾਲੇ ਉਪਚਾਰਾਂ ਨੂੰ ਸਾਧਾਰਨ ਲੋਕਾਂ ਦੁਆਰਾ ਨਾ ਸਮਝ ਪਾਉਣਾ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹੈ। ਦੂਜੇ ਸ਼ਬਦਾਂ ਵਿੱਚ ਭਾਰਤੀ ਲੋਕਾਂ ਦਾ ਰਹਿਣ-ਸਹਿਣ ਅਤੇ ਜੀਣ ਢੰਗ ਪੱਕੀਆਂ ਆਦਤਾਂ ਵਿੱਚ ਢਲਿਆ ਹੋਇਆ ਹੈ। ਇਹਨਾਂ ਆਦਤਾਂ ਨੂੰ ਯਕਦਮ ਬਦਲਣਾ ਔਖਾ ਲੱਗਦਾ ਹੈ। ਇਸ ਕਾਰਨ ਲੋਕ ਘਰਾਂ ਵਿੱਚ ਰਹਿਣ ’ਤੇ ਇਹਤਿਆਤ ਵਰਤਣੋਂ ਕਤਰਾਉਂਦੇ ਹਨ। ਇਸ ਕਰਕੇ ਇਸ ਮਹਾਂਮਾਰੀ ਦੀਆਂ ਵਿਗਿਆਨਕ ਸਚਾਈਆਂ ਤੇ ਭਾਰਤੀ ਲੋਕਾਂ ਦਾ ਜੀਵਨ ਵਿਵਹਾਰ (Practically) ਸਿੱਧੇ ਤੌਰ ’ਤੇ ਟਕਰਾਅ ਦੀ ਸਥਿਤੀ ਵਿੱਚ ਹਨ। ਆਮ ਇਨਸਾਨ ਇਸ ਵਾਇਰਸ ਨੂੰ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸਾਂ ਰਾਹੀਂ ਭਜਾ ਦੇਣਾ ਚਾਹੁੰਦਾ ਹੈ। ਇਸ ਕਰਕੇ ਜ਼ਮੀਨੀ ਪੱਧਰ ’ਤੇ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ।

ਭਾਰਤੀ ਲੋਕਾਂ ਦੀ ਮਾਨਸਿਕਤਾ ਬਹੁਤ ਸਾਰੀਆਂ ਮਿੱਥਾਂ ਤੇ ਲੋਕ-ਰੂੜ੍ਹੀਆਂ ਵਿੱਚ ਉਲਝੀ ਹੋਈ ਹੈ। ਇਹ ਲੋਕ ਦੀਵੇ ਬਾਲਕੇ, ਥਾਲ਼ੀਆਂ ਖੜਕਾ ਕੇ ਤਰ੍ਹਾਂ-ਤਰ੍ਹਾਂ ਦੇ ਕੌਤਕਾਂ ਰਾਹੀਂ ਕਰੋਨਾ ਨੂੰ ਮਾਤ ਦੇਣਾ ਚਾਹੁੰਦੇ ਹਨ ਜੋ ਕਿ ਅਗਿਆਨਤਾ ਤੋਂ ਵੱਧ ਕੇ ਕੁਝ ਵੀ ਨਹੀਂ ਹੈ। ਅਗਿਆਨਤਾ ਦੇ ਨਾਲ ਇਸ ਵਿੱਚ ਡਰ ਅਤੇ ਖ਼ੌਫ਼ ਵੀ ਸ਼ਾਮਲ ਹੈ। ਕਿਉਂਕਿ ਡਰਿਆ ਹੋਇਆ ਬੰਦਾ ਸਭ ਕੁਝ ਕਰੇਗਾ ਪਰ ਲੋੜੋਂ ਵੱਧ ਡਰ ਅਤੇ ਚਿੰਤਾ ਦੁਰਬਲਤਾ ਦਾ ਕਾਰਨ ਬਣਦੀ ਹੈ। ਇਸ ਸਿੱਕੇ ਦਾ ਦੂਜਾ ਪਹਿਲੂ ਅਗਿਆਨਤਾ ਅਤੇ ਬੰਦੇ ਦੀ ਸਵੈ-ਘਾੜਤ ਅਤਾਰਕਿਕ ਪਹੁੰਚ ਹੈ ਜੋ ਇਹ ਮੰਨਦੀ ਹੈ ਕਿ ਬਿਮਾਰੀ ਸਾਡੇ ਤੱਕ ਨਹੀਂ ਪਹੁੰਚੇਗੀ। ਇਸ ਕਰਕੇ ਬਹੁਤ ਜਨਸੰਖਿਆ ਆਪਣੀ ਸਾਰੀ ਡੋਰ ਆਪਣੇ ਧਾਰਮਿਕ ਦੇਵਤਿਆਂ ’ਤੇ ਰੱਖਕੇ ਓਵੇਂ ਹੀ ਕੰਮਾਂ-ਕਾਰਾਂ ਨਾਲ ਜੁੜੀ ਰਹਿਣਾ ਚਾਹੁੰਦੀ ਹੈ। ਸੋ ਕਰੋਨਾ ਮਹਾਂਮਾਰੀ ਦੇ ਸ਼ੁਰੂਆਤੀ ਦੌਰ ਵਿੱਚ ਪੁਲਿਸ ਵਿਭਾਗ ਸਾਹਮਣੇ ਇਹ ਵੱਡੀ ਚੁਨੌਤੀ ਸੀ ਕਿ ਲੋਕਾਂ ਨੂੰ ਘਰਾਂ ਤੋਂ ਬਾਹਰ ਆਉਣੋਂ ਕਿਵੇਂ ਰੋਕਿਆ ਜਾਵੇ।

ਸੋ ‘ਸਮਾਜ ਸੇਵੀ ਸੰਸਥਾ, ਲੁਧਿਆਣਾ’ ਵੱਲੋਂ ਕਰੋਨਾ ਸੰਬੰਧੀ ਨਕਾਰਾਤਮਕ ਅਤੇ ਸਕਾਰਾਤਮਕ ਪੱਖਾਂ ਉੱਤੇ ਚਰਚਾ ਕੀਤੀ ਗਈ। ਕਰੋਨਾ ਮਹਾਂਮਾਰੀ ਕਾਰਨ ਬੇਸ਼ੱਕ ਬਹੁਤ ਕੁਝ ਮਾੜਾ ਵਾਪਰਿਆ ਪਰ ਕੁਝ ਅਜਿਹਾ ਚੰਗਾ ਵੀ ਵਾਪਰਿਆ ਜੋ ਇਸ ਸਦੀ ਵਿੱਚ ਸਦਾ ਯਾਦ ਰਹੇਗਾ। ਇਸ ਮਹਾਂਮਾਰੀ ਸਮੇਂ ਪ੍ਰਦੂਸ਼ਣ ਬੇਹੱਦ ਘਟਿਆ। ਸੜਕ ਹਾਦਸਿਆਂ ਨੂੰ ਠੱਲ੍ਹ ਪਈ। ਇਹਨਾਂ ਪੱਖਾਂ ਤੋਂ ਇਹ ਗੱਲ ਸਮਝ ਆਉਂਦੀ ਹੈ ਕਿ ਮਨੁੱਖ ਆਪਣੀ ਭੱਜ-ਦੌੜ ਨੂੰ ਘਟਾ ਸਕਦਾ ਹੈ। ਮਨੁੱਖ ਨੂੰ ਪ੍ਰਦੂਸ਼ਣ ਮੁਕਤ ਵਾਤਾਵਰਨ ਮਿਲ ਸਕਦਾ ਹੈ। ਸਮੁੱਚੇ ਰੂਪ ਵਿੱਚ ਇਹ ਵਿਚਾਰ-ਚਰਚਾ ਸਾਰੇ ਲੋਕਾਂ ਦੇ ਮਨਾਂ ਵਿੱਚ

ਅਜਿਹੇ ਸਵਾਲ ਪੈਦਾ ਕਰ ਗਈ।

### 10.2.4 ਕੰਪਿਊਟਰ ਸਹਾਇਕ ਸਿੱਖਿਆ - ਇੱਕ ਰਿਪੋਰਟ

ਮਨੁੱਖ ਨੇ ਆਪਣੀ ਵਿਕਾਸ ਯਾਤਰਾ ਵਿੱਚ ਬਹੁਤ ਮਹੱਤਵਪੂਰਨ ਕਾਢਾਂ ਕੱਢੀਆਂ। ਇਹਨਾਂ ਵਿੱਚੋਂ ਇੱਕ ਚਮਤਕਾਰੀ ਕਾਢ ਕੰਪਿਊਟਰ ਹੈ। ਕੰਪਿਊਟਰ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਇਸਤੇਮਾਲ ਹੁੰਦਾ ਹੈ। ਸਰਕਾਰੀ ਅਤੇ ਗ਼ੈਰ-ਸਰਕਾਰੀ ਦਫ਼ਤਰਾਂ, ਵਪਾਰ, ਬੈਂਕਾਂ, ਪੁਲਾੜ ਯਾਤਰਾ, ਖੋਜ, ਸੁਰੱਖਿਆ, ਸਿੱਖਿਆ, ਖੇਡਾਂ, ਆਵਾਜਾਈ ਆਦਿ ਲਈ ਕੰਪਿਊਟਰ ਦੀ ਵਰਤੋਂ ਕੀਤੀ ਜਾਂਦੀ ਹੈ। ਕੰਪਿਊਟਰ ਦੀ ਸਿੱਖਿਆ ਅਤੇ ਸਿਖਲਾਈ ਸੰਬੰਧੀ ਐਸ.ਡੀ. ਕਾਲਜ ਚੰਡੀਗੜ੍ਹ ਵਿਖੇ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਕੰਪਿਊਟਰ ਦੀ ਸਿੱਖਿਆ ਨਾਲ ਜੁੜੀਆਂ ਹਸਤੀਆਂ ਨੇ ਇਸ ਵਿੱਚ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਵਿੱਚ ਵਿੱਦਿਆ ਪ੍ਰਣਾਲੀ ਵਿੱਚ ਕੰਪਿਊਟਰ ਦੀ ਸਿੱਖਿਆ ’ਤੇ ਜ਼ੋਰ ਦਿੱਤਾ ਗਿਆ। ਇਸ ਵਿੱਚ ਕੰਪਿਊਟਰ ਅਧਿਆਪਕਾਂ ਅਤੇ ਮਾਹਿਰਾਂ ਦੀ ਸਹਾਇਤਾ ਨਾਲ ਕੰਪਿਊਟਰ ਸਿਖਲਾਈ ਲੈਣ ਸੰਬੰਧੀ ਸਮਗਰੀ ’ਤੇ ਵਿਚਾਰ ਕੀਤਾ ਗਿਆ। ਨਾਲ ਹੀ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਕਿ ਕੰਪਿਊਟਰ ਰਾਹੀਂ ਨੌਜਵਾਨ ਵਰਗ ਵਧੇਰੇ ਰਚਨਾਤਮਕ ਕਾਰਜ ਕਰ ਸਕਦਾ ਹੈ।

ਕੰਪਿਊਟਰ ਸੰਬੰਧੀ ਇਸ ਚਰਚਾ ਵਿੱਚ ਇੱਕ ਮਾਹਿਰ ਨੇ ਕੰਪਿਊਟਰ ਸਹਾਇਕ ਸਿੱਖਿਆ ਦੀਆਂ ਕਿਸਮਾਂ ਬਾਰੇ ਚਰਚਾ ਕੀਤੀ। ਉਹਨਾਂ ਵਿਕਸਿਤ ਦੇਸ਼ਾਂ ਦੇ ਹਵਾਲੇ ਨਾਲ ਸਹਾਇਕ ਸਿੱਖਿਆਂ ਨੂੰ ਤਿੰਨ ਪੱਧਰ ਦੀਆਂ ਕਿਰਿਆਵਾਂ ਰਾਹੀਂ ਵਰਣਨ ਕੀਤਾ। ਜਿਵੇਂ :-ਲੋਗੋ – ਇਸ ਸਿਸਟਮ ਨੂੰ ਫ਼ਿਊਰਜ਼ੀਰਾ ਅਤੇ ਪਾਪਰਟ ਦੁਆਰਾ ਆਜ਼ਾਦ ਕੀਤਾ ਗਿਆ। ਲੋਗੋ ਕੰਪਿਊਟਰ ਪ੍ਰੋਗਰਾਮ ਦੀ ਇੱਕ ਸਰਲ ਭਾਸ਼ਾ ਹੈ ਜੋ ਨੌਜਵਾਨਾਂ ਨੂੰ ਸਹਿਜੇ ਹੀ ਸਿਖਾਈ ਜਾ ਸਕਦੀ ਹੈ। ਇਸ ਵਿੱਚ ਲੋਗੋ ਦੁਆਰਾ ਨਿਰਦੇਸ਼ ਦਿੱਤੇ ਜਾਂਦੇ ਹਨ। ਜਿਨ੍ਹਾਂ ਦਾ ਨੌਜਵਾਨ ਚਿੱਤਰ ਆਦਿ ਬਣਾਉਣ ਵਿੱਚ ਇਸਤੇਮਾਲ ਕਰਦੇ ਹਨ। ਇਸ ਵਿੱਚ ਵਿਦਿਆਰਥੀ ਆਮ ਤੌਰ ’ਤੇ ਆਪਣੇ ਕਾਰਜ ਦੀ ਰੂਪ-ਰੇਖਾ ਬਣਾਉਂਦੇ ਹਨ। ਇਸ ਨਾਲ ਇੱਕ ‘ਪ੍ਰੋਗਰਾਮ’ ਬਣ ਜਾਂਦਾ ਹੈ। ਕੰਪਿਊਟਰ ਦੀ ਦੂਜੀ ਪ੍ਰਕਿਰਿਆ -ਨਕਲ ਅਤੇ ਖੇਡ ਹੈ। ਇਸ ਪ੍ਰਣਾਲੀ ਵਿੱਚ ਜੀਵਨ ਦੀਆਂ ਵਾਸਤਵਿਕ ਕਿਰਿਆਵਾਂ ਨੂੰ ਸਿੱਖਣ ਲਈ ਅਭਿਆਸ ਕੀਤਾ ਜਾਂਦਾ ਹ। ਨਕਲ ਮੁਕਾਬਲੇ ਦੀਆਂ ਖੇਡਾਂ ਦੇ ਆਧਾਰ ਵਜੋਂ ਵਿਕਸਿਤ ਕੀਤੀਆਂ ਜਾਂਦੀਆਂ ਹਨ। ਜੋ ਵਿਦਿਆਰਥੀ ਲਈ ਰੁਚੀ ਦਾ ਕਾਰਜ ਕਰਦੀਆਂ ਹਨ। ਕੰਟਰੋਲ ਹੇਠ ਸਿੱਖਣਾ ਇਕ ਹੋਰ ਅਭਿਆਸ ਪ੍ਰਣਾਲੀ ਹੈ। ਜਿਸ ਵਿੱਚ ਵਿਦਿਆਰਥੀ ਕੰਪਿਊਟਰ ਸੰਬੰਧੀ ਅੰਤਰ ਕਿਰਿਆਤਮਕ ਰਚਨਾਵਾਂ ਨੂੰ ਪ੍ਰਯੋਗ ਕਰਦਾ ਹੈ।

ਇਸ ਪ੍ਰੋਗਰਾਮ ਵਿੱਚ ਕੰਪਿਊਟਰ ਸਿੱਖਣ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਤੇ ਨੁਕਤੇ ਨੂੰ ਵੀ ਉਠਾਇਆ ਗਿਆ ਕਿ ਕੰਪਿਊਟਰ ਦੇ ਆਉਣ ਨਾਲ ਕੁਝ ਲੋਕਾਂ ਨੂੰ ਇਸ ਗੱਲ ਦਾ ਵਹਿਮ ਹੋ ਗਿਆ ਕਿ ਇਸ ਨਾਲ ਅਧਿਆਪਕ ਦੀ ਲੋੜ ਨਹੀਂ ਰਹੇਗੀ ਪਰ ਅਜਿਹਾ ਨਹੀਂ ਹੈ ਕਿ ਕੰਪਿਊਟਰ ਆਉਣ ਨਾਲ ਵੀ ਅਧਿਆਪਕ ਦੀ ਲੋੜ ਤਾਂ ਰਹੇਗੀ । ਸਗੋਂ ਕੰਪਿਊਟਰ ਨੂੰ ਚਲਾਉਣ ਲਈ ਕੰਪਿਊਟਰ ਮਾਹਿਰਾਂ ਦੀ ਵੀ ਲੋੜ ਰਹੇਗੀ। ਇਸੇ ਕਾਰਨ ਕੰਪਿਊਟਰ

ਇੰਜੀਨੀਅਰਿੰਗ ਜਿਹੇ ਵਿਸ਼ੇ ਹੋਂਦ ਵਿੱਚ ਆਏ। ਇਹਨਾਂ ਵਿਸ਼ਿਆਂ ਰਾਹੀਂ ਕੰਪਿਊਟਰ ਸਾਫ਼ਟਵੇਅਰ ਅਤੇ ਹਾਰਡਵੇਅਰ ਦੀ ਤਕਨੀਕੀ ਸਿੱਖਿਆ ਦੇਣ ਲਈ ਥਾਂ ਬਣੀ। ਇੰਝ ਕੰਪਿਊਟਰ ਆਉਣ ਨਾਲ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਏ ਹਨ।

ਕੰਪਿਊਟਰ ਸੰਬੰਧੀ ਅਜਿਹੀ ਚਰਚਾ ਵਿੱਚ ਕੰਪਿਊਟਰ ਦੇ ਪ੍ਰਭਾਵਸ਼ਾਲੀ ਕਾਰਜਾਂ ਬਾਰੇ ਗੱਲਬਾਤ ਕੀਤੀ ਗਈ। ਜਿਸ ਵਿੱਚ ਇੱਕ ਵਿਦਵਾਨ ਨੇ ਕਿਹਾ ਕਿ ਕੰਪਿਊਟਰ ਦੀ ਮਦਦ ਨਾਲ ਲੱਖਾਂ ਵਿਦਿਆਰਥੀਆਂ ਦੇ ਇਮਤਿਹਾਨ ਦਾ ਨਤੀਜਾ ਕੁਝ ਹੀ ਦਿਨਾਂ ਵਿੱਚ ਤਿਆਰ ਹੋ ਜਾਂਦਾ ਹੈ। ਇਸ ਲਈ ਕੰਪਿਊਟਰ ਗਣਿਤ, ਵਿਗਿਆਨ, ਭਾਸ਼ਾਵਾਂ, ਇੰਜੀਨੀਅਰਿੰਗ, ਸੈਨਾ ਆਦਿ ਖੇਤਰਾਂ ਵਿੱਚ ਮਹੱਤਵਪੂਰਨ ਕਾਰਜ ਕਰਦਾ ਹੈ। ਕੰਪਿਊਟਰ ਦੀ ਇਸ ਕਾਢ ਨਾਲ ਖੇਤੀ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ ਹੈ। ਜ਼ਮੀਨਾਂ ਨੂੰ ਪੱਧਰਾ ਕਰਨ ਲਈ ਕੰਪਿਊਟਰ ਵਾਲੇ ਸੰਦ ਤਿਆਰ ਹੋ ਗਏ ਹਨ। ਅਜਿਹੇ ਅਨੇਕ ਕਾਰਜਾਂ ਲਈ ਕੰਪਿਊਟਰ ਇੱਕ ਸਹਾਇਕ ਸਿੱਖਿਆ ਵਜੋਂ ਆਪਣਾ ਮਹੱਤਵਪੂਰਨ ਆਧਾਰ ਰੱਖਦਾ ਹੈ।

ਕੰਪਿਊਟਰ ਸੰਬੰਧੀ ਇਸ ਵਿਚਾਰ ਚਰਚਾ ਵਿੱਚ ਕੰਪਿਊਟਰ ਨੂੰ ਇੱਕ ਰੁਜ਼ਗਾਰ ਪ੍ਰਾਪਤੀ ਦਾ ਪ੍ਰਮੁੱਖ ਵਸੀਲਾ ਬਣਨ ਦੀ ਗੱਲ ਵੀ ਕਹੀ। ਕੰਪਿਊਟਰ ਸੰਬੰਧੀ ਪ੍ਰਾਪਤ ਵਿਭਿੰਨ ਤੱਥਾਂ ਤੋਂ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਕੰਪਿਊਟਰ ਕਿਸੇ ਨਾ ਕਿਸੇ ਰੂਪ ਵਿੱਚ ਹਰ ਮਨੁੱਖ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਇਕ ਰਿਪੋਰਟ ਅਨੁਸਾਰ ਆਉਣ ਵਾਲੇ ਕੁਝ ਸਾਲਾਂ ਵਿੱਚ ਕੰਪਿਊਟਰ ਮਨੁੱਖੀ ਜ਼ਿੰਦਗੀ ਵਿੱਚ ਅਨੇਕਾਂ ਪਰਿਵਰਤਨ ਲਿਆਉਣ ਵਾਲਾ ਵਸੀਲਾ ਬਣ ਜਾਵੇਗਾ।

**10.2.5 ਸੋਸ਼ਲ ਮੀਡੀਆ ਦੇ ਪ੍ਰਭਾਵਾਂ ਬਾਰੇ ਚੇਤਨਾ** :

ਅਜੋਕਾ ਜ਼ਮਾਨਾ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ। ਮਨੁੱਖ ਸੋਸ਼ਲ ਮੀਡੀਆ ਰਾਹੀਂ ਇੱਕ ਦੂਜੇ ਨਾਲ ਜੁੜਿਆ ਹੋਇਆ ਹੈ। ਇਸਨੂੰ ਸਮਾਜਿਕ ਮੀਡੀਆ ਵੀ ਕਿਹਾ ਜਾਂਦਾ ਹੈ। ਸੋਸ਼ਲ ਮੀਡੀਆ ਇੱਕ ਅਜਿਹਾ ਪਲੇਟਫ਼ਾਰਮ ਹੈ। ਜਿੱਥੇ ਮਨੁੱਖ ਸੁਤੰਤਰ ਤੌਰ ’ਤੇ ਆਪਣੇ ਵਿਚਾਰਾਂ ਅਤੇ ਹੁਨਰ ਨੂੰ ਲੋਕਾਂ ਸਾਹਮਣੇ ਰੱਖ ਸਕਦਾ ਹੈ। ਸੋਸ਼ਲ ਮੀਡੀਆ ਤੋਂ ਚਲੰਤ ਮਸਲਿਆਂ, ਕੈਰੀਅਰ ਸੰਬੰਧਿਤ ਜਾਣਕਾਰੀ, ਦੋਸਤਾਂ ਮਿੱਤਰਾਂ ਸੰਬੰਧੀ ਅਤੇ ਵਿਸ਼ਵ ਸਮਾਜ-ਸਭਿਆਚਾਰ ਬਾਰੇ ਜਾਣਕਾਰੀ ਮਿਲਦੀ ਹੈ।

ਸੋਸ਼ਲ ਮੀਡੀਆ ਦੀ ਅਜਿਹੀ ਵਰਤੋਂ ਨਾਲ ਇਸਦੇ ਨੌਜਵਾਨਾਂ ਉੱਤੇ ਕੁਝ ਬੁਰੇ ਪ੍ਰਭਾਵ ਵੀ ਪੈ ਰਹੇ ਹਨ। ਇਹਨਾਂ ਪ੍ਰਭਾਵਾਂ ਸੰਬੰਧੀ ਡੀ.ਏ.ਵੀ. ਕਾਲਜ ਜਲੰਧਰ ਵੱਲੋਂ ਇਕ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਵਿੱਚ ਨਾਮੀ ਵਿਦਵਾਨਾਂ ਨੇ ਭਾਗ ਲਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਸਨ। ਉਹਨਾਂ ਆਪਣੀ ਚਰਚਾ ਵਿੱਚ ਕਿਹਾ ਕਿ, ‘ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਇੱਕ ਪਹਿਲੂ ਲਾਭ ਜਾਂ ਚੰਗੇ ਪ੍ਰਭਾਵ ਦਾ ਹੈ ਅਤੇ ਦੂਜਾ ਪਹਿਲੂ ਸਮੱਸਿਆਵਾਂ ਨਾਲ ਜੁੜਿਆ ਹੁੰਦਾ ਹੈ। ਸੋਸ਼ਲ ਮੀਡੀਆ ਦੇ ਆਉਣ ਨਾਲ ਬਿਨਾਂ ਮਤਭੇਦ ਅੱਜ ਦੀ ਪੀੜ੍ਹੀ ਨੂੰ ਇਸ ਤੋਂ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ ਇਹ ਪੀੜ੍ਹੀ ਆਪਣੀ ਪ੍ਰਤਿਭਾ ਨੂੰ ਆਪਣੇ ਵਿਚਾਰਾਂ ਰਾਹੀਂ ਸੋਸ਼ਲ ਮੀਡੀਆ ਤੇ ਦਿਖਾ ਸਕਦੀ ਹੈ।’ ਪਰ ਸੋਸ਼ਲ ਮੀਡੀਆ ਦਾ ਦੂਜਾ ਪੱਖ ਉਦੋਂ ਘਿਣਾਉਣਾ ਬਣ ਜਾਂਦਾ ਹੈ। ਜਦੋਂ ਸਮਾਜ ਵਿਰੋਧੀ ਤਾਕਤਾਂ ਭੜਕਾਊ ਵਿਚਾਰ ਪੇਸ਼ ਕਰਕੇ ਮਸ਼ਹੂਰ ਹੋਣ ਦੀ ਕੋਸ਼ਿਸ਼ ਕਰਦੀਆਂ ਹਨ। ਅਜਿਹੀ ਵਿਚਾਰ-ਚਰਚਾ ਵਿੱਚ ਸੋਸ਼ਲ ਮੀਡੀਆ

ਬਾਰੇ ਹੋਰ ਬਹੁਤ ਸਾਰੀਆਂ ਧਾਰਨਾਵਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਵਿੱਚ ਇੱਕ ਗੱਲ ਹੋਰ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉੱਭਰੇ ਅਵਸਥਾ ਵਿੱਚ ਜੋ ਊਰਜਾ ਭਰੀ ਹੁੰਦੀ ਹੈ। ਜਿਸ ਉਮਰ ਵਿੱਚ ਬੱਚਾ ਸਖ਼ਤ ਮਿਹਨਤ ਵਾਲੇ ਪਾਸੇ ਲੱਗ ਕੇ ਆਪਣੇ ਭਵਿੱਖ ਦੇ ਸੁਪਨੇ ਸਿਰਜ ਸਕਦਾ ਹੈ। ਉੱਥੇ ਇਹ ਨੌਜਵਾਨ ਇਸ ਸਮੇਂ ਸੋਸ਼ਲ ਮੀਡੀਆ ਦੇ ਦਿਖਾਵੇ ਵਿੱਚ ਪੈ ਕੇ ਆਪਣਾ ਸਮਾਂ ਬਰਬਾਦ ਕਰ ਲੈਂਦਾ ਹੈ। ਬਿਨਾਂ ਸ਼ੱਕ ਇੰਟਰਨੈੱਟ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਿਆ ਹੈ। ਦੂਰ-ਦੁਰਾਡੇ ਬੈਠੇ ਵੀ ਅਸੀਂ ਆਪਣੇ ਮਿੱਤਰਾ ਤੇ ਰਿਸ਼ਤੇਦਾਰਾਂ ਨਾਲ ਗੱਲਾਂ-ਬਾਤਾਂ ਕਰ ਸਕਦੇ ਹਾਂ। ਇਸ ਦੇ ਨਾਲ ਸੈਂਕੜੇ ਅਜਿਹੀਆਂ ਲਾਇਬਰੇਰੀਆਂ, ਸ਼ਾਪਿੰਗ ਮਾਲ, ਦਫ਼ਤਰ, ਪੈਸਿਆਂ ਦਾ ਲੈਣ-ਦੇਣ ਆਦਿ ਵਰਗੀਆਂ ਮਹੱਤਵਪੂਰਨ ਥਾਵਾਂ ਸਾਡੀਆਂ ਉਂਗਲਾਂ ਦੇ ਪੋਟਿਆਂ ਉੱਤੇ ਖੁੱਲ੍ਹ ਜਾਂਦੀਆਂ ਹਨ। ਇਸ ਨਾਲ ਵਪਾਰ ਅਤੇ ਵਪਾਰੀਆਂ ਲਈ ਅਨੇਕਾਂ ਬਹੁਮੁੱਲੇ ਸਾਧਨ ਮੌਜੂਦ ਹੁੰਦੇ ਹਨ। ਜਿਸ ਨਾਲ ਜ਼ਿੰਦਗੀ ਦੇ ਕੰਮ-ਕਾਰ ਸੌਖੇ ਢੰਗ ਨਾਲ ਹੋ ਜਾਂਦੇ ਹਨ।

ਸੋਸ਼ਲ ਮੀਡੀਆ ਦੇ ਵੱਖ-ਵੱਖ ਰੂਪਾਂ ਨੂੰ ਦੇਖਦੇ ਹੋਏ ਇਸ ਵਿੱਚ ਫੇਸ ਬੁੱਕ, ਵਟਸਐਪ, ਸਨੈਪਚੈਟ, ਇਨਸਟਾਗ੍ਰਾਮ, ਟਵੀਟਰ ਆਦਿ ਵਰਗੀਆਂ ਸੋਸ਼ਲ ਐਪਸ ਨੇ ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਉੱਤੇ ਕਾਫ਼ੀ ਪ੍ਰਭਾਵ ਪਾਏ ਹਨ। ਇਸ ਨਾਲ ਨੌਜਵਾਨਾਂ ਦਾ ਲੋੜ ਤੋਂ ਜ਼ਿਆਦਾ ਸਮਾਂ ਖ਼ਰਾਬ ਹੁੰਦਾ ਹੈ। ਇਸ ਕਾਰਨ ਵਿਦਿਆਰਥੀ ਕਿਤਾਬਾਂ ਪੜ੍ਹਨ ਅਤੇ ਰਚਨਾਤਮਕ ਗਤੀਵਿਧੀਆਂ ਕਰਨ ਤੋਂ ਆਵਾਜ਼ਾਰ ਹੋਇਆ ਹੈ। ਜਿਸ ਕਾਰਨ ਵਿਦਿਆਰਥੀਆਂ ਦਾ ਪੜ੍ਹਾਈ ਵਿੱਚ ਖ਼ਰਾਬ ਪ੍ਰਦਰਸ਼ਨ ਹੋ ਰਿਹਾ ਹੈ। ਨੌਜਵਾਨਾਂ ਦਾ ਸਿੱਖਿਆ ਵਿੱਚ ਮਾੜਾ ਪੱਧਰ ਉਸ ਵਿੱਚ ਆਤਮ-ਵਿਸ਼ਵਾਸ ਦੀ ਘਾਟ ਪੈਦਾ ਕਰਦਾ ਹੈ। ਨਤੀਜੇ ਵਜੋਂ ਕਈ ਵਾਰ ਵਿਦਿਆਰਥੀ ਆਤਮ-ਹੱਤਿਆ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ।

ਸੋਸ਼ਲ ਮੀਡੀਆ ਦੇ ਕੁਝ ਕੌੜੇ ਪੱਖਾਂ ਵਿੱਚ ਸਾਈਬਰ ਧੱਕੇਸ਼ਾਹੀ ਦਾ ਵੀ ਬੋਲਬਾਲਾ ਹੈ ਇਸ ਰਾਹੀਂ ਸੋਸ਼ਲ ਮੀਡੀਆ ’ਤੇ ਧਮਕੀਆਂ ਜਾਂ ਅਫ਼ਵਾਹਾਂ ਦੇ ਮੈਸੇਜ ਆਮ ਜਿਹੀ ਗੱਲ ਹੋ ਗਏ ਹਨ। ਡਾਟਾ ਹਾਇਕਿੰਗ ਰਾਹੀਂ ਨਿੱਜੀ ਜਾਣਕਾਰੀ ਦੇ ਰੈਕਟ ਵੀ ਸਾਹਮਣੇ ਆਉਂਦੇ ਹਨ ਬੱਚਿਆਂ ਵਿੱਚ ਵੀਡੀਓ ਗੇਮਜ਼ ਅਤੇ ਪੱਬ ਜੀ ਵਰਗੀਆਂ ਗੇਮਾਂ ਮਾਪਿਆਂ ਦਾ ਪੈਸਾ ਬਰਬਾਦ ਕਰਨ ਤੋਂ ਇਲਾਵਾ ਜਾਨ ਜਾਣ ਦਾ ਕਾਰਨ ਵੀ ਬਣ ਜਾਂਦੀਆਂ ਹਨ। ਸੋਸ਼ਲ ਮੀਡੀਆ ਦਾ ਸਿਹਤ ਉੱਤੇ ਵੀ ਕਾਫ਼ੀ ਪ੍ਰਭਾਵ ਪੈਂਦਾ ਹੈ। ਇਸ ਨਾਲ ਨੌਜਵਾਨ ਮਾਨਸਿਕ ਸਮੱਸਿਆਵਾਂ ਤਣਾਅ ਅਤੇ ਉਨੀਂਦਰਾ ਰਹਿਣ ਦੀਆਂ ਬਿਮਾਰੀਆਂ ਨਾਲ ਜੂਝਦੇ ਹਨ।

ਕਾਲਜ ਦੀ ਇਸ ਵਿਚਾਰ-ਚਰਚਾ ਵਿੱਚ ਸੋਸ਼ਲ ਮੀਡੀਆ ਦੇ ਬੁਰੇ ਪ੍ਰਭਾਵਾਂ ਨੂੰ ਰੋਕਣ ਲਈ ਕੁਝ ਗੱਲਾਂ ਜ਼ਰੂਰੀ ਤੌਰ ’ਤੇ ਅਪਣਾਉਣ ਦੀ ਗੱਲ ਕੀਤੀ ਗਈ। ਇਸ ਵਿੱਚ ਮਾਪਿਆਂ ਵੱਲੋਂ ਨੌਜਵਾਨਾਂ ਨੂੰ ਸਮਾਂ ਦੇਣ ਦੀ ਗੱਲ ਵੀ ਆਖੀ ਗਈ। ਨਾਲ ਹੀ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਕਿ ਸੋਸ਼ਲ ਮੀਡੀਆ ਦੀ ਸੀਮਤ ਜ਼ਾਬਤੇ ਵਿੱਚ ਰਹਿ ਕੇ ਵਰਤੋਂ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਸੋਸ਼ਲ ਮੀਡੀਆ ਨੂੰ ਚੰਗੀਆਂ ਸਿਰਜਣਾਤਮਕ ਚੀਜ਼ਾਂ ਸਿੱਖਣ ਲਈ ਕਿਵੇਂ ਵਰਤਣਾ ਚਾਹੀਦਾ ਹੈ, ਦੀ ਸਿਖਲਾਈ ਦੇਣ ਬਾਰੇ ਵੀ ਚਰਚਾ ਹੋਈ। ਇਸ ਸਮਾਰੋਹ ਵਿੱਚ ਵਿਦਿਆਰਥੀਆਂ ਨੇ ਮੀਡੀਆ ਨਾਲ ਸੰਬੰਧਿਤ ਕਈ ਚੰਗੇ ਤੇ ਮਾੜੇ ਪੱਖ ਸਾਂਝੇ ਕੀਤੇ। ਇਸ ਲਈ ਸੋਸ਼ਲ ਮੀਡੀਆ ਦੀ ਸੁਚਾਰੂ ਵਰਤੋਂ ਕਰਨ ਲਈ ਇਹ ਚਰਚਾ

ਇੱਕ ਪ੍ਰਕਾਰ ਦਾ ਪ੍ਰੇਰਨਾਦਾਇਕ ਕਾਰਜ ਹੋ ਨਿੱਬੜੀ।

### 10.3 ਅਭਿਆਸ ਲਈ ਪ੍ਰਸ਼ਨ

10.3.1 ਬੇਰੁਜ਼ਗਾਰੀ ਵਧਣ ਦੇ ਕਾਰਨਾਂ ਤੇ ਇੱਕ ਰਿਪੋਰਟ

10.3.2 ਸੜਕ ਹਾਦਸਿਆਂ ਸੰਬੰਧੀ ਰਿਪੋਰਟ ਰਚਨਾ

10.3.3 ਬਿਮਾਰੀਆਂ ਦੇ ਵਧਣ ਉੱਤੇ ਇਕ ਰਿਪੋਰਟ

10.4 ਸਹਾਇਕ ਪੁਸਤਕਾਂ ਤੇ ਸਮੱਗਰੀ:

10.4.1 ਅਜੀਤ ਪੰਜਾਬੀ ਅਖ਼ਬਾਰ, ਜਲੰਧਰ

10.4.2 ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ

10.4.3 ਮਹਿੰਦਰ ਸਿੰਘ ਰੰਧਾਵਾ, ਦੇਵਿੰਦਰ ਸਤਿਆਰਥੀ, ਪੰਜਾਬੀ ਲੋਕਗੀਤ, ਸਾਹਿਤ ਅਕਾਦਮੀ,2007

10.4.4 ਨਰਿੰਦਰ ਸਿੰਘ ਦੁੱਗਲ, ਪੰਜਾਬੀ ਵਿਆਕਰਨ ਅਤੇ ਰਚਨਾਵਲੀ, ਨਿਊ ਬੁੱਕ ਕੰਪਨੀ, ਜਲੰਧਰ, 2017

10.4.5 ਰਾਮਧਾਰੀ ਸਿੰਘ ਦਿਨਕਰ, ਸਭਿਆਚਾਰ ਦੇ ਚਾਰ ਅਧਿਆਏ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992

10.4.6 https://www.news-medical.net.